
Tanya's Beauty Salon
THREADING / WAXING
FACIAL (MEN & WOMEN)
ANTI-AGING FACIAL - BLEACH
HAIR CUT - COLOR AND STYLE
WE SPECIALIZE IN BRIDAL & HENNA
85-03 ROOSEVELT AVE. JACKSON HEIGHTS, NY 11373
Tel: 718-205-7832

Real Estate Services
BUY, SELL or RENT
Queens, Long Island & Manhattan

Sunny Singh
Ph: 917-679-0029
E-mail: sunny.singhre@gmail.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419



Nineteenth Year of Publication | ਨਿਊ ਯਾਰਕ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 19, Issue 17, April 28, 2018 — 20451 N. Plum Grove Rd., Palatine, IL 60074 — Ph:847-359-0746, Fax:847-705-9388


## ਕੈਪਟਨ ਦੀਆਂ ਮੁਸੀਬਤਾਂ ਹੋਰ ਵਧੀਆਂ

### ਵਜ਼ਾਰਤ ਵਿਚ ਵਾਧੇ ਨਾਲ ਬਗਾਵਤੀ ਸੁਰ ਉਚੀ ਉਠੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸੱਤਾ ਪ੍ਰਾਪਤੀ ਦੇ ਤਕਰੀਬਨ ਇਕ ਸਾਲ ਪਿੱਛੋਂ ਪੰਜਾਬ ਵਜ਼ਾਰਤ ਵਿਚ ਕੀਤੇ ਵਾਧੇ ਨੇ ਕੈਪਟਨ ਸਰਕਾਰ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਇਕ ਪਾਸੇ ਮੰਤਰੀ ਬਣਨ ਦੀ ਝਾਕ ਰੱਖਣ ਵਾਲੇ ਕਾਂਗਰਸੀ ਵਿਧਾਇਕ ਅਸਤੀਫੇ ਚੁੱਕੀ ਫਿਰਦੇ ਹਨ, ਤੇ ਦੂਜੇ ਪਾਸੇ ਵਜ਼ਾਰਤ ਵਿਚ ਵਾਧੇ ਲਈ ਹਾਈ ਕੋਰਟ ਨੇ ਸਰਕਾਰ ਨੂੰ ਤਲਬ ਕਰ ਲਿਆ ਹੈ।

ਕਾਂਗਰਸ ਦੇ ਨਾਰਾਜ਼ ਦਲਿਤ ਅਤੇ ਓ.ਬੀ.ਸੀ. ਵਿਧਾਇਕ ਪਾਰਟੀ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਕੋਲ ਕੈਪਟਨ ਦੀ ਸ਼ਿਕਾਇਤ ਲੈ ਕੇ ਪੁੱਜ ਗਏ ਹਨ। ਇਸੇ ਦੌਰਾਨ ਅਕਾਲੀ ਦਲ, ਭਾਜਪਾ ਅਤੇ ਆਮ ਆਦਮੀ ਪਾਰਟੀ ਨੇ ਵੀ ਵਜ਼ਾਰਤ ਵਿਚ ਦਲਿਤਾਂ ਨੂੰ ਸਹੀ ਨੁਮਾਇੰਦਗੀ ਨਾ ਦੇਣ ਦਾ ਮੁੱਦਾ ਚੁੱਕ ਲਿਆ ਹੈ। ਕਾਂਗਰਸ ਵਿਚੋਂ ਬਗਾਵਤ ਦਾ ਝੰਡਾ ਚੁੱਕਣ ਵਾਲਿਆਂ ਵਿਚ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ, ਰਾਜ ਕੁਮਾਰ ਵੇਰਕਾ, ਸੰਗਤ ਸਿੰਘ ਗਿਲਜ਼ੀਆਂ, ਰਣਦੀਪ ਨਾਭਾ, ਨਵਤੇਜ ਚੀਮਾ, ਨੱਥੂ ਰਾਮ, ਸੁਰਜੀਤ ਧੀਮਾਨ ਅਤੇ ਗੁਰਕੀਰਤ ਕੋਟਲੀ ਸਭ ਤੋਂ ਅੱਗੇ ਹਨ। ਇਹ ਵਿਧਾਇਕ ਨਵੇਂ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ ਤੋਂ ਵੀ ਦੂਰ ਰਹੇ। ਬਗਾਵਤ ਦੀ ਸ਼ੁਰੂਆਤ ਸੰਗਤ ਸਿੰਘ ਗਿਲਜੀਆਂ, ਸੁਰਜੀਤ ਸਿੰਘ ਧੀਮਾਨ ਅਤੇ ਨੱਥੂ ਰਾਮ ਨੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਕੀਤੀ।

ਉਧਰ, ਕਾਨੂੰਨੀ ਨੁਕਤੇ 'ਤੇ ਘੇਰਾ ਕਾਂਗਰਸ ਸਰਕਾਰ ਲਈ ਵੱਡੀ ਸਿਰਦਰਦੀ ਹੈ। ਹਾਈ ਕੋਰਟ ਵਿਚ ਪਾਈ ਪਟੀਸ਼ਨ ਵਿਚ ਆਖਿਆ ਹੈ ਕਿ ਪੰਜਾਬ ਕੈਬਨਿਟ ਵਿਚ ਨੌਂ ਨਵੇਂ ਮੰਤਰੀਆਂ ਨੂੰ ਸ਼ਾਮਲ ਕੀਤੇ ਜਾਣਾ ਸੰਵਿਧਾਨ ਦੀ 91ਵੀਂ ਸੋਧ ਮੁਤਾਬਕ 15 ਫੀਸਦੀ ਨੂੰ ਹੀ ਮੰਤਰੀ ਬਣਾਉਣ ਦੀ ਸੀਮਾ ਦਾ ਉਲੰਘਣ ਹੈ। ਕੈਬਨਿਟ ਵਿਚ ਸੱਜਰੇ ਵਾਧੇ ਨਾਲ ਇਹ ਹੱਦ ਮੈਂਬਰਾਂ ਦੀ ਕੁੱਲ ਸਮਰੱਥਾ ਦੇ 15 ਫੀਸਦੀ ਨੂੰ ਟੱਪ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਸਾਲ ਮਾਰਚ ਮਹੀਨੇ ਸਹੁੰ ਚੁੱਕੀ ਸੀ। ਉਸ ਸਮੇਂ ਉਨ੍ਹਾਂ ਨਾਲ 7 ਕੈਬਨਿਟ ਮੰਤਰੀਆਂ ਅਤੇ ਦੋ ਰਾਜ ਮੰਤਰੀਆਂ ਨੇ ਸਹੁੰ ਚੁੱਕੀ ਸੀ। ਪਿਛਲਾ ਲਗਭਗ ਇਕ ਸਾਲ ਕੈਪਟਨ 9 ਮੰਤਰੀਆਂ ਨਾਲ ਹੀ ਸਰਕਾਰ ਚਲਾਉਂਦੇ ਰਹੇ, ਜਦੋਂ ਕਿ ਇਸ ਸਮੇਂ ਉਨ੍ਹਾਂ ਕੋਲ 42 ਵਿਭਾਗ ਸਨ। ਇਕ ਸੀਮਤ ਸਮੇਂ ਵਿਚ ਇੰਨੇ ਵਿਭਾਗਾਂ ਨੂੰ ਸੰਭਾਲ ਸਕਣਾ ਲਗਭਗ ਅਸੰਭਵ ਸੀ ਪਰ ਮੰਤਰੀ ਮੰਡਲ ਵਿਚ ਵਾਧਾ ਨਾ ਕਰਨ ਵਿਚ ਉਨ੍ਹਾਂ ਦੀ ਵੱਡੀ ਹਿਚਕਿਚਾਹਟ ਵੇਖੀ ਗਈ,

(ਬਾਕੀ ਸਫਾ 6 ਉਤੇ)



### ਰੁੱਸਿਆਂ ਨੂੰ ਚੇਅਰਮੈਨੀਆਂ ਦੇ ਗੱਫੇ

ਕੈਪਟਨ ਸਰਕਾਰ ਰੁੱਸਿਆਂ ਦੇ ਗਿਲੇ ਦੂਰ ਕਰਨ ਲਈ ਚੇਅਰਮੈਨੀਆਂ ਦੇ ਗੱਫੇ ਦੇਣ ਦੀ ਤਿਆਰੀ ਕਰ ਰਹੀ ਹੈ, ਜਿਸ ਨਾਲ ਕਾਂਗਰਸ ਵਿਚ ਛਿੜੀ ਅਹੁਦਿਆਂ ਦੀ ਦੌੜ ਦਾ ਬੋਝ ਪੰਜਾਬ ਦੀ ਜਨਤਾ ਸਿਰ ਹੀ ਪਏਗਾ। ਸਰਕਾਰ ਇਹ ਪੱਖ ਵੀ ਦੇਖ ਰਹੀ ਹੈ ਕਿ ਚੇਅਰਮੈਨੀਆਂ ਨੂੰ ਅਦਾਲਤੀ ਚੁਣੌਤੀ ਨਾ ਮਿਲ ਜਾਏ। ਇਹ ਵੀ ਚਰਚਾ ਹੈ ਕਿ ਵਿਧਾਨ ਸਭਾ ਚੋਣਾਂ ਦੌਰਾਨ ਟਿਕਟਾਂ ਨਾ ਦੇਣ ਵਾਲੇ ਕਾਂਗਰਸੀ ਆਗੂਆਂ ਨਾਲ ਵੀ ਅਜਿਹਾ ਵਾਅਦਾ ਕੀਤਾ ਸੀ, ਜਿਸ ਕਾਰਨ ਚੇਅਰਮੈਨੀਆਂ ਦੀ ਵੰਡ ਵੀ ਕੈਪਟਨ ਸਰਕਾਰ ਲਈ ਸਿਰਦਰਦੀ ਬਣ ਸਕਦੀ ਹੈ।

## ਸ਼੍ਰੋਮਣੀ ਕਮੇਟੀ ਦਾ ਯਾਤਰੀ ਜਥਾ ਵੀ ਸਵਾਲਾਂ ਦੇ ਘੇਰੇ ਵਿਚ

**ਅੰਮ੍ਰਿਤਸਰ:** ਖਾਲਸਾ ਸਾਜਨਾ ਦਿਵਸ ਮਨਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਭੇਜੇ ਗਏ ਸਿੱਖ ਤੀਰਥ ਯਾਤਰੀ ਜਥੇ ਵਿਚੋਂ 'ਗਾਇਬ' ਹੋਏ ਦੋ ਸ਼ਰਧਾਲੂਆਂ ਦਾ ਮਸਲਾ ਉਲਝਦਾ ਜਾ ਰਿਹਾ ਹੈ। ਪਹਿਲੀ ਵਾਰ ਵਾਪਰੀ ਇਸ ਘਟਨਾ ਨੇ ਗੁਰਧਾਮਾਂ ਦੀ ਯਾਤਰਾ ਲਈ ਪਾਕਿਸਤਾਨ ਭੇਜੇ ਜਾਂਦੇ ਜਥਿਆਂ ਦੇ ਧਾਰਮਿਕ ਅਕਸ ਨੂੰ ਵੀ ਦਾਗਦਾਰ ਕਰ ਦਿੱਤਾ ਹੈ। ਦੋਵਾਂ ਸ਼ਰਧਾਲੂਆਂ ਬਾਰੇ ਹੋਏ ਖੁਲਾਸੇ ਭਵਿਖ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਹੋਰਾਂ ਮੁਲਕਾਂ ਵਿਚ ਭੇਜੇ ਜਾਂਦੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਦੇ ਰਾਹ ਵਿਚ ਅੜਿੱਕੇ ਖੜ੍ਹੇ ਕਰ ਸਕਦੇ ਹਨ।

ਮੁਢਲੀ ਜਾਂਚ ਦੱਸਦੀ ਹੈ ਕਿ ਦੋਵਾਂ ਸ਼ਰਧਾਲੂਆਂ ਦਾ ਮਕਸਦ ਧਾਰਮਿਕ ਸ਼ਰਧਾ ਦੀ ਥਾਂ ਹਰ ਹੀਲੇ ਪਾਕਿਸਤਾਨ ਪੁੱਜਣਾ ਸੀ ਤੇ ਇਸ ਲਈ ਸ਼੍ਰੋਮਣੀ ਕਮੇਟੀ ਦਾ ਸਹਾਰਾ ਲਿਆ ਗਿਆ। ਜਥੇ ਵਿਚੋਂ ਗਾਇਬ ਹੋਈ ਮਹਿਲਾ ਕਿਰਨ ਬਾਲਾ ਦਾ ਮਕਸਦ ਆਪਣੇ ਪਾਕਿਸਤਾਨੀ ਪ੍ਰੇਮੀ ਨੂੰ ਮਿਲਣਾ ਸੀ। ਇਸ ਔਰਤ ਨੇ ਧਰਮ ਤਬਦੀਲ ਕਰ ਕੇ ਪਾਕਿਸਤਾਨ ਦੇ ਇਕ ਮੁਸਲਮਾਨ ਵਿਅਕਤੀ ਨਾਲ ਨਿਕਾਹ ਕਰ ਲਿਆ ਤੇ ਭਾਰਤ ਵਾਪਸ ਆਉਣ ਤੋਂ ਇਨਕਾਰ ਕਰ ਦਿੱਤਾ। ਇਸ ਔਰਤ ਦੀ ਸਿਫਾਰਸ਼ ਹਲਕੇ ਦੇ ਕਿਸੇ ਸ਼੍ਰੋਮਣੀ ਕਮੇਟੀ ਮੈਂਬਰ ਵੱਲੋਂ ਨਹੀਂ ਬਲਕਿ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵੱਲੋਂ ਕਿਸੇ ਅਕਾਲੀ ਆਗੂ ਦੀ ਸਿਫਾਰਸ਼ ਉਤੇ ਕੀਤੀ ਗਈ ਸੀ। ਸੋਸ਼ਲ ਮੀਡੀਆ ਉਤੇ ਵਾਇਰਲ ਹੋਈ ਵੀਡੀਓ ਵਿਚ ਗੜ੍ਹਸ਼ੰਕਰ ਵਾਸੀ ਕਿਰਨ ਬਾਲਾ ਮੰਨ ਰਹੀ ਹੈ ਕਿ ਹੋਰ ਕੋਈ ਵੱਸ ਨਾ ਚੱਲਦਾ ਦੇਖ ਕੇ ਉਸ ਨੇ ਸ਼ਰਧਾਲੂ ਬਣ ਕੇ ਸ਼੍ਰੋਮਣੀ ਕਮੇਟੀ ਰਾਹੀਂ ਪਾਕਿਸਤਾਨ ਦਾ ਵੀਜ਼ਾ ਹਾਸਲ ਕੀਤਾ। ਵੀਡੀਓ ਵਿਚ ਉਹ ਆਪਣੇ ਪਤੀ ਆਜ਼ਮ ਮੁਹੰਮਦ ਨਾਲ ਪਾਕਿਸਤਾਨ ਪੱਖੀ ਨਾਅਰੇ ਲਗਾਉਂਦੀ ਵੀ ਨਜ਼ਰ ਆ ਰਹੀ ਹੈ।

ਜਥੇ ਵਿਚੋਂ ਗਾਇਬ ਹੋਏ ਨੌਜਵਾਨ ਨੂੰ ਭਾਵੇਂ ਪਾਕਿਸਤਾਨ ਵੱਲੋਂ ਭਾਰਤ ਵਾਪਸ ਭੇਜ ਦਿੱਤਾ ਗਿਆ ਹੈ ਪਰ ਇਸ ਨੌਜਵਾਨ ਦਾ ਮਕਸਦ ਕਾਫੀ ਹੈਰਾਨੀ

(ਬਾਕੀ ਸਫਾ 6 ਉਤੇ)




ਜੁਲਾਈ - ਅਗਸਤ 2018
High Season Sale

Harpreet Singh
ਦਿੱਲੀ $855
ਟੈਕਸ ਸਮੇਤ

WorldWide Travel
www.fly2world.com
734 838 9998
866 66 INDIA
4 6 3 4 2
24 ਘੰਟੇ ਐਮਰਜੈਂਸੀ
Fares shown are for July 10th to Dec 7th 2018 departure from Detroit and may change without notice. please call for more details. Other conditions apply.

Income Tax Preparation
By Certified Public Accountant
ATLANTIC TAX SOLUTIONS INC.
ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਨਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।

Rahul Singh, CPA
Free Consultancy ❖ Best Services ❖ Best Prices

| Experience and Specialty | | Insurance |
| --- | --- | --- |
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!
ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ
718-850-0040 Cell: 917-622-1354 (Rahul) Cell: 917-650-7989 (Rehan)
11805 Atlantic Ave, Richmond Hill NY 11418 Email: sendtocpa@gmail.com

ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ
THE SIKH CULTURAL SOCIETY, INC.
TREAT MANKIND AS ONE

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ

**95-30 118 ਸਟਰੀਟ, ਰਿਚਮੰਡ ਹਿੱਲ, ਨਿਊਯਾਰਕ 11419 ਵਲੋਂ**

# 31 ਵੀਂ ਸਿੱਖ – ਡੇਅ ਪਰੇਡ

## ਮਿਤੀ 28 ਅਪ੍ਰੈਲ 2018, ਦਿਨ ਸ਼ਨੀਵਾਰ ਨੂੰ ਦੁਪਹਿਰ 12:00 ਵਜੇ

ਨਿਊਯਾਰਕ ਸਿਟੀ ਦੇ ਮਨਹਾਟਨ ਵਿੱਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੀ ਅਗਵਾਈ ਹੇਠ ਸਮੂਹ ਟਰਾਈ ਸਟੇਟ ਦੇ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ, ਸੁਸਾਇਟੀਆਂ ਅਤੇ ਸਭਾਵਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਜਾਈ ਜਾ ਰਹੀ ਹੈ ।

**ਇਹ ਪਰੇਡ ਖਾਲਸਾ ਪੰਥ ਦੇ ਸਾਜਨਾ ਦਿਵਸ ਅਤੇ ਆਜ਼ਾਦੀ ਨੂੰ ਸਮਰਪਿਤ ਹੈ।**

ਆਪ ਸਭ ਨੂੰ ਬੇਨਤੀ ਹੈ ਕਿ ਵੀਰ ਸਿਰ ਤੇ ਕੇਸਰੀ ਦਸਤਾਰਾਂ ਤੇ ਭੈਣਾਂ ਕੇਸਰੀ ਦੁਪੱਟੇ ਸਜਾ ਕੇ ਪਰਿਵਾਰਾਂ ਸਮੇਤ ਇਸ ਪਰੇਡ ਵਿੱਚ ਸ਼ਾਮਲ ਹੋਵੋ ਜੀ ਤਾਂ ਜੋ ਸਥਾਨਕ ਭਾਈਚਾਰੇ ਨੂੰ ਸਿੱਖਾਂ ਦੀ ਨਿਵੇਕਲੀ ਪਹਿਚਾਣ ਤੋਂ ਜਾਣੂ ਕਰਵਾ ਸਕੀਏ ।

ਸੰਗਤ ਨੂੰ ਬੇਨਤੀ ਹੈ ਕਿ ਪਰੇਡ ਦੇ ਰੂਟ ਉਪਰ ਫੁੱਟਪਾਥ ਤੇ ਖੜੇ ਹੋ ਕੇ ਦੇਖਣ ਦੀ ਬਜਾਏ ਪਰੇਡ ਵਿੱਚ ਸ਼ਾਮਲ ਹੋ ਕੇ ਇਸਦੀ ਸ਼ਾਨੋ ਸ਼ੌਕਤ ਨੂੰ ਹੋਰ ਵਧਾਓ ਜੀ ।

ਪਰੇਡ ਵਿੱਚ ਸਿੱਖ ਪੰਥ ਦੇ ਨਾਮਵਾਰ ਕੀਰਤਨੀ ਜਥੇ, ਕਥਾਵਾਚਕ, ਰਾਗੀ, ਢਾਡੀ ਸਾਹਿਬਾਨ ਅਤੇ ਉਚੇਚੇ ਤੌਰ ਤੇ ਨਿਊਯਾਰਕ ਸਿਟੀ ਦੇ (Mayor Bill de Blasio), Elected Officials, ਰਾਜਨੀਤਿਕ ਅਤੇ ਹੋਰ ਧਾਰਮਿਕ ਸ਼ਖਸ਼ੀਅਤਾਂ ਪਹੁੰਚ ਰਹੀਆਂ ਹਨ।








### 40 ਸਾਲਾ ਸ਼ਹੀਦੀ ਸਮਾਗਮ

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ 1978 ਦੀ ਵਿਸਾਖੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਿੰਰਕਾਰੀ ਕਾਂਡ ਵਿੱਚ ਭਾਈ ਫੌਜਾ ਸਿੰਘ ਤੇ ਉਹਨਾਂ ਨਾਲ ਸ਼ਹੀਦ ਹੋਣ ਵਾਲੇ ਸਮੂਹ 13 ਸਿੰਘਾਂ ਦਾ 40 ਸਾਲਾ ਸ਼ਹੀਦੀ ਦਿਹਾੜਾ ਅਪਰੈਲ 27, ਦਿਨ ਸ਼ੁਕਰਵਾਰ ਨੂੰ ਸ਼ਾਮ 5 ਵਜੇ ਤੋਂ ਰਾਤ ਦੇ 12:30 ਤੱਕ ਮਨਾਇਆ ਜਾਵੇਗਾ । ਜਿਸ ਵਿਚ ਦੇਸ਼ ਵਿਦੇਸ਼ ਤੋਂ ਅਖੰਡ ਕੀਰਤਨੀ ਜਥੇ ਉਚੇਚੇ ਤੌਰ ਤੇ ਪਹੁੰਚਣਗੇ ।

### ਖਾਲਸਾ ਸਾਜਣਾ ਦਿਵਸ

ਅਪ੍ਰੈਲ 14, 2018 ਦਿਨ ਸ਼ਨੀਵਾਰ ਨੂੰ ਖਾਲਸਾ ਸਾਜਣਾ ਦਿਵਸ ਦੇ ਸਬੰਧ ਵਿਚ [illegible] ਅਤੇ ਸ਼ਾਮ ਨੂੰ 5:00 ਵਜੇ ਤੋਂ 10:30 ਵਜੇ ਤਕ ਵਿਸ਼ੇਸ਼ ਦੀਵਾਨ ਸਜਣਗੇ ।

### ਅੰਮ੍ਰਿਤ ਸੰਚਾਰ

ਅਪ੍ਰੈਲ 29, 2018 ਦਿਨ ਐਤਵਾਰ ਅੰਮ੍ਰਿਤ ਸੰਚਾਰ ਸਵੇਰੇ 9:00 ਵਜੇ [illegible]

### ਵਿਸ਼ੇਸ਼ ਨੋਟ

[illegible]

### ਸੰਗਤਾਂ ਦੇ ਧਿਆਨ ਹਿੱਤ :

ਸੰਗਤਾਂ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਮਨਹਾਟਨ ਦੇ ਮੈਡੀਸਨ ਐਵਨਿਊ ਅਤੇ 37, 38, 39 ਸਟਰੀਟ ਵਿਖੇ ਇੱਕਤਰ ਹੋਣਗੀਆਂ, ਠੀਕ ਦੁਪਹਿਰ 12:30 ਵਜੇ ਮੈਡੀਸਨ ਐਵਨਿਊ ਅਤੇ 37 ਸਟਰੀਟ ਤੋ ਪਰੇਡ ਸ਼ੁਰੂ ਹੋ ਕੇ 26 ਵੀਂ ਸਟਰੀਟ ਵਿਖੇ ਖਤਮ ਹੋਵੇਗੀ । 24ਵੀਂ ਸਟਰੀਟ ਤੇ ਸਟੇਜ ਸਜਾਈ ਜਾਵੇਗੀ ਜਿਥੋਂ ਢਾਡੀ ਜਥੇ, ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਸਿਆਸਤਕਾਰਾਂ ਤੋਂ ਇਲਾਵਾ ਪੰਥਕ ਬੁਲਾਰੇ ਆਪਣੇ ਵੀਚਾਰ ਸੰਗਤਾਂ ਨਾਲ ਸਾਂਝੇ ਕਰਨਗੇ।

ਸਾਰੇ ਗੁਰੂਘਰਾਂ ਤੋਂ ਬੱਸਾਂ ਦੀ ਸੇਵਾ ਉਪਲਬਧ ਹੈ ਸੋ ਪਰੇਡ ਵਿੱਚ ਸ਼ਾਮਲ ਹੋਣ ਲਈ ਆਪਣੇ ਗੁਰੂ ਘਰ ਦੇ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਤੋਂ ਬੱਸਾਂ ਸਵੇਰੇ 9:30 ਤੋਂ 10:30 ਵਜੇ ਤੱਕ ਚੱਲਣਗੀਆਂ**

## ਬੇਨਤੀ ਕਰਤਾ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ 917-353-7265
ਸ. ਗੁਰਦੇਵ ਸਿੰਘ ਕੰਗ (ਕੋਆਰਡੀਨੇਟਰ ਸਿੱਖ-ਡੇ ਪਰੇਡ) 718-974-4827

ਪ੍ਰਧਾਨ ਸ. ਕੁਲਦੀਪ ਸਿੰਘ ਢਿੱਲੋਂ 347-324-2405
ਚੇਅਰਮੈਨ ਸ. ਸੁਰਜੀਤ ਸਿੰਘ ਮੁਧਲ 646-639-5839
ਵਾਈਸ ਪ੍ਰਧਾਨ ਸ. ਬਾਵਾ ਰਜਿੰਦਰ ਸਿੰਘ (ਲਾਲੀ) 917-805-0202
ਕੈਸ਼ੀਅਰ ਸ. ਬੂਟਾ ਸਿੰਘ ਚੀਮਾਂ 917-518-1574
ਜਨਰਲ ਸਕੱਤਰ ਸ. ਭੁਪਿੰਦਰ ਸਿੰਘ ਅਟਵਾਲ 347-837-5615
ਜਨਰਲ ਸਕੱਤਰ ਸ. ਕੁਲਦੀਪ ਸਿੰਘ ਵੜੈਚ 917-208-2365
ਚੇਅਰਮੈਨ ਬਿਲਡਿੰਗ ਸ. ਮਹਿੰਦਰ ਸਿੰਘ ਉਪਲ 917-723-4031
ਚੇਅਰਮੈਨ ਪਬਲਿਕ ਰਿਲੇਸ਼ਨ ਸ. ਸੁੱਖਜਿੰਦਰ ਸਿੰਘ ਨਿੱਜਰ 917-476-8888

ਇਸ ਪ੍ਰੋਗਾਮ ਦੀ ELECTRONIC & PRINTED ਪੰਜਾਬੀ ਅਤੇ ਇੰਗਲਸ਼ ਮੀਡੀਆ LIVE COVERAGE ਕਰ ਰਿਹਾ ਹੈ ।

Print & Designed : Print Linkers 347-475-5555 (Dilpreet Singh)

# ਸਿੱਖ ਡੇਅ ਪਰੇਡ 28 ਅਪਰੈਲ ਨੂੰ

**ਨਿਊ ਯਾਰਕ:** ਟਰਾਈ ਸਟੇਟ ਦੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵੱਲੋਂ 31ਵੀਂ ਸਿੱਖ ਡੇਅ ਪਰੇਡ 28 ਅਪਰੈਲ, ਸਨਿਚਰਵਾਰ ਨੂੰ ਮੈਨਹਟਨ ਵਿਚ ਸਜਾਈ ਜਾ ਰਹੀ ਹੈ। ਪਰੇਡ ਦੁਪਹਿਰ 12 ਵਜੇ 37 ਸਟਰੀਟ ਮੈਡੀਸਨ ਐਵੀਨਿਊ ਤੋਂ ਸ਼ੁਰੂ ਹੋ ਕੇ 26ਵੀਂ ਸਟਰੀਟ ਮੈਡੀਸਨ ਸਟਰੀਟ ਉਪਰ ਜਾ ਕੇ ਸਮਾਪਤ ਹੋਵੇਗੀ। ਲੰਗਰ ਦੇ ਵਿਸ਼ੇਸ਼ ਸਟਾਲ 26ਵੀਂ ਸਟਰੀਟ, ਪਾਰਕ ਐਵੀਨਿਊ ਅਤੇ ਮੈਡੀਸਨ ਐਵੀਨਿਊ 'ਤੇ ਲਗਾਏ ਜਾਣਗੇ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ 24ਵੀਂ ਸਟਰੀਟ 'ਤੇ ਪੰਥਕ ਸਟੇਜ ਸਜਾਈ ਜਾਵੇਗੀ ਜਿਸ ਵਿਚ ਪਰੇਡ ਵਿਚ ਪਹੁੰਚਣ ਵਾਲੇ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ, ਚੁਣੇ ਹੋਏ ਅਤੇ ਆਫੀਸ਼ੀਅਲ ਬੁਲਾਰੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਸ. ਅਟਵਾਲ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਪਰੇਡ ਨੂੰ ਫੁੱਟਪਾਥ 'ਤੇ ਖੜ੍ਹ ਕੇ ਦੇਖਣ ਦੀ ਥਾਂ ਪਰੇਡ ਦੇ ਰੂਟ ਵਿਚ ਚਲਿਆ ਜਾਵੇ। ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ, ਗਾਰਬੇਜ ਨੂੰ ਗਾਰਬੇਜ ਕੈਨਾਂ ਵਿਚ ਹੀ ਸੁਟਿਆ ਜਾਵੇ ਅਤੇ ਲੰਗਰ ਲੈਣ ਵੇਲੇ ਭੀੜ ਦੀ ਬਜਾਏ ਸਹਿਜ ਨਾਲ ਲੰਗਰ ਲੈ ਕੇ ਛਕਿਆ ਜਾਵੇ।

ਉਨ੍ਹਾਂ ਦੱਸਿਆ ਕਿ ਇਸ ਵਾਰ ਨਿਊ ਯਾਰਕ ਸਿਟੀ ਵੱਲੋਂ ਕੁਝ ਖਾਸ ਹਦਾਇਤਾਂ ਦਿੱਤੀਆਂ ਗਈਆਂ ਹਨ: ਲੰਗਰ ਦਾ ਤਾਪਮਾਨ, ਵਰਤਾਉਣ ਵੇਲੇ ਹੱਥਾਂ 'ਤੇ ਦਸਤਾਨੇ, ਹੱਥ ਧੋਣ ਵਾਲਾ ਸਮਾਨ, ਜਮੀਨ 'ਤੇ ਖਾਣਾ ਨਾ ਰੱਖਿਆ ਜਾਵੇ ਅਤੇ ਕੈਨੋਪੀ ਲੱਗੀ ਹੋਵੇ। ਇਸ ਲਈ ਸੰਗਤ ਨੂੰ ਬੇਨਤੀ ਹੈ ਕਿ ਲੰਗਰ ਸਿੱਧਾ ਲਿਜਾਉਣ ਦੀ ਥਾਂ ਪ੍ਰਬੰਧਕਾਂ ਨਾਲ ਸੰਪਰਕ ਕੀਤਾ ਜਾਵੇ। ਇਸ ਬਾਰੇ ਸ. ਦਵਿੰਦਰ ਸਿੰਘ ਬੋਪਾਰਾਏ (ਫੋਨ: 718-909-0651) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸਾਰੇ ਗੁਰਦੁਆਰਿਆਂ ਤੋਂ ਬੱਸਾਂ ਚਲਾਈਆਂ ਜਾ ਰਹੀਆਂ ਹਨ।

ਹੋਰ ਜਾਣਕਾਰੀ ਲਈ ਮੁੱਖ ਸੇਵਾਦਾਰ ਕੁਲਦੀਪ ਸਿੰਘ ਢਿੱਲੋਂ (ਫੋਨ: 347-324-2405), ਕੋਆਰਡੀਨੇਟਰ (ਪਰੇਡ) ਗੁਰਦੇਵ ਸਿੰਘ ਕੰਗ (718-974-4827), ਚੇਅਰਮੈਨ ਸੁਰਜੀਤ ਸਿੰਘ ਮੁਧਲ (646-639-5839), ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ (347-847-5615), ਸਕੱਤਰ ਕੁਲਦੀਪ ਸਿੰਘ ਵੜੈਚ (917-208-2365) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸਾਕਾ ਨੀਲਾ ਤਾਰਾ ਦੀ ਸੁਤੰਤਰ ਜਾਂਚ ਕਰਾਉਣ ਦਾ ਵਾਅਦਾ

**ਲੰਡਨ:** ਲੇਬਰ ਪਾਰਟੀ ਦੇ ਆਗੂ ਜੈਰੇਮੀ ਕੋਰਬਿਨ ਨੇ ਐਲਾਨ ਕੀਤਾ ਕਿ 1984 ਵਿਚ ਸਾਕਾ ਨੀਲਾ ਤਾਰਾ ਸਬੰਧੀ ਬਰਤਾਨਵੀ ਸਰਕਾਰ ਦੀ ਭੂਮਿਕਾ ਦੀ ਸੁਤੰਤਰ ਜਾਂਚ ਕਰਵਾਈ ਜਾਵੇਗੀ। ਗਾਰਡੀਅਨ ਅਖਬਾਰ ਦੀ ਇਕ ਰਿਪੋਰਟ ਮੁਤਾਬਕ ਕੋਰਬਿਨ ਨੇ ਵਾਅਦਾ ਕੀਤਾ ਸਾਕਾ ਨੀਲਾ ਤਾਰਾ ਬਾਰੇ ਜਾਂਚ ਕਰਾਉਣ ਦਾ ਵਾਅਦਾ ਪਾਰਟੀ ਦੇ ਅਗਲੇ ਚੋਣ ਮਨੋਰਥ ਪੱਤਰ ਵਿਚ ਦਰਜ ਕੀਤਾ ਜਾਵੇਗਾ ਤੇ ਜੇ ਚੋਣਾਂ ਵਿਚ ਪਾਰਟੀ ਦੀ ਜਿੱਤ ਹੋਈ ਤਾਂ ਨਵੀਂ ਸਰਕਾਰ ਆਪਣਾ ਵਾਅਦਾ ਨਿਭਾਵੇਗੀ।

ਸਿੱਖ ਜਥੇਬੰਦੀਆਂ ਲਗਾਤਾਰ ਇਸ ਮਸਲੇ ਦੀ ਜਾਂਚ ਕਰਾਉਣ ਦੀ ਮੰਗ ਕਰਦੀਆਂ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਸਰਕਾਰ ਨੇ ਸਾਕਾ ਨੀਲਾ ਤਾਰਾ ਬਾਰੇ ਭਾਰਤ ਸਰਕਾਰ ਨੂੰ ਸਲਾਹ ਦੇਣ ਲਈ ਸਪੈਸ਼ਲ ਏਅਰ ਸਰਵਿਸ ਅਫਸਰ ਨਵੀਂ ਦਿੱਲੀ ਭੇਜਿਆ ਸੀ। 2014 'ਚ ਬਰਤਾਨਵੀ ਸਰਕਾਰ 30 ਸਾਲਾ ਨੇਮ ਤਹਿਤ ਗੁਪਤ ਦਸਤਾਵੇਜ਼ ਜਾਰੀ ਕੀਤੇ ਸਨ ਜਿਨ੍ਹਾਂ ਤੋਂ ਸੰਕੇਤ ਮਿਲਿਆ ਸੀ ਕਿ ਬਰਤਾਨੀਆ ਨੇ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਭਾਰਤੀ ਬਲਾਂ ਨੂੰ ਫੌਜੀ ਸਲਾਹ ਦਿੱਤੀ ਸੀ।


## Matrimonials

### ਵਰ ਦੀ ਲੋੜ ਹੈ

Looking for a suitable match for US citizen Punjabi Khatri girl, 31 years, 5' 2", well settled, divorced. The boy must be willing to stay in/near Cleveland, Ohio. Contact: Nsaw2018@gmail.com 14-17

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 16-19

### ਜੀਵਨ ਸਾਥਣ ਦੀ ਲੋੜ

Wanted suitable educated US citizen/green card holder Punjabi Sikh woman 30-38 yrs, for Jatt Sikh Gill clean shaven Divorced man 39 yrs, 5'-7" US citizen, belongs to educated family from Punjab. Email: Sukhkaran1978@outlook.com 14-17

### ਲੜਕੀ ਦੀ ਲੋੜ ਹੈ

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 17-20

Wanted suitable match for Jatt Sikh Pannu boy 27, 6'-1", Bachelor of Computer Science Engineering, Software Engineering Technician (Canada) post graduate, working on work permit in Winnipeg (Canada), Canadian PR in process. Contact, Ph: 204-915-5591 (Canada), 937-830-1877 (USA) or email: Er.pawandeep23@gmail.com, Pannupetroleum@gmail.com 16-19

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com 12/4


## ਚੀਫ ਜਸਟਿਸ ਖਿਲਾਫ਼ ਮਹਾਂਦੋਸ਼ ਦਾ ਨੋਟਿਸ ਰੱਦ

**ਨਵੀਂ ਦਿੱਲੀ:** ਰਾਜ ਸਭਾ ਦੇ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਭਾਰਤ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਉਤੇ ਸੱਤ ਪਾਰਟੀਆਂ ਵੱਲੋਂ ਮਹਾਂਦੋਸ਼ ਚਲਾਉਣ ਲਈ ਦਿੱਤਾ ਨੋਟਿਸ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਦੋਸ਼ ਮੰਨਣਯੋਗ ਨਹੀਂ ਹਨ। ਸੂਤਰਾਂ ਨੇ ਦੱਸਿਆ ਕਿ ਸ੍ਰੀ ਨਾਇਡੂ ਨੇ ਕੁਝ ਚੋਟੀ ਦੇ ਕਾਨੂੰਨੀ ਤੇ ਸੰਵਿਧਾਨਕ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਤੋਂ ਬਾਅਦ ਇਸ ਫੈਸਲੇ ਉਤੇ ਅੱਪੜੇ ਹਨ।

ਸੱਤ ਪਾਰਟੀਆਂ ਦੇ ਆਗੂਆਂ ਨੇ ਸ੍ਰੀ ਨਾਇਡੂ ਨੂੰ ਮਿਲ ਕੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀਪਕ ਮਿਸ਼ਰਾ 'ਤੇ ਮਹਾਂਦੋਸ਼ ਦਾ ਨੋਟਿਸ ਸੌਂਪਿਆ ਸੀ ਜਿਸ 'ਤੇ 64 ਸੰਸਦ ਮੈਂਬਰਾਂ ਤੇ ਸੱਤ ਸਾਬਕਾ ਐਮਪੀਜ਼ ਦੇ ਦਸਤਖਤ ਸਨ ਜੋ ਹਾਲ ਹੀ ਵਿਚ ਸੇਵਾ ਮੁਕਤ ਹੋਏ ਹਨ। ਸ੍ਰੀ ਨਾਇਡੂ ਨੇ ਇਹ ਵੀ ਕਿਹਾ ਕਿ ਸਾਡਾ ਇਹ ਵੀ ਖਿਆਲ ਹੈ ਕਿ ਅਸੀਂ ਸ਼ਾਸਨ ਦੇ ਆਪਣੇ ਕਿਸੇ ਵੀ ਸਤੰਭ ਨੂੰ ਕਿਸੇ ਵਿਚਾਰ, ਸ਼ਬਦ ਜਾਂ ਕਰਮ ਰਾਹੀਂ ਕਮਜ਼ੋਰ ਪੈਣ ਦੀ ਇਜਾਜ਼ਤ ਨਹੀਂ ਦੇ ਸਕਦੇ। ਇਸ ਦੌਰਾਨ, ਸਰਕਾਰ ਦੇ ਇਕ ਆਹਲਾ ਅਹਿਲਕਾਰ ਨੇ ਆਖਿਆ ਕਿ ਚੇਅਰਮੈਨ ਕੋਲ ਨੋਟਿਸ ਰੱਦ ਕਰਨ ਤੇ ਕਿਸੇ ਫੈਸਲੇ 'ਤੇ ਅੱਪੜਨ ਤੋਂ ਪਹਿਲਾਂ ਸਲਾਹ ਮਸ਼ਵਰਾ ਕਰਨ ਦਾ ਵਿਧਾਨਕ ਅਧਿਕਾਰ ਹੈ।

## ਪ੍ਰਿੰਸ ਵਿਲੀਅਮ ਤੇ ਕੇਟ ਦੇ ਘਰ ਪੁੱਤ ਦਾ ਜਨਮ

**ਲੰਡਨ:** ਡੱਚੇਸ ਆਫ ਕੈਂਬਰਿਜ ਤੇ ਸ਼ਹਿਜ਼ਾਦੇ ਪ੍ਰਿੰਸ ਵਿਲੀਅਮ ਦੀ ਪਤਨੀ ਕੇਟ ਮਿਡਲਟਨ ਨੇ ਇਕ ਮੁੰਡੇ ਨੂੰ ਜਨਮ ਦਿੱਤਾ ਹੈ। ਇਸ ਸ਼ਾਹੀ ਜੋੜੇ ਦਾ ਇਹ ਤੀਜਾ ਬੱਚਾ ਹੈ। ਇਸ ਤੋਂ ਪਹਿਲਾਂ ਇਸ ਜੋੜੇ ਕੋਲ ਇਕ ਮੁੰਡਾ ਤੇ ਕੁੜੀ ਹਨ। ਕੇਨਸਿੰਗਟਨ ਪੈਲੇਸ ਵੱਲੋਂ ਜਾਰੀ ਬਿਆਨ ਮੁਤਾਬਕ ਬੱਚੇ ਨੇ ਮੁਕਾਮੀ ਸਮੇਂ ਸਵੇਰੇ 11:01 ਵਜੇ ਜਨਮ ਲਿਆ। ਇਸ ਮੌਕੇ ਉਸ ਦਾ ਪਿਤਾ ਤੇ ਡਿਊਕ ਆਫ ਕੈਂਬਰਿਜ ਵਿਲੀਅਮ (35) ਵੀ ਮੌਜੂਦ ਸੀ। ਜੱਚਾ ਬੱਚਾ ਦੋਵੇਂ ਸਿਹਤਯਾਬ ਹਨ। ਬੱਚੇ ਦਾ ਵਜ਼ਨ 3.82 ਕਿਲੋ ਹੈ।

# ਨਰੋਦਾ ਪਾਟੀਆ ਕੇਸ: ਕੋਡਨਾਨੀ ਬਰੀ, ਬਜਰੰਗੀ ਸਣੇ 16 ਨੂੰ ਕੈਦ

**ਅਹਿਮਦਾਬਾਦ:** ਸਾਲ 2002 ਵਿਚ ਗੁਜਰਾਤ ਦੇ ਨਰੋਦਾ ਪਾਟੀਆ ਵਿਚ ਹੋਏ ਦੰਗਿਆਂ ਦੇ ਦੋਸ਼ ਵਿਚ ਗੁਜਰਾਤ ਹਾਈ ਕੋਰਟ ਨੇ ਭਾਜਪਾ ਦੀ ਸਾਬਕਾ ਮੰਤਰੀ ਮਾਇਆ ਕੋਡਨਾਨੀ ਨੂੰ ਬਰੀ ਕਰ ਦਿੱਤਾ ਹੈ ਜਦਕਿ ਬਜਰੰਗ ਦਲ ਦੇ ਸਾਬਕਾ ਆਗੂ ਬਾਬੂ ਬਜਰੰਗੀ ਦੀ ਸਜ਼ਾ ਬਰਕਰਾਰ ਰੱਖੀ ਹੈ। ਇਸ ਕੇਸ ਵਿਚ ਭੀੜ ਨੇ 97 ਵਿਅਕਤੀ ਮਾਰ ਦਿੱਤੇ ਸਨ। ਹਾਈ ਕੋਰਟ ਨੇ ਬਜਰੰਗੀ ਸਮੇਤ 13 ਦੋਸ਼ੀਆਂ ਦੀ ਸਜ਼ਾ ਬਰਕਰਾਰ ਰੱਖੀ ਹੈ ਅਤੇ ਤਿੰਨ ਹੋਰ ਨੂੰ ਪਹਿਲੀ ਵਾਰ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਹੇਠਲੀ ਅਦਾਲਤ ਵੱਲੋਂ ਦੋਸ਼ੀ ਠਹਿਰਾਏ 32 ਵਿਅਕਤੀਆਂ ਵਿਚੋਂ 18 ਨੂੰ ਬਰੀ ਕਰ ਦਿੱਤਾ ਹੈ।



ਸਾਲ 2002 ਵਿਚ ਕੋਡਨਾਨੀ ਭਾਜਪਾ ਦੀ ਵਿਧਾਇਕ ਸੀ ਅਤੇ ਕੇਸ ਦੀ ਸੁਣਵਾਈ ਕਰ ਰਹੀ ਅਦਾਲਤ ਨੇ ਕਿਹਾ ਸੀ ਕਿ ਨਰੋਦਾ ਪਾਟੀਆ ਦੰਗਿਆਂ ਦੀ ਉਹ ਸਾਜ਼ਿਸ਼ਕਾਰ ਸੀ। ਇਸ ਦੌਰਾਨ ਉਹ 2007 ਵਿਚ ਗੁਜਰਾਤ ਦੀ ਨਰੇਂਦਰ ਮੋਦੀ ਸਰਕਾਰ ਵਿਚ ਮੰਤਰੀ ਬਣ ਗਈ, ਇਸ ਤੋਂ ਬਾਅਦ ਉਸ ਨੂੰ 2009 ਵਿਚ ਦੰਗਿਆਂ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਸੀ। ਕੋਡਨਾਨੀ ਨੂੰ ਬਰੀ ਕਰਦਿਆਂ ਹਾਈ ਕੋਰਟ ਨੇ ਕਿਹਾ ਕਿ ਉਸ ਦੀ ਦੰਗਿਆਂ ਵਿਚ ਸ਼ਮੂਲੀਅਤ ਨਾਲ ਸਬੰਧਤ ਬਿਆਨ ਆਪਾ ਵਿਰੋਧੀ ਹਨ। ਕਿਸੇ ਵੀ ਸਰਕਾਰੀ ਗਵਾਹ ਨੇ ਸਹੀ ਸਮਾਂ ਨਹੀਂ ਦੱਸਿਆ ਕਿ ਉਸ ਨੇ ਉਨ੍ਹਾਂ ਨਾਲ ਕਦੋਂ ਗੱਲ ਕੀਤੀ ਸੀ।

ਗਵਾਹਾਂ ਦੇ ਆਪਸ ਵਿਚ ਵਿਰੋਧੀ ਬਿਆਨ ਭੁਲੇਖੇ ਪਾਊ ਹਨ। ਕੋਡਨਾਨੀ ਨੂੰ ਸ਼ੱਕ ਦਾ ਵੀ ਲਾਭ ਦਿੱਤਾ ਗਿਆ, ਕਿਉਂਕਿ ਉਸ ਦਾ ਨਾਂ ਮੁੱਢਲੀ ਐਫ.ਆਈ.ਆਰ. ਵਿਚ ਦਰਜ ਨਹੀਂ ਸੀ ਅਤੇ ਵਿਸ਼ੇਸ਼ ਜਾਂਚ ਟੀਮ ਨੇ ਪਹਿਲੀ ਵਾਰ ਉਸ ਨੂੰ 2008 ਵਿਚ ਦੋਸ਼ੀ ਠਹਿਰਾਇਆ ਸੀ।

**ਫੈਸਲੇ ਤੋਂ ਪੀੜਤ ਪਰਿਵਾਰ ਨਿਰਾਸ਼:** ਨਰੋਦਾ ਪਾਟੀਆ ਦੰਗਿਆਂ ਦੇ ਪੀੜਤ ਪਰਿਵਾਰਾਂ ਨੇ ਮਾਇਆ ਕੋਡਨਾਨੀ ਨੂੰ ਬਰੀ ਕਰਨ ਸਬੰਧੀ ਅਦਾਲਤ ਦੇ ਫੈਸਲੇ ਉਤੇ ਨਿਰਾਸ਼ਾ ਪ੍ਰਗਟਾਈ ਹੈ ਅਤੇ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਬਾਰੇ ਵਿਚਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਨਿਆਂ ਪ੍ਰਬੰਧ ਵਿਚ ਵਿਸ਼ਵਾਸ ਰੱਖਦੇ ਹਨ, ਸਾਰੇ ਅਦਾਲਤ ਦੇ ਫੈਸਲੇ ਤੋਂ ਨਿਰਾਸ਼ ਹਨ।

## ਦੁਨੀਆਂ ਦੀ ਸਭ ਤੋਂ ਵਡੇਰੀ ਔਰਤ ਦਾ ਦੇਹਾਂਤ

**ਟੋਕੀਓ:** ਜਾਪਾਨ ਦੀ 117 ਸਾਲਾ ਔਰਤ ਨਾਬੀ ਤਾਜੀਮਾ ਦਾ ਦੇਹਾਂਤ ਹੋ ਗਿਆ। ਉਸ ਨੂੰ ਜਨਵਰੀ ਵਿਚ ਹਸਪਤਾਲ ਦਾਖਲ ਕਰਾਇਆ ਗਿਆ ਸੀ। ਉਸ ਦਾ ਜਨਮ 4 ਅਗਸਤ 1900 ਵਿਚ ਹੋਇਆ ਸੀ।


## ਡਿਸ਼ ਵਾਸ਼ਰ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਡਿਸ਼ ਵਾਸ਼ਰ, ਵੇਟਰ ਅਤੇ ਹੈਲਪਰ ਦੀ ਲੋੜ ਹੈ

ਸੰਪਰਕ ਕਰੋ, ਫੋਨ: 262-391-7666

16-18

## ਹਲਵਾਈ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

8-

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**Live on Jas TV**

**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਦਸਤਾਰ ਬਾਰੇ ਸੁਪਰੀਮ ਕੋਰਟ ਦੀ ਟਿੱਪਣੀ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਸੁਪਰੀਮ ਕੋਰਟ ਦੇ ਜੱਜ ਵੱਲੋਂ ਸਿੱਖਾਂ ਦੀ ਦਸਤਾਰ ਸਬੰਧੀ ਕੀਤੀ ਗਈ ਟਿੱਪਣੀ ਅਤੇ ਉਸ ਉਤੇ ਉਠਾਏ ਗਏ ਸਵਾਲ ਦਾ



ਸਿੱਖ ਜਥੇਬੰਦੀਆਂ ਨੇ ਸਖਤ ਵਿਰੋਧ ਜਤਾਇਆ ਹੈ। ਸਿੱਖ ਜਥੇਬੰਦੀਆਂ ਨੇ ਆਖਿਆ ਕਿ ਦਸਤਾਰ ਸਿੱਖਾਂ ਦੇ ਪਹਿਰਾਵੇ ਦਾ ਅਹਿਮ ਹਿੱਸਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਦਸਤਾਰ ਸਿੱਖਾਂ ਦੀ ਪਛਾਣ ਦਾ ਹਿੱਸਾ ਹੈ ਤੇ ਉਨ੍ਹਾਂ ਨੂੰ ਸੁਰੱਖਿਆ ਵੀ ਪ੍ਰਦਾਨ ਕਰਦੀ ਹੈ।

ਦਸਤਾਰਧਾਰੀ ਸਿੱਖਾਂ ਨੂੰ ਹੈਲਮਟ ਪਹਿਨਣ ਦੀ ਕੋਈ ਲੋੜ ਨਹੀਂ ਹੈ। ਜ਼ਿਕਰਯੋਗ ਹੈ ਕਿ ਸਾਈਕਲ ਐਸੋਸੀਏਸ਼ਨ ਵੱਲੋਂ ਹੈਲਮਟ ਪਹਿਨਣ ਦੀ ਲਾਜ਼ਮੀ ਸ਼ਰਤ ਨੂੰ ਸਿੱਖ ਸਾਈਕਲਿਸਟ ਜਗਦੀਪ ਸਿੰਘ ਪੁਰੀ ਨੇ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ। ਉਸ ਨੇ ਅਦਾਲਤ ਨੂੰ ਦੱਸਿਆ ਸੀ ਕਿ ਸਿੱਖਾਂ ਲਈ ਹੈਲਮਟ ਪਹਿਨਣਾ ਲਾਜ਼ਮੀ ਨਹੀਂ ਹੈ। ਪਟੀਸ਼ਨ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਦੇ ਜੱਜਾਂ ਨੇ ਸਵਾਲ ਉਠਾਇਆ ਕਿ ਕੀ ਦਸਤਾਰ ਸਿੱਖਾਂ ਲਈ ਲਾਜ਼ਮੀ ਹੈ ਜਾਂ ਫਿਰ ਸਿਰਫ ਸਿਰ ਢੱਕਣ ਦਾ ਇਕ ਸਾਧਨ ਹੈ। ਇਤਿਹਾਸ ਦਾ ਹਵਾਲਾ ਦਿੰਦਿਆਂ ਭਾਈ ਲੌਂਗੋਵਾਲ ਨੇ ਕਿਹਾ ਕਿ ਵਿਸ਼ਵ ਜੰਗਾਂ ਦੌਰਾਨ ਵੀ ਸਿੱਖ ਸੈਨਿਕਾਂ ਨੇ ਦਸਤਾਰਾਂ ਸਜਾ ਕੇ ਹੀ ਯੁੱਧ ਲੜੇ ਸਨ। ਦੇਸ਼ ਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੇ ਫੌਜ ਮੁਖੀ ਵੀ ਸਿੱਖ ਵਿਅਕਤੀ ਰਹਿ ਚੁੱਕੇ ਹਨ। ਇਸ ਲਈ ਦਸਤਾਰ ਸਬੰਧੀ ਕਿਸੇ ਕਿਸਮ ਦਾ ਭੁਲੇਖਾ ਨਹੀਂ ਹੋਣਾ ਚਾਹੀਦਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦਿੱਲੀ ਕਮੇਟੀ ਵੱਲੋਂ ਇਸ ਕੇਸ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਅਖੰਡ ਕੀਰਤਨੀ ਜਥਾ ਇੰਟਰਨੈਸ਼ਨਲ ਦੇ ਮੁਖੀ ਭਾਈ ਬਖਸ਼ੀਸ਼ ਸਿੰਘ ਨੇ ਆਖਿਆ ਕਿ ਜੱਜਾਂ ਵੱਲੋਂ ਦਸਤਾਰ ਵਿਰੋਧੀ ਟਿੱਪਣੀਆਂ ਮੰਦਭਾਗੀਆਂ ਹਨ। ਉਧਰ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸੁਪਰੀਮ ਕੋਰਟ ਦੇ ਜੱਜਾਂ ਵੱਲੋਂ ਦਸਤਾਰ ਦੀ ਮਹੱਤਤਾ ਬਾਰੇ ਪੁੱਛੇ ਸਵਾਲਾਂ ਨੂੰ ਗੈਰ-ਜ਼ਿੰਮੇਵਾਰਾਨਾ ਅਤੇ ਮੰਦਭਾਗਾ ਕਰਾਰ ਦਿੱਤਾ ਹੈ।

## ਅਦਾਲਤ ਦੀਆਂ ਦਲੀਲਾਂ

**ਨਵੀਂ ਦਿੱਲੀ:** ਦਸਤਾਰ ਬਾਰੇ ਜੱਜ ਦੀਆਂ ਦਲੀਲਾਂ ਕਾਫੀ ਹੈਰਾਨ ਕਰਨ ਵਾਲੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਜਸਟਿਸ ਐਸ.ਏ. ਬੋਬਡੇ ਤੇ ਐਲ.ਐਨ. ਰਾਓ ਦੇ ਬੈਂਚ ਨੇ ਇਹ ਵੀ ਪੁੱਛ ਲਿਆ ਕਿ ਕੀ ਸਿੱਖ ਧਰਮ ਵਿਚ ਦਸਤਾਰ ਲਾਜ਼ਮੀ ਹੈ ਜਾਂ ਸਿਰ ਢਕਣ ਦਾ ਇਕ ਤਰੀਕਾ। ਇੰਨਾ ਹੀ ਨਹੀਂ ਦੋਵੇਂ ਜੱਜਾਂ ਨੇ ਇਸ ਉਤੇ ਉਨ੍ਹਾਂ ਖਿਡਾਰੀਆਂ ਦਾ ਹਵਾਲਾ ਦਿੱਤਾ, ਜੋ ਬਿਨਾ ਦਸਤਾਰ ਤੋਂ ਆਪਣੀਆਂ ਖੇਡਾਂ ਖੇਡਦੇ ਹਨ। ਬੈਂਚ ਨੇ ਪਟੀਸ਼ਨਕਰਤਾ ਪੁਰੀ ਦੇ ਵਕੀਲ ਆਰ.ਐਸ. ਸੂਰੀ ਤੋਂ ਪੁੱਛਿਆ ਕਿ ਕੀ ਫੌਜੀ ਜੰਗ ਦੌਰਾਨ ਸਿਰਾਂ 'ਤੇ ਹੈਲਮੇਟ ਨਹੀਂ ਪਹਿਨਦੇ?

## ਮੁੱਦਾ ਕੇਂਦਰ ਕੋਲ ਲਿਜਾਵਾਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ



ਕਿਹਾ ਕਿ ਦਸਤਾਰ ਸਿੱਖੀ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਮੁੱਦੇ ਉਤੇ ਸੁਪਰੀਮ ਕੋਰਟ ਵੱਲੋਂ ਉਠਾਏ ਸਵਾਲ ਨੂੰ ਪਾਰਟੀ ਕੇਂਦਰ ਸਰਕਾਰ ਕੋਲ ਲੈ ਕੇ ਜਾਵੇਗੀ ਤਾਂ ਜੋ ਇਸ ਮੁੱਦੇ ਦਾ ਹਮੇਸ਼ਾ ਲਈ ਨਿਬੇੜਾ ਹੋ ਜਾਵੇ। ਉਨ੍ਹਾਂ ਕਿਹਾ ਕਿ ਉਚ ਅਦਾਲਤ ਵੱਲੋਂ ਸਿੱਖ ਧਰਮ ਵਿਚ ਦਸਤਾਰ ਦੀ ਅਹਿਮੀਅਤ ਬਾਰੇ ਖੜ੍ਹੇ ਕੀਤੇ ਸਵਾਲ ਨਾਲ ਠੇਸ ਪੁੱਜੀ ਹੈ।

## ਪੋਤੀ 'ਤੇ ਵਹਿਸ਼ਤ ਢਾਹੁਣ ਵਾਲੀ ਦਾਦੀ ਨੂੰ ਕੈਦ

**ਚੰਡੀਗੜ੍ਹ:** ਅਦਾਲਤ ਨੇ ਇਕ ਔਰਤ ਨੂੰ ਉਸ ਦੀ ਚਾਰ ਸਾਲਾ ਪੋਤੀ ਦੇ ਗੁਪਤ ਅੰਗਾਂ ਨੂੰ ਸਾੜਨ ਦੇ ਦੋਸ਼ ਹੇਠ 10 ਸਾਲਾਂ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਸੁਣਾਈ ਹੈ। ਇਹ ਮਾਮਲਾ ਪਿਛਲੇ ਸਾਲ ਜੁਲਾਈ ਮਹੀਨੇ ਸਿਰਸਾ ਜ਼ਿਲ੍ਹੇ ਦੇ ਪਿੰਡ ਮੌਜੂਖੇੜਾ ਵਿਚ ਸਾਹਮਣੇ ਆਇਆ ਸੀ। ਸੈਸ਼ਨ ਜੱਜ ਨੇ 55 ਸਾਲਾ ਮੁਲਜ਼ਮ ਕਮਲਾ ਨੂੰ ਦਸ ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ। ਰੂਹ ਕੰਬਾ ਦੇਣ ਦਾ ਇਹ ਮਾਮਲਾ ਪਿਛਲੇ ਸਾਲ 17 ਜੁਲਾਈ ਨੂੰ ਸਾਹਮਣੇ ਆਇਆ ਸੀ।


## ਟੋਰਾਂਟੋ ਵਿਚ ਅਪਰੈਲ ਮਹੀਨਾ ਸਿੱਖ ਵਿਰਾਸਤ ਨੂੰ ਸਮਰਪਿਤ

**ਟੋਰਾਂਟੋ:** ਬਰੈਂਪਟਨ ਵਿਚ ਸਿੱਖ ਵਿਰਾਸਤੀ ਮਹੀਨੇ ਦੌਰਾਨ ਪੀਲ ਆਰਟ ਗੈਲਰੀ ਮਿਊਜ਼ੀਅਮ (ਪਾਮਾ) ਵਿਚ ਸਿੰਗਾਪੁਰ ਵਸਦੇ ਦਸਤਾਵੇਜ਼ੀ ਫੋਟੋਗ੍ਰਾਫਰ ਅਮਰਦੀਪ ਸਿੰਘ ਦੀਆਂ ਪਾਕਿਸਤਾਨ ਵਿਚ ਸਿੱਖ ਵਿਰਾਸਤ ਨੂੰ ਦਰਸਾਉਂਦੀਆਂ ਤਸਵੀਰਾਂ ਦੀ ਨੁਮਾਇਸ਼ 'ਲੌਸਟ ਹੈਰੀਟੇਜ' ਅਤੇ ਅਮਰੀਕਨ ਕਲਾਕਾਰ ਰੂਪੀ ਕੌਰ ਟੁੱਟ ਦੀ ਪਿਛੋਕੜ, ਸਭਿਆਚਾਰ ਤੇ ਹੋਰਵੇ ਬਿਆਨ ਕਰਦੇ ਚਿੱਤਰਾਂ ਦੀ ਪ੍ਰਦਰਸ਼ਨੀ 'ਏ ਜਰਨੀ ਬੈਕ ਹੋਮ' ਸਥਾਨਕ ਸਿੱਖਾਂ ਅਤੇ ਕਲਾ ਪ੍ਰੇਮੀਆਂ ਲਈ ਖਿੱਚ ਦਾ ਕੇਂਦਰ ਬਣੀ ਹੋਈ ਹੈ।

ਕੈਨੇਡਾ ਦੇ ਓਂਟਾਰੀਓ ਸੂਬੇ ਵਿਚ ਅਪਰੈਲ ਨੂੰ ਸਿੱਖ ਵਿਰਾਸਤੀ ਮਹੀਨੇ ਵਜੋਂ ਮਨਾਏ ਜਾਣ ਦਾ ਇਹ ਪੰਜਵਾਂ ਸਾਲ ਹੈ। ਇਸ ਮਹੀਨੇ ਸਿੱਖ ਇਤਿਹਾਸ ਨਾਲ ਸਬੰਧਤ ਪ੍ਰਦਰਸ਼ਨੀਆਂ ਤੇ ਫਿਲਮਾਂ ਤੋਂ ਇਲਾਵਾ ਅਹਿਮ ਸੂਬਾਈ ਸਰਕਾਰੀ ਇਮਾਰਤਾਂ ਉਤੇ ਕੇਸਰੀ ਨਿਸ਼ਾਨ ਝੁਲਾਏ ਜਾਂਦੇ ਹਨ। ਸਿੱਖ ਹੈਰੀਟੇਜ ਮੰਥ ਸੈਲੀਬਰੇਸ਼ਨ ਕਮੇਟੀ ਵੱਲੋਂ ਸਿੱਖ ਵਿਰਾਸਤੀ ਜਸ਼ਨਾਂ ਦੇ ਸ਼ੁਰੂਆਤੀ ਸਮਾਗਮ ਬਰੈਂਪਟਨ ਸ਼ਹਿਰ ਦੀ ਆਰਟ ਗੈਲਰੀ 'ਪਾਮਾ' ਵਿਚ ਹੋਏ। ਬੀਤੇ ਦਿਨੀਂ ਬਰੈਂਪਟਨ ਸਿਟੀ ਹਾਲ ਅਤੇ ਮੁਲਕ ਦੀ ਸੰਸਦ ਸਾਹਮਣੇ ਖਾਲਸੇ ਦੇ ਕੇਸਰੀ ਨਿਸ਼ਾਨ ਝੁਲਾਏ ਗਏ ਸਨ।

# ਹਿਮਾਚਲ ਨੇ ਪੰਜਾਬ ਤੇ ਹਰਿਆਣਾ ਤੋਂ ਮੰਗੀ ਪਾਣੀਆਂ ਦੀ ਰਾਇਲਟੀ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਕੋਲੋਂ ਆਪਣੇ ਦਰਿਆਈ ਪਾਣੀਆਂ ਦੀ ਰਾਇਲਟੀ ਹਾਸਲ ਕਰਨ ਲਈ ਚਾਰਾਜੋਈ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਹਿਮਾਚਲ ਸਰਕਾਰ ਚੰਡੀਗੜ੍ਹ ਯੂਟੀ ਵਿਚਲੇ ਆਪਣੇ 7.19 ਫੀਸਦੀ ਹਿੱਸੇ ਦੇ ਅਧਿਕਾਰ ਹਾਸਲ ਕਰਨ ਲਈ ਵੀ ਤਿਆਰੀ ਕੱਸ ਰਹੀ ਹੈ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਇਹ ਵੱਡੇ ਐਲਾਨ ਕੀਤੇ ਹਨ। ਸ੍ਰੀ ਠਾਕੁਰ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਦਾ ਪਾਣੀ ਪੰਜਾਬ, ਹਰਿਆਣਾ, ਦਿੱਲੀ ਅਤੇ ਚੰਡੀਗੜ੍ਹ ਤੱਕ ਜਾਂਦਾ ਹੈ। ਸੁਪਰੀਮ ਕੋਰਟ ਵੱਲੋਂ ਪਾਣੀਆਂ ਦੀ ਰਾਇਲਟੀ ਹਾਸਲ ਕਰਨ ਲਈ ਪਿਛਲੇ ਸਮੇਂ ਦਿੱਤੇ ਫੈਸਲੇ ਤਹਿਤ ਹਿਮਾਚਲ ਸਰਕਾਰ ਖਾਸ ਕਰ ਕੇ ਪੰਜਾਬ ਤੇ ਹਰਿਆਣਾ ਕੋਲੋਂ ਪਾਣੀਆਂ ਦੀ ਰਾਇਲਟੀ ਹਾਸਲ ਕਰਨ ਲਈ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਆਦਿ ਨਾਲ ਗੱਲਬਾਤ ਕਰੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਹਰਿਆਣਾ ਦੇ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਨਾਲ ਗੱਲ ਕੀਤੀ ਜਾ ਚੁੱਕੀ



ਹੈ।

ਉਨ੍ਹਾਂ ਸਪਸ਼ਟ ਕੀਤਾ ਕਿ ਉਹ ਪੰਜਾਬ ਅਤੇ ਹਰਿਆਣਾ ਤੋਂ ਪਾਣੀਆਂ ਦੀ ਰਾਇਲਟੀ ਹਾਸਲ ਕਰਨ ਲਈ ਕਿਸੇ ਤਰ੍ਹਾਂ ਦਾ ਅੰਦੋਲਨ ਵਗੈਰਾ ਨਹੀਂ ਕਰਨਗੇ ਕਿਉਂਕਿ ਇਨ੍ਹਾਂ ਦੋਵਾਂ ਰਾਜਾਂ ਨਾਲ ਹਿਮਾਚਲ ਦੇ ਵਧੀਆ ਸਬੰਧ ਹਨ। ਉਹ ਪਹਿਲਾਂ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਕੋਲ ਇਹ ਮੁੱਦਾ ਉਠਾਉਣਗੇ ਅਤੇ ਜੇ ਕੋਈ ਹੱਲ ਨਾ ਨਿਕਲਿਆ ਤਾਂ ਸੁਪਰੀਮ ਕੋਰਟ ਵੱਲੋਂ ਇਸ ਸਬੰਧੀ ਦਿੱਤੇ ਫੈਸਲੇ ਤਹਿਤ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ।

## ਹਿਮਾਚਲ ਨੂੰ ਰਾਇਲਟੀ ਮੰਗਣ ਦਾ ਹੱਕ ਨਹੀਂ: ਡਾ. ਗਾਂਧੀ

**ਪਟਿਆਲਾ:** ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਹਿਮਾਚਲ ਸਰਕਾਰ ਦੀ ਮੰਗ ਨੂੰ ਤਰਕ ਰਹਿਤ ਅਤੇ ਪਾਣੀਆਂ ਬਾਰੇ ਕਾਨੂੰਨ ਦੇ ਉਲਟ ਕਰਾਰ ਦਿੱਤਾ ਹੈ। ਡਾ. ਗਾਂਧੀ ਨੇ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਤਲੁਜ ਤੇ ਬਿਆਸ ਦਰਿਆਵਾਂ ਵਿਚ ਹਿਮਾਚਲ ਪ੍ਰਦੇਸ਼ ਤੇ ਪੰਜਾਬ ਸਹਿ-ਰਿਪੇਰੀਅਨ ਸੂਬੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਅੰਤਰਰਾਜੀ ਦਰਿਆਵਾਂ ਦੇ ਮਾਮਲੇ ਵਿਚ ਕੋਈ ਪਾਣੀ ਝਗੜਾ ਕਾਨੂੰਨ 1956 ਦੀ ਧਾਰਾ ਸੱਤ ਅਨੁਸਾਰ ਅੰਤਰਰਾਜੀ ਦਰਿਆਵਾਂ ਦੇ ਮਾਮਲੇ ਵਿਚ ਕੋਈ ਸਹਿ-ਰਿਪੇਰੀਅਨ ਸੂਬਾ ਦੂਜੇ ਸੂਬੇ ਤੋਂ ਪਾਣੀ ਦਾ ਮੁੱਲ ਨਹੀਂ ਮੰਗ ਸਕਦਾ। ਡਾ. ਗਾਂਧੀ ਨੇ ਕਿਹਾ ਕਿ ਅਸਲ ਧੱਕਾ ਅਤੇ ਲੁੱਟ ਤਾਂ ਪੰਜਾਬ ਦੇ ਪਾਣੀਆਂ ਦੀ ਹੋਈ ਹੈ ਅਤੇ ਲਗਾਤਾਰ ਹੋ ਰਹੀ ਹੈ।

ਪੰਜਾਬ ਸਰਕਾਰ ਪਹਿਲਾਂ ਹੀ ਰਾਜਸਥਾਨ ਅਤੇ ਦਿੱਲੀ ਤੋਂ ਆਪਣੇ ਪਾਣੀਆਂ ਦੀ ਰਾਇਲਟੀ ਮੰਗ ਰਹੀ ਹੈ। ਸ੍ਰੀ ਠਾਕੁਰ ਨੇ ਕਿਹਾ ਕਿ ਕਿਸੇ ਵੇਲੇ ਹਿਮਾਚਲ ਸਾਂਝੇ ਪੰਜਾਬ ਦਾ ਹੀ ਹਿੱਸਾ ਸੀ ਅਤੇ ਵੰਡ ਹੋਣ ਵੇਲੇ ਕੁਝ ਗੱਲਾਂ ਤੈਅ ਹੋਈਆਂ ਸਨ।

ਉਸ ਵੇਲੇ ਚੰਡੀਗੜ੍ਹ ਉਪਰ ਹਿਮਾਚਲ ਦਾ 7.19 ਫੀਸਦੀ ਹਿੱਸਾ ਮਿਥਿਆ ਗਿਆ ਸੀ ਜਿਸ ਕਾਰਨ ਉਹ ਚੰਡੀਗੜ੍ਹ ਉਪਰਲੇ ਆਪਣੇ ਸੂਬੇ ਦੇ ਹੱਕ ਨੂੰ ਵੀ ਹਾਸਲ ਕਰਨ ਲਈ ਮੁੜ ਯਤਨ ਵਿੱਢਣਗੇ। ਦੱਸਣਯੋਗ ਹੈ ਕਿ ਪੰਜਾਬ ਮੁੜ ਗਠਨ ਐਕਟ- 1966 ਤਹਿਤ ਯੂਟੀ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਦਾ 60 ਤੇ 40 ਫੀਸਦੀ ਡੈਪੂਟੇਸ਼ਨ ਕੋਟਾ ਹੈ ਪਰ ਪਿਛਲੇ ਲੰਮੇ ਤੋਂ ਇਸ ਨੂੰ ਖੋਰ ਕੇ ਨਾਂਮਾਤਰ ਕਰ ਦਿੱਤਾ ਹੈ। ਮੁੱਖ ਮੰਤਰੀ ਸ੍ਰੀ ਠਾਕੁਰ ਨੇ ਕਿਹਾ ਕਿ ਇਸੇ ਤਰ੍ਹਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਿਚ ਆਪਣੇ ਸੂਬੇ ਦੇ ਹੱਕਾਂ ਦਾ ਮੁੱਦਾ ਵੀ ਉਠਾਇਆ ਜਾਵੇਗਾ।

# ਕੈਪਟਨ ਸਰਕਾਰ ਦਾ ਹੁਣ ਮੰਡੀਆਂ ਵਿਚ ਹੋਵੇਗਾ ਇਮਤਿਹਾਨ

## ਹਾੜ੍ਹੀ ਦੀ ਫਸਲ ਨੂੰ ਬਿਲੇ ਲਾਉਣਾ ਵੱਡੀ ਚੁਣੌਤੀ

**ਚੰਡੀਗੜ੍ਹ:** ਚੋਣ ਵਾਅਦਿਆਂ ਤੋਂ ਭੱਜਣ ਕਾਰਨ ਲੋਕ ਰੋਹ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਲਈ ਹੁਣ ਮੰਡੀਆਂ ਵਿਚ ਹਾੜ੍ਹੀ ਦੀ ਫਸਲ ਨੂੰ ਬਿਲੇ ਲਾਉਣ ਵੱਡੀ ਚੁਣੌਤੀ ਬਣਿਆ ਹੋਇਆ ਹੈ। ਇਸ ਸਬੰਧੀ ਸਰਕਾਰ ਵੱਲੋਂ ਹੁਣ ਤੱਕ ਕੀਤੇ ਗਏ ਦਾਅਵੇ ਖੋਖਲੇ ਸਾਬਤ ਹੋਏ ਹਨ। ਸੂਬੇ ਦੀਆਂ ਜ਼ਿਆਦਾਤਰ ਮੰਡੀਆਂ ਵਿਚ ਫਸਲ ਦੀ ਚੁਕਾਈ ਨਾ ਹੋਣ ਕਾਰਨ ਕਣਕ ਦੇ ਅੰਬਾਰ ਲੱਗੇ ਹੋਏ ਹਨ ਤੇ ਲੱਖਾਂ ਟਨ ਕਣਕ ਕੁਦਰਤ ਦੇ ਰਹਿਮੋ-ਕਰਮ ਉਤੇ ਹੈ, ਹਾਲਾਂਕਿ ਮੰਡੀਆਂ ਵਿਚ ਆਈ ਕਣਕ ਖਰੀਦ ਸਰਕਾਰੀ ਏਜੰਸੀਆਂ ਵੱਲੋਂ ਖਰੀਦੀ ਜਾ ਰਹੀ ਹੈ ਪਰ ਚੁਕਾਈ ਦੇ ਕੰਮ ਵਿਚ ਆ ਰਹੀ ਖੜੋਤ ਕਾਰਨ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।


ਹੁਣ ਕੇਂਦਰੀ ਏਜੰਸੀ ਫੂਡ ਕਾਰਪੋਰੇਸ਼ਨ ਆਫ ਇੰਡੀਆ ਨੇ ਕਣਕ ਖਰੀਦਣ ਤੋਂ ਆਨਾ-ਕਾਨੀ ਕਰਨੀ ਸ਼ੁਰੂ ਕਰ ਦਿੱਤੀ ਹੈ, ਕਿਉਂਕਿ ਪਹਿਲੀ ਫਸਲ ਧਾਨ ਅਤੇ ਹੁਣ ਦੀ ਹਾੜ੍ਹੀ ਦੀ ਫਸਲ ਸੂਬੇ ਤੋਂ ਬਾਹਰ ਭੇਜਣ ਲਈ ਉਸ ਨੂੰ ਲੋੜੀਂਦੇ ਰੇਲਵੇ ਦੇ ਰੈਕ ਨਹੀਂ ਮਿਲ ਰਹੇ। ਐਫ.ਸੀ.ਆਈ. ਨੇ ਤਾਂ ਪਹਿਲਾਂ ਹੀ ਆਪਣਾ ਖਰੀਦ ਕੋਟਾ ਘਟਾ ਦਿੱਤਾ ਸੀ ਪਰ ਹੁਣ ਉਸ ਨੇ ਇਸ ਤੋਂ ਪੂਰੀ ਤਰ੍ਹਾਂ ਹੱਥ ਖਿੱਚਣੇ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਪੰਜਾਬ ਸਰਕਾਰ ਲਈ ਵੱਡੀ ਮੁਸੀਬਤ ਖੜ੍ਹੀ ਹੋ ਸਕਦੀ ਹੈ।

ਉਧਰ, ਖਰਾਬ ਮੌਸਮ ਨੇ ਕਿਸਾਨਾਂ ਅਤੇ ਆੜ੍ਹਤੀਆਂ ਦੀ ਚਿੰਤਾ ਹੋਰ ਵਧਾ ਦਿੱਤੀ ਹੈ। ਬਾਰਦਾਨੇ ਅਤੇ ਮਜ਼ਦੂਰਾਂ ਦੀ ਘਾਟ ਕਾਰਨ ਚੁਕਾਈ ਦੀ ਸਮੱਸਿਆ ਦਾ ਸੰਕਟ ਆਉਂਦੇ ਦਿਨਾਂ ਦੌਰਾਨ ਹੋਰ ਡੂੰਘਾ ਹੋ ਸਕਦਾ ਹੈ। ਕਈ ਮੰਡੀਆਂ ਵਿਚ ਤਾਂ ਕਣਕ ਦੀ ਚੁਕਾਈ ਨਾ ਹੋਣ ਕਾਰਨ ਕਿਸਾਨਾਂ ਨੂੰ ਆਪਣੀ ਫਸਲ ਢੇਰੀ ਕਰਨ ਲਈ ਵੀ ਜਗ੍ਹਾ ਨਹੀਂ ਮਿਲ ਰਹੀ। ਆਉਣ ਵਾਲੇ ਦਿਨਾਂ ਵਿਚ ਵਾਢੀ ਦੇ ਕੰਮ 'ਚ ਹੋਰ ਤੇਜ਼ੀ ਆਉਣ ਦੀ ਸੰਭਾਵਨਾ ਹੈ ਤੇ ਜੇਕਰ ਸਰਕਾਰ ਨੇ ਚੁਕਾਈ ਸਬੰਧੀ ਠੋਸ ਕਦਮ ਨਾ ਚੁੱਕੇ ਤਾਂ ਹਾਲਾਤ ਹੋਰ ਬਦਤਰ ਬਣ ਸਕਦੇ ਹਨ।

ਪੰਜਾਬ ਦੀਆਂ ਪਨਸਪ, ਪਨਗਰੇਨ, ਪੰਜਾਬ ਐਗਰੋ ਅਤੇ ਮਾਰਕਫੈੱਡ ਆਦਿ ਏਜੰਸੀਆਂ ਖਰੀਦ ਵਿਚ ਲੱਗੀਆਂ ਹੋਈਆਂ ਹਨ। ਇਸ ਤੋਂ ਇਲਾਵਾ ਕੇਂਦਰ ਦੀ ਫੂਡ ਕਾਰਪੋਰੇਸ਼ਨ ਆਫ ਇੰਡੀਆ (ਐਫ.ਸੀ.ਆਈ.) ਵੀ 20 ਕੁ ਫੀਸਦੀ ਦੇ ਕਰੀਬ ਇਸ ਫਸਲ ਨੂੰ ਚੁੱਕਦੀ ਹੈ। ਪੰਜਾਬ ਸਰਕਾਰ ਵੱਲੋਂ ਇਸ ਲਈ 21,179,000 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ, ਜਿਸ ਵਿਚੋਂ ਭਾਰਤੀ ਰਿਜ਼ਰਵ ਬੈਂਕ ਨੇ 18,124 ਕਰੋੜ ਰੁਪਏ ਦੀ ਕੈਸ਼ ਕ੍ਰੈਡਿਟ ਲਿਮਟ ਜਾਰੀ ਕਰ ਦਿੱਤੀ। ਬਹੁਤ ਸਾਰੇ ਜ਼ਿਲ੍ਹਿਆਂ ਵਿਚ ਅਨਾਜ ਸੰਭਾਲਣ ਦੀ ਇਕ ਸੀਮਤ ਸਮਰੱਥਾ ਹੈ। ਇਸ ਕਾਰਨ ਕਣਕ ਦੀ ਫਸਲ ਦੇ ਮੰਡੀਆਂ ਵਿਚ ਆਉਣ ਨਾਲ ਹਫੜਾ-ਦਫੜੀ ਪੈਣ ਦੀ ਸੰਭਾਵਨਾ ਬਣ ਗਈ ਹੈ। ਟਰੱਕ ਯੂਨੀਅਨਾਂ ਉਤੇ ਪਾਬੰਦੀਆਂ ਲੱਗੀਆਂ ਹੋਣ ਕਾਰਨ ਸਥਿਤੀ ਦੇ ਹੋਰ ਵਿਗੜਨ ਦੀ ਸੰਭਾਵਨਾ ਬਣ ਗਈ ਹੈ।

## ਟਰੱਕ ਯੂਨੀਅਨਾਂ ਨਾਲ ਟਕਰਾਅ ਵੀ ਸਮੱਸਿਆ

ਨਵੀਂ ਸਰਕਾਰ ਦੇ ਆਉਣ ਤੋਂ ਬਾਅਦ ਟਰੱਕ ਯੂਨੀਅਨਾਂ ਨੂੰ ਭੰਗ ਕਰਨ ਸਬੰਧੀ ਦਿੱਤੀਆਂ ਗਈਆਂ ਹਦਾਇਤਾਂ ਦੇ ਮੱਦੇਨਜ਼ਰ ਪੰਜਾਬ ਭਰ ਦੇ ਟਰਾਂਸਪੋਰਟਾਂ ਨਾਲ ਸਰਕਾਰ ਦਾ ਟਕਰਾਅ ਚੱਲਦਾ ਰਿਹਾ ਹੈ। ਟਰੱਕ ਯੂਨੀਅਨਾਂ ਉਤੇ ਲਗਾਈ ਗਈ ਪਾਬੰਦੀ ਕਾਰਨ ਹੁਣ ਬਹੁਤੀਆਂ ਯੂਨੀਅਨਾਂ ਨਵੀਂ ਰਜਿਸਟ੍ਰੇਸ਼ਨ ਕਰਵਾਉਣ ਤੋਂ ਅਸਮਰੱਥ ਰਹੀਆਂ ਹਨ। ਇਸ ਲਈ ਢੋਆ-ਢੁਆਈ ਦੇ ਕੰਮ ਨੂੰ ਸ਼ੈਲਰ ਮਾਲਕਾਂ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਦਿੱਤਾ ਗਿਆ।



# ਸਿੱਖ ਜਥੇਬੰਦੀਆਂ ਵੱਲੋਂ ਹਰਮਿੰਦਰ ਸਿੰਘ ਮਿੰਟੂ ਦੀ ਮੌਤ ਸ਼ੱਕੀ ਕਰਾਰ

## ਸੱਚ ਸਾਹਮਣੇ ਲਿਆਉਣ ਲਈ ਨਿਆਇਕ ਜਾਂਚ ਦੀ ਮੰਗ

**ਪਟਿਆਲਾ:** ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਹਰਮਿੰਦਰ ਸਿੰਘ ਮਿੰਟੂ ਦੀ ਕੇਂਦਰੀ ਜੇਲ੍ਹ ਵਿਚ ਅਚਨਚੇਤੀ ਮੌਤ ਉਤੇ ਸਿੱਖ ਜਥੇਬੰਦੀਆਂ ਨੇ ਸ਼ੱਕ ਦੀ ਉਂਗਲ ਚੁੱਕੀ ਹੈ। ਸ਼੍ਰੋਮਣੀ ਕਮੇਟੀ ਸਮੇਤ ਸਿੱਖ ਜਥੇਬੰਦੀਆਂ ਦਮਦਮੀ ਟਕਸਾਲ ਅਤੇ ਦਲ ਖਾਲਸਾ ਨੇ ਇਸ ਦੀ ਨਿਆਇਕ ਜਾਂਚ ਦੀ ਮੰਗ ਕੀਤੀ ਹੈ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਜੇਲ੍ਹ ਵਿਚ ਮਿੰਟੂ ਦੀ ਅਚਨਚੇਤੀ ਮੌਤ ਕਈ ਤਰ੍ਹਾਂ ਦੇ ਖਦਸ਼ੇ ਪੈਦਾ ਕਰਦੀ ਹੈ। ਉਹ ਪਿਛਲੇ ਦਿਨੀਂ ਕਈ ਕੇਸਾਂ ਵਿਚੋਂ ਬਰੀ ਹੋਇਆ ਸੀ। ਉਸ ਦੀ ਅਚਨਚੇਤੀ ਮੌਤ ਨੇ ਪੁਲਿਸ ਪ੍ਰਸ਼ਾਸਨ ਅਤੇ ਪ੍ਰਬੰਧ ਉਤੇ ਸਵਾਲੀਆ ਚਿੰਨ੍ਹ ਲਾਇਆ ਹੈ।




ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਦਾ ਕਹਿਣਾ ਹੈ ਕਿ ਮਿੰਟੂ ਦੀ ਮੌਤ ਸ਼ੱਕੀ ਹਾਲਾਤਾਂ ਵਿਚ ਹੋਈ ਹੈ ਅਤੇ ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਜੇਲ੍ਹ ਦੇ ਅਧਿਕਾਰੀਆਂ ਨੂੰ ਮੁਅੱਤਲ ਕੀਤਾ ਜਾਣਾ ਚਾਹੀਦਾ ਹੈ, ਜਿਨ੍ਹਾਂ ਦੀ ਅਣਗਹਿਲੀ ਕਾਰਨ ਉਸ ਦੀ ਮੌਤ ਹੋਈ ਹੈ। ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਹਰਮਿੰਦਰ ਸਿੰਘ ਮਿੰਟੂ ਦੀ ਦਿਲ ਦਾ ਦੌਰਾ ਪੈਣ ਨਾਲ ਹੋਈ ਮੌਤ ਉਤੇ ਕਈ ਤਰ੍ਹਾਂ ਦੇ ਸੁਆਲ ਚੁੱਕੇ ਹਨ। ਜਥੇਦਾਰ ਨੇ ਆਖਿਆ ਕਿ ਉਨ੍ਹਾਂ ਨੂੰ ਜੋ ਕਨਸੋਆਂ ਮਿਲ ਰਹੀਆਂ ਹਨ, ਉਸ ਤੋਂ ਇਹ ਲੱਗ ਰਿਹਾ ਹੈ ਕਿ ਮਿੰਟੂ ਦੀ ਮੌਤ ਦੇ ਪਿੱਛੇ ਹੋਰ ਕਾਰਨ ਵੀ ਹੋ ਸਕਦੇ ਹਨ।

ਦੱਸ ਦਈਏ ਕਿ ਕੇਂਦਰੀ ਜੇਲ੍ਹ ਵਿਚ ਬੰਦ ਹਰਮਿੰਦਰ ਸਿੰਘ ਮਿੰਟੂ ਦੀ ਦਿਲ ਦਾ ਪੈਣ ਕਾਰਨ ਮੌਤ ਹੋ ਗਈ ਸੀ। ਹਾਲਤ ਵਿਗੜਨ ਕਾਰਨ ਉਸ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਜੇਲ੍ਹ ਸੁਪਰਡੈਂਟ ਰਾਜਨ ਕਪੂਰ ਦਾ ਕਹਿਣਾ ਹੈ ਕਿ ਮਿੰਟੂ 4 ਜਨਵਰੀ 2017 ਤੋਂ ਪਟਿਆਲਾ ਜੇਲ੍ਹ ਵਿਚ ਸੀ ਤੇ ਉਸ ਨੂੰ ਛੇ ਸੱਤ ਵਾਰ ਹਸਪਤਾਲ ਭੇਜਿਆ ਗਿਆ ਸੀ। ਉਸ ਨੂੰ ਸੀਨੇ ਵਿਚ ਤਕਲੀਫ ਦੀ ਸ਼ਿਕਾਇਤ ਹੋਣ ਉਤੇ ਪਹਿਲਾਂ ਜੇਲ੍ਹ ਵਿਚਲੇ ਡਾਕਟਰ ਨੇ ਚੈੱਕ ਕੀਤਾ ਤੇ ਫੇਰ ਰਾਜਿੰਦਰਾ ਹਸਪਤਾਲ ਭੇਜ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਉਸ ਦੀ ਹਸਪਤਾਲ ਪੁੱਜਣ ਤੋਂ ਪਹਿਲਾਂ ਹੀ ਮੌਤ ਹੋ ਚੁੱਕੀ ਸੀ।

ਪੁਲਿਸ ਰਿਕਾਰਡ ਮੁਤਾਬਕ ਜਿਲ੍ਹਾ ਜਲੰਧਰ ਦੇ ਪਿੰਡ ਡੱਲੀ ਦਾ ਵਸਨੀਕ ਸੀ। 2014 ਵਿਚ ਥਾਈਲੈਂਡ ਵਿਚ ਫੜੇ ਜਾਣ ਉਤੇ ਉਸ ਨੂੰ ਭਾਰਤ ਲਿਆਂਦਾ ਗਿਆ ਸੀ। ਇਥੇ ਗੈਸ ਬੌਟਲਿੰਗ ਪਲਾਂਟ ਨਾਭਾ ਨੇੜੇ ਬਖਸ਼ੀਸ਼ ਸਿੰਘ ਬਾਬਾ ਵੱਲੋਂ 'ਬੰਬ ਫਿੱਟ ਕਰਨ' ਦੇ ਕੇਸ ਵਿਚ ਉਸ ਨੂੰ ਵੀ ਸਾਜ਼ਿਸ਼ੀ ਵਜੋਂ ਨਾਮਜ਼ਦ ਕੀਤਾ ਗਿਆ ਸੀ। ਨਾਭਾ ਵਿਚ ਹੀ ਉਸ ਖਿਲਾਫ਼ ਇਕ ਹੋਰ ਕੇਸ ਵੀ ਦਰਜ ਸੀ ਪਰ ਹੁਣ ਉਹ ਇਨ੍ਹਾਂ ਦੋਵਾਂ ਕੇਸਾਂ ਵਿਚੋਂ ਬਰੀ ਹੋ ਚੁੱਕਾ ਸੀ। ਮਿੰਟੂ 27 ਨਵੰਬਰ 2016 ਨੂੰ ਉਦੋਂ ਨਾਭਾ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ ਜਦੋਂ ਹਮਲਾ ਕਰ ਕੇ ਕਈ ਹਥਿਆਰਬੰਦ ਗੈਂਗਸਟਰਾਂ ਨੇ ਵਿੱਕੀ ਗੌਂਡਰ ਤੇ ਉਸ ਸਮੇਤ ਛੇ ਜਣਿਆਂ ਨੂੰ ਛੁਡਾ ਲਿਆ ਸੀ। ਪਛਾਣ ਛੁਪਾਉਣ ਲਈ ਦਾੜ੍ਹੀ ਕੇਸ ਕਟਵਾਉਣ ਦੇ ਬਾਵਜੂਦ ਉਹ ਉਸੇ ਰਾਤ ਦਿੱਲੀ ਵਿਚ ਫੜਿਆ ਗਿਆ ਸੀ। ਜੇਲ੍ਹ ਕਾਂਡ ਵਾਲਾ ਕੇਸ ਪਟਿਆਲਾ ਅਦਾਲਤ ਵਿਚ ਚੱਲ ਰਿਹਾ ਹੈ।

### ਸ਼੍ਰੋਮਣੀ ਕਮੇਟੀ ਨੇ ਨਿਰਪੱਖ ਜਾਂਚ ਮੰਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਹਰਮਿੰਦਰ ਸਿੰਘ ਮਿੰਟੂ ਦੀ ਮੌਤ ਉਤੇ ਅਫ਼ਸੋਸ ਪ੍ਰਗਟਾਉਂਦਿਆਂ ਉਸ ਦੀ ਮੌਤ ਦੇ ਕਾਰਨਾਂ ਦੀ ਜਾਂਚ ਮੰਗੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਭਾਵੇਂ ਉਸ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ ਦੱਸੀ ਜਾ ਰਹੀ ਹੈ, ਪਰ ਸਿੱਖ ਜਗਤ ਵੱਲੋਂ ਪ੍ਰਗਟਾਏ ਜਾ ਰਹੇ ਖਦਸ਼ਿਆਂ ਤਹਿਤ ਉਸ ਦੀ ਮੌਤ ਦੇ ਕਾਰਨਾਂ ਦੀ ਜਾਂਚ ਹੋਣੀ ਚਾਹੀਦੀ ਹੈ।

### 19 ਵਿਚੋਂ ਪੰਜ ਕੇਸਾਂ ਵਿਚ ਬਰੀ ਹੋ ਚੁੱਕਿਆ ਸੀ ਮਿੰਟੂ

**ਪਟਿਆਲਾ:** ਹਰਮਿੰਦਰ ਸਿੰਘ ਮਿੰਟੂ ਖਿਲਾਫ਼ 19 ਕੇਸ ਦਰਜ ਸਨ। ਉਹ ਪੰਜ ਕੇਸਾਂ ਵਿਚੋਂ ਬਰੀ ਹੋ ਚੁੱਕਿਆ ਸੀ ਤੇ ਛੇ ਕੇਸਾਂ 'ਚ ਚਲਾਨ ਹੀ ਪੇਸ਼ ਨਹੀਂ ਹੋਇਆ ਸੀ। ਦਿੱਲੀ ਵਿਚਲੇ ਕੇਸ ਵਿਚੋਂ ਤਿੰਨ ਮਹੀਨੇ ਦੀ ਸਜ਼ਾ ਭੁਗਤੀ ਗਈ ਸੀ। ਨਾਭਾ ਜੇਲ੍ਹ ਕਾਂਡ ਦੇ ਕੇਸ ਦੀ ਸੁਣਵਾਈ ਪਟਿਆਲਾ ਅਦਾਲਤ ਵਿਚ ਚੱਲਦੀ ਹੈ। ਰਵਿੰਦਰ ਗੁਸਾਈਂ ਕਤਲ ਕੇਸ ਸਮੇਤ ਇਕ ਇਰਾਦਾ ਕਤਲ ਕੇਸ ਦੀ ਜਾਂਚ ਐਨ.ਆਈ.ਏ. ਕੋਲ ਹੈ। ਜਿਹੜੇ ਕੇਸਾਂ ਵਿੱਚੋਂ ਮਿੰਟੂ ਬਰੀ ਹੋਇਆ ਸੀ, ਉਨ੍ਹਾਂ ਵਿਚ ਨਾਭਾ ਗੈਸ ਬੌਟਲਿੰਗ ਪਲਾਂਟ ਬੰਬ ਕਾਂਡ ਸਮੇਤ ਦੋ ਨਾਭਾ, ਦੋ ਲੁਧਿਆਣਾ ਤੇ ਇਕ ਅੰਮ੍ਰਿਤਸਰ ਦਾ ਕੇਸ ਸ਼ਾਮਲ ਹੈ। ਛੇ ਕੇਸਾਂ ਦਾ ਚਲਾਨ ਪੇਸ਼ ਨਹੀਂ ਹੋਇਆ।

# ਕਾਲੇ ਦੌਰ ਦੀ ਬੁਰਛਾਗਰਦੀ ਤੋਂ ਪਰਦਾ ਨਹੀਂ ਚੁੱਕਣਾ ਚਾਹੁੰਦੀ ਪੁਲਿਸ

**ਚੰਡੀਗੜ੍ਹ:** ਪੰਜਾਬ ਵਿਚ ਕਾਲੇ ਦੌਰ ਦੌਰਾਨ ਮਾਰੇ ਗਏ ਆਮ ਨਾਗਰਿਕਾਂ ਅਤੇ ਖਾੜਕੂਆਂ ਬਾਰੇ ਤੱਥਾਂ ਨੂੰ ਜਨਤਕ ਕਰਨ ਤੋਂ ਸੂਬਾਈ ਪੁਲਿਸ ਆਨਾਕਾਨੀ ਕਰਨ ਲੱਗੀ ਹੈ। ਸੂਚਨਾ ਅਧਿਕਾਰ ਕਾਨੂੰਨ ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਸਿਰਫ ਇਕ ਜਿਲ੍ਹੇ (ਅੰਮ੍ਰਿਤਸਰ ਦਿਹਾਤੀ) ਦੇ ਐਸ.ਐਸ.ਪੀ. ਨੇ ਹੀ ਖਾੜਕੂਆਂ ਅਤੇ ਨਿਰਦੋਸ਼ਾਂ ਦੇ ਮਾਰੇ ਜਾਣ ਸਬੰਧੀ ਅੰਕੜੇ ਦਿੱਤੇ ਹਨ। ਹੋਰਨਾਂ ਜਿਲ੍ਹਿਆਂ ਦੇ ਪੁਲਿਸ ਮੁਖੀਆਂ ਨੇ ਕਾਨੂੰਨੀ ਚੋਰ ਮੋਰੀਆਂ ਦਾ ਸਹਾਰਾ ਲੈਂਦਿਆਂ ਕੋਰਾ ਜਵਾਬ ਦੇ ਦਿੱਤਾ ਹੈ।

ਇਹ ਸੂਚਨਾ ਗੈਰ-ਸਰਕਾਰੀ ਸੰਸਥਾ 'ਹੈਲਪ' ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਵੱਲੋਂ ਮੰਗੀ ਗਈ ਸੀ। ਕਿੱਤਣਾ ਵੱਲੋਂ ਸੂਚਨਾ ਹਾਸਲ ਕਰਨ ਲਈ ਸੂਚਨਾ ਕਮਿਸ਼ਨ ਤੱਕ ਪਹੁੰਚ ਕੀਤੀ ਗਈ ਹੈ ਤੇ ਕਮਿਸ਼ਨ ਨੇ ਡੀ.ਜੀ.ਪੀ. ਦਫਤਰ ਅਤੇ ਕਈ ਜਿਲ੍ਹਾ ਪੁਲਿਸ ਦਫਤਰਾਂ ਦੇ ਸੂਚਨਾ ਅਧਿਕਾਰੀਆਂ ਨੂੰ ਇਸ ਮਾਮਲੇ ਵਿਚ ਤਲਬ ਕੀਤਾ ਹੈ।

ਐਸ.ਐਸ.ਪੀ. ਅੰਮ੍ਰਿਤਸਰ (ਦਿਹਾਤੀ) ਵੱਲੋਂ ਇਸ ਦੌਰ ਦੌਰਾਨ ਮਰੇ ਵਿਅਕਤੀਆਂ ਸਬੰਧੀ ਜੋ ਸੂਚਨਾ ਦਿੱਤੀ ਗਈ ਹੈ, ਉਸ ਮੁਤਾਬਕ ਇਸ ਜਿਲ੍ਹੇ ਵਿਚ ਥਾਣਾ ਲੋਪੋਕੇ, ਮਜੀਠਾ, ਘਰਿੰਡਾ, ਅਜਨਾਲਾ ਤੇ ਮਹਿਤਾ ਵਿਚ 1978 ਤੋਂ ਲੈ ਕੇ 1983 ਤੱਕ ਇਕ ਵੀ ਵਿਅਕਤੀ ਅਤਿਵਾਦੀਆਂ ਹੱਥੋਂ ਨਹੀਂ ਮਾਰਿਆ ਗਿਆ ਸੀ। ਇਸ ਜਿਲ੍ਹੇ ਦੀ ਪੁਲਿਸ ਦਾ ਮੰਨਣਾ ਹੈ ਕਿ 1986 ਤੋਂ ਲੈ ਕੇ 1992 ਤੱਕ 70 ਆਮ ਲੋਕ ਅਤੇ ਦੋ ਅਤਿਵਾਦੀ ਮਾਰੇ ਗਏ ਸਨ। ਇਸੇ ਤਰ੍ਹਾਂ 1987 ਤੋਂ 1993 ਦੌਰਾਨ ਉਕਤ ਥਾਣਿਆਂ ਦੇ ਖੇਤਰਾਂ ਵਿਚ 50 ਆਮ ਲੋਕਾਂ ਤੇ 24 ਅਤਿਵਾਦੀ ਗੋਲੀਆਂ ਨਾਲ ਮਾਰੇ ਗਏ ਸਨ। ਸਾਲ 1984 ਵਿਚ 3 ਵਿਅਕਤੀ ਮਰੇ। ਗੁਰਦਾਸਪੁਰ ਜਿਲ੍ਹੇ ਦੀ ਪੁਲਿਸ ਦਾ ਦੱਸਣਾ ਹੈ ਕਿ ਪਹਿਲੀ ਅਪਰੈਲ 1978 ਤੋਂ ਲੈ ਕੇ 31 ਮਈ 1984 ਤੋਂ ਪਹਿਲਾਂ ਤੱਕ 31 ਲੋਕ ਅਤਿਵਾਦੀਆਂ ਹੱਥੋਂ ਮਾਰੇ ਗਏ ਸਨ।

ਇਸ ਤੋਂ ਬਾਅਦ ਦੀ ਸੂਚਨਾ ਗੁਰਦਾਸਪੁਰ ਜਿਲ੍ਹੇ ਦੀ ਪੁਲਿਸ ਵੱਲੋਂ ਮੁਹੱਈਆ ਨਹੀਂ ਕਰਵਾਈ ਗਈ। ਐਸ.ਐਸ.ਪੀ. ਅੰਮ੍ਰਿਤਸਰ (ਦਿਹਾਤੀ) ਵੱਲੋਂ ਦਿੱਤੀ ਗਈ ਸੂਚਨਾ ਤੋਂ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਅੰਮ੍ਰਿਤਸਰ (ਦਿਹਾਤੀ) ਦੇ ਪੁਲਿਸ ਥਾਣਿਆਂ ਵਿਚ ਜਾਂ ਤਾਂ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਹੋਈਆਂ ਹੀ ਨਹੀਂ ਜਾਂ ਫਿਰ ਪੁਲਿਸ ਵੱਲੋਂ ਰਿਕਾਰਡ ਉਤੇ ਨਹੀਂ ਲਿਆਂਦੀਆਂ ਗਈਆਂ। ਪਰਵਿੰਦਰ ਸਿੰਘ ਕਿੱਤਣਾ ਵੱਲੋਂ ਸਾਲ 1978 ਤੋਂ ਲੈ ਕੇ 1993 ਤੱਕ ਦੇ ਸਮੇਂ ਦੌਰਾਨ ਪੁਲਿਸ ਅਤੇ ਅਤਿਵਾਦੀਆਂ ਹੱਥੋਂ ਹੋਈਆਂ ਮੌਤਾਂ ਦੀ ਗਿਣਤੀ ਸਬੰਧੀ ਤੱਥ ਮੰਗੇ ਗਏ ਸਨ। ਡੀ.ਜੀ.ਪੀ. ਦਫਤਰ ਅਤੇ ਇੰਟੈਲੀਜੈਂਸ ਵਿੰਗ ਨੇ ਤਾਂ ਇਹ ਜਾਣਕਾਰੀ ਦੇਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਇਸੇ ਤਰ੍ਹਾਂ ਐਸ.ਐਸ.ਪੀ. ਹੁਸ਼ਿਆਰਪੁਰ ਦੇ ਦਫਤਰ ਵੱਲੋਂ ਕਿਹਾ ਗਿਆ ਹੈ ਕਿ ਇਹ ਰਿਕਾਰਡ ਪੁਰਾਣਾ ਹੈ ਤੇ ਇਸ ਨਾਲ ਅਪਰਾਧ ਵਿਚ ਵਾਧਾ ਹੋਵੇਗਾ।

ਇਸੇ ਤਰ੍ਹਾਂ ਸੰਗਰੂਰ ਦੇ ਜਿਲ੍ਹਾ ਪੁਲਿਸ ਦਫਤਰ ਦਾ ਕਹਿਣਾ ਹੈ ਕਿ ਮੰਗਿਆ ਗਿਆ ਰਿਕਾਰਡ 20 ਸਾਲ ਪੁਰਾਣਾ ਹੋਣ ਕਾਰਨ ਦਿੱਤਾ ਨਹੀਂ ਜਾ ਸਕਦਾ। ਪੰਜਾਬ ਵਿਚ ਕਾਲੇ ਦੌਰ ਦੌਰਾਨ ਮਾਰੇ ਗਏ ਲੋਕਾਂ ਸਬੰਧੀ ਜਾਣਕਾਰੀ ਦੇਣ ਤੋਂ ਅਕਸਰ ਪੁਲਿਸ ਵੱਲੋਂ ਆਨਾਕਾਨੀ ਕੀਤੀ ਜਾਂਦੀ ਹੈ। ਇਕ ਸੀਨੀਅਰ ਪੁਲੀਸ ਅਧਿਕਾਰੀ ਨੇ ਆਪਣਾ ਨਾਮ ਨਸ਼ਰ ਨਾ ਕਰਨ ਦੀ ਸ਼ਰਤ ਉਤੇ ਕਿਹਾ ਕਿ ਦਰਅਸਲ ਦੱਬੇ ਮੁਰਦੇ ਪੁੱਟਣ ਨਾਲ ਪੁਲਿਸ ਨੰਗੀ ਹੋਵੇਗੀ ਕਿਉਂਕਿ ਉਸ ਦੌਰ ਦੌਰਾਨ ਝੂਠੇ ਪੁਲਿਸ ਮੁਕਾਬਲੇ ਵੀ ਹੋਏ, ਜਿਨ੍ਹਾਂ ਉਤੇ ਵਿਭਾਗ ਪਰਦਾ ਪਾਈ ਰੱਖਣਾ ਚਾਹੁੰਦਾ ਹੈ।

### 25 ਹਜ਼ਾਰ ਨਿਰਦੋਸ਼ਾਂ ਦੇ ਕਤਲ

ਕਈ ਰਾਜਸੀ ਆਗੂਆਂ ਵੱਲੋਂ ਕਾਲੇ ਦੌਰ ਦੌਰਾਨ ਪੰਜਾਬ ਵਿਚ ਤਕਰੀਬਨ 25 ਹਜ਼ਾਰ ਨਿਰਦੋਸ਼ ਵਿਅਕਤੀਆਂ ਦੇ ਕਤਲ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਤੇ ਇਨ੍ਹਾਂ ਪਰਿਵਾਰਾਂ ਨੂੰ ਰਾਜ ਸਰਕਾਰ ਵੱਲੋਂ ਪੈਨਸ਼ਨਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਨ ਵਾਲੇ ਜਸਵੰਤ ਸਿੰਘ ਖਾਲੜਾ ਨੇ ਤਰਨ ਤਾਰਨ ਤੇ ਅੰਮ੍ਰਿਤਸਰ ਦੀਆਂ ਤਿੰਨ ਸ਼ਮਸ਼ਾਨਘਾਟਾਂ ਵਿਚ ਹੀ 2087 ਵਿਅਕਤੀਆਂ ਦੀਆਂ ਲਾਸ਼ਾਂ ਲਾਵਾਰਸ ਕਰਾਰ ਦੇ ਕੇ ਸਸਕਾਰ ਕਰਨ ਦੇ ਤੱਥ ਸਾਹਮਣੇ ਲਿਆਂਦੇ ਸਨ। ਇਨ੍ਹਾਂ ਸਨਸਨੀਖੇਜ਼ ਖੁਲਾਸਿਆਂ ਕਾਰਨ ਜਸਵੰਤ ਸਿੰਘ ਖਾਲੜਾ ਨੂੰ ਵੀ ਜਾਨ ਤੋਂ ਹੱਥ ਧੋਣੇ ਪਏ ਸਨ।



## ਜਗਤਾਰ ਸਿੰਘ ਤਾਰਾ ਨੂੰ ਜੇਲ੍ਹ ਅਧਿਕਾਰੀਆਂ ਤੋਂ ਖਤਰਾ

**ਬਠਿੰਡਾ:** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ਾਂ ਤਹਿਤ ਬੁੜੈਲ ਜੇਲ੍ਹ ਚੰਡੀਗੜ੍ਹ ਵਿਚ ਬੰਦ ਜਗਤਾਰ ਸਿੰਘ ਤਾਰਾ ਨੇ ਜੇਲ੍ਹ ਦੇ ਸੁਪਰਡੈਂਟ ਐਸ.ਕੇ. ਜੈਨ ਸਣੇ ਜੇਲ੍ਹ ਦੇ 6 ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਜੇਲ੍ਹ ਅੰਦਰ ਹੀ ਮਾਰੇ ਜਾਣ ਦੀ ਸਾਜ਼ਿਸ਼ ਘੜੇ ਜਾਣ ਦੇ ਦੋਸ਼ ਲਗਾਏ ਹਨ। ਉਨ੍ਹਾਂ ਇਹ ਗੱਲ ਬਠਿੰਡਾ ਦੇ ਐਡੀਸ਼ਨਲ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਦੀ ਅਦਾਲਤ 'ਚ ਵੀਡੀਓ ਕਾਨਫਰੰਸ ਰਾਹੀਂ ਸਾਲ 2014 ਵਿਚ ਦਰਜ ਇਕ ਮਾਮਲੇ ਦੀ ਪੇਸ਼ੀ ਭੁਗਤਣ ਮੌਕੇ ਕਹੀ।



ਤਾਰਾ ਦੇ ਵਕੀਲ ਹਰਪਾਲ ਸਿੰਘ ਖਾਰਾ ਨੇ ਦੱਸਿਆ ਕਿ ਵੀਡੀਓ ਕਾਨਫਰੰਸ ਦੌਰਾਨ ਜਦ ਇਸ ਸਬੰਧੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਬੁੜੈਲ ਜੇਲ੍ਹ ਪ੍ਰਸ਼ਾਸਨ ਨੇ ਵੀਡੀਓ ਕਾਨਫਰੰਸ ਦੀ ਆਵਾਜ਼ ਬੰਦ ਕਰ ਦਿੱਤੀ, ਜਿਸ ਨੂੰ ਬਾਅਦ 'ਚ ਜੱਜ ਕੰਵਲਜੀਤ ਸਿੰਘ ਬਾਜਵਾ ਨੂੰ ਬੇਨਤੀ ਕਰ ਕੇ ਮੁੜ ਸ਼ੁਰੂ ਕਰਵਾਇਆ ਗਿਆ। ਤਾਰਾ ਨੇ ਸਪਸ਼ਟ ਤੌਰ ਉਤੇ ਨਾਂ ਲੈਂਦਿਆਂ ਜੇਲ੍ਹ ਸੁਪਰਡੈਂਟ ਐਸ.ਕੇ. ਜੈਨ, ਸਹਾਇਕ ਸੁਪਰਡੈਂਟ ਪ੍ਰਮੋਦ ਖੱਤਰੀ, ਜੈ ਕਿਸ਼ਨ ਹੈਡ ਵਾਰਡਨ, ਧਰਮਪਾਲ ਹੈਡ ਵਾਰਡਨ, ਦੀਪ ਕੁਮਾਰ ਵਾਰਡਨ ਅਤੇ ਡਾ. ਨੀਨਾ ਚੌਧਰੀ ਤੋਂ ਆਪਣੀ ਜਾਨ ਨੂੰ ਖਤਰਾ ਦੱਸਿਆ ਹੈ। ਉਨ੍ਹਾਂ ਆਖਿਆ ਕਿ ਜੇਕਰ ਜੇਲ੍ਹ ਅੰਦਰ ਉਨ੍ਹਾਂ ਦੀ ਮੌਤ ਹੁੰਦੀ ਤਾਂ ਉਸ ਲਈ ਉਕਤ 6 ਅਧਿਕਾਰੀ ਜ਼ਿੰਮੇਵਾਰ ਹੋਣਗੇ।

### ਬੱਸ ਪਰਮਿਟ ਮੁੱਦੇ 'ਤੇ ਪੰਜਾਬ ਸਰਕਾਰ ਤੋਂ ਜਵਾਬ ਤਲਬ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਵੱਲੋਂ ਤਕਰੀਬਨ 13 ਹਜ਼ਾਰ ਬੱਸਾਂ ਦੇ ਪਰਮਿਟ ਰੱਦ ਕੀਤੇ ਜਾਣ ਦੀ ਲੋੜ ਦੇ ਦਾਅਵੇ ਤੋਂ ਲਗਭਗ ਛੇ ਮਹੀਨੇ ਬਾਅਦ ਉਚ ਅਦਾਲਤ ਨੇ ਸੂਬਾ ਸਰਕਾਰ ਤੋਂ ਇਸ ਮਾਮਲੇ ਵਿਚ ਕੀਤੀ ਗਈ ਕਾਰਵਾਈ ਸਬੰਧੀ ਜਵਾਬ ਮੰਗਿਆ ਹੈ।

ਬੈਂਚ ਨੇ ਸਰਕਾਰੀ ਵਕੀਲ ਨੂੰ ਆਦੇਸ਼ ਦਿੱਤਾ ਕਿ ਵਿਜੇਅੰਤ ਟਰੈਵਲਜ਼ ਦੇ ਕੇਸ ਵਿਚ ਹਾਈ ਕੋਰਟ ਵੱਲੋਂ ਦਿੱਤੇ ਫੈਸਲੇ ਨਾਲ ਪ੍ਰਭਾਵਿਤ ਹੋਣ ਵਾਲੇ ਪਰਮਿਟਾਂ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਜਾਵੇ।

## ਕੈਪਟਨ ਨੂੰ ਪੰਜਾਬ ਦਾ ਮਾਹੌਲ ਖਰਾਬ ਹੋਣ ਦਾ ਡਰ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਗ੍ਰਹਿ ਮੰਤਰੀ ਰਾਜ ਨਾਥ ਸਿੰਘ ਨੂੰ ਪੰਜਾਬ ਵਿਚ ਮੁੜ ਸਿਰ ਚੁੱਕ ਰਹੇ ਕੱਟੜਵਾਦ ਨਾਲ ਨਜਿੱਠਣ ਲਈ ਵਿਆਪਕ ਰਣਨੀਤੀ ਉਲੀਕਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਸੂਬੇ ਦੀ ਸ਼ਾਂਤੀ ਅਤੇ ਸਥਿਰਤਾ ਨੂੰ ਮੁੜ ਖਤਰਾ ਪੈਦਾ ਹੋ ਰਿਹਾ ਹੈ। ਗ੍ਰਹਿ ਮੰਤਰੀ ਨੇ ਮਾਡਰਨਾਈਜੇਸ਼ਨ ਆਫ ਪੁਲਿਸ ਫੋਰਸਿਜ਼ ਸਕੀਮ (ਐਮ.ਪੀ.ਐਫ. ਸਕੀਮ) ਤਹਿਤ ਪੰਜਾਬ ਦੀਆਂ ਮੰਗਾਂ ਉਤੇ ਗੌਰ ਕਰਨ ਪ੍ਰਤੀ ਸਹਿਮਤੀ ਦਾ ਪ੍ਰਗਟਾਵਾ ਕੀਤਾ ਹੈ।

ਕੇਂਦਰੀ ਗ੍ਰਹਿ ਮੰਤਰੀ ਰਾਜ ਨਾਥ ਸਿੰਘ ਨਾਲ ਇਥੇ ਮੀਟਿੰਗ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਉਭਰ ਰਹੇ ਕੱਟੜਵਾਦ ਨੂੰ ਠੱਲ੍ਹ ਪਾਉਣ ਲਈ ਇਕ ਵਿਆਪਕ ਰਣਨੀਤੀ ਬਣਾਉਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਕੈਨੇਡਾ, ਇੰਗਲੈਂਡ, ਅਮਰੀਕਾ, ਇਟਲੀ, ਜਰਮਨੀ ਵਿਚ ਬੈਠੇ ਗਰਮਖਿਆਲੀਆਂ ਖਿਲਾਫ਼ ਕਾਰਵਾਈ ਤੋਂ ਇਲਾਵਾ ਖੁਫੀਆ ਤੰਤਰ ਨੂੰ ਹੋਰ ਮਜ਼ਬੂਤ ਕਰਨ ਦਾ ਸੁਝਾਅ ਦਿੱਤਾ। ਉਨ੍ਹਾਂ ਸੋਸ਼ਲ ਮੀਡੀਆ ਉਤੇ ਕੀਤੀਆਂ ਜਾਂਦੀਆਂ ਗਤੀਵਿਧੀਆਂ, ਜਿਨ੍ਹਾਂ ਦਾ ਉਦੇਸ਼ ਸੂਬੇ ਦੀ ਸ਼ਾਂਤੀ ਤੇ ਸਥਿਰਤਾ ਭੰਗ ਕਰਨਾ ਹੈ, ਨੂੰ ਵੀ ਨੱਥ ਪਾਉਣ ਦੀ ਲੋੜ ਉਤੇ ਜ਼ੋਰ ਦਿੱਤਾ।

### ਕੇਂਦਰ ਨੂੰ ਕੱਟੜਵਾਦ ਨਾਲ ਨਜਿੱਠਣ ਦੀ ਅਪੀਲ

ਸੂਬੇ ਦੀਆਂ ਸੁਰੱਖਿਆ ਚਿੰਤਾਵਾਂ ਦੇ ਹਵਾਲੇ ਨਾਲ ਮੁੱਖ ਮੰਤਰੀ ਨੇ ਪੁਲਿਸ ਫੋਰਸ ਦੇ ਆਧੁਨਿਕੀਕਰਨ ਲਈ ਕੇਂਦਰੀ ਸਹਾਇਤਾ ਦੀ ਮੰਗ ਦੁਹਰਾਈ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਅਤੇ ਅੱਠ ਉਤਰ-ਪੂਰਬੀ ਰਾਜਾਂ ਦੀ ਤਰਜ਼ ਉਤੇ ਐਮ.ਪੀ.ਐਫ. ਤਹਿਤ ਪੰਜਾਬ ਨੂੰ 'ਏ' ਸ਼੍ਰੇਣੀ ਸੂਬੇ ਦਾ ਦਰਜਾ ਦੇ ਕੇ 90:10 ਕੇਂਦਰ-ਸੂਬਾ ਹਿੱਸੇਦਾਰੀ ਦੇ ਆਧਾਰ ਉਤੇ ਵਿੱਤੀ ਮਦਦ ਦਿੱਤੀ ਜਾਣੀ ਚਾਹੀਦੀ ਹੈ।

**Punjab Times**
**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟਰੰਪ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ ਖਤਮ ਕਰਨ ਦੀ ਤਿਆਰੀ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਵੱਲੋਂ ਐਚ-1ਬੀ ਵੀਜ਼ਾ ਖਤਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਕ ਅਮਰੀਕੀ ਉਚ ਅਧਿਕਾਰੀ ਨੇ ਅਮਰੀਕੀ ਸੰਸਦ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਟਰੰਪ ਪ੍ਰਸ਼ਾਸਨ ਦੀ ਐਚ-1ਬੀ ਵੀਜ਼ਾ ਪ੍ਰਬੰਧ ਖਤਮ ਕਰਨ ਦੀ ਯੋਜਨਾ ਹੈ। ਇਸ ਦਾ ਅਸਰ ਸਿੱਧਾ ਭਾਰਤੀ ਲੋਕਾਂ ਉਤੇ ਹੋਵੇਗਾ ਅਤੇ ਇਸ ਸਮੇਤ ਕਰੀਬ ਸੱਤਰ ਹਜ਼ਾਰ ਲੋਕ ਐਚ-1ਬੀ ਵੀਜ਼ਾ ਲੈ ਕੇ ਅਮਰੀਕਾ ਆਏ ਹੋਏ ਹਨ। ਇਨ੍ਹਾਂ ਕੋਲ ਵਰਕ ਪਰਮਿਟ ਹਨ। ਇਸ ਦੇ ਨਾਲ ਓਬਾਮਾ ਪ੍ਰਸ਼ਾਸਨ ਵੱਲੋਂ ਅਰੰਭ ਕੀਤੀ ਯੋਜਨਾ ਖਤਮ ਹੋ ਜਾਵੇਗੀ। ਇਸ ਵੀਜ਼ੇ ਨਾਲ ਇਨ੍ਹਾਂ ਉਦਮੀਆਂ ਦੀਆਂ ਪਤਨੀਆਂ ਵੀ ਕੰਮ ਕਰ ਸਕਦੀਆਂ ਸਨ।

ਯੂ.ਐਸ. ਸਿਟੀਜਨਸ਼ਿਪ ਅਤੇ ਇਮੀਗ੍ਰੇਸ਼ਨ ਸਰਵਿਸ (ਯੂ.ਐਸ.ਸੀ.ਆਈ.ਐਸ.) ਦੇ ਡਾਇਰੈਕਟਰ ਫਰਾਂਸਿਸ ਸਿਸਨਾ ਨੇ ਸੰਸਦ ਮੈਂਬਰ ਚੱਕ ਗਰਾਸਲੇ ਨੂੰ ਇਕ ਪੱਤਰ ਲਿਖ ਕੇ ਦੱਸਿਆ ਹੈ ਕਿ ਐਚ-1 ਵੀਜ਼ਾ ਪ੍ਰਬੰਧ ਇਸ ਸਾਲ ਗਰਮੀਆਂ ਵਿਚ ਖਤਮ ਕੀਤੇ ਜਾਣ ਦੀ ਆਸ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਵਿਭਾਗ ਦੀ ਐਚ-4 ਵੀਜ਼ਾ ਵਿਚ ਵੀ ਤਬਦੀਲੀਆਂ ਕਰਨ ਦੀ ਯੋਜਨਾ ਹੈ। ਐਚ-4 ਵੀਜ਼ਾ, ਐਚ-1 ਵੀਜ਼ਾ ਹੋਲਡਰ ਦੇ ਜੀਵਨ ਸਾਥੀ ਨੂੰ ਦਿੱਤਾ ਜਾਂਦਾ ਹੈ। ਭਾਰਤੀ ਅਮਰੀਕੀਆਂ ਨੂੰ ਇਸ ਵੀਜ਼ਾ ਪ੍ਰਬੰਧ ਦਾ ਵੱਧ ਲਾਭ ਮਿਲ ਰਿਹਾ ਹੈ। ਇਸ ਤਹਿਤ ਪਿਛਲੇ ਓਬਾਮਾ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਵਰਕ ਪਰਮਿਟ ਦਿੱਤੇ ਸਨ। ਟਰੰਪ ਪ੍ਰਸ਼ਾਸਨ ਇਸ ਪ੍ਰਬੰਧ ਨੂੰ ਖਤਮ ਕਰਨ ਦਾ ਇੱਛੁਕ ਹੈ। ਇਸ ਦੇ ਪਿੱਛੇ ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਸ ਪ੍ਰਬੰਧ ਦੇ ਖਤਮ ਹੋਣ ਨਾਲ ਪੜ੍ਹੇ ਲਿਖੇ ਬੇਰੁਜ਼ਗਾਰ ਅਮਰੀਕੀਆਂ ਨੂੰ ਕੰਮ ਮਿਲ ਸਕੇਗਾ।

ਭਾਰਤ ਦੇ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਨੇ ਐਚ-1 ਵੀਜ਼ਾ ਨਿਯਮ ਸਖਤ ਕਰਨ ਉਤੇ ਆਪਣੀ ਨਰਾਜ਼ਗੀ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਉਹ ਟਰੰਪ ਪ੍ਰਸ਼ਾਸਨ ਕੋਲ ਮਾਮਲਾ ਉਠਾਉਣਗੇ।

# ਟੋਰਾਂਟੋ 'ਚ ਗੋਰੇ ਨੇ ਰਾਹਗੀਰਾਂ 'ਤੇ ਚਾੜ੍ਹੀ ਵੈਨ, 10 ਹਲਾਕ

**ਟੋਰਾਂਟੋ:** ਇਕ ਸਿਰਫਿਰ ਗੋਰੇ ਨੇ ਟੋਰਾਂਟੋ ਵਿਚ ਫੁਟਪਾਥ ਉਤੇ ਖੜ੍ਹੇ ਲੋਕਾਂ 'ਤੇ ਦਿਨ ਦਿਹਾੜੇ ਵੈਨ ਚੜ੍ਹਾ ਕੇ ਕਈਆਂ ਨੂੰ ਦਰੜ ਦਿੱਤਾ ਤੇ ਹਾਦਸੇ ਵਿਚ ਦਸ ਲੋਕ ਮਾਰੇ ਗਏ ਹਨ।

ਇਹ ਹਾਦਸਾ ਜੀ-7 ਦੇਸ਼ਾਂ ਦੀ ਇਥੇ ਚੱਲ ਰਹੀ ਮੀਟਿੰਗ ਵਾਲੇ ਕਾਨਫਰੰਸ ਸਥਾਨ ਤੋਂ ਦਸ ਮੀਲ ਦੂਰ ਵਾਪਰਿਆ ਹੈ ਪਰ ਇਸ ਘਟਨਾ ਦਾ ਮੀਟਿੰਗ ਦੇ ਨਾਲ ਕੋਈ ਸਬੰਧ ਨਹੀਂ ਹੈ। ਮੁਲਜ਼ਮ ਡਰਾਈਵਰ ਦੀ ਪਛਾਣ ਅਲੇਕ ਮਿਨਾਸੀਅਨ ਵਜੋਂ ਹੋਈ ਹੈ।

ਮੀਡੀਆ ਨੇ ਇਸ ਘਟਨਾ ਨੂੰ ਟੋਰਾਂਟੋਂ ਲਈ ਕਾਲਾ ਦਿਨ ਗਰਦਾਨਿਆ ਹੈ। ਟਰਾਂਟੋ ਪੁਲਿਸ ਦੇ ਮੁਖੀ ਮਾਰਕ ਸੌਂਡਰਸ ਨੇ ਕਿਹਾ ਕਿ ਹਾਦਸੇ ਦੀ ਸਥਿਤੀ ਤੋਂ ਜਾਪਦਾ ਹੈ ਕਿ ਇਹ ਜਾਣਬੁਝ ਕੇ ਕੀਤਾ ਗਿਆ ਹੈ। ਪੁਲਿਸ ਮੁਤਾਬਕ 15 ਹੋਰ ਗੰਭੀਰ ਜ਼ਖ਼ਮੀਆਂ ਨੂੰ ਹਸਪਤਾਲ ਵਿਚ ਲਿਜਾਇਆ ਗਿਆ ਹੈ। ਇਨ੍ਹਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਬਣੀ ਹੋਈ ਹੈ। ਮੌਕੇ ਉਤੇ ਪੁੱਜੀ ਪੁਲਿਸ ਨੇ ਵੈਨ ਦਾ ਪਿੱਛਾ ਕਰ ਕੇ ਦੋਸ਼ੀ ਐਲਿਕ ਮਿਨਾਸੀਅਨ (25) ਵਿਰੁੱਧ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਅਜੇ ਪੁਲਿਸ ਸਬੂਤ ਇਕੱਠੇ ਕਰ ਰਹੀ ਹੈ ਕਿ ਇਸ ਕਾਰੇ ਪਿੱਛੇ ਦੋਸ਼ੀ ਦਾ ਕੀ ਮੰਤਵ ਹੋ ਸਕਦਾ ਹੈ ਪਰ ਇਸ ਨੂੰ ਕਿਸੇ ਅਤਿਵਾਦੀ ਹਮਲੇ ਨਾਲ ਜੋੜ ਕੇ ਨਹੀਂ ਵੇਖਿਆ ਜਾ ਰਿਹਾ।

ਚਸ਼ਮਦੀਦ ਲੋਕਾਂ ਨੇ ਦੱਸਿਆ ਕਿ ਇਹ ਬੰਦਾ ਚਿੱਟੇ ਰੰਗ ਦੀ ਵੈਨ ਵਿਚ 60-70 ਕਿਲੋਮੀਟਰ ਦੀ ਰਫਤਾਰ ਨਾਲ ਜਾ ਰਿਹਾ ਸੀ ਅਤੇ ਇਸ ਨੇ ਸੜਕ ਤੋਂ ਉਤਰ ਕੇ ਫੁੱਟਪਾਥ ਉਤੇ ਜਾ ਰਹੇ ਲੋਕਾਂ ਉੱਤੇ ਵੈਨ ਚੜ੍ਹਾ ਦਿੱਤੀ। ਸੜਕ ਉਤੇ ਖੂਨ ਨਾਲ ਲੱਥਪਥ ਲੋਕ ਹਾਲ ਦੁਹਾਈ ਪਾ ਰਹੇ ਸਨ ਪਰ ਡਰਾਈਵਰ ਵੈਨ ਨੂੰ ਭਜਾਈ ਜਾ ਰਿਹਾ ਸੀ। ਜਦੋਂ ਪੁਲਿਸ ਨੇ ਦੋਸ਼ੀ ਨੂੰ ਮਾਰਨ ਲਈ ਆਪਣੀਆਂ ਗੰਨਾਂ ਕੱਢੀਆਂ ਤਾਂ ਉਸ ਨੇ ਆਤਮ ਸਮਰਪਣ ਕਰ ਦਿੱਤਾ।

# ਕੈਪਟਨ ਦੀਆਂ ਮੁਸੀਬਤਾਂ ਹੋਰ ਵਧੀਆਂ

*(ਸਫਾ ਇਕ ਦੀ ਬਾਕੀ*

ਕਿਉਂਕਿ ਇਨ੍ਹਾਂ ਅਹੁਦਿਆਂ ਦੇ ਚਾਹਵਾਨ ਵਿਧਾਇਕਾਂ ਦੀ ਕਤਾਰ ਲੰਮੀ ਸੀ। ਜਿਨ੍ਹਾਂ ਨੌਂ ਮੰਤਰੀਆਂ ਨੇ ਹਲਫ ਲਿਆ, ਉਨ੍ਹਾਂ ਵਿਚ ਬਹੁਤੇ ਉਹ ਹਨ ਜੋ ਪਾਰਟੀ ਵਿਚਲੇ ਵੱਖ-ਵੱਖ ਧੜਿਆਂ ਤੇ ਸੱਤਾ ਕੇਂਦਰਾਂ ਨਾਲ ਜੁੜੇ ਹੋਏ ਹਨ ਜਾਂ ਜਿਨ੍ਹਾਂ ਨਾਲ ਇਕ ਖਾਸ ਵਸੋਂ ਵਰਗ ਦਾ ਵੋਟ ਬੈਂਕ ਜੁੜਿਆ ਹੋਇਆ ਹੈ। ਇਹ ਇਸੇ ਨੀਤੀ ਦਾ ਸਿੱਟਾ ਹੈ ਕਿ ਅੰਮ੍ਰਿਤਸਰ ਦੇ ਡਾ. ਰਾਜ ਕੁਮਾਰ ਵੇਰਕਾ ਦੀ ਥਾਂ ਪੱਕੀ ਹੋਣ ਦੇ ਦਾਅਵਿਆਂ ਦੇ ਬਾਵਜੂਦ ਇਹ ਅਹੁਦਾ ਕਿਸੇ ਹੋਰ ਨੂੰ ਮਿਲ ਗਿਆ। ਇੰਜ ਹੀ ਲੁਧਿਆਣਾ ਵਾਲੇ ਰਾਕੇਸ਼ ਪਾਂਡੇ ਨਾਲ ਵਾਪਰਿਆ।

ਦੁਆਬਾ ਵਿਚੋਂ ਇਕਲੌਤੇ ਮੰਤਰੀ ਬਣਾਏ ਗਏ ਸੁੰਦਰ ਸ਼ਾਮ ਅਰੋੜਾ ਨੇ ਝੰਡੀ ਵਾਲੀ ਕਾਰ ਉਡੀਕ ਰਹੇ ਹੋਰ ਕਈ ਕਾਂਗਰਸੀ ਲੀਡਰਾਂ ਦੇ ਸੁਪਨੇ ਤੋੜ ਦਿੱਤੇ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਹੁਸ਼ਿਆਰਪੁਰ ਸੀਟ ਤੋਂ ਲਗਾਤਾਰ ਦੂਜੀ ਵਾਰ ਵਿਧਾਇਕ ਬਣੇ ਸੁੰਦਰ ਸ਼ਾਮ ਅਰੋੜਾ ਉਤੇ ਭਰੋਸਾ ਜਤਾਇਆ। ਰਾਹੁਲ ਦੇ ਇਸ ਫੈਸਲੇ ਨਾਲ ਜ਼ਿਆਦਾ ਦਿੱਕਤ ਦੁਆਬਾ ਦੇ ਦਲਿਤ ਲੀਡਰਾਂ ਨੂੰ ਹੈ। ਪੰਜਾਬ ਵਿਚ 34 ਫੀਸਦੀ ਦਲਿਤ ਆਬਾਦੀ ਹੈ। ਸਿਰਫ ਦੁਆਬੇ ਵਿਚ ਕੁੱਲ ਆਬਾਦੀ ਦਾ 45 ਫੀਸਦੀ ਦਲਿਤ ਵਸਦਾ ਹੈ। ਅਜਿਹਾ ਮੰਨਿਆ ਜਾ ਰਿਹਾ ਸੀ ਕਿ ਦੁਆਬਾ ਤੋਂ ਇਕ ਦਲਿਤ ਮੰਤਰੀ ਜ਼ਰੂਰ ਬਣਾਇਆ ਜਾਵੇਗਾ। ਅਣਸੂਚਿਤ ਜਾਤੀਆਂ ਦੇ ਕੁੱਲ 21 ਵਿਧਾਇਕ ਹਨ ਅਤੇ ਇਨ੍ਹਾਂ ਵਿਚੋਂ ਬਾਲਮੀਕ ਤੇ ਰਾਮਦਾਸੀਆ ਭਾਈਚਾਰੇ ਦੇ 10-10 ਤੇ ਇਕ ਬਾਜ਼ੀਗਰ ਭਾਈਚਾਰੇ ਨਾਲ ਸਬੰਧਤ ਵਿਧਾਇਕ ਹਨ। ਵਜ਼ਾਰਤ ਵਿਚ ਬਾਲਮੀਕ ਭਾਈਚਾਰੇ ਵਿਚੋਂ ਕੋਈ ਵੀ ਮੰਤਰੀ ਨਹੀਂ ਲਿਆ ਗਿਆ ਹੈ ਜਿਸ ਕਾਰਨ ਭਾਈਚਾਰੇ ਵਿਚ ਰੋਸ ਹੈ। ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਬਣੀਆਂ ਹਨ, ਉਨ੍ਹਾਂ ਵਿਚ ਬਾਲਮੀਕ ਭਾਈਚਾਰੇ ਵਿਚੋਂ ਮੰਤਰੀ ਜ਼ਰੂਰ ਬਣਿਆ ਹੈ।

# ਸ਼੍ਰੋਮਣੀ ਕਮੇਟੀ ਦਾ ਯਾਤਰੀ ਜਥਾ ਵੀ ਸਵਾਲਾਂ ਦੇ ਘੇਰੇ ਵਿਚ

*(ਸਫਾ ਇਕ ਦੀ ਬਾਕੀ*

ਵਾਲਾ ਹੈ। ਲਾਹੌਰ ਤੋਂ ਪ੍ਰਕਾਸ਼ਿਤ ਉਰਦੂ ਅਖਬਾਰ ਦਾ ਦਾਅਵਾ ਹੈ ਕਿ ਅੰਮ੍ਰਿਤਸਰ ਦੇ ਪਿੰਡ ਨਿਰੰਜਨਪੁਰ ਵਾਸੀ 24 ਸਾਲਾ ਅਮਰਜੀਤ ਸਿੰਘ ਦਾ ਮਕਸਦ ਬਲੋਚਿਸਤਾਨ ਰਸਤੇ ਇਰਾਨ, ਤੁਰਕੀ ਤੇ ਫਿਰ ਯੂਰਪ ਪਹੁੰਚਣਾ ਸੀ। ਦੱਸਿਆ ਜਾ ਰਿਹਾ ਹੈ ਕਿ ਉਕਤ ਨੌਜਵਾਨ ਮਲੇਸ਼ੀਆ ਦੀ ਕਿਸੇ ਕੰਪਨੀ 'ਚ ਕੰਮ ਕਰਦਾ ਸੀ ਅਤੇ 4-5 ਮਹੀਨੇ ਪਹਿਲਾਂ ਹੀ ਉਥੋਂ ਪਿੰਡ ਪਰਤਿਆ ਸੀ। ਉਸ ਨੇ ਹੁਣ ਯੂਰਪ ਪਹੁੰਚ ਕੇ ਨੌਕਰੀ ਕਰਨ ਦੀ ਯੋਜਨਾ ਬਣਾਈ ਸੀ। ਉਹ ਮਲੇਸ਼ੀਆ ਰਹਿੰਦਿਆਂ ਵੀ ਯੂਰਪ ਜਾਣ ਦੇ ਉਪਰਾਲੇ ਕਰਦਾ ਰਿਹਾ, ਪਰ ਉਸ ਨੂੰ ਕਾਮਯਾਬੀ ਨਹੀਂ ਮਿਲ ਸਕੀ।

ਅੰਮ੍ਰਿਤਸਰ ਦੇ ਮਨੁੱਖੀ ਤਸਕਰੀ ਨਾਲ ਜੁੜੇ ਇਕ ਟਰੈਵਲ ਏਜੰਟ ਨੇ ਅਮਰਜੀਤ ਸਿੰਘ ਨੂੰ ਝਾਂਸਾ ਦਿੱਤਾ ਸੀ ਕਿ ਉਹ ਉਸ ਦੇ ਪਾਕਿਸਤਾਨ 'ਚ ਰਹਿੰਦੇ ਇਕ ਟਰੈਵਲ ਏਜੰਟ ਨੂੰ ਮਿਲੇ ਜੋ ਉਸ ਨੂੰ ਦੋ ਲੱਖ ਰੁਪਏ ਲੈ ਕੇ ਬਲੋਚਿਸਤਾਨ ਵੱਲੋਂ ਇਰਾਨ ਤੇ ਤੁਰਕੀ ਪਹੁੰਚਾ ਦੇਵੇਗਾ ਅਤੇ ਅਗਾਂਹ ਉਥੋਂ ਉਸ ਦਾ ਯੂਰਪ ਪਹੁੰਚਣਾ ਆਸਾਨ ਹੋ ਜਾਵੇਗਾ। ਅਮਰਜੀਤ ਸਿੰਘ ਨੇ ਲਾਹੌਰ ਪਹੁੰਚਣ 'ਤੇ ਉਕਤ ਪਾਕਿਸਤਾਨੀ ਟਰੈਵਲ ਏਜੰਟ ਨੂੰ 2 ਲੱਖ ਰੁਪਏ ਦਿੱਤੇ, ਪਰ ਖੁਫੀਆ ਏਜੰਸੀਆਂ ਦੀ ਸਖਤੀ ਉਸ ਦੇ ਰਾਹ ਵਿਚ ਰੋੜਾ ਬਣ ਗਈ। ਦੱਸ ਦਈਏ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਜਾਣ ਦੇ ਇੱਛਕ ਸ਼ਰਧਾਲੂਆਂ ਤੋਂ ਹਲਕਾ ਸ਼੍ਰੋਮਣੀ ਕਮੇਟੀ ਮੈਂਬਰ ਦੀ ਸਿਫਾਰਸ਼ ਸਹਿਤ ਪਾਸਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ। ਉਪਰੰਤ ਪਾਸਪੋਰਟ ਤੇ ਹੋਰ ਦਸਤਾਵੇਜ਼ ਜਾਂਚ ਪੜਤਾਲ ਲਈ ਪੰਜਾਬ ਸਰਕਾਰ, ਕੇਂਦਰੀ ਗ੍ਰਿਹਿ ਮੰਤਰਾਲੇ ਅਤੇ ਨਵੀਂ ਦਿੱਲੀ ਸਥਿਤ ਪਾਕਿਸਤਾਨੀ ਦੂਤਘਰ ਨੂੰ ਭੇਜੇ ਜਾਂਦੇ ਹਨ, ਜਿਸ ਤੋਂ ਬਾਅਦ ਪੰਜਾਬ ਤੇ ਦੇਸ਼ ਦੀਆਂ ਕਈ ਵੱਖ-ਵੱਖ ਖੁਫੀਆਂ ਏਜੰਸੀਆਂ ਦੀ ਜਾਂਚ ਪੜਤਾਲ ਤੋਂ ਬਾਅਦ ਹੀ ਯਾਤਰੂਆਂ ਨੂੰ ਪਾਕਿ ਦੂਤਘਰ ਵੱਲੋਂ ਵੀਜ਼ੇ ਜਾਰੀ ਕੀਤੇ ਜਾਂਦੇ ਹਨ। ਸ਼ੱਕੀ ਅਤੇ ਦਸਤਾਵੇਜ਼ ਪੂਰੇ ਨਾ ਹੋਣ ਵਾਲੇ ਕਈ ਸ਼ਰਧਾਲੂਆਂ ਦੇ ਨਾਂ, ਭੇਜੇ ਜਾਣ ਵਾਲੇ ਜਥੇ ਦੀ ਸੂਚੀ ਵਿਚੋਂ ਕੱਟ ਦਿੱਤੇ ਜਾਂਦੇ ਹਨ।

# ਹਰਿਮੰਦਰ ਸਾਹਿਬ ਨੂੰ ਮਸਜਿਦ ਕਹਿਣ ਵਾਲੇ ਡਿਪਲੋਮੈਟ ਨੇ ਮੰਗੀ ਮੁਆਫੀ

**ਲੰਡਨ:** ਬਰਤਾਨੀਆ ਦੇ ਇਕ ਡਿਪਲੋਮੈਟ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਮਸਜਿਦ ਕਹਿਣ ਬਾਅਦ ਸਿੱਖ ਭਾਈਚਾਰੇ ਵਿਚ ਉਪਜੇ ਰੋਹ ਅੱਗੇ ਝੁਕਦਿਆਂ ਮੁਆਫੀ ਮੰਗ ਲਈ ਹੈ। ਵਿਦੇਸ਼ ਅਤੇ ਰਾਸ਼ਟਰਮੰਡਲ ਦਫਤਰ ਦੇ ਅੰਡਰ ਸੈਕਟਰੀ ਸਿਮੋਨ ਮੈਕਡੋਨਲਡ ਨੇ ਅੰਮ੍ਰਿਤਸਰ ਸਥਿਤ ਹਰਿਮੰਦਰ ਸਾਹਿਬ ਨੂੰ ਇਕ ਟਵੀਟ ਵਿਚ 'ਗੋਲਡਨ ਮਸਜਿਦ' ਕਹਿਣ ਦੀ ਗੁਸਤਾਖੀ ਕਰ ਲਈ ਸੀ। ਉਸ ਨੇ ਬਰਤਾਨੀਆ ਦੀ ਰਾਣੀ ਦੀ 1997 ਵਿਚ ਅੰਮ੍ਰਿਤਸਰ ਵਿਚ ਮੱਥਾ ਟੇਕਣ ਆਈ ਦੀ ਫੋਟੋ ਨੂੰ ਇਕ ਮੋਮੈਂਟੋ ਉਤੇ ਪ੍ਰਕਸ਼ਿਤ ਕਰਵਾਇਆ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲਡਨ ਮਸਜਿਦ ਲਿਖ ਦਿੱਤਾ ਸੀ। ਗਲਤੀ ਦਾ ਅਹਿਸਾਸ ਹੋਣ ਉਤੇ ਉਸ ਨੇ ਮੁਆਫੀ ਮੰਗ ਲਈ ਹੈ। ਇਸ ਉਤੇ ਰੋਸ ਪ੍ਰਗਟਾਉਂਦਿਆਂ ਸਿੱਖ ਫੈਡਰੇਸ਼ਨ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਨੇ ਕਿਹਾ ਹੈ ਕਿ ਕਿਸੇ ਨੌਕਰਸ਼ਾਹ ਦੇ ਰੁਤਬੇ ਅਨੁਸਾਰ ਇਹ ਅਤਿ ਗੰਭੀਰ ਗਲਤੀ ਹੈ ਅਤੇ ਇਸ ਮੁਆਫੀ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

# ਗੁਜਰਾਤ ਦੇ 5 ਹਜ਼ਾਰ ਕਿਸਾਨਾਂ ਨੇ ਮੋਦੀ ਤੋਂ ਮੌਤ ਮੰਗੀ

**ਅਹਿਮਦਾਬਾਦ:** ਗੁਜਰਾਤ ਦੇ ਭਾਵਨਗਰ ਜਿਲ੍ਹੇ ਵਿਚ ਇਕ ਸਰਕਾਰੀ ਬਿਜਲੀ ਕੰਪਨੀ ਵੱਲੋਂ ਜ਼ਮੀਨ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਦਾ 5000 ਹਜ਼ਾਰ ਤੋਂ ਵੱਧ ਲੋਕ ਵਿਰੋਧ ਕਰ ਰਹੇ ਹਨ ਤੇ ਇਕ ਕਿਸਾਨ ਆਗੂ ਨੇ ਦਾਅਵਾ ਕੀਤਾ ਕਿ ਪੀੜਤ ਲੋਕਾਂ ਨੇ ਸਰਕਾਰ ਤੋਂ ਇੱਛੁਕ ਮੌਤ ਦੀ ਪ੍ਰਵਾਨਗੀ ਮੰਗੀ ਹੈ।

ਕਿਸਾਨਾਂ ਦੇ ਹੱਕਾਂ ਲਈ ਲੜ ਰਹੀ ਜਥੇਬੰਦੀ ਗੁਜਰਾਤ ਖੇਦੁਤ ਸਮਾਜ ਦੇ ਮੈਂਬਰ ਤੇ ਮੁਕਾਮੀ ਕਿਸਾਨ ਨਰਿੰਦਰਸਿਹੁੰ ਗੋਹਿਲ ਨੇ ਆਖਿਆ ਕਿ 12 ਪਿੰਡਾਂ ਦੇ ਕੁੱਲ 5259 ਲੋਕਾਂ ਜਿਨ੍ਹਾਂ ਵਿਚ ਕਿਸਾਨ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਹਨ, ਨੇ 'ਇਛਾ ਮ੍ਰਿਤੂ' ਮੰਗੀ ਹੈ ਕਿਉਂਕਿ ਜਿਸ ਜ਼ਮੀਨ ਉਤੇ ਉਹੀ ਖੇਤੀ ਕਰਦੇ ਹਨ, ਉਹ ਰਾਜ ਸਰਕਾਰ ਤੇ ਗੁਜਰਾਤ ਪਾਵਰ ਕਾਰਪੋਰੇਸ਼ਨ ਲਿਮਟਿਡ (ਜੀ.ਪੀ.ਸੀ.ਐਲ.) ਜਬਰੀ ਖੋਹੀ ਜਾ ਰਹੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਵੱਲੋਂ ਇਹ ਪੱਤਰ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਗੁਜਰਾਤ ਦੇ ਮੁੱਖ ਮੰਤਰੀ ਨੂੰ ਭੇਜਿਆ ਗਿਆ ਹੈ।

# ਰਣਜੀਤ ਕਤਲ ਕੇਸ: ਖੱਟਾ ਸਿੰਘ ਨੂੰ ਮਿਲੀ ਬਿਆਨ ਦੇਣ ਦੀ ਖੁੱਲ੍ਹ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੇ ਸਾਬਕਾ ਡਰਾਈਵਰ ਖੱਟਾ ਸਿੰਘ ਨੂੰ ਰਣਜੀਤ ਸਿੰਘ ਕਤਲ ਕੇਸ ਵਿਚ ਬਿਆਨ ਨਵੇਂ ਸਿਰਿਉਂ ਦੇਣ ਦੀ ਇਜਾਜ਼ਤ ਦੇ ਦਿੱਤੀ। ਪਹਿਲਾਂ ਬੀਤੇ ਸਾਲ 25 ਸਤੰਬਰ ਨੂੰ ਵਿਸ਼ੇਸ਼ ਸੀ.ਬੀ.ਆਈ. ਜੱਜ ਜਗਦੀਪ ਸਿੰਘ ਨੇ ਇਸ ਸਬੰਧੀ ਦਰਖਾਸਤ ਨਾਮਨਜ਼ੂਰ ਕਰ ਦਿੱਤੀ ਸੀ।

ਖੱਟਾ ਸਿੰਘ ਨੇ ਡੇਰਾ ਮੁਖੀ ਨੂੰ ਬਲਾਤਕਾਰ ਕੇਸ ਵਿਚ ਅਦਾਲਤ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਇਸ ਕਤਲ ਕੇਸ 'ਚ ਡੇਰਾ ਮੁਖੀ ਦੇ ਰੋਲ ਬਾਰੇ ਨਵੇਂ ਸਿਰਿਉਂ ਬਿਆਨ ਦੇਣ ਲਈ ਅਦਾਲਤ ਕੋਲ ਪਹੁੰਚ ਕੀਤੀ ਸੀ।

ਖੱਟਾ ਸਿੰਘ ਨੇ ਕਿਹਾ ਸੀ ਕਿ ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਉਸ ਨੇ ਆਪਣਾ ਬਿਆਨ ਡਰਾਏ-ਧਮਕਾਏ ਜਾਣ ਕਾਰਨ ਬਦਲਿਆ ਸੀ ਅਤੇ ਕੇਸ ਵਿਚ ਉਸ ਦਾ ਬਿਆਨ ਬਹੁਤ ਅਹਿਮੀਅਤ ਰੱਖਦਾ ਹੈ।

# ਸਜ਼ਾ-ਏ-ਮੌਤ ਲਈ ਫਾਂਸੀ ਹੀ ਬਿਹਤਰ ਕਰਾਰ

**ਨਵੀਂ ਦਿੱਲੀ:** ਕੇਂਦਰ ਨੇ ਸੁਪਰੀਮ ਕੋਰਟ ਕੋਲ ਸਾਫ ਕੀਤਾ ਕਿ ਸਜ਼ਾ-ਏ-ਮੌਤ ਨੂੰ ਅਮਲ ਵਿਚ ਲਿਆਉਣ ਲਈ ਫਾਂਸੀ ਲਾਉਣ ਦਾ ਤਰੀਕਾ ਹੀ ਬਿਹਤਰ ਹੈ। ਇਹ ਤਰੀਕਾ ਗੋਲੀ ਮਾਰਨ ਜਾਂ ਜ਼ਹਿਰ ਦਾ ਟੀਕਾ ਲਾਉਣ ਜਿੰਨਾ 'ਜ਼ਾਲਮਾਨਾ ਤੇ ਗੈਰ ਮਨੁੱਖੀ' ਨਹੀਂ ਹੈ। ਵਿਦੇਸ਼ ਮੰਤਰਾਲੇ ਨੇ ਇਹ ਪੱਖ ਇਕ ਲੋਕ ਹਿੱਤ ਪਟੀਸ਼ਨ ਦੀ ਸੁਣਵਾਈ ਦੌਰਾਨ ਰੱਖਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਬੱਚੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਮਿਲੇਗੀ ਸਜ਼ਾ-ਏ-ਮੌਤ

**ਨਵੀਂ ਦਿੱਲੀ:** ਭਾਰਤ ਵਿਚ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ ਬਲਾਤਕਾਰ ਦੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਹੋਏਗੀ। ਕੇਂਦਰ ਸਰਕਾਰ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਮਨਜ਼ੂਰੀ ਮਗਰੋਂ ਇਸ ਸਬੰਧੀ ਕਾਨੂੰਨ ਲਾਗੂ ਕਰ ਦਿੱਤਾ ਹੈ। ਇਸ ਤਹਿਤ 16 ਸਾਲ ਤੋਂ ਘੱਟ ਉਮਰ ਦੀਆਂ ਕੁੜੀਆਂ ਨਾਲ ਜਬਰ ਜਨਾਹ ਕਰਨ ਵਾਲਿਆਂ ਲਈ ਵੀ ਸਖਤ ਸਜ਼ਾਵਾਂ ਦਾ ਬੰਦੋਬਸਤ ਕੀਤਾ ਗਿਆ ਹੈ।

ਮੋਦੀ ਸਰਕਾਰ ਨੇ ਇਹ ਕਦਮ ਹਾਲ ਹੀ ਵਿਚ ਕਠੂਆ ਤੇ ਸੂਰਤ ਵਿਚ ਬੱਚੀਆਂ ਨਾਲ ਬਲਾਤਕਾਰ ਤੇ ਕਤਲਾਂ ਦੀਆਂ ਘਟਨਾਵਾਂ ਵਾਪਰਨ ਪਿੱਛੋਂ ਦੇਸ਼ ਭਰ ਵਿਚ ਉਠੇ ਤਿੱਖੇ ਰੋਹ ਦੇ ਮੱਦੇਨਜ਼ਰ ਚੁੱਕਿਆ ਹੈ। ਬਲਾਤਕਾਰ ਦੀਆਂ ਇਨ੍ਹਾਂ ਘਟਨਾਵਾਂ ਨੇ ਭਾਰਤ ਦਾ ਨਾਂ ਕੌਮਾਂਤਰੀ ਪੱਧਰ ਉਤੇ ਰੋਲਿਆ ਹੈ। ਇਸ ਨੂੰ ਲੈ ਕੇ ਮੀਡੀਆ ਵਿਚ ਵੀ ਮੋਦੀ ਸਰਕਾਰ ਦੀ ਵੱਡੇ ਪੱਧਰ ਉਤੇ ਅਲੋਚਨਾ ਹੋ ਰਹੀ ਹੈ।

ਕੇਂਦਰ ਸਰਕਾਰ ਨੇ ਇਸ ਸਬੰਧੀ ਆਰਡੀਨੈਂਸ ਲਿਆਂਦਾ ਸੀ ਜਿਸ ਮੁਤਾਬਕ ਬਲਾਤਕਾਰਾਂ ਦੇ ਕੇਸਾਂ ਦੇ ਛੇਤੀ ਨਿਬੇੜੇ ਲਈ ਫਾਸਟ ਟਰੈਕ ਅਦਾਲਤਾਂ ਬਣਾਈਆਂ ਜਾਣਗੀਆਂ। ਅਜਿਹੇ ਮੁਕੱਦਮੇ ਦੋ ਮਹੀਨਿਆਂ ਵਿਚ ਮੁਕੰਮਲ ਕਰਨੇ ਹੋਣਗੇ ਤੇ ਅਪੀਲਾਂ ਛੇ ਮਹੀਨਿਆਂ ਵਿਚ ਨਿਬੇੜਨੀਆਂ ਹੋਣਗੀਆਂ। 16 ਸਾਲ ਤੋਂ ਘੱਟ ਉਮਰ ਦੀ ਕੁੜੀ ਨਾਲ ਬਲਾਤਕਾਰ ਜਾਂ ਸਮੂਹਿਕ ਬਲਾਤਕਾਰ ਦੇ ਮੁਲਜ਼ਮ ਨੂੰ ਅਗਾਊਂ ਜ਼ਮਾਨਤ ਨਹੀਂ ਮਿਲੇਗੀ। ਅਜਿਹੇ ਬਲਾਤਕਾਰਾਂ ਦੇ ਮੁਲਜ਼ਮਾਂ ਦੀ ਜ਼ਮਾਨਤ ਅਰਜ਼ੀ ਉਤੇ ਫੈਸਲਾ ਕਰਨ ਤੋਂ ਪਹਿਲਾਂ ਅਦਾਲਤ ਲਈ ਸਰਕਾਰੀ ਵਕੀਲ ਤੇ ਪੀੜਤ ਪਰਿਵਾਰ ਨੂੰ 15 ਦਿਨਾਂ ਦਾ ਨੋਟਿਸ ਦੇਣਾ



ਹੋਵੇਗਾ।

ਆਰਡੀਨੈਂਸ ਮੁਤਾਬਕ ਕਿਸੇ ਵੀ ਬਲਾਤਕਾਰ ਮਾਮਲੇ ਵਿਚ ਘੱਟੋ-ਘੱਟ ਸਜ਼ਾ 7 ਸਾਲ ਤੋਂ ਵਧਾ ਕੇ 10 ਸਾਲ ਕੈਦ ਬਾਮੁਸ਼ੱਕਤ ਕਰ ਦਿੱਤੀ ਗਈ ਹੈ, ਜਿਸ ਨੂੰ ਉਮਰ ਕੈਦ ਵੀ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ 16 ਸਾਲਾਂ ਤੋਂ ਘੱਟ ਉਮਰ ਦੀ ਲੜਕੀ ਨਾਲ ਬਲਾਤਕਾਰ ਲਈ 10 ਤੋਂ 20 ਸਾਲ ਕੈਦ ਹੋਵੇਗੀ, ਜੋ ਬਾਕੀ ਰਹਿੰਦੀ ਉਮਰ ਲਈ ਕੈਦ ਤੱਕ ਵੀ ਵਧਾਈ ਜਾ ਸਕੇਗੀ, ਤੇ 16 ਸਾਲਾਂ ਤੋਂ ਘੱਟ ਉਮਰ ਦੀ ਕੁੜੀ ਨਾਲ ਸਮੂਹਿਕ ਬਲਾਤਕਾਰ ਉਤੇ ਰਹਿੰਦੀ ਉਮਰ ਲਈ ਕੈਦ ਕੀਤੀ ਜਾ ਸਕੇਗੀ।

ਆਰਡੀਨੈਂਸ ਮੁਤਾਬਕ 12 ਸਾਲ ਤੋਂ ਘੱਟ ਉਮਰ ਦੀ ਲੜਕੀ ਨਾਲ ਜਬਰ ਜਨਾਹ ਉਤੇ ਘੱਟ ਤੋਂ ਘੱਟ ਸਜ਼ਾ 20 ਸਾਲ ਕੈਦ ਹੋਵੇਗੀ, ਜਿਸ ਨੂੰ ਰਹਿੰਦੀ ਉਮਰ ਤੱਕ ਕੈਦ ਜਾਂ ਸਜ਼ਾ-ਏ-ਮੌਤ ਵੀ ਕੀਤਾ ਜਾ ਸਕੇਗਾ। ਇਹ ਆਰਡੀਨੈਂਸ ਰਾਹੀਂ ਇੰਡੀਅਨ ਪੀਨਲ ਕੋਲ (ਆਈ.ਪੀ.ਸੀ.), ਐਵੀਡੈਂਸ ਐਕਟ, ਸੀ.ਆਰ.ਪੀ.ਸੀ. ਅਤੇ ਬੱਚਿਆਂ ਖਿਲਾਫ਼ ਜਿਨਸੀ ਜੁਰਮ ਰੋਕੂ ਐਕਟ ਪੋਕਸੋ ਵਿਚ ਤਰਮੀਮ ਕੀਤੀ ਜਾਵੇਗੀ।

## ਮਾਲੀਵਾਲ ਵੱਲੋਂ ਭੁੱਖ ਹੜਤਾਲ ਖਤਮ

**ਨਵੀਂ ਦਿੱਲੀ:** ਦਿੱਲੀ ਮਹਿਲਾ ਕਮਿਸ਼ਨ ਦੀ ਪ੍ਰਧਾਨ ਸਵਾਤੀ ਮਾਲੀਵਾਲ ਨੇ 10ਵੇਂ ਦਿਨ ਭੁੱਖ ਹੜਤਾਲ ਖਤਮ ਕਰ ਦਿੱਤੀ ਹੈ। ਮਾਲੀਵਾਲ ਨੇ ਬੱਚਿਆਂ ਨਾਲ ਬਲਾਤਕਾਰ ਕਰਨ ਵਾਲਿਆਂ ਨੂੰ ਮੌਤ ਦੀ ਸਜ਼ਾ ਦੀ ਵਿਵਸਥਾ ਵਾਲੇ ਆਰਡੀਨੈਂਸ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਮਨਜ਼ੂਰੀ ਦਿੱਤੇ ਜਾਣ ਪਿੱਛੋਂ ਭੁੱਖ ਹੜਤਾਲ ਖਤਮ ਕੀਤੀ ਹੈ। ਮਾਲੀਵਾਲ ਨੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕਰਨ ਦੀ ਮੰਗ ਕੀਤੀ ਸੀ।

## ਭਾਰਤ: ਹਰ 15 ਮਿੰਟਾਂ 'ਚ ਇਕ ਬੱਚਾ ਜਿਨਸੀ ਸ਼ੋਸ਼ਣ ਦਾ ਸ਼ਿਕਾਰ

**ਨਵੀਂ ਦਿੱਲੀ:** ਬੱਚਿਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਗੈਰ ਸਰਕਾਰੀ ਸੰਗਠਨ (ਐਨ.ਜੀ.ਓ) ਚਾਈਲਡ ਰਾਈਟਸ ਐਂਡ ਯੂ (ਸੀ.ਆਰ.ਵਾਈ) ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪਿਛਲੇ 10 ਸਾਲਾਂ ਦੌਰਾਨ ਬੱਚਿਆਂ ਖਿਲਾਫ਼ ਹੋਣ ਵਾਲੇ ਅਪਰਾਧਾਂ ਵਿਚ 500 ਫੀਸਦੀ ਵਾਧਾ ਹੋਇਆ ਹੈ ਤੇ ਭਾਰਤ 'ਚ ਹਰ 15 ਮਿੰਟਾਂ ਵਿਚ ਇਕ ਬੱਚਾ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਦੇਸ਼ ਭਰ 'ਚ ਬੱਚਿਆਂ ਖਿਲਾਫ ਹੋਣ ਵਾਲੇ ਅਪਰਾਧਾਂ ਵਿਚੋਂ 50 ਫੀਸਦੀ ਸਿਰਫ 5 ਸੂਬਿਆਂ- ਉਤਰ ਪ੍ਰਦੇਸ਼, ਮਹਾਰਾਸ਼ਟਰ, ਮੱਧ ਪ੍ਰਦੇਸ਼, ਦਿੱਲੀ ਤੇ ਪੱਛਮੀ ਬੰਗਾਲ ਵਿਚ ਹੁੰਦੇ ਹਨ।

ਇਸ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਪਿਛਲੇ 10 ਸਾਲਾਂ ਦੌਰਾਨ ਬੱਚਿਆਂ ਖਿਲਾਫ਼ ਹੋਣ ਵਾਲੇ ਅਪਰਾਧਾਂ ਵਿਚ 500 ਫੀਸਦੀ ਵਾਧਾ ਹੋਇਆ ਹੈ ਤੇ 2006 'ਚ ਪੀੜਤ ਬੱਚਿਆਂ ਦੇ 18,967 ਮਾਮਲੇ ਦਰਜ ਹੋਏ ਸਨ ਤੇ ਇਹ ਅੰਕੜੇ 2016 ਵਿਚ 1,06, 958 ਤੱਕ ਅੱਪੜ ਗਏ। ਰਿਪੋਰਟ 'ਚ ਇਹ ਵੀ ਖੁਲਾਸਾ ਹੋਇਆ ਹੈ ਕਿ 2016 ਤੋਂ ਬੱਚਿਆਂ ਖਿਲਾਫ ਹੋਣ ਵਾਲੇ ਅਪਰਾਧਾਂ ਵਿਚੋਂ ਇਕ ਤਿਹਾਈ ਨੂੰ ਪੋਕਸੋ ਐਕਟ ਤਹਿਤ ਦਰਜ ਕੀਤਾ ਗਿਆ ਹੈ।

## ਔਰਤਾਂ ਵਿਰੁਧ ਜੁਰਮਾਂ 'ਚ ਵੀ ਭਾਜਪਾ ਦੇ ਵਿਧਾਇਕ ਅੱਗੇ

**ਨਵੀਂ ਦਿੱਲੀ:** ਚੋਣਾਂ ਲੜਨ ਤੋਂ ਪਹਿਲਾਂ ਦਿੱਤੇ ਹਲਫੀਆ ਬਿਆਨਾਂ ਵਿਚ ਤਕਰੀਬਨ 48 ਵਿਧਾਇਕਾਂ ਤੇ ਸੰਸਦ ਮੈਂਬਰਾਂ ਨੇ ਔਰਤਾਂ ਵਿਰੁੱਧ ਜੁਰਮਾਂ ਨਾਲ ਸਬੰਧਤ ਕੇਸਾਂ ਦਾ ਵੇਰਵਾ ਦਿੱਤਾ ਹੈ ਅਤੇ ਇਨ੍ਹਾਂ ਵਿਚ ਸਭ ਤੋਂ ਵੱਧ ਭਾਜਪਾ ਆਗੂ ਸ਼ਾਮਲ ਹਨ। ਇਨ੍ਹਾਂ ਦੀ ਗਿਣਤੀ 12 ਹੈ। ਇਹ ਰਿਪੋਰਟ ਉਤਰ ਪ੍ਰਦੇਸ਼ ਦੇ ਸ਼ਹਿਰ ਉਨਾਓ ਵਿਚ ਵਾਪਰੀ ਬਲਾਤਕਾਰ ਦੀ ਘਟਨਾ ਤੋਂ ਬਾਅਦ ਜਾਰੀ ਕੀਤੀ ਗਈ ਹੈ ਜਿਸ ਵਿਚ ਭਾਜਪਾ ਦਾ ਵਿਧਾਇਕ ਸ਼ਾਮਲ ਸੀ।

1530 ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਚੋਂ 33 ਫੀਸਦੀ ਨੇ ਪ੍ਰਗਟਾਵਾ ਕੀਤਾ ਹੈ ਕਿ ਉਨ੍ਹਾਂ ਵਿਰੁੱਧ ਫੌਜਦਾਰੀ ਕੇਸ ਦਰਜ ਹਨ ਅਤੇ ਇਨ੍ਹਾਂ ਵਿਚੋਂ 48 ਨੇ ਆਪਣੇ ਵਿਰੁੱਧ ਔਰਤਾਂ ਉਤੇ ਅਤਿਆਚਾਰ ਨਾਲ ਸਬੰਧਤ ਕੇਸ ਦਰਜ ਹੋਣ ਦੀ ਗੱਲ ਕਬੂਲੀ ਹੈ। ਔਰਤਾਂ ਨਾਲ ਸਬੰਧਤ ਕੇਸਾਂ ਵਿਚ ਭਾਜਪਾ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਦੀ ਗਿਣਤੀ 12 ਹੈ। ਸ਼ਿਵ ਸੈਨਾ ਦੇ 7 ਅਤੇ ਤ੍ਰਿਣਾਮੂਲ ਕਾਂਗਰਸ ਦੇ 6 ਆਗੂ ਸ਼ਾਮਲ ਹਨ।

# ਮਹਾਂਭਾਰਤ ਵੇਲੇ ਤੋਂ ਭਾਰਤ ਵਿਚ ਹੈ ਇੰਟਰਨੈਟ?

**ਨਵੀਂ ਦਿੱਲੀ:** ਤ੍ਰਿਪੁਰਾ ਦੇ ਮੁੱਖ ਮੰਤਰੀ ਬਿਪਲਬ ਦੇਵ ਨੇ ਅਜੀਬੋ-ਗਰੀਬ ਦਾਅਵਾ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਭਾਰਤ ਵਿਚ ਮਹਾਂਭਾਰਤ ਵੇਲੇ ਤੋਂ ਹੀ ਇੰਟਰਨੈਟ ਦਾ ਇਸਤੇਮਾਲ ਹੋ ਰਿਹਾ



ਹੈ। ਅਮਰੀਕਾ ਜਾਂ ਕਿਸ ਹੋਰ ਪੱਛਮੀ ਮੁਲਕ ਨੇ ਨਹੀਂ ਸਗੋਂ ਭਾਰਤ ਨੇ ਲੱਖਾਂ ਸਾਲ ਪਹਿਲਾਂ ਇੰਟਰਨੈਟ ਦੀ ਖੋਜ ਕੀਤੀ ਸੀ। ਬਿਪਲਬ ਦੇਵ ਨੇ ਇਹ ਗੱਲ ਪੀ.ਡੀ.ਐਸ. ਦੀ ਵਰਕਸ਼ਾਪ ਦੌਰਾਨ ਆਖੀ। ਬਿਪਲਬ ਦੇਵ ਨੇ ਕਿਹਾ ਕਿ ਇਹ ਉਹ ਮੁਲਕ ਹੈ ਜਿਸ ਵਿਚ ਮਹਾਂਭਾਰਤ ਵਿਚ ਸੰਜੇ ਨੇ ਧ੍ਰਿਤਰਾਸ਼ਟਰ ਨੂੰ ਲੜਾਈ ਬਾਰੇ ਸਭ ਕੁਝ ਦੱਸਿਆ ਸੀ। ਭਾਵ ਉਸ ਵੇਲੇ ਇੰਟਰਨੈਟ ਸੀ, ਸੈਟੇਲਾਈਟ ਵੀ ਸੀ।

ਮੁੱਖ ਮੰਤਰੀ ਨੇ ਕਿਹਾ, "ਮੈਨੂੰ ਮਾਣ ਹੈ ਕਿ ਮੈਂ ਅਜਿਹੇ ਮੁਲਕ ਵਿਚ ਪੈਦਾ ਹੋਇਆ ਜਿਥੇ ਇੰਨੀ ਟੈਕਨਾਲੋਜੀ ਸੀ। ਜਿਹੜੇ ਮੁਲਕ ਆਪਣੇ ਆਪ ਨੂੰ ਟੈਕਨਾਲੋਜੀ ਵਿਚ ਮੋਹਰੀ ਦੱਸਦੇ ਹਨ, ਉਹ ਭਾਰਤੀ ਲੋਕਾਂ ਨੂੰ ਨੌਕਰੀ ਦੇ ਰਹੇ ਹਨ।" ਤ੍ਰਿਪੁਰਾ ਦੇ ਸੀ.ਐਮ. ਪਹਿਲੇ ਅਜਿਹੇ ਵਿਅਕਤੀ ਨਹੀਂ ਜਿਨ੍ਹਾਂ ਨੇ ਇਸ ਤਰ੍ਹਾਂ ਦਾ ਬਿਆਨ ਦਿੱਤਾ ਹੋਵੇ। ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਸੱਤਿਆਪਾਲ ਸਿੰਘ ਨੇ ਡਾਰਬਿਨ ਦੇ ਸਿਧਾਂਤ ਨੂੰ ਗਲਤ ਦੱਸਿਆ ਸੀ। ਉਨ੍ਹਾਂ ਕਿਹਾ ਸੀ ਕਿ ਡਾਰਵਿਨ ਦਾ ਸਿਧਾਂਤ ਵਿਗਿਆਨੀ ਰੂਪ ਵਿਚ ਗਲਤ ਹੈ। ਇਸ ਨੂੰ ਸਕੂਲਾਂ ਵਿਚ ਹਟਾ ਦੇਣਾ ਚਾਹੀਦਾ ਹੈ। ਇਨਸਾਨ ਦੁਨੀਆਂ ਵਿਚ ਹਮੇਸ਼ਾ ਇਨਸਾਨ ਹੀ ਰਿਹਾ ਹੈ।

## ਤੇਜ਼ਾਬ ਹਮਲੇ ਲਈ 16 ਸਾਲ ਦੀ ਜੇਲ੍ਹ

**ਲੰਡਨ:** ਬਰਤਾਨਵੀ ਅਦਾਲਤ ਨੇ ਪਾਕਿਸਤਾਨੀ ਮੂਲ ਦੀ ਮਾਡਲ ਤੇ ਉਸ ਦੀ ਚਚੇਰੀ ਭੈਣ ਉਤੇ ਤੇਜ਼ਾਬੀ ਹਮਲਾ ਕਰਨ ਵਾਲੇ ਵਿਅਕਤੀ ਨੂੰ 16 ਸਾਲ ਦੀ ਸਜ਼ਾ ਸੁਣਾਈ ਹੈ।

ਮੁਜਰਮ ਜੌਹਨ ਟੌਮਲਿਨ (25) ਨੇ ਰੇਸ਼ਮ ਖ਼ਾਨ ਤੇ ਜਮੀਲ ਮੁਖ਼ਤਾਰ 'ਤੇ 21 ਜੂਨ 2017 ਨੂੰ ਜਦੋਂ ਤੇਜ਼ਾਬ ਸੁੱਟਿਆ ਤਾਂ ਉਹ ਪੂਰਬੀ ਲੰਡਨ ਵਿਚ ਬੈਕਟਨ ਵਿਚ ਇਕ ਕਾਰ ਵਿਚ ਟਰੈਫਿਕ ਲਾਈਟਾਂ ਉਤੇ ਖੜ੍ਹੀਆਂ ਸਨ। ਉਸ ਦਿਨ ਖ਼ਾਨ ਦਾ ਜਨਮ ਦਿਨ ਸੀ। ਪੁਲਿਸ ਨੇ ਹਮਲਾਵਰ ਨੂੰ ਘਟਨਾ ਤੋਂ ਇਕ ਮਹੀਨੇ ਮਗਰੋਂ ਗ੍ਰਿਫਤਾਰ ਕਰ ਲਿਆ ਸੀ।

# ਮੋਦੀ ਸਰਕਾਰ ਵੇਲੇ ਹੋਇਆ ਪ੍ਰੈਸ ਦੀ ਆਜ਼ਾਦੀ ਦਾ ਘਾਣ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਵੱਲੋਂ ਪਿਛਲੇ ਸਾਲ ਦੀ ਇਕ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਚ ਸਰਕਾਰ ਦੀ ਨੁਕਤਾਚੀਨੀ ਕਰਨ ਵਾਲੀਆਂ ਮੀਡੀਆ ਸੰਸਥਾਵਾਂ ਨੂੰ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਦੀ ਸਾਲ 2017 ਦੀ ਮਨੁੱਖੀ ਅਧਿਕਾਰਾਂ ਬਾਰੇ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਕਿ ਸੰਵਿਧਾਨ ਭਾਰਤੀ ਵਿਚ ਬੋਲਣ ਤੇ ਸਵੈ ਪ੍ਰਗਟਾਵੇ ਦੀ ਆਜ਼ਾਦੀ ਦਾ ਉਪਬੰਦ ਹੈ ਪਰ ਸਾਫ ਤੌਰ ਉਤੇ ਪ੍ਰੈੱਸ ਦੀ ਆਜ਼ਾਦੀ ਦਾ ਜ਼ਿਕਰ ਨਹੀਂ ਕੀਤਾ ਗਿਆ।

ਆਮ ਤੌਰ ਉਤੇ ਸਰਕਾਰ ਭਾਰਤ ਦੀ ਇਨ੍ਹਾਂ ਹੱਕਾਂ ਦਾ ਸਤਿਕਾਰ ਕਰਦੀ ਹੈ ਪਰ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਜਦੋਂ ਸਰਕਾਰ ਦੀ ਨੁਕਤਾਚੀਨੀ ਕਰਨ ਵਾਲੀਆਂ ਮੀਡੀਆ ਸੰਸਥਾਵਾਂ ਨੂੰ ਦਬਾਇਆ ਗਿਆ ਹੈ। ਰਿਪੋਰਟ ਅਜਿਹੇ ਸਮੇਂ ਆਈ ਹੈ ਜਦੋਂ ਟਰੰਪ ਪ੍ਰਸ਼ਾਸਨ ਉਤੇ ਖੁਦ ਪ੍ਰੈੱਸ ਦੀ ਆਜ਼ਾਦੀ ਨੂੰ ਕੁਚਲਣ ਦਾ ਇਲਜ਼ਾਮ ਲੱਗ ਰਿਹਾ ਹੈ ਤੇ ਰਾਸ਼ਟਰਪਤੀ ਨੇ ਉਸ ਦੀ ਨੁਕਤਾਚੀਨੀ ਕਰਨ ਵਾਲੇ ਮੀਡੀਆ ਘਰਾਣਿਆਂ ਦੀਆਂ ਰਿਪੋਰਟਾਂ ਨੂੰ ਝੂਠੀਆਂ ਖਬਰਾਂ ਪੇਸ਼ ਕਰਨ ਵਾਲੇ ਦੱਸਿਆ ਸੀ। ਮੀਡੀਆ ਨਿਗਰਾਨ ਸੰਸਥਾ ਦਿ ਹੂਟ'ਸ ਇੰਡੀਆ ਫ੍ਰੀਡਮ ਰਿਪੋਰਟ ਵਿਚ ਜਨਵਰੀ 2016 ਤੋਂ ਅਪਰੈਲ 2017 ਤੱਕ ਦੇ ਕੇਸਾਂ ਦੀ ਤਫਸੀਲ ਦਿੱਤੀ ਗਈ ਹੈ, ਜਿਸ ਅਨੁਸਾਰ ਆਜ਼ਾਦੀ ਦਾ ਮਾਹੌਲ ਸੀਮਤ ਹੋਣ ਦੀ ਭਾਵਨਾ ਪਾਈ ਗਈ ਹੈ ਜੋ ਕੁਝ ਸਾਲ ਪਹਿਲਾਂ ਤੱਕ ਦੇਖਣ ਨੂੰ ਨਹੀਂ ਮਿਲਦੀ ਸੀ।

ਰਿਪੋਰਟ ਵਿਚ ਪੱਤਰਕਾਰਾਂ ਉਤੇ ਹੋਏ 54 ਹਮਲਿਆਂ, ਤਿੰਨ ਟੈਲੀਵਿਜ਼ਨ ਚੈਨਲਾਂ ਉਤੇ ਪਾਬੰਦੀ ਲਾਉਣ, 45 ਵਾਰ ਇੰਟਰਨੈੱਟ ਬੰਦ ਕਰਨ ਅਤੇ ਵੱਖ-ਵੱਖ ਵਿਅਕਤੀਆਂ ਤੇ ਗਰੁੱਪਾਂ ਖਿਲਾਫ਼ ਦੇਸ਼ ਧਰੋਹ ਦੇ ਕੇਸ ਦਰਜ ਕਰਨ ਦੀਆਂ ਮਿਸਾਲਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਤੋਂ ਇਲਾਵਾ ਐਨ.ਡੀ.ਟੀ.ਵੀ. ਉਤੇ ਸੀ.ਬੀ.ਆਈ. ਦੇ ਛਾਪੇ, ਬੌਬੀ ਘੋਸ਼ ਨੂੰ ਹਿੰਦੁਸਤਾਨ ਟਾਈਮਜ਼ ਦੇ ਸੰਪਾਦਕ ਵਜੋਂ ਹਟਵਾਉਣ ਤੇ ਕਾਰਟੂਨਿਸਟ ਜੀ ਬਾਲਾ ਦੀ ਗ੍ਰਿਫਤਾਰੀ ਦਾ ਵੀ ਜ਼ਿਕਰ ਮਿਲਦਾ ਹੈ। ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਕੁਝ ਪੱਤਰਕਾਰਾਂ ਨੂੰ ਉਨ੍ਹਾਂ ਦੀ ਰਿਪੋਰਟਿੰਗ ਕਰ ਕੇ ਹਿੰਸਾ ਤੇ ਪ੍ਰਤਾੜਨਾ ਦਾ ਸ਼ਿਕਾਰ ਹੋਣਾ ਪੈਂਦਾ ਹੈ।

# ਸਮਾਜ ਸੇਵਕ ਬਾਬਾ ਬੁੱਧ ਸਿੰਘ ਢਾਹਾਂ ਸੁਰਗਵਾਸ

**ਬੰਗਾ:** ਕੌਮਾਂਤਰੀ ਪ੍ਰਸਿੱਧੀ ਵਾਲੀ ਸਮਾਜ ਸੇਵੀ ਸੰਸਥਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨ ਟਰੱਸਟ ਢਾਹਾਂ ਕਲੇਰਾਂ ਦੇ ਬਾਨੀ ਪ੍ਰਧਾਨ ਅਤੇ ਗੁਰੂ ਨਾਨਕ ਮਿਸ਼ਨ ਚੈਰੀਟੇਬਲ ਹਸਪਤਾਲ ਨਵਾਂ ਗਰਾਂ ਕੁੱਲਪੁਰ ਦੇ ਮੌਜੂਦਾ ਮੁਖੀ ਬਾਬਾ ਬੁੱਧ ਸਿੰਘ ਢਾਹਾਂ ਦਾ ਦੇਹਾਂਤ ਹੋ ਗਿਆ।

ਉਨ੍ਹਾਂ ਦਾ ਅੰਤਿਮ ਸੰਸਕਾਰ ਮੰਗਲਵਾਰ ਧਾਰਮਿਕ ਰੀਤੀ ਰਿਵਾਜਾਂ ਅਨੁਸਾਰ ਉਨ੍ਹਾਂ ਦੇ ਜੱਦੀ ਪਿੰਡ ਢਾਹਾਂ ਵਿਖੇ ਕਰ ਦਿੱਤਾ ਗਿਆ। ਚਿਤਾ ਨੂੰ ਅਗਨੀ ਉਨ੍ਹਾਂ ਦੇ ਬੇਟੇ ਬਰਜਿੰਦਰ ਸਿੰਘ ਢਾਹਾਂ ਨੇ ਦਿਖਾਈ।

ਅੰਤਿਮ ਦਰਸ਼ਨਾਂ ਉਪਰੰਤ ਬਾਬਾ ਜੀ ਦੀ ਅਤਿੰਮ ਯਾਤਰਾ ਜੱਦੀ ਪਿੰਡ ਢਾਹਾਂ ਲਈ ਅਰੰਭ ਹੋਈ ਜੋ ਗੜ੍ਹਸ਼ੰਕਰ, ਨੌਰਾ, ਬੰਗਾ ਹੁੰਦੀ ਹੋਈ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਪੁੱਜੀ, ਜਿਥੇ ਪੁੱਜਣ 'ਤੇ ਸੰਗਤਾਂ ਨੇ ਬਾਬਾ ਜੀ ਦੇ ਅਤਿੰਮ ਦਰਸ਼ਨ ਕੀਤੇ। ਹਰਦੇਵ ਸਿੰਘ ਕਾਹਮਾ



ਪ੍ਰਧਾਨ, ਕੁਲਵਿੰਦਰ ਸਿੰਘ ਢਾਹਾਂ ਸਕੱਤਰ, ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਇਕਬਾਲ ਸਿੰਘ ਸਾਬਕਾ ਰਾਜਪਾਲ ਪਾਂਡੀਚਰੀ, ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਸਕੱਤਰ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬੀਬੀ ਬਲਵਿੰਦਰ ਕੌਰ ਕਲਸੀ ਮੈਂਬਰ ਟਰੱਸਟ ਨੇ ਬਾਬਾ ਜੀ ਦੀ ਦੇਹ 'ਤੇ ਫੁੱਲਾਂ ਦੇ ਹਾਰ ਪਾਏ।

ਉਪਰੰਤ ਉਨ੍ਹਾਂ ਦੀ ਮ੍ਰਿਤਕ ਦੇਹ ਪਿੰਡ ਢਾਹਾਂ ਦੇ ਸ਼ਮਸ਼ਾਨਘਾਟ ਲਿਜਾਈ ਗਈ। ਬਾਬਾ ਜੀ ਦੀ ਅਰਥੀ ਨੂੰ ਮੋਢਾ ਉਨ੍ਹਾਂ ਦੇ ਬੇਟੇ ਬਰਜਿੰਦਰ ਸਿੰਘ ਢਾਹਾਂ, ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਅਤੇ ਹੋਰ ਨੇੜਲੇ ਰਿਸ਼ਤੇਦਾਰਾਂ ਤੇ ਪਤਵੰਤੇ ਸੱਜਣਾਂ ਨੇ ਦਿੱਤਾ। ਅਤਿੰਮ ਅਰਦਾਸ ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਾਲਿਆਂ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਹਰਿੰਦਰ ਕੌਰ, ਬੀਬੀ ਕੁਲਜਿੰਦਰ ਕੌਰ, ਬੀਬੀ ਮਨਜੀਤ ਕੌਰ ਥਾਂਦੀ (ਸਪੁੱਤਰੀਆਂ ਬਾਬਾ ਜੀ), ਅਜੀਤ ਸਿੰਘ ਥਾਂਦੀ (ਜਵਾਈ ਬਾਬਾ ਬੁੱਧ ਸਿੰਘ ਢਾਹਾਂ), ਜਥੇਦਾਰ ਕੁਲਵਿੰਦਰ ਸਿੰਘ ਢਾਹਾਂ, ਡਾ. ਐਸ ਪੀ ਸਿੰਘ ਓਬਰਾਏ (ਸਰਬੱਤ ਦਾ ਭਲਾ ਟਰੱਸਟ), ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਸੁਰਿੰਦਰਪਾਲ ਸਿੰਘ ਥੰਮਣਵਾਲ ਸਰਪ੍ਰਸਤ, ਬੀਬੀ ਬਲਵਿੰਦਰ ਕੌਰ ਕਲਸੀ ਟਰੱਸਟ ਮੈਂਬਰ, ਡਾ ਸੁਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ, ਸਤਵੀਰ ਸਿੰਘ ਪੱਲੀ ਝਿੱਕੀ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ, ਬੀਬੀ ਸ਼ੁਸ਼ੀਲ ਕੌਰ ਤੋਂ ਇਲਾਵਾ ਇਲਾਕੇ ਦੀਆਂ ਸਮੂਹ ਸਾਧ ਸੰਗਤਾਂ, ਧਾਰਮਿਕ, ਸਿਆਸੀ, ਸਮਾਜਿਕ ਜਥੇਬੰਦੀਆਂ ਦੇ ਅਹੁਦੇਦਾਰ ਅਤੇ ਢਾਹਾਂ ਟਰੱਸਟ ਅਧੀਨ ਚੱਲਦੇ ਵੱਖ ਵੱਖ ਅਦਾਰਿਆਂ ਦੇ ਵਿਦਿਆਰਥੀ ਅਤੇ ਸਟਾਫ਼ ਹਾਜ਼ਰ ਸੀ।

## ਮਾਲੇਗਾਓਂ ਧਮਾਕਾ: ਸੁਪਰੀਮ ਕੋਰਟ ਵੱਲੋਂ ਪੁਰੋਹਿਤ ਨੂੰ ਰਾਹਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਮਾਲੇਗਾਓਂ ਧਮਾਕੇ 'ਚ ਆਪਣੇ ਹੀ ਹੁਕਮਾਂ ਨੂੰ ਸਪਸ਼ਟ ਕਰਦਿਆਂ ਮੁਲਜ਼ਮ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਨੂੰ ਰਾਹਤ ਦਿੰਦਿਆਂ ਇਸ ਮਾਮਲੇ ਵਿਚ ਗੈਰ ਕਾਨੂੰਨੀ ਸਰਗਰਮੀਆਂ ਰੋਕੂ ਐਕਟ (ਯੂ.ਏ.ਪੀ.ਏ.) ਤਹਿਤ ਉਸ ਤੋਂ ਪੁੱਛਗਿੱਛ ਕਰਨ ਦੀ ਦਿੱਤੀ ਇਜਾਜ਼ਤ ਨੂੰ ਦੋਸ਼ ਆਇਦ ਕਰਨ ਮੌਕੇ ਚੁਣੌਤੀ ਦੇਣ ਦੀ ਖੁੱਲ੍ਹ ਦੇ ਦਿੱਤੀ ਹੈ।

ਪੁਰੋਹਿਤ ਨੇ ਬੰਬੇ ਹਾਈ ਕੋਰਟ ਵਿਚ ਦਾਇਰ ਆਪਣੀ ਪਟੀਸ਼ਨ 'ਚ ਮਹਾਰਾਸ਼ਟਰ ਸਰਕਾਰ ਵੱਲੋਂ ਉਸ ਤੋਂ ਇਸ ਮਾਮਲੇ ਸਬੰਧੀ ਉਪਰੋਕਤ ਐਕਟ ਅਧੀਨ ਪੁੱਛਗਿੱਛ ਕਰਨ ਦੀ ਦਿੱਤੀ ਇਜਾਜ਼ਤ ਨੂੰ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਹਾਲਾਂਕਿ ਇਹ ਅਪੀਲ ਉਦੋਂ ਰੱਦ ਕਰ ਦਿੱਤੀ ਸੀ।

# ਪੰਜਾਬ ਦੇ 9 ਵਿਧਾਇਕਾਂ ਨੂੰ ਮਿਲੀ ਝੰਡੀ ਵਾਲੀ ਕਾਰ

**ਚੰਡੀਗੜ੍ਹ:** ਲੰਮੀ ਉਡੀਕ ਪਿਛੋਂ ਆਖਰ ਪੰਜਾਬ ਦੇ 9 ਵਿਧਾਇਕਾਂ ਨੂੰ ਝੰਡੀ ਵਾਲੀ ਕਾਰ ਮਿਲ ਹੀ ਗਈ। ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਕੈਪਟਨ ਵਜ਼ਾਰਤ ਦੇ ਨੌਂ ਨਵੇਂ ਮੰਤਰੀਆਂ ਨੂੰ ਰਾਜ ਭਵਨ ਵਿਚ ਸਮਾਗਮ ਦੌਰਾਨ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁਕਾਈ। ਇਨ੍ਹਾਂ ਤੋਂ ਇਲਾਵਾ ਸ੍ਰੀਮਤੀ ਅਰੁਣਾ ਚੌਧਰੀ ਅਤੇ ਰਜ਼ੀਆ ਸੁਲਤਾਨਾ ਨੂੰ ਵੀ ਤਰੱਕੀ ਦੇ ਕੇ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁਕਾਈ ਗਈ। ਇਸ ਮੁਤਾਬਕ ਮੁੱਖ ਮੰਤਰੀ ਨੇ ਆਪਣੇ ਕੋਲ 19 ਵਿਭਾਗ ਰੱਖੇ ਹਨ। ਦੋ-ਤਿੰਨ ਮੰਤਰੀਆਂ ਦੇ ਵਿਭਾਗਾਂ ਵਿਚ ਫੇਰ ਬਦਲ ਕੀਤਾ ਗਿਆ ਹੈ। ਦੋਵਾਂ ਮਹਿਲਾ ਮੰਤਰੀਆਂ ਦੇ ਵਿਭਾਗ ਬਦਲ ਦਿੱਤੇ ਗਏ ਹਨ।



ਸਿੱਖਿਆ ਵਿਭਾਗ ਦੋ ਮੰਤਰੀਆਂ ਨੂੰ ਦਿੱਤਾ ਗਿਆ ਹੈ। ਸਕੂਲ ਸਿੱਖਿਆ ਨਵੇਂ ਮੰਤਰੀ ਓ.ਪੀ. ਸੋਨੀ ਅਤੇ ਉਚੇਰੀ ਸਿੱਖਿਆ ਰਜ਼ੀਆ ਸੁਲਤਾਨਾ ਨੂੰ ਦਿੱਤੀ ਗਈ ਹੈ। ਨਵਜੋਤ ਸਿੱਧੂ, ਮਨਪ੍ਰੀਤ ਬਾਦਲ, ਸਾਧੂ ਸਿੰਘ ਧਰਮਸੋਤ, ਚਰਨਜੀਤ ਸਿੰਘ ਚੰਨੀ ਕੋਲ ਪਹਿਲਾਂ ਵਾਲੇ ਹੀ ਵਿਭਾਗ ਰਹਿਣਗੇ, ਪਰ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਪੰਚਾਇਤਾਂ ਤੇ ਪੇਂਡੂ ਵਿਕਾਸ ਦੇ ਨਾਲ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਅਤੇ ਬ੍ਰਹਮ ਮਹਿੰਦਰਾ ਨੂੰ ਪਹਿਲੇ ਵਿਭਾਗਾਂ ਦੇ ਨਾਲ ਨਵਾਂ ਸ਼ਿਕਾਇਤ ਨਿਵਾਰਨ ਵਿਭਾਗ ਦਿੱਤਾ ਗਿਆ ਹੈ। ਸ੍ਰੀ ਸੋਨੀ ਨੂੰ ਸਕੂਲ ਸਿੱਖਿਆ ਦੇ ਨਾਲ ਸੁਤੰਤਰਤਾ ਸੈਨਾਨੀ ਵਿਭਾਗ, ਰਾਣਾ ਗੁਰਮੀਤ ਸਿੰਘ ਸੋਢੀ ਨੂੰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਅਤੇ ਅਰੁਣਾ ਚੌਧਰੀ ਨੂੰ ਸਮਾਜਿਕ ਸੁਰੱਖਿਆ, ਔਰਤਾਂ ਤੇ ਬਾਲ ਵਿਕਾਸ ਵਿਭਾਗ ਦੇ ਨਾਲ ਟਰਾਂਸਪੋਰਟ ਵਿਭਾਗ ਦਿੱਤਾ ਹੈ। ਰਜ਼ੀਆ ਸੁਲਤਾਨਾ ਨੂੰ ਉਚੇਰੀ ਸਿੱਖਿਆ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਹਿਕਾਰਤਾ ਅਤੇ ਜੇਲ੍ਹ ਵਿਭਾਗ ਦਿੱਤਾ ਗਿਆ ਹੈ। ਸੁੱਖ ਸਰਕਾਰੀਆ ਨੂੰ ਮਾਲ, ਮੁੜ ਵਸੇਬਾ, ਪਾਣੀ ਸੋਮੇ ਅਤੇ ਖਣਨ ਵਿਭਾਗ, ਗੁਰਪ੍ਰੀਤ ਸਿੰਘ ਕਾਂਗੜ ਨੂੰ ਬਿਜਲੀ, ਨਵਿਆਉਣਯੋਗ ਊਰਜਾ, ਬਲਬੀਰ ਸਿੰਘ ਸਿੱਧੂ ਨੂੰ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਕਿਰਤ ਵਿਭਾਗ, ਵਿਜੇਇੰਦਰ ਸਿੰਗਲਾ ਨੂੰ ਲੋਕ ਨਿਰਮਾਣ ਅਤੇ ਸੂਚਨਾ ਤਕਨਾਲੋਜੀ, ਸੁੰਦਰ ਸ਼ਿਆਮ ਅਰੋੜਾ ਨੂੰ ਸਨਅਤ ਅਤੇ ਵਣਜ ਵਿਭਾਗ ਦਿੱਤਾ ਹੈ। ਭਾਰਤ ਭੂਸ਼ਨ ਆਸ਼ੂ ਨੂੰ ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਦਿੱਤਾ ਗਿਆ ਹੈ।

ਰਾਜ ਭਵਨ ਵਿਚ ਹੋਏ ਹਲਫਦਾਰੀ ਸਮਾਗਮ ਵਿਚ ਰਾਜਪਾਲ ਨੇ ਸਭ ਤੋਂ ਪਹਿਲਾਂ ਸੀਨੀਅਰ ਵਿਧਾਇਕ ਓ.ਪੀ. ਸੋਨੀ ਨੂੰ ਸਹੁੰ ਚੁਕਾਈ। ਉਨ੍ਹਾਂ ਤੋਂ ਬਾਅਦ ਰਾਣਾ ਗੁਰਮੀਤ ਸਿੰਘ ਸੋਢੀ ਤੇ ਫਿਰ ਤੀਜੇ ਤੇ ਚੌਥੇ ਸਥਾਨ ਉਤੇ ਮਹਿਲਾ ਮੰਤਰੀਆਂ ਅਰੁਣਾ ਚੌਧਰੀ ਤੇ ਰਜ਼ੀਆ ਸੁਲਤਾਨਾ ਨੂੰ ਰਾਜ ਮੰਤਰੀਆਂ ਤੋਂ ਕੈਬਨਿਟ ਮੰਤਰੀਆਂ ਵਜੋਂ ਸਹੁੰ ਚੁਕਾਈ ਗਈ। ਪੰਜਵੇਂ ਨੰਬਰ ਉਤੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਹੁੰ ਚੁਕਾਈ ਗਈ। ਛੇਵੇਂ ਨੰਬਰ ਉਤੇ ਮਾਝੇ ਤੋਂ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਸੁੱਖ ਸਰਕਾਰੀਆ ਨੂੰ ਸਹੁੰ ਚੁਕਾਈ ਜਾਣੀ ਸੀ ਪਰ ਗੁਰਪ੍ਰੀਤ ਸਿੰਘ ਕਾਂਗੜ ਨੂੰ ਸਹੁੰ ਚੁਕਾ ਦਿੱਤੀ ਗਈ ਪਰ ਇਸ ਗਲਤੀ ਨੂੰ ਮੁੱਖ ਸਕੱਤਰ ਨੇ ਉਸੇ ਸਮੇਂ ਹੀ ਸੁਧਾਰ ਲਿਆ ਗਿਆ। ਮੁਹਾਲੀ ਤੋਂ ਵਿਧਾਇਕ ਬਲਬੀਰ ਸਿੰਘ ਸਿੱਧੂ ਨੂੰ ਅੱਠਵੇਂ, ਸੰਗਰੂਰ ਤੋਂ ਨੌਜਵਾਨ ਆਗੂ ਵਿਜੇਇੰਦਰ ਸਿੰਗਲਾ ਨੂੰ ਨੌਵੇਂ, ਫਿਰ ਸੁੰਦਰ ਸ਼ਿਆਮ ਅਰੋੜਾ ਅਤੇ ਅਖੀਰ ਲੁਧਿਆਣਾ ਤੋਂ ਵਿਧਾਇਕ ਭਾਰਤ ਭੂਸ਼ਨ ਆਸ਼ੂ ਨੂੰ ਸਹੁੰ ਚੁਕਾਉਣ ਨਾਲ ਸਮਾਗਮ ਖਤਮ ਹੋ ਗਿਆ।

### ਕੈਪਟਨ ਸਰਕਾਰ 'ਚ ਪਹਿਲੀ ਵਾਰ ਦੁਆਬਾ ਰਿਹਾ ਫਾਡੀ

**ਜਲੰਧਰ:** ਕੈਪਟਨ ਸਰਕਾਰ ਵਿਚ ਪਹਿਲੀ ਵਾਰ ਦੁਆਬਾ ਫਾਡੀ ਰਿਹਾ ਹੈ। ਕੈਪਟਨ ਸਰਕਾਰ ਬਣਦਿਆਂ ਹੀ ਮੁੱਖ ਮੰਤਰੀ ਸਮੇਤ ਵਜ਼ਾਰਤ ਦੇ ਸਹੁੰ ਚੁੱਕਣ ਵਾਲੇ 10 ਵਿਧਾਇਕਾਂ ਵਿਚ ਸਿਰਫ ਰਾਣਾ ਗੁਰਜੀਤ ਸਿੰਘ ਇਕ ਵਿਧਾਇਕ ਨੂੰ ਹੀ ਮੰਤਰੀ ਬਣਨ ਦਾ ਮਾਣ ਮਿਲਿਆ ਸੀ, ਪਰ ਉਨ੍ਹਾਂ ਨੂੰ ਵੀ ਅਜਿਹੀ ਨਜ਼ਰ ਲੱਗੀ ਕਿ ਰੇਤ ਖੱਡਾਂ ਦੇ ਵਿਵਾਦ ਵਿਚ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਤੇ ਦੁਆਬਾ ਵਜ਼ਾਰਤ ਤੋਂ ਪੂਰੀ ਤਰ੍ਹਾਂ ਸੱਖਣਾ ਹੋ ਗਿਆ। ਹੁਣ ਨਵੇਂ ਸਹੁੰ ਚੁੱਕਣ ਵਾਲੇ ਵਿਧਾਇਕਾਂ ਵਿਚ ਸਿਰਫ ਹੁਸ਼ਿਆਰਪੁਰ ਤੋਂ ਵਿਧਾਇਕ ਸੁੰਦਰ ਸ਼ਾਮ ਅਰੋੜਾ ਦਾ ਨਾਂ ਹੀ ਆਇਆ ਹੈ। ਪਿਛਲੇ ਤਿੰਨ ਦਹਾਕਿਆਂ ਵਿਚ ਪਹਿਲੀ ਵਾਰ ਜਲੰਧਰ ਝੰਡੀ ਵਾਲੀ ਕਾਰ ਤੋਂ ਵਿਰਵਾ ਰਹਿ ਗਿਆ ਹੈ। ਦੁਆਬੇ ਦੀਆਂ 23 ਵਿਧਾਨ ਸਭਾ ਸੀਟਾਂ ਵਿਚੋਂ 15 ਕਾਂਗਰਸ ਦੇ ਵਿਧਾਇਕ ਹਨ ਤੇ ਪੂਰੇ ਖੇਤਰ ਵਿਚੋਂ ਮੰਤਰੀ ਸਿਰਫ ਇਕ ਹੀ ਬਣਾਇਆ ਗਿਆ ਹੈ।

### ਮੰਤਰੀ ਮੰਡਲ ਵਿਚ ਵਾਧੇ ਨੂੰ ਚੁਣੌਤੀ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵਿਚ ਵਾਧਾ ਕਰਦਿਆਂ 9 ਨਵੇਂ ਮੰਤਰੀਆਂ ਦੀ ਸ਼ਮੂਲੀਅਤ ਨੂੰ ਤੈਅ ਗਿਣਤੀ ਤੋਂ ਵੱਧ ਮੰਤਰੀ ਬਣਾਉਣ ਦੀ ਕਾਰਵਾਈ ਕਰਾਰ ਦਿੰਦਿਆਂ ਇਸ ਵਾਧੇ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਇਕ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਖਲ ਕੀਤੀ ਗਈ ਹੈ। ਹਾਈ ਕੋਰਟ ਵੱਲੋਂ ਇਸ ਪਟੀਸ਼ਨ ਉਤੇ ਫੌਰੀ ਸੁਣਵਾਈ ਤੋਂ ਇਨਕਾਰ ਕਰਨ ਨਾਲ ਫਿਲਹਾਲ ਕੈਪਟਨ ਸਰਕਾਰ ਨੂੰ ਵੱਡੀ ਰਾਹਤ ਮਿਲ ਗਈ ਹੈ।

### ਨਾਜਾਇਜ਼ ਖਣਨ

## ਸੇਖਵਾਂ ਦੇ ਪੁੱਤ ਸਣੇ ਦੋ ਅਕਾਲੀ ਨਾਮਜ਼ਦ

**ਕਾਹਨੂੰਵਾਨ:** ਕਾਦੀਆਂ ਦੇ ਬੇਟ ਖੇਤਰ ਵਿਚੋਂ ਲੰਘਦੇ ਦਰਿਆ ਬਿਆਸ ਵਿਚੋਂ ਚੋਰੀ ਰੇਤ ਕੱਢ ਕੇ ਵੇਚਣ ਦੇ ਮਾਮਲੇ ਦੀ ਪੜਤਾਲ ਤੋਂ ਬਾਅਦ ਸਾਬਕਾ ਕੈਬਨਿਟ ਮੰਤਰੀ ਸੇਵਾ ਸਿੰਘ ਸੇਖਵਾਂ ਦੇ ਵੱਡੇ ਪੁੱਤਰ ਅਤੇ ਯੂਥ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਜਗਰੂਪ ਸਿੰਘ ਸੇਖਵਾਂ ਅਤੇ ਅਕਾਲੀ ਆਗੂ ਕੰਵਲਪ੍ਰੀਤ ਸਿੰਘ ਕਾਕੀ ਖਿਲਾਫ਼ ਥਾਣਾ ਭੈਣੀ ਮੀਆਂ ਖਾਂ ਵਿਚ ਮਾਈਨਿੰਗ ਐਕਟ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ।

ਥਾਣਾ ਮੁਖੀ ਨੇ ਦੱਸਿਆ ਕਿ ਬਲਵਿੰਦਰ ਸਿੰਘ ਭਿੰਡਾ ਵਾਸੀ ਨੈਨੇਕੋਟ ਵੱਲੋਂ ਕੀਤੀ ਗਈ ਸ਼ਿਕਾਇਤ ਦੇ ਆਧਾਰ ਉਤੇ ਐਸ.ਐਸ.ਪੀ. (ਵਿਜੀਲੈਂਸ ਬਿਊਰੋ) ਅੰਮ੍ਰਿਤਸਰ ਵੱਲੋਂ ਕੀਤੀ ਪੜਤਾਲ ਵਿਚ ਪਾਇਆ ਗਿਆ ਕਿ ਇਨ੍ਹਾਂ ਦੋਹਾਂ ਆਗੂਆਂ ਵੱਲੋਂ ਸਾਲ 2012 ਤੋਂ ਲੈ ਕੇ 2017 ਤੱਕ ਪਿੰਡ ਮੁਗਰਾਲਾ ਕੋਲ ਪੈਂਦੇ ਦਰਿਆ ਬਿਆਸ ਦੀ ਖੱਡ ਵਿਚੋਂ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਆਪਣਾ ਅਸਰ-ਰਸੂਖ ਵਰਤ ਕੇ ਰੇਤ ਦੀ ਨਾਜਾਇਜ਼ ਤੌਰ ਉਤੇ ਮਾਈਨਿੰਗ ਕੀਤੀ ਗਈ।

ਜਾਂਚ ਪੜਤਾਲ ਤੋਂ ਬਾਅਦ ਥਾਣਾ ਭੈਣੀ ਮੀਆਂ ਖਾਂ ਵਿਚ ਦੋਹਾਂ ਖਿਲਾਫ਼ ਮਾਈਨਿੰਗ ਐਕਟ ਦੀਆਂ ਧਾਰਾਵਾਂ ਤੋਂ ਇਲਾਵਾ 379 ਅਤੇ 120 ਬੀ ਧਾਰਾ ਹੇਠ ਪਰਚਾ ਦਰਜ ਕੀਤਾ ਗਿਆ ਹੈ।

### ਇੰਗਲੈਂਡ 'ਚ ਪੰਜਾਬੀ ਉਦਮੀ 'ਕੁਈਨ ਐਵਾਰਡ' ਨਾਲ ਸਨਮਾਨਤ

**ਲੰਡਨ:** ਬਰਤਾਨੀਆ ਵਿਚ ਪੰਜਾਬੀ ਉਦਮੀ ਵੱਲੋਂ ਸਥਾਪਤ ਕੀਤੀ ਫਾਰਮਾਸੂਟੀਕਲ ਕੰਪਨੀ ਵੀਟਾਬਾਇਓਟਿਕਸ, ਦੇਸ਼ ਦੇ ਇਤਿਹਾਸ 'ਚ 'ਕੁਈਨ ਐਵਾਰਡ' ਪ੍ਰਾਪਤ ਕਰਨ ਵਾਲੀ ਪਹਿਲੀ ਵਿਟਾਮਿਨ ਕੰਪਨੀ ਬਣ ਗਈ ਹੈ। ਕਰਤਾਰ ਸਿੰਘ ਲਾਲਵਾਨੀ ਨੇ 1971 'ਚ ਇਥੇ ਕੰਪਨੀ ਸਥਾਪਤ ਕੀਤੀ ਸੀ। ਬਿਊਟੀ ਵਿਟਾਮਿਨ ਰੇਂਜ ਬਣਾਉਣ ਕਰ ਕੇ ਇਸ ਦਾ ਸਨਮਾਨ ਕੀਤਾ ਗਿਆ ਹੈ।

ਅਧਿਕਾਰਕ ਬਿਆਨ ਅਨੁਸਾਰ ਇਹ ਵਿਟਾਮਿਨ ਕੰਪਨੀ ਅੱਜ ਦੇ ਸਮੇਂ 'ਚ ਦੇਸ਼ ਦੀ ਪਹਿਲੀ ਕੰਪਨੀ ਹੈ, ਜਿਸ ਨੂੰ ਖੋਜ ਲਈ ਦੋ ਵਾਰ ਪੁਰਸਕਾਰ ਦਿੱਤਾ ਗਿਆ ਹੈ। ਇਸ ਕੰਪਨੀ ਨੂੰ ਚੌਥੀ ਵਾਰ 'ਕੁਈਨ ਐਵਾਰਡ' ਮਿਲਿਆ ਹੈ। ਐਵਾਰਡ ਮਿਲਣ ਤੋਂ ਬਾਅਦ ਕੰਪਨੀ ਦੇ ਨਿਰਦੇਸ਼ਕ ਕਰਤਾਰ ਸਿੰਘ ਲਾਲਵਾਨੀ ਨੇ ਕਿਹਾ ਕਿ ਖੋਜ ਤੇ ਬਿਹਤਰੀਨ ਬਿਊਟੀ ਵਿਟਾਮਿਨ ਬਣਾਉਣ ਕਰ ਕੇ ਮੇਰੀ ਕੰਪਨੀ ਵੀਟਾਬਾਇਓਟਿਕਸ ਇਕ ਵਾਰ ਫਿਰ 'ਕੁਈਨ ਐਵਾਰਡ' ਪ੍ਰਾਪਤ ਕਰਨ ਉਤੇ ਆਪਣੇ ਆਪ ਨੂੰ ਸਨਮਾਨਤ ਮੰਨਦੀ ਹੈ।

# ਰਸੂਖਵਾਨਾਂ ਨੇ ਨੱਪੀ ਤਿੰਨ ਹਜ਼ਾਰ ਕਰੋੜ ਦੀ ਪੰਚਾਇਤੀ ਜਮੀਨ

**ਬਠਿੰਡਾ:** ਪੰਜਾਬ ਦੇ ਪਿੰਡਾਂ ਵਿਚ ਤਕਰੀਬਨ ਤਿੰਨ ਹਜ਼ਾਰ ਕਰੋੜ ਦੀ ਪੰਚਾਇਤੀ ਜਮੀਨ ਨਾਜਾਇਜ਼ ਕਬਜ਼ੇ ਹੇਠ ਹੈ। ਅੰਕੜਿਆਂ ਮੁਤਾਬਕ ਪੰਚਾਇਤਾਂ ਨੂੰ ਇਨ੍ਹਾਂ ਨਾਜਾਇਜ਼ ਕਬਜ਼ਿਆਂ ਕਾਰਨ ਹਰ ਵਰ੍ਹੇ ਤਕਰੀਬਨ 43 ਕਰੋੜ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ।

ਹਾਲਾਂਕਿ ਕੈਪਟਨ ਹਕੂਮਤ ਨੇ ਨਾਜਾਇਜ਼ ਕਬਜ਼ੇ ਹਟਾਉਣ ਲਈ ਕਾਰਵਾਈ ਅਰੰਭੀ ਹੋਈ ਹੈ। ਬਹੁਤੇ ਕਬਜ਼ਿਆਂ ਸਬੰਧੀ ਵੱਖ-ਵੱਖ ਅਦਾਲਤਾਂ ਵਿਚ ਕੇਸ ਵੀ ਚੱਲ ਰਹੇ ਹਨ। ਵੇਰਵਿਆਂ ਮੁਤਾਬਕ ਪੰਜਾਬ ਭਰ ਵਿਚ ਪੰਚਾਇਤਾਂ ਦੀ ਤਕਰੀਬਨ 20,282 ਏਕੜ ਜਮੀਨ ਰਸੂਖਵਾਨਾਂ ਨੇ ਦੱਬੀ ਹੋਈ ਹੈ, ਜਿਸ ਦੀ ਬਾਜ਼ਾਰੀ ਕੀਮਤ ਕਰੀਬ ਤਿੰਨ ਹਜ਼ਾਰ ਕਰੋੜ ਰੁਪਏ ਹੈ। ਪੰਜਾਬ ਵਿਚ ਪੰਚਾਇਤਾਂ ਕੋਲ ਕਰੀਬ 1.70 ਲੱਖ ਏਕੜ ਜਮੀਨ ਹੈ, ਜਿਸ ਵਿਚੋਂ 1.42 ਲੱਖ ਏਕੜ ਜਮੀਨ ਠੇਕੇ ਉਤੇ ਦਿੱਤੀ ਹੋਈ ਹੈ। ਪੰਜਾਬ ਦੀ ਪੰਚਾਇਤੀ ਜਮੀਨ ਦਾ ਔਸਤਨ ਠੇਕਾ ਤਕਰੀਬਨ 21 ਹਜ਼ਾਰ ਪ੍ਰਤੀ ਏਕੜ ਦੇ ਕਰੀਬ ਹੈ। ਪੰਚਾਇਤ ਵਿਭਾਗ ਦੇ ਕੁਝ ਅਫਸਰ ਵੀ ਇਨ੍ਹਾਂ ਕਬਜ਼ਾਧਾਰਕਾਂ ਨੂੰ ਥਾਪੜਾ ਦੇ ਰਹੇ ਹਨ। ਸਭ ਤੋਂ ਵੱਧ ਨਾਜਾਇਜ਼ ਕਬਜ਼ੇ ਜ਼ਿਲ੍ਹਾ ਪਟਿਆਲਾ ਵਿਚ ਹਨ, ਜੋ 4,541 ਏਕੜ ਦੇ ਕਰੀਬ ਹੈ। ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਟਿਆਲਾ ਸੁਰਿੰਦਰ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਨਾਜਾਇਜ਼ ਕਬਜ਼ੇ ਛੁਡਾਉਣ ਲਈ ਮੁਹਿੰਮ ਵਿੱਢੀ ਹੋਈ ਹੈ।

ਇਸ ਤਹਿਤ ਇਕੋ ਪਿੰਡ ਵਿਚੋਂ ਕਰੀਬ 90 ਏਕੜ ਰਕਬੇ ਤੋਂ ਨਾਜਾਇਜ਼ ਕਬਜ਼ਾ ਹਟਾਇਆ ਵੀ ਗਿਆ ਹੈ ਤੇ ਹੋਰਨਾਂ ਕਈ ਪਿੰਡਾਂ ਵਿਚ ਕਾਰਵਾਈ ਚੱਲ ਰਹੀ ਹੈ। ਦੂਸਰਾ ਨੰਬਰ ਕਪੂਰਥਲਾ ਜ਼ਿਲ੍ਹੇ ਦਾ ਹੈ। ਇਥੇ 3,364 ਏਕੜ ਪੰਚਾਇਤੀ ਜ਼ਮੀਨਾਂ ਨਾਜਾਇਜ਼ ਕਬਜ਼ੇ ਹੇਠ ਹੈ।

ਇਸ ਤੋਂ ਬਾਅਦ ਫਤਿਹਗੜ੍ਹ ਸਾਹਿਬ ਵਿਚ 2435 ਏਕੜ ਜਮੀਨ ਉਤੇ ਨਾਜਾਇਜ਼ ਕਬਜ਼ੇ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹਲਕਾ ਲੰਬੀ ਦੇ ਚੰਨੂੰ ਪਿੰਡ ਵਿਚ ਕਰੀਬ 50 ਏਕੜ ਜਮੀਨ ਤੇ ਵਰ੍ਹਿਆਂ ਤੋਂ ਲੋਕਾਂ ਦੇ ਨਾਜਾਇਜ਼ ਕਬਜ਼ੇ ਹਨ। ਫਰੀਦਕੋਟ ਇਕਲੌਤਾ ਜ਼ਿਲ੍ਹਾ ਹੈ, ਜਿਥੇ ਪੰਚਾਇਤੀ ਜਮੀਨ ਉਤੇ ਕੋਈ ਨਾਜਾਇਜ਼ ਕਬਜ਼ਾ ਨਹੀਂ ਹੈ।

ਮੋਗਾ ਦੀਆਂ ਪੰਚਾਇਤਾਂ ਕੋਲ 3201 ਏਕੜ ਜਮੀਨ ਹੈ ਤੇ ਜ਼ਿਲ੍ਹੇ 'ਚ ਸਿਰਫ 6 ਏਕੜ ਜਮੀਨ 'ਤੇ ਹੀ ਨਾਜਾਇਜ਼ ਕਬਜ਼ਾ ਹੈ। ਬਠਿੰਡਾ 'ਚ 97 ਏਕੜ, ਮਾਨਸਾ 'ਚ 35 ਏਕੜ, ਜਲੰਧਰ ਵਿਚ 1,967 ਏਕੜ, ਗੁਰਦਾਸਪੁਰ ਵਿਚ 606 ਏਕੜ, ਅੰਮ੍ਰਿਤਸਰ ਵਿਚ 886 ਏਕੜ, ਮੋਹਾਲੀ ਜ਼ਿਲ੍ਹੇ ਵਿਚ 819 ਏਕੜ, ਫਿਰੋਜ਼ਪੁਰ ਵਿਚ 544 ਏਕੜ ਅਤੇ ਸੰਗਰੂਰ ਜ਼ਿਲ੍ਹੇ ਵਿਚ 349 ਏਕੜ ਪੰਚਾਇਤੀ ਜਮੀਨ ਉਤੇ ਨਾਜਾਇਜ਼ ਕਬਜ਼ੇ ਹਨ। ਸੰਗਰੂਰ ਦੇ ਪਿੰਡ ਫਤਿਹਗੜ੍ਹ ਭਾਦਸੋਂ ਵਿਚ ਕਾਫੀ ਜਮੀਨ ਉਤੇ ਨਾਜਾਇਜ਼ ਕਬਜ਼ਾ ਹੈ।

ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦਾ ਕਹਿਣਾ ਸੀ ਕਿ ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਪੰਚਾਇਤ ਵਿਭਾਗ ਦੇ ਪ੍ਰਮੁੱਖ ਸਕੱਤਰ ਅਨੁਰਾਗ ਵਰਮਾ ਦਾ ਕਹਿਣਾ ਸੀ ਕਿ ਉਹ ਅਧਿਕਾਰੀਆਂ ਤੋਂ ਹਰ ਮਹੀਨੇ ਇਸ ਸਬੰਧੀ ਰਿਪੋਰਟ ਤਲਬ ਕਰ ਰਹੇ ਹਨ।

# ਪੱਤਰਕਾਰ ਸੁਰੇਂਦਰਾ ਨਿਹਾਲ ਸਿੰਘ ਨੂੰ ਚੇਤੇ ਕਰਦਿਆਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਐਸ. ਨਿਹਾਲ ਸਿੰਘ ਵਜੋਂ ਜਾਣਿਆ ਜਾਂਦਾ ਸੁਰੇਂਦਰਾ ਸਿੰਘ ਧੀਮੇ ਬੋਲਾਂ ਪਰ ਦ੍ਰਿੜ੍ਹ ਇਰਾਦੇ ਵਾਲਾ ਪੱਤਰਕਾਰ ਸੀ। ਮੈਂ ਉਸ ਨੂੰ ਪਹਿਲੀ ਤੇ ਆਖਰੀ ਵਾਰ ਇੰਡੀਆ ਕਾਫੀ ਹਾਊਸ, ਨਵੀਂ ਦਿੱਲੀ ਵਿਚ ਸਤਿੰਦਰ ਸਿੰਘ ਟ੍ਰਿਬਿਊਨ ਵਾਲੇ ਦੀ ਸੰਗਤ ਵਿਚ ਮਿਲਿਆ। ਸਤਿੰਦਰ ਬੜਬੋਲਾ ਵਿਅਕਤੀ ਸੀ। ਕਿਸੇ ਸਿਆਸੀ ਮਸਲੇ 'ਤੇ ਗੱਲ ਕਰਦਿਆਂ ਉਹ ਉਚੀ-ਉਚੀ ਬੋਲ ਰਿਹਾ ਸੀ ਤੇ ਨਿਹਾਲ ਸਿੰਘ ਸਹਿਜੇ-ਸਹਿਜੇ ਮੁਸਕਰਾ ਕੇ ਉਤਰ ਦੇ ਰਿਹਾ ਸੀ। ਸਤਿੰਦਰ ਉਹਦੇ ਨਾਲੋਂ ਅੱਠ ਸਾਲ ਵੱਡਾ ਸੀ ਤੇ ਕਾਫੀ ਹਾਊਸ ਦੀ ਬਿਲਾ ਨਾਗਾ ਫੇਰੀ ਕਾਰਨ ਉਥੋਂ ਦਾ ਸਰਦਾਰ ਸੀ।

ਇਹ ਗੱਲ ਵੱਖਰੀ ਹੈ, ਇਸ ਘਟਨਾ ਤੋਂ ਇੱਕ ਦਹਾਕਾ ਪਹਿਲਾਂ ਨਿਹਾਲ ਸਿੰਘ ਨੂੰ ਨਿਊ ਯਾਰਕ ਵਿਖੇ 1978 ਦੇ ਇੰਟਰਨੈਸ਼ਨਲ ਐਡੀਟਰ ਵਜੋਂ ਸਨਮਾਨਿਆ ਜਾ ਚੁਕਾ ਸੀ। ਇਹ ਸਨਮਾਨ ਉਸ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵਲੋਂ 1975 ਵਿਚ ਲਾਈ ਐਮਰਜੈਂਸੀ ਦਾ ਸਹਿਜ ਤੇ ਦ੍ਰਿੜ੍ਹ ਵਿਰੋਧ ਕਰਨ ਲਈ ਮਿਲਿਆ ਸੀ। ਸੰਨ 1975 ਤੱਕ ਉਹ ਦੋ ਸਾਲ ਦਿੱਲੀ ਵਿਖੇ 'ਸਟੇਟਸਮੈਨ' ਦਾ ਰੈਜ਼ੀਡੈਂਟ ਐਡੀਟਰ ਰਹਿਣ ਉਪਰੰਤ ਇਸੇ ਹੀ ਅਖ਼ਬਾਰ ਦੇ ਕਲਕੱਤਾ ਦਫਤਰ ਵਿਚ ਚੀਫ ਐਡੀਟਰ ਵਜੋਂ ਤਾਇਨਾਤ ਹੋ ਚੁਕਾ ਸੀ ਤੇ ਸਤਿੰਦਰ ਸਿੰਘ ਕੇਵਲ ਟ੍ਰਿਬਿਊਨ ਦੇ ਦਿੱਲੀ ਬਿਊਰੋ ਦਾ ਚੀਫ ਸੀ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਦੋਹਾਂ ਦੀ ਇੱਕ ਦੂਜੇ ਨਾਲ ਸਾਂਝ ਐਮਰਜੈਂਸੀ ਦੇ ਵਿਰੋਧ ਤੱਕ ਹੀ ਸੀਮਤ ਸੀ।



ਸੁਰੇਂਦਰਾ ਨਿਹਾਲ ਸਿੰਘ

ਐਸ. ਨਿਹਾਲ ਸਿੰਘ ਸੱਚ ਮੁੱਚ ਹੀ ਉਚ ਦੁਮਾਲੜਾ ਪੱਤਰਕਾਰ ਸੀ। ਉਹ ਰਾਵਲ ਪਿੰਡੀ ਵਿਖੇ ਗੁਰਮੁਖ ਨਿਹਾਲ ਸਿੰਘ ਦੇ ਘਰ ਪੈਦਾ ਹੋਇਆ। ਮਾਂ ਦਾ ਨਾਂ ਲਕਸ਼ਮੀ (ਦੇਵੀ) ਸਿੰਘ ਸੀ। ਉਹ 'ਇੰਡੀਅਨ ਐਕਸਪ੍ਰੈਸ' ਦਾ ਚੀਫ ਐਡੀਟਰ ਵੀ ਰਿਹਾ ਤੇ 'ਸਟੇਟਸਮੈਨ' ਦਾ ਰੂਸ, ਬਰਤਾਨੀਆ, ਅਮਰੀਕਾ ਤੇ ਇੰਡੋਨੇਸ਼ੀਆ ਦਾ ਵਿਦੇਸ਼ ਪ੍ਰਤੀਨਿਧ ਵੀ। 'ਦਾ ਇੰਡੀਆ ਪੋਸਟ' ਮੁੰਬਈ ਦਾ ਪ੍ਰਥਮ ਸੰਪਾਦਕ ਬਣਨਾ ਤੇ ਪ੍ਰੈਸ ਕਲੱਬ ਆਫ ਇੰਡੀਆ ਦਾ ਪ੍ਰਧਾਨ ਰਹਿਣਾ ਵੀ ਉਸ ਦੀ ਕਲਗੀ ਦੇ ਖੰਭਾਂ ਵਿਚ ਸ਼ਾਮਲ ਹੈ।

ਸੁਰੇਂਦਰਾ ਨਿਹਾਲ ਸਿੰਘ ਨੇ ਆਖਰੀ ਉਮਰ ਵਿਚ ਖਾਣ ਪੀਣ ਦੇ ਸ਼ੌਕ ਪਾਲਣ ਲਈ 1994 ਵਿਚ 'ਖਲੀਜ ਟਾਈਮਜ਼' ਦੁਬਈ ਦੀ ਚੋਖੀ ਤਨਖਾਹ ਵਾਲੀ ਸੰਪਾਦਕੀ ਵੀ ਸੰਭਾਲੀ, ਜਿਸ ਸਦਕਾ ਉਹ ਰਹਿੰਦੇ ਦਮ ਤੱਕ ਵਧੀਆ ਅਖਬਾਰਾਂ ਦਾ ਕਾਲਮਨਵੀਸ ਬਣਿਆ ਅਤੇ ਰੂਸ ਤੇ ਚੀਨ ਬਾਰੇ ਪੁਸਤਕਾਂ ਵੀ ਲਿਖੀਆਂ। ਉਸ ਨੇ ਇਸ ਮਹੀਨੇ ਦੇ ਅੰਤ ਵਿਚ 89 ਵਰ੍ਹੇ ਦਾ ਹੋ ਜਾਣਾ ਸੀ। ਉਹ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੇ ਚੰਗੇ ਪਤੀ ਵਜੋਂ ਜਾਣਿਆ ਜਾਂਦਾ ਸੀ। ਮੈਨੂੰ ਸੁਰੇਂਦਰਾ ਸਿੰਘ ਦੇ ਅਕਾਲ ਚਲਾਣੇ ਨੇ ਮੁੜ ਉਹਦੀ ਯਾਦ ਦਿਵਾ ਦਿੱਤੀ ਹੈ।

**ਵਿਸਾਖੀ ਮਹੀਨੇ ਦਾ ਮੀਂਹ ਤੇ ਝੱਖੜ:** ਇਸ ਵਰ੍ਹੇ ਦੀ ਬੇਮੌਸਮੀ ਵਰਖਾ ਤੇ ਝੱਖੜ ਨੇ ਕਣਕ ਦੀ ਵਾਢੀ 'ਤੇ ਆਈ ਫਸਲ ਵਿਛਾ ਛੱਡੀ ਹੈ। ਕੰਬਾਈਨਾਂ ਨਾਂ ਵੱਢੇ ਜਾਣ ਕਾਰਨ ਘਰਾਂ ਤੇ ਮੰਡੀਆਂ ਦੇ ਬੋਹਲਾਂ ਵਿਚ ਬਰਕਤ ਨਹੀਂ ਰਹਿਣੀ। 'ਰੱਬਾ ਰੱਬਾ ਮੀਂਹ ਵਰ੍ਹਾ, ਸਾਡੀ ਕੋਠੀ ਦਾਣੇ ਪਾ' ਦੀ ਥਾਂ ਉਤਰੀ ਭਾਰਤ ਦੀ ਕਿਰਸਾਣੀ 'ਪੱਕੀ ਫਸਲ ਵੇਖ ਕੇ ਗਰਭ ਕਰੇ ਕਿਰਸਾਣ, ਮੀਂਹ ਤੇ ਝੱਖੜ ਬਹੁਤ ਹੈ ਘਰ ਆਈ ਤਾਂ ਜਾਣ' ਦੇ ਚੇਤੇ ਕਰਨ ਲਈ ਮਜਬੂਰ ਹੋ ਗਏ ਹਨ। ਮੇਰੀ ਉਮਰ ਦੇ ਜੱਟਾਂ ਨੂੰ ਹਰੀ ਕ੍ਰਾਂਤੀ ਵੀ ਭੁੱਲ ਜਾਣੀ ਹੈ ਤੇ ਭਾਰੇ ਸਿੱਟਿਆਂ ਵਾਲੀਆਂ ਕਿਸਮਾਂ ਦੀ ਕਾਢ ਕੱਢਣ ਵਾਲਾ ਵਿਗਿਆਨੀ ਐਨ. ਬੋਰਲਾਗ ਵੀ। ਉਹ ਸਮੇਂ ਵੀ ਚੇਤੇ ਆਉਣੇ ਕੁਦਰਤੀ ਹਨ ਜਦੋਂ ਜੱਟ ਜ਼ਿਮੀਂਦਾਰ ਕਣਕ ਦੀ ਇੱਕ-ਇੱਕ ਬੱਲੀ ਬਚਾਉਣ ਲਈ ਦਾਤੀ ਨਾਲ ਵਾਢੀ ਕਰਨ ਵਾਲਿਆਂ ਨੂੰ ਦਾਅਵਤਾਂ ਦੇ ਕੇ ਤੇ ਮੂੰਹ ਮੰਗਿਆ ਖਾਣ ਪੀਣ ਨੂੰ ਦੇ ਕੇ ਦੁਆਵਾਂ ਵੀ ਦਿੰਦੇ ਸਨ। ਮੈਂ ਪਿਛਲੇ ਐਤਵਾਰ ਪੰਜਾਬ ਹੋ ਕੇ ਆਇਆ ਹਾਂ ਤੇ ਬਲਿਹਾਰੇ ਜਾਂਦਾ ਹਾਂ ਉਨ੍ਹਾਂ ਕਿਸਾਨਾਂ ਦੇ, ਜੋ ਮਾੜੇ ਮੌਸਮ ਨਾਲ ਨਿਪਟਣ ਲਈ ਦ੍ਰਿੜ੍ਹ ਹਨ।

**ਵਿਸਾਖੀ ਦੇ ਸਾਹਿਤ ਸਮਾਚਾਰ:** ਇਸ ਸਾਲ ਦੀ ਵਿਸਾਖੀ ਪੰਜਾਬੀ ਅਕਾਦਮੀ, ਦਿੱਲੀ ਨੇ ਆਪਣੀ ਪਛੇਤ ਕੱਢਣ ਲਈ ਚੁਣੀ। ਉਨ੍ਹਾਂ ਨੇ ਆਪਣੇ 2013 ਤੇ 2014 ਦੇ ਸਾਹਿਤਕ ਪੁਰਸਕਾਰ ਵਿਸਾਖੀ ਵਾਲੇ ਦਿਨ ਕ੍ਰਮਵਾਰ ਬਲਬੀਰ ਮਾਧੋਪੁਰੀ ਤੇ ਜਗਬੀਰ ਸਿੰਘ ਨੂੰ ਪ੍ਰਦਾਨ ਕੀਤੇ। ਇਧਰ 15 ਅਪਰੈਲ 2018 ਨੂੰ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਨੇ ਅਹੁਦੇਦਾਰਾਂ ਦੀ ਚੋਣ ਕਰਵਾਈ ਜਿੱਥੇ ਰਵਿੰਦਰ ਭੱਠਲ ਨੂੰ ਪ੍ਰਧਾਨ ਚੁਣਿਆ ਗਿਆ ਜਦਕਿ ਬਾਕੀ ਦੇ ਅਹੁਦੇਦਾਰਾਂ ਵਿਚ ਤੇਜਵੰਤ ਗਿੱਲ ਦੇ ਪੈਨਲ ਦੀ ਪ੍ਰਮੁੱਖਤਾ ਹੈ। ਉਂਜ ਟਿੱਪਣੀਕਾਰ ਕਹਿੰਦੇ ਹਨ ਕਿ ਇਸ ਚੋਣ ਵਿਚ ਮੁੱਖ ਰੋਲ ਗੁਰਭਜਨ ਗਿੱਲ ਦਾ ਰਿਹਾ ਹੈ।

**ਅੰਤਿਕਾ:** ਸੁਰਜੀਤ ਪਾਤਰ

ਕਦੀ ਬੰਦਿਆਂ ਦੇ ਵਾਂਗ
ਸਾਨੂੰ ਮਿਲਿਆ ਵੀ ਕਰ
ਐਵੇਂ ਲੰਘ ਜਾਨੈਂ ਪਾਣੀ
ਕਦੀ 'ਵਾ ਬਣ ਕੇ।
ਜਦੋਂ ਮਿਲਿਆ ਸੀ
ਹਾਣ ਦਾ ਸੀ ਸਾਂਵਲਾ ਜਿਹਾ
ਜਦੋਂ ਜੁਦਾ ਹੋਇਓਂ
ਤੁਰ ਗਿਓਂ ਖ਼ੁਦਾ ਬਣ ਕੇ।

# ‘ਆਪ’ ਨੇ ਪੰਜਾਬ ਨੂੰ ਵਿਸ਼ੇਸ਼ ਰਾਜ ਦਾ ਦਰਜਾ ਦਿਵਾਉਣ ਲਈ ਵਿੱਢੀ ਮੁਹਿੰਮ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਨੂੰ ਸਪੈਸ਼ਲ ਕੈਟਾਗਰੀ ਸਟੇਟਸ (ਐਸ.ਸੀ.ਐਸ.) ਦਿਵਾਉਣ ਲਈ ਜਿਥੇ ਕੇਂਦਰੀ ਵਿੱਤ ਮੰਤਰੀ ਨੂੰ ਪੱਤਰ ਲਿਖਿਆ ਹੈ, ਉਥੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਇਸ ਮੁੱਦੇ ਉਤੇ ਸਰਬ ਪਾਰਟੀ ਮੀਟਿੰਗ ਸੱਦਣ ਦੀ ਮੰਗ ਕੀਤੀ ਹੈ। ‘ਆਪ’ ਨੇ ਜਿਥੇ ਪੰਜਾਬ ਨਾਲ ਸਬੰਧ ਮੰਤਰੀਆਂ ਹਰਸਿਮਰਤ ਕੌਰ ਬਾਦਲ ਤੇ ਵਿਜੈ ਸਾਂਪਲਾ ਅਤੇ ਸੰਸਦ ਮੈਂਬਰਾਂ ਨੂੰ ਇਹ ਮੁੱਦਾ ਲੋਕ ਸਭਾ ਤੇ ਰਾਜ ਸਭਾ ਵਿਚ ਉਠਾਉਣ ਦੀ ਅਪੀਲ ਕੀਤੀ ਹੈ, ਉਥੇ ਮੰਗ ਨਾ ਮੰਨੀ ਜਾਣ ਦੀ ਸੂਰਤ ਵਿਚ ਆਪਣੇ ਸੂਬੇ ਲਈ ਅਸਤੀਫਿਆਂ ਦੇ ਰਾਹ ਪੈਣ ਦੀ ਅਰਜ਼ੋਈ ਵੀ ਕੀਤੀ ਹੈ।

ਇਸ ਤੋਂ ਪਹਿਲਾਂ ‘ਆਪ’ ਵਿਚੋਂ ਮੁਅੱਤਲ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਪੰਜਾਬ ਦੇ ਪਾਣੀਆਂ ਦੇ ਮੁੱਦੇ ਉਪਰ ਆਪਣੀਆਂ ਸਰਗਰਮੀਆਂ ਵਿੱਢ ਚੁੱਕੇ ਹਨ। ‘ਆਪ’ ਦੇ ਖਰੜ ਤੋਂ ਵਿਧਾਇਕ ਕੰਵਰ ਸੰਧੂ, ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ, ਵਿਧਾਇਕ ਮਾਸਟਰ ਬਲਦੇਵ ਸਿੰਘ ਤੇ ਰੁਪਿੰਦਰ ਰੂਬੀ ਨੇ ਕਿਹਾ ਕਿ ਜੇ ਪੰਜਾਬ ਨੂੰ ‘ਵਿਸ਼ੇਸ਼ ਸ਼੍ਰੇਣੀ ਰਾਜ’ ਦਾ ਦਰਜਾ ਨਾ ਮਿਲਿਆ ਅਤੇ 15ਵੇਂ ਵਿੱਤ ਕਮਿਸ਼ਨ ਦੀਆਂ ਹਵਾਲਾ ਸ਼ਰਤਾਂ ਵਿਚ ਸੋਧਾਂ ਨਾ ਕੀਤੀਆਂ ਤਾਂ ਪਹਿਲਾਂ ਹੀ 2.08 ਲੱਖ ਕਰੋੜ ਰੁਪਏ ਦੇ ਕਰਜ਼ੇ ਹੇਠ ਡੁੱਬਿਆ ਸੂਬਾ ਹੋਰ ਸੰਕਟ ਵਿਚ ਫਸ ਸਕਦਾ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਉਨ੍ਹਾਂ ਸ੍ਰੀ ਜੇਤਲੀ ਨੂੰ ਪੂਰੇ ਤਰਕਾਂ ਸਮੇਤ ਪੱਤਰ ਲਿਖ ਕੇ ਕਿਹਾ ਕਿ ਪੰਜਾਬ ਨੂੰ ਵਿਸ਼ੇਸ਼ ਸ਼੍ਰੇਣੀ ਦਰਜਾ ਦੇਣ ਦੀਆਂ ਮੰਗਾਂ ਆਂਧਰਾ ਪ੍ਰਦੇਸ਼ ਵਰਗੇ ਸੂਬਿਆਂ ਤੋਂ ਦਲੀਲ ਅਤੇ ਲੋੜ ਪੱਖੋਂ ਪੂਰੀ ਤਰ੍ਹਾਂ ਮਜ਼ਬੂਤ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ 15ਵੇਂ ਵਿੱਤ ਕਮਿਸ਼ਨ ਦੀਆ ਹਵਾਲਾ ਸ਼ਰਤਾਂ ਨਾ ਸੋਧੀਆਂ ਤਾਂ ਕੇਂਦਰ ਤੋਂ ਫੰਡਾਂ ਦੇ ਅਧਿਕਾਰਾਂ ਦੇ ਮੁੱਦੇ ਉਪਰ ਪੰਜਾਬ ਨੂੰ ਕਰਨਾਟਕ ਅਤੇ ਕੇਰਲਾ ਵਰਗੇ ਸੂਬਿਆਂ ਤੋਂ ਵੀ ਵੱਧ ਸੱਟ ਵੱਜੇਗੀ।

ਪੱਤਰ ਵਿਚ ਕਿਹਾ ਹੈ ਕਿ ‘ਵਿਸ਼ੇਸ਼ ਸ਼੍ਰੇਣੀ ਰਾਜ’ ਦਰਜਾ ਸੂਚੀ ਵਿਚ ਸ਼ਾਮਲ ਹੋਣ ਲਈ 5 ਨਿਰਧਾਰਤ ਮਾਪਦੰਡਾਂ ਵਿਚ 3 ਵਿਚ ਪੰਜਾਬ ਪੂਰਾ ਉਤਰਦਾ ਹੈ, ਜਿਸ ਤਹਿਤ ਜਿਥੇ ਪੰਜਾਬ ਸਰਹੱਦੀ ਰਾਜ ਹੈ ਤੇ ਉਥੇ ਆਰਥਿਕ ਤੇ ਢਾਂਚਾਗਤ ਪੱਖੋਂ ਵੀ ਪੱਛੜਿਆ ਹੈ। ਇਸ ਤੋਂ ਇਲਾਵਾ ਪੰਜਾਬ ਆਪਣਾ ਦਰਿਆਈ ਪਾਣੀ ਗੈਰ-ਰਿਪੇਰੀਅਨ ਰਾਜਾਂ ਨੂੰ ਸਿੰਜਾਈ ਲਈ ਮੁਹੱਈਆ ਕਰ ਕੇ ਖੁਦ ਡੂੰਘੇ ਪਾਣੀ ਦੇ ਖਤਰੇ ਸਹੇੜ ਰਿਹਾ ਹੈ। ਇਸ ਦੇ ਬਾਵਜੂਦ ਦੇਸ਼ ਦਾ ਅੰਨ ਭੰਡਾਰ ਭਰਨ ਵਿਚ ਕੋਈ ਕਸਰ ਨਹੀਂ ਛੱਡ ਰਿਹਾ।

ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੁਲਿਸ ਵਿਚਲੀ ਹਲਚਲ ਨੂੰ ਮਹਿਜ਼ ਡੀਜੀਪੀਜ਼ ਦਾ ਨਿੱਜੀ ਕਲੇਸ਼ ਦਰਸਾ ਕੇ ਮਾਮਲੇ ਉਤੇ ਪਰਦਾ ਪਾ ਰਹੇ ਹਨ, ਜੋ ਵੱਡੀ ਸਾਜ਼ਿਸ਼ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਕੋਲੋਂ ਕਰਵਾਈ ਜਾਵੇ।

# ਕੇਂਦਰ ਦੇ ਚੰਡੀਗੜ੍ਹ ਨਾਲ ਹੇਜ ਤੋਂ ਕੈਪਟਨ ਖਫਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਲਜ਼ਾਮ ਲਾਇਆ ਹੈ ਕਿ ਕੇਂਦਰ ਸਰਕਾਰ ਚੰਡੀਗੜ੍ਹ ਉਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੁਲਿਸ ਦੇ ਡੀ.ਐਸ.ਪੀ. ਕਾਡਰ ਦਾ ਦਿੱਲੀ ਪੁਲਿਸ ਸਣੇ ਹੋਰ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਨਾਲ ਰਲੇਵਾਂ ਇਸੇ ਦਿਸ਼ਾ ਵੱਲ ਕਦਮ ਹੈ। ਉਨ੍ਹਾਂ ਨੇ ਪੰਜਾਬ ਤੇ ਹਰਿਆਣਾ ਵਿਚਕਾਰ ਚੰਡੀਗੜ੍ਹ ਬਾਰੇ ਖੇਤਰੀ ਝਗੜੇ ਦੇ ਨਿਬੇੜੇ ਤੱਕ ਇਸ ਹਾਲਤ ਨੂੰ ਜਿਉਂ ਦਾ ਤਿਉਂ ਰੱਖੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਪੰਜਾਬ ਦੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ ਚੰਡੀਗੜ੍ਹ ਨਾਲ ਸਬੰਧਤ ਸਾਰੇ ਮੁੱਦਿਆਂ ਨਾਲ ਨਿਪਟਣ ਲਈ ਆਮ ਪ੍ਰਸ਼ਾਸਨ ਬਰਾਂਚ ਵਿਚ ਵਿਸ਼ੇਸ਼ ਸੈੱਲ ਸਥਾਪਤ ਕਰਨ ਵਾਸਤੇ ਮੁੱਖ ਸਕੱਤਰ ਨੂੰ



ਕਦਮ ਚੁੱਕਣ ਲਈ ਨਿਰਦੇਸ਼ ਦਿੱਤੇ ਹਨ।

ਕੈਪਟਨ ਨੇ ਕਿਹਾ ਕਿ ਚੰਡੀਗੜ੍ਹ ਉਤੇ ਸੂਬੇ ਦੇ ਦਾਅਵੇ ਨੂੰ ਢਾਹ ਲਾਉਣ ਦੀ ਕੋਈ ਵੀ ਕੋਸ਼ਿਸ਼ ਪੰਜਾਬ ਨੂੰ ਪ੍ਰਵਾਨ ਨਹੀਂ ਹੈ। ਮੌਜੂਦਾ ਤਰਜ਼ ਦੇ ਆਧਾਰ ਉਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬ ਤੇ ਹਰਿਆਣਾ ਦੀਆਂ ਅਸਾਮੀਆਂ ਦੀ ਅਨੁਪਾਤ 60:40 ਹੈ। ਇਸ ਨੂੰ ਲਗਾਤਾਰ ਜਾਰੀ ਰੱਖਿਆ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ ਡੀ.ਐਸ.ਪੀ. ਦੀਆਂ ਅਸਾਮੀਆਂ ਦਾ ਹੋਰ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚ ਵਿਲੇ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਪਿਛਲੇ ਕਈ ਸਾਲਾਂ ਦੌਰਾਨ ਬਣਾਏ ਗਏ ਵਧੀਆ ਸੰਤੁਲਨ ਨੂੰ ਭੰਗ ਕਰਨਗੀਆਂ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਦੇ ਨਤੀਜੇ ਠੀਕ ਨਹੀਂ ਨਿਕਲਣਗੇ।

# ਡੀ.ਏ. ਤੇ ਤਨਖਾਹਾਂ ਦੇਣ ਦੇ ਮਾਮਲੇ ‘ਚ ਪਛੜਿਆ ਪੰਜਾਬ

**ਚੰਡੀਗੜ੍ਹ:** ਪੰਜਾਬ ਦੇ ਲੱਖਾਂ ਮੁਲਾਜ਼ਮ ਮਹਿੰਗਾਈ ਭੱਤੇ (ਡੀਏ) ਦੇ ਮਾਮਲੇ ਵਿਚ ਯੂਟੀ ਪ੍ਰਸ਼ਾਸਨ ਅਤੇ ਗੁਆਂਢੀ ਰਾਜ ਹਰਿਆਣਾ ਤੋਂ ਪੱਛੜ ਗਏ ਹਨ। ਚੰਡੀਗੜ੍ਹ ਪ੍ਰਸ਼ਾਸਨ ਨੇ ਵੀ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਪਹਿਲੀ ਜਨਵਰੀ 2018 ਤੋਂ ਡੀਏ ਦੀ 3% ਨਗਦ ਕਿਸ਼ਤ ਸਮੇਤ ਬਕਾਏ ਦੇਣ ਦਾ ਐਲਾਨ ਕੀਤਾ ਹੈ, ਜਿਸ ਤਹਿਤ ਚੰਡੀਗੜ੍ਹ ਪ੍ਰਸ਼ਾਸਨ ਦੇ ਮੁਲਾਜ਼ਮਾਂ ਨੂੰ ਹੁਣ ਪਹਿਲੀ ਜਨਵਰੀ 2018 ਤੋਂ 142% ਡੀਏ ਮਿਲਣਾ ਸ਼ੁਰੂ ਹੋ ਗਿਆ ਹੈ। ਦੂਜੇ, ਪਾਸੇ ਪੰਜਾਬ ਸਰਕਾਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਹਿਜ਼ 132 ਫੀਸਦੀ ਡੀਏ ਹੀ ਮਿਲ ਰਿਹਾ ਹੈ। ਇਸ ਤਰ੍ਹਾਂ ਪੰਜਾਬ ਦੇ ਮੁਲਾਜ਼ਮ ਜੋ ਕਿਸੇ ਵੇਲੇ ਯੂਟੀ ਪ੍ਰਸ਼ਾਸਨ ਦੇ ਰਾਹ ਦਸੇਰਾ ਸਨ, ਹੁਣ ਡੀਏ ਦੇ ਮਾਮਲੇ ਵਿਚ ਯੂਟੀ ਦੇ ਮੁਲਾਜ਼ਮਾਂ ਤੋਂ 10% ਪੱਛੜ ਗਏ ਹਨ।

ਦੱਸਣਯੋਗ ਹੈ ਕਿ ਯੂਟੀ ਪ੍ਰਸ਼ਾਸਨ ਦੇ ਮੁਲਾਜ਼ਮਾਂ ਨੇ 1991 ਦੌਰਾਨ ਸਖਤ ਸੰਘਰਸ਼ ਕਰ ਕੇ ਪੰਜਾਬ ਦੇ ਮੁਲਾਜ਼ਮਾਂ ਦੇ ਪੈਟਰਨ ‘ਤੇ ਆਪਣੀਆਂ ਤਨਖਾਹਾਂ ਨਿਰਧਾਰਤ ਕਰਵਾਈਆਂ ਸਨ, ਪਰ ਅੱਜ ਪੰਜਾਬ ਦੇ ਮੁਲਾਜ਼ਮ ਯੂਟੀ ਮੁਲਾਜ਼ਮਾਂ ਤੋਂ ਵੀ ਪੱਛੜ ਗਏ ਹਨ। ਪੰਜਾਬ ਦੇ 7 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰ ਤਨਖਾਹਾਂ ਅਤੇ ਪੈਨਸ਼ਨਾਂ ਦੀ ਸੁਧਾਈ ਦੇ ਮਾਮਲੇ ਵਿਚ ਆਪਣੇ ਗੁਆਂਢੀ ਰਾਜ ਹਰਿਆਣਾ ਤੋਂ ਵੀ ਪੱਛੜ ਗਏ ਹਨ, ਕਿਉਂਕਿ ਹਰਿਆਣਾ ਦੀ ਖੱਟਰ ਸਰਕਾਰ ਨੇ ਸਤਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਲੰਮਾ ਸਮਾਂ ਪਹਿਲਾਂ ਹੀ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ‘ਤੇ ਪਹਿਲੀ ਜਨਵਰੀ 2016 ਤੋਂ ਲਾਗੂ ਕਰ ਦਿੱਤੀ ਹੈ। ਦੂਜੇ ਪਾਸੇ, ਪੰਜਾਬ ਦਾ ਛੇਵਾਂ ਤਨਖਾਹ ਕਮਿਸ਼ਨ ਫਿਲਹਾਲ ਮੁਲਾਜ਼ਮ ਯੂਨੀਅਨਾਂ ਦੀ ਸੁਣਵਾਈ ਕਰਨ ਦੀ ਮੁਢਲੀ ਪ੍ਰਕਿਰਿਆ ਵਿਚ ਹੀ ਅਟਕਿਆ ਪਿਆ ਹੈ।

# ਕੁਦਰਤੀ ਖੇਤੀ ਮੁਹਿੰਮ ਨੂੰ ਸੁਰਜੀਤ ਕਰੇਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਕੁਦਰਤੀ ਖੇਤੀ ਮੁਹਿੰਮ ਨੂੰ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਤਕਰੀਬਨ ਡੇਢ ਦਰਜਨ ਗੁਰਦੁਆਰਿਆਂ ਦੀ ਜ਼ਮੀਨ ਉਤੇ ਕੁਦਰਤੀ ਖੇਤੀ ਸ਼ੁਰੂ ਹੋਵੇਗੀ। ਸ਼੍ਰੋਮਣੀ ਕਮੇਟੀ ਵੱਲੋਂ 2015 ਵਿਚ ਤਜਰਬੇ ਵਜੋਂ ਕੁਦਰਤੀ ਖੇਤੀ ਸ਼ੁਰੂ ਕੀਤੀ ਗਈ ਸੀ। ਤਜਰਬੇ ਵਜੋਂ ਗੁਰਦੁਆਰਾ ਸਤਲਾਣੀ ਸਾਹਿਬ ਦੀ ਜ਼ਮੀਨ ਵਿਚੋਂ ਸਿਰਫ ਛੇ ਏਕੜ ਰਕਬੇ ਵਿਚ ਕੁਦਰਤੀ ਖੇਤੀ ਰਾਹੀਂ ਸਬਜ਼ੀਆਂ ਦੀ ਕਾਸ਼ਤ ਕੀਤੀ ਗਈ ਸੀ। ਕੁਦਰਤੀ ਖੇਤੀ ਸ਼ੁਰੂ ਕਰਨ ਤੋਂ ਪਹਿਲਾ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਨਾਲ ਵੀ ਮਸ਼ਵਰਾ ਕੀਤਾ ਗਿਆ ਸੀ।

ਕੁਦਰਤੀ ਖੇਤੀ ਰਾਹੀਂ ਪੈਦਾ ਹੋਈਆਂ ਸਬਜ਼ੀਆਂ ਨੂੰ ਹਰਿਮੰਦਰ ਸਾਹਿਬ ਸਥਿਤ ਗੁਰੂ ਰਾਮਦਾਸ ਲੰਗਰ ਘਰ ਵਿਚ ਸੰਗਤ ਦੇ ਲੰਗਰ ਵਾਸਤੇ ਵਰਤਣਾ ਸ਼ੁਰੂ ਕੀਤਾ ਗਿਆ ਸੀ। ਸ਼੍ਰੋਮਣੀ ਕਮੇਟੀ ਦੇ ਇਸ ਉਪਰਾਲੇ ਦੀ ਵਿਸ਼ਵ ਭਰ ਵਿਚ ਹੋਈ ਸ਼ਲਾਘਾ ਤੋਂ ਬਾਅਦ ਕੁਦਰਤੀ ਖੇਤੀ ਹੇਠ ਰਕਬਾ 13 ਏਕੜ ਵਧਾ ਦਿੱਤਾ ਗਿਆ ਸੀ। ਕੁਦਰਤੀ ਖੇਤੀ ਦੇ ਇਸ ਤਜਰਬੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਪ੍ਰਬੰਧ ਹੇਠਲੇ ਹੋਰ



### ਸ਼੍ਰੋਮਣੀ ਕਮੇਟੀ ਕੋਲ 13 ਹਜ਼ਾਰ ਏਕੜ ਰਕਬਾ

ਸ਼੍ਰੋਮਣੀ ਕਮੇਟੀ ਕੋਲ ਵੱਖ-ਵੱਖ ਗੁਰਦੁਆਰਿਆਂ ਦੇ ਪ੍ਰਬੰਧ ਹੇਠ ਲਗਭਗ 13 ਹਜ਼ਾਰ ਏਕੜ ਰਕਬਾ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਹੈ। ਇਹ ਜ਼ਮੀਨ ਕਈ ਥਾਵਾਂ ਉਤੇ ਸ਼੍ਰੋਮਣੀ ਕਮੇਟੀ ਵੱਲੋਂ ਖੁਦ ਕਾਸ਼ਤ ਕੀਤੀ ਜਾਂਦੀ ਹੈ ਅਤੇ ਕੁਝ ਥਾਵਾਂ ਉਤੇ ਠੇਕੇ ਉਤੇ ਦਿੱਤੀ ਹੈ। ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਜ਼ਮੀਨ ਨੂੰ ਕੁਦਰਤੀ ਖੇਤੀ ਦੀ ਕਾਸ਼ਤ ਲਈ ਵਰਤਿਆ ਜਾਵੇ ਤਾਂ ਸਾਰੇ ਗੁਰਦੁਆਰਿਆਂ ਵਿਚ ਕੁਦਰਤੀ ਖੇਤੀ ਰਾਹੀਂ ਪੈਦਾ ਕੀਤੀਆਂ ਸਬਜ਼ੀਆਂ ਤੇ ਅਨਾਜ ਨੂੰ ਲੰਗਰ ਘਰਾਂ ਵਿਚ ਵਰਤਿਆ ਜਾ ਸਕਦਾ ਹੈ।

ਗੁਰਦੁਆਰਿਆਂ ਵਿਚ ਵੀ ਕੁਦਰਤੀ ਖੇਤੀ ਕਰਨ ਦਾ ਫੈਸਲਾ ਕੀਤਾ ਗਿਆ ਸੀ। ਇਸ ਮਗਰੋਂ ਇਹ ਯੋਜਨਾ ਠੰਢੇ ਬਸਤੇ ਵਿਚ ਪੈ ਗਈ ਤੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਇਸ ਯੋਜਨਾ ਨੂੰ ਸੁਰਜੀਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਵਿੱਤੀ ਵਰ੍ਹੇ ਦੇ ਬਜਟ ਵਿਚ ਕੁਦਰਤੀ ਖੇਤੀ ਲਈ ਵਿਸ਼ੇਸ਼ ਰਕਮ ਰੱਖੀ ਗਈ ਹੈ।

ਪਿਛਲੇ ਵਰ੍ਹੇ ਅਗਸਤ 2017 ਵਿਚ ਅੰਤ੍ਰਿੰਗ ਕਮੇਟੀ ਵੱਲੋਂ ਮਤਾ ਪਾਸ ਕਰ ਕੇ ਸੈਕਸ਼ਨ 85 ਹੇਠ ਆਉਂਦੇ 18 ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਕਾਂ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਗੁਰਦੁਆਰਿਆਂ ਦੀ ਜ਼ਮੀਨ ਵਿਚੋਂ ਘੱਟੋ ਘੱਟ ਇਕ ਏਕੜ ਵਿਚ ਕੁਦਰਤੀ ਖੇਤੀ ਸ਼ੁਰੂ ਕੀਤੀ ਜਾਵੇ, ਪਰ ਇਹ ਫੈਸਲਾ ਲਾਗੂ ਨਹੀਂ ਹੋ ਸਕਿਆ। ਸਤਲਾਣੀ ਸਾਹਿਬ ਵਿਖੇ ਵੀ ਕੁਦਰਤੀ ਖੇਤੀ ਮੁਹਿੰਮ ਨੂੰ ਹੁੰਗਾਰਾ ਨਹੀਂ ਮਿਲ ਸਕਿਆ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਅਤੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਆਖਿਆ ਕਿ ਕੁਦਰਤੀ ਖੇਤੀ ਮੁਹਿੰਮ ਨੂੰ ਸਿੱਖ ਸੰਸਥਾ ਵੱਲੋਂ ਸੁਰਜੀਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਿਛਲੇ ਵਰ੍ਹੇ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਤਹਿਤ ਘੱਟੋ-ਘੱਟ 18 ਗੁਰਦੁਆਰਿਆਂ ਦੀ ਜ਼ਮੀਨ ਉਤੇ ਕੁਦਰਤੀ ਖੇਤੀ ਦੇ ਅਮਲ ਨੂੰ ਸ਼ੁਰੂ ਕੀਤਾ ਜਾਵੇਗਾ। ਗੁਰਦੁਆਰਾ ਸਤਲਾਣੀ ਸਾਹਿਬ ਵਿਖੇ ਕੁਦਰਤੀ ਖੇਤੀ ਦਾ ਕੰਮ ਜਾਰੀ ਹੈ ਤੇ ਬਾਗਬਾਨੀ ਹੇਠ ਵੀ ਰਕਬਾ ਵਧਿਆ ਹੈ।

## ਪਾਕਿ ਕ੍ਰਿਕਟ ਖਿਡਾਰੀ ਨੇ ਝੰਡੇ ਦੀ ਰਸਮ ਮੌਕੇ ਪਾਇਆ ਖਰੂਦ

**ਅੰਮ੍ਰਿਤਸਰ:** ਪਾਕਿਸਤਾਨੀ ਕ੍ਰਿਕਟ ਖਿਡਾਰੀ ਹਸਨ ਅਲੀ ਨੇ ਅਟਾਰੀ ਵਾਹਗਾ ਸਰਹੱਦ ਉਤੇ ਝੰਡਾ ਉਤਾਰਨ ਦੀ ਰਸਮ ਦੌਰਾਨ ਭਾਰਤ ਵਿਰੁੱਧ ਉਕਸਾਊ ਨਾਅਰੇ ਲਾ ਕੇ ਰਸਮ ਦੀ ਬੇਅਦਬੀ ਕੀਤੀ ਹੈ। ਇਹ ਸਾਰੀ ਕਾਰਵਾਈ ਸੋਸ਼ਲ ਮੀਡੀਆ ਉਤੇ ਇਕ ਵੀਡੀਓ ਰਾਹੀਂ ਵਾਇਰਲ ਹੋਈ ਹੈ। ਬੀ.ਐਸ.ਐਫ. ਵੱਲੋਂ ਇਸ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਝੰਡਾ ਉਤਾਰਨ ਦੀ ਰਸਮ ਦੀ ਬੇਅਦਬੀ ਕਰਨ ਬਾਰੇ ਪਾਕਿਸਤਾਨੀ ਰੇਂਜਰਾਂ ਕੋਲ ਸਖਤ ਰੋਸ ਪ੍ਰਗਟਾਇਆ ਗਿਆ।

ਹਸਨ ਅਲੀ, ਜੋ ਕਿ ਪਾਕਿਸਤਾਨੀ ਕ੍ਰਿਕਟ ਟੀਮ ਦਾ ਖਿਡਾਰੀ ਹੈ, ਅਟਾਰੀ-ਵਾਹਗਾ ਸਰਹੱਦ ‘ਤੇ ਝੰਡਾ ਉਤਾਰਨ ਦੀ ਰਸਮ ਵੇਖਣ ਆਇਆ ਸੀ। ਵਾਇਰਲ ਵੀਡੀਓ ਵਿਚ ਉਹ ਪਰੇਡ ਦੌਰਾਨ ਪਾਕਿਸਤਾਨੀ ਰੇਂਜਰਾਂ ਦੇ ਸਟਾਈਲ ਵਿਚ ਪਰੇਡ ਦੇ ਵਿਚਾਲੇ ਨਜ਼ਰ ਆਉਂਦਾ ਹੈ। ਜਦੋਂ ਪਾਕਿਸਤਾਨ ਦੇ ਗੇਟ ਕੋਲ ਪਹੁੰਚਦਾ ਹੈ ਤਾਂ ਬੀ.ਐਸ.ਐਫ. ਦੇ ਜਵਾਨਾਂ ਅਤੇ ਭਾਰਤੀ ਦਰਸ਼ਕਾਂ ਸਾਹਮਣੇ ਉਹ ਆਪਣੇ ਪੱਟਾਂ ‘ਤੇ ਹੱਥ ਮਾਰਦਾ ਅਤੇ ਬਾਂਹਾਂ ਉਚੀਆਂ ਕਰਦਾ ਦਿਖਾਈ ਦਿੰਦਾ ਹੈ। ਪਾਕਿਸਤਾਨੀ ਰੇਂਜਰਾਂ ਨੇ ਇਸ ਦੌਰਾਨ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਅਤੇ ਉਹ ਪਿੱਛੇ ਖੜ੍ਹੇ ਰਹੇ।

# ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਨਵੀਂ ਇਮਾਰਤ ਬਣਾਏਗੀ ਸ਼੍ਰੋਮਣੀ ਕਮੇਟੀ

**ਤਲਵੰਡੀ ਸਾਬੋ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਨਾਲ ਸਬੰਧਤ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਨਵੀਂ ਇਮਾਰਤ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵੱਲੋਂ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਨਵੀਂ ਇਮਾਰਤ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਇਮਾਰਤ ਅੰਮ੍ਰਿਤਸਰ ਸਥਿਤ ਭਾਈ ਗੁਰਦਾਸ ਹਾਲ (ਟਾਊਨ ਹਾਲ) ਵਿਖੇ ਉਸਾਰੀ ਜਾਵੇਗੀ ਅਤੇ ਇਥੇ ਹੀ ਵੱਡੀ ਸਰਾਂ ਦਾ ਵੀ ਨਿਰਮਾਣ ਕੀਤਾ ਜਾਵੇਗਾ।

ਉਨ੍ਹਾਂ ਫੈਸਲਿਆਂ ਸਬੰਧੀ ਦੱਸਿਆ ਕਿ ਆਈ.ਏ.ਐਸ., ਆਈ.ਪੀ.ਐਸ. ਅਤੇ ਇਸ ਦੇ ਬਰਾਬਰ ਦੀਆਂ ਪ੍ਰੀਖਿਆਵਾਂ ਵਿਚ ਚੁਣੇ ਜਾਣ ਵਾਲੇ ਸਾਬਤ ਸੂਰਤ ਸਿੱਖ ਉਮੀਦਵਾਰਾਂ ਨੂੰ ਇਕ-ਇਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ ਜਦਕਿ ਪੀ.ਸੀ.ਐਸ. ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਲਈ 75 ਹਜ਼ਾਰ ਰੁਪਏ ਇਨਾਮ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਰ੍ਹਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਖੇਤੀਬਾੜੀ ਤੇ ਸਾਇੰਸ ਆਦਿ ਦੇ ਖੇਤਰ ਵਿਚ ਖੋਜ ਕਾਰਜ ਕਰਨ ਵਾਲੇ ਸਾਬਤ ਸੂਰਤ ਸਿੱਖਾਂ ਨੂੰ ਵੀ ਇਕ-ਇਕ ਲੱਖ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਫੈਸਲਾ ਹੋਇਆ ਹੈ। ਭਾਰਤ ਦੇ ਸਾਰੇ ਬੋਰਡਾਂ ਵਿਚੋਂ ਪਹਿਲੇ 20 ਸਥਾਨ ਪ੍ਰਾਪਤ ਕਰਨ ਵਾਲੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਵੀ 51-51 ਹਜ਼ਾਰ ਰੁਪਏ ਦੇ ਇਨਾਮ ਦਿੱਤੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਕੂਲਾਂ-ਕਾਲਜਾਂ ਵਿਚ ਪੜ੍ਹਦੇ ਅੰਮ੍ਰਿਤਧਾਰੀ ਬੱਚਿਆਂ ਨੂੰ ਛੇਵੀਂ ਤੋਂ ਲੈ ਕੇ ਐਮ.ਏ. ਤੱਕ ਵਿਸ਼ੇਸ਼ ਸਾਲਾਨਾ ਸਹਾਇਤਾ ਦਿੱਤੀ ਜਾਵੇਗੀ।

ਛੇਵੀਂ ਤੋਂ ਦਸਵੀਂ ਤੱਕ 3500 ਰੁਪਏ, ਦਸਵੀਂ ਤੋਂ ਬਾਰ੍ਹਵੀਂ ਤੱਕ 5 ਹਜ਼ਾਰ ਰੁਪਏ, ਗ੍ਰੈਜੂਏਸ਼ਨ ਲਈ 8 ਹਜ਼ਾਰ ਰੁਪਏ ਅਤੇ ਐਮ.ਏ. ਦੇ ਵਿਦਿਆਰਥੀਆਂ ਲਈ 10 ਹਜ਼ਾਰ ਰੁਪਏ ਸਾਲਾਨਾ ਦੇਣ ਦਾ ਫੈਸਲਾ ਹੋਇਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਆਸਟਰੇਲੀਆ ਵਿਚ ਹੋਈਆਂ ਰਾਸ਼ਟਰ ਮੰਡਲ ਖੇਡਾਂ ਦੌਰਾਨ ਅਥਲੈਟਿਕਸ ਦੇ ਡਿਸਕਸ ਥਰੋਅ ਮੁਕਾਬਲੇ ਵਿਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਨਵਜੀਤ ਕੌਰ ਨੂੰ ਸ਼੍ਰੋਮਣੀ ਕਮੇਟੀ ਵਿਸ਼ੇਸ਼ ਸਨਮਾਨ ਦੇਵੇਗੀ। ਤਰਨ ਤਾਰਨ ਦੇ ਪਿੰਡ ਮੁਗਲਚੱਕ ਦੀਆਂ ਇਕੋ ਪਰਿਵਾਰ ਦੀ ਤਿੰਨ ਬੱਚੀਆਂ ਰਾਜਵਿੰਦਰ ਕੌਰ, ਮਨਦੀਪ ਕੌਰ ਅਤੇ ਵੀਰਪਾਲ ਕੌਰ ਨੂੰ ਖੇਡਾਂ ਦੇ ਖੇਤਰ ਵਿਚ ਪ੍ਰਾਪਤੀਆਂ ਕਰਨ ਬਦਲੇ ਸਨਮਾਨਤ ਕੀਤਾ ਜਾਵੇਗਾ।

### ਹਵਾਈ ਅੱਡੇ ਤੋਂ ਦਰਬਾਰ ਸਾਹਿਬ ਤੱਕ ਮੁਫਤ ਬੱਸ ਸਫਰ

ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਰਾਣੀ ਸ੍ਰੀ ਗੁਰੂ ਰਾਮਦਾਸ ਸਰਾਂ ਦੀ ਜਗ੍ਹਾ ਨਵੀਂ ਸਰਾਂ ਬਣਾਈ ਜਾਵੇਗੀ ਅਤੇ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਤੋਂ ਸੰਗਤ ਨੂੰ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਆਉਣ ਲਈ ਦੋ ਬੱਸਾਂ ਖਰੀਦੀਆਂ ਜਾਣਗੀਆਂ। ਤਖਤ ਕੇਸਗੜ੍ਹ ਸਾਹਿਬ ਦੇ ਰਾਗੀ ਭਾਈ ਅਮਰਜੀਤ ਸਿੰਘ ਝਾਂਸੀ, ਜੋ ਪਿਛਲੇ ਦਿਨੀਂ ਕੀਰਤਨ ਕਰਦੇ ਸਮੇਂ ਦਿਲ ਦੇ ਦੌਰੇ ਨਾਲ ਚਲਾਣਾ ਕਰ ਗਏ ਸਨ, ਦੀ ਪਤਨੀ ਨੂੰ 5 ਹਜ਼ਾਰ ਰੁਪਏ ਪ੍ਰਤੀ ਮਹੀਨਾ 5 ਸਾਲ ਲਈ ਤਖਤ ਕੇਸਗੜ੍ਹ ਸਾਹਿਬ ਤੋਂ ਦਿੱਤੇ ਜਾਣਗੇ। ਇਸ ਤੋਂ ਇਲਾਵਾ ਭਾਈ ਝਾਂਸੀ ਦੀ ਧੀ ਨੂੰ ਯੋਗਤਾ ਅਨੁਸਾਰ ਨੌਕਰੀ ਵੀ ਦਿੱਤੀ ਜਾਵੇਗੀ।

# ਹੇਮਕੁੰਟ ਸਾਹਿਬ ਦੀ ਯਾਤਰਾ ਲਈ ਪ੍ਰਬੰਧ ਮੁਕੰਮਲ

**ਦੇਹਰਾਦੂਨ:** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ 25 ਮਈ ਨੂੰ ਸ਼ੁਰੂ ਹੋਣ ਵਾਲੀ ਯਾਤਰਾ ਲਈ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਯਾਤਰਾ ਟਰੱਸਟ ਨੇ ਤਿਆਰੀਆਂ ਲਗਭਗ ਮੁਕੰਮਲ ਕਰ ਲਈਆਂ ਹਨ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਰਸਤੇ ਵਿਚ ਲਗਭਗ 3 ਕਿਲੋਮੀਟਰ ਤੱਕ ਬਰਫ ਜੰਮੀ ਹੋਈ ਹੈ। ਗੁਰਦੁਆਰਾ ਸਾਹਿਬ ਅਤੇ ਰਸਤੇ ‘ਚ ਬਣੇ ਬਰਫ ਦੇ ਗਲੇਸ਼ੀਅਰ ਨੂੰ ਹਟਾਉਣ ਦਾ ਕੰਮ ਫੌਜ ਦੇ ਜਵਾਨਾਂ ਵੱਲੋਂ ਸ਼ੁਰੂ ਕੀਤਾ ਗਿਆ ਹੈ।

ਯਾਤਰਾ ਦੌਰਾਨ ਵੱਡੀ ਗਿਣਤੀ ‘ਚ ਸੰਗਤ ਦੀ ਆਮਦ ਨੂੰ ਦੇਖਦੇ ਹੋਏ ਰਿਸ਼ੀਕੇਸ਼ ‘ਚ 40 ਨਵੇਂ ਕਮਰਿਆਂ ਦਾ ਨਿਰਮਾਣ ਕਰਵਾਇਆ ਗਿਆ, ਜਦਕਿ 24 ਘੰਟੇ ਬਿਜਲੀ ਦਾ ਪ੍ਰਬੰਧ ਕਰਦੇ ਹੋਏ 150 ਕੇ.ਵੀ. ਦਾ ਸੋਲਰ ਪਾਵਰ ਪਲਾਂਟ ਵੀ ਲਗਾਇਆ ਗਿਆ ਹੈ।

ਯਾਤਰਾ ਦੌਰਾਨ ਸੰਗਤ ਦੁਆਰਾ ਆਪਣੇ ਪਰਿਵਾਰਾਂ ਨਾਲ ਗੱਲਬਾਤ ਕਰਨ ਲਈ ਬੀ.ਐੱਸ.ਐਨ.ਐਲ. ਨੇ ਮੋਬਾਈਲ ਟਾਵਰ ਦਾ ਨਿਰਮਾਣ ਦਾ ਕੰਮ ਤੇਜ਼ ਕਰ ਦਿੱਤਾ ਹੈ। ਰਿਸ਼ੀਕੇਸ਼ ‘ਚ ਲਗਭਗ 6 ਹਜ਼ਾਰ, ਗੋਬਿੰਦ ਘਾਟ ‘ਚ 5 ਹਜ਼ਾਰ ਅਤੇ ਗੋਬਿੰਦ ਧਾਮ ਵਿਚ 4 ਹਜ਼ਾਰ ਸੰਗਤ ਦੇ ਠਹਿਰਨ ਦਾ ਪ੍ਰਬੰਧ ਹੈ। ਸੰਗਤ ਲਈ ਮੁਫਤ ਸਿਹਤ ਸੇਵਾਵਾਂ, ਲੰਗਰ ਅਤੇ ਪਾਣੀ ਦਾ ਪ੍ਰਬੰਧ ਕੀਤਾ ਗਿਆ ਹੈ।

# ਮੋਦੀ ਦੇ ਵਿਦੇਸ਼ ਦੌਰੇ ਦੌਰਾਨ ਭਾਰਤ ਦੇ ਅਕਸ ਨੂੰ ਲੱਗਾ ਧੱਕਾ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਬ੍ਰਿਟੇਨ ਵਿਚ ਹੋਏ ਜ਼ਬਰਦਸਤ ਵਿਰੋਧ ਨੇ ਭਾਰਤ ਦੀ ਸਾਖ ਨੂੰ ਧੱਕਾ ਲਾਇਆ ਹੈ। ਬੇਸ਼ੱਕ ਮੋਦੀ ਦਾ ਪਹਿਲਾਂ ਵੀ ਵਿਦੇਸ਼ਾਂ ਵਿਚ ਵਿਰੋਧ ਹੋਇਆ ਪਰ ਉਹ ਆਮ ਤੌਰ ਉਤੇ ਕਿਸੇ ਵਿਸ਼ੇਸ਼ ਧੜੇ ਵੱਲੋਂ ਹੀ ਹੁੰਦਾ ਸੀ। ਇਸ ਵਾਰ ਕਈ ਸੰਗਠਨਾਂ ਤੇ ਫਿਰਕਿਆਂ ਵੱਲੋਂ ਕੀਤੇ ਵਿਰੋਧ ਦਾ ਮੁੱਦਾ ਔਰਤਾਂ ਤੇ ਘੱਟ ਗਿਣਤੀ ਦੀ ਸੁਰੱਖਿਆ ਬਣਿਆ। ਵਿਰੋਧ ਕਰਨ ਵਾਲਿਆਂ 'ਚ ਸਿੱਖ, ਮੁਸਲਿਮ ਤੇ ਹਿੰਦੂ ਜਥੇਬੰਦੀਆਂ ਤੋਂ ਬਿਨਾ ਸਥਾਨਕ ਲੋਕ ਵੀ ਸ਼ਾਮਲ ਸਨ।




ਇਸ ਨਾਲ ਭਾਰਤ ਵਿਚ ਔਰਤਾਂ ਤੇ ਘੱਟ ਗਿਣਤੀਆਂ ਦੀ ਸੁਰੱਖਿਆ ਬਾਰੇ ਪੂਰੀ ਦੁਨੀਆਂ ਦਾ ਧਿਆਨ ਖਿੱਚਿਆ ਗਿਆ। ਇਸ ਮੁੱਦੇ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਐਂਟੋਨੀਓ ਗੁਟਰੇਜ਼ ਮਗਰੋਂ ਕੌਮਾਂਤਰੀ ਮੁਦਰਾ ਕੋਸ਼ ਦੀ ਮੁਖੀ ਕ੍ਰਿਸਟੀਨ ਲੈਗਾਰਡ ਨੇ ਵੀ ਰੋਸ ਜ਼ਾਹਿਰ ਕੀਤਾ ਹੈ। ਲੈਗਾਰਡ ਨੇ ਕਿਹਾ ਹੈ ਕਿ ਕਠੂਆ ਕਾਂਡ ਸ਼ਰਮਨਾਕ ਹੈ। ਮੋਦੀ ਨੂੰ ਔਰਤਾਂ ਦੀ ਸੁਰੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ। ਚੋਟੀ ਦੀਆਂ ਵਿਸ਼ਵ ਸੰਸਥਾਵਾਂ ਦੀ ਇਸ ਅਲੋਚਨਾ ਨੇ ਭਾਰਤ ਦਾ ਸਿਰ ਸ਼ਰਮ ਨਾਲ ਨੀਵਾਂ ਕਰ ਦਿੱਤਾ ਹੈ। ਦਰਅਸਲ, ਮੋਦੀ 53 ਰਾਸ਼ਟਰ ਮੰਡਲ ਮੁਲਕਾਂ ਦੇ ਮੁਖੀਆਂ ਦੀ ਮੀਟਿੰਗ 'ਚੋਗਮ' ਵਿਚ ਸ਼ਾਮਲ ਹੋਣ ਵਿਦੇਸ਼ ਗਏ ਸਨ।

ਇਸ ਦੌਰਾਨ ਉਨ੍ਹਾਂ ਨੂੰ ਕਠੂਆ ਕਾਂਡ ਤੇ ਘੱਟ ਗਿਣਤੀਆਂ ਉਤੇ ਹਮਲਿਆਂ ਕਰ ਕੇ ਅਲੋਚਨਾ ਸਹਿਣ ਕਰਨੀ ਪਈ। ਮੋਦੀ ਜਦੋਂ ਆਪਣੀ ਬਰਤਾਨਵੀ ਹਮਰੁਤਬਾ ਟੈਰੇਜ਼ਾ ਮੇਅ ਨਾਲ ਦੁਵੱਲੀ ਮੁਲਾਕਾਤ ਲਈ ਪੁੱਜੇ ਤਾਂ ਉਨ੍ਹਾਂ ਖਿਲਾਫ਼ ਭਾਰਤੀ ਭਾਈਚਾਰੇ ਵੱਲੋਂ ਜ਼ੋਰਦਾਰ ਰੋਸ ਮੁਜ਼ਾਹਰੇ ਕੀਤੇ ਗਏ। ਲੋਕਾਂ ਵਿਚ ਗੁੱਸਾ ਇੰਨਾ ਸੀ ਕਿ ਇਸ ਦੌਰਾਨ ਪਾਰਲੀਮੈਂਟ ਸਕੁਏਅਰ ਵਿਚ ਲਾਏ ਗਏ ਝੰਡਿਆਂ ਵਿਚੋਂ ਭਾਰਤੀ ਤਿਰੰਗਾ ਪਾੜ ਦਿੱਤਾ ਗਿਆ। ਦੱਸ ਦਈਏ ਕਿ ਜੰਮੂ ਕਸ਼ਮੀਰ ਦੇ ਕਠੂਆ ਜ਼ਿਲ੍ਹੇ ਦੇ ਰਾਸਨਾ ਜੰਗਲ ਵਿਚ ਜਨਵਰੀ ਮਹੀਨੇ ਖੱਚਰ ਚਰਾਉਣ ਗਈ ਬੱਕਰਵਾਲ ਭਾਈਚਾਰੇ ਦੀ ਅੱਠ ਸਾਲ ਦੀ ਲੜਕੀ ਲਾਪਤਾ ਹੋ ਗਈ ਸੀ। ਇਕ ਹਫਤੇ ਬਾਅਦ ਉਸ ਦੀ ਲਾਸ਼ ਮਿਲੀ ਸੀ। ਜਾਂਚ ਵਿਚ ਖੁਲਾਸਾ ਹੋਇਆ ਕਿ ਉਸ ਨੂੰ ਇਕ ਮੰਦਰ ਦੇ ਅੰਦਰ ਬੰਧਕ ਬਣਾ ਕੇ ਰੱਖਿਆ ਗਿਆ ਸੀ ਤੇ ਗੈਂਗਰੇਪ ਤੋਂ ਪਹਿਲਾਂ ਉਸ ਨੂੰ ਨਸ਼ੀਲੀਆਂ ਦਵਾਈਆਂ ਦਿੱਤੀਆਂ ਗਈਆਂ। ਇਕ ਹਫਤੇ ਤੋਂ ਜ਼ਿਆਦਾ ਭੁੱਖਾ ਰੱਖ ਕੇ ਗੈਂਗਰੇਪ ਦਾ ਸ਼ਿਕਾਰ ਬਣਾਉਣ ਤੋਂ ਬਾਅਦ ਸਿਰ ਵਿਚ ਪੱਥਰ ਮਾਰ ਕੇ ਕਤਲ ਕਰ ਦਿੱਤਾ ਗਿਆ।

## ਤਿਰੰਗੇ ਦੀ ਬੇਅਦਬੀ 'ਤੇ ਭਾਰਤ ਨੇ ਮੰਗੀ ਕਾਰਵਾਈ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਫੇਰੀ ਮੌਕੇ ਬਰਤਾਨੀਆ ਦੇ ਪਾਰਲੀਮੈਂਟ ਚੌਕ ਵਿਚ ਭਾਰਤ ਦੇ ਕੌਮੀ ਝੰਡੇ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਭਾਰਤ ਨੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਮਾਮਲਾ ਬਰਤਾਨੀਆ ਸਰਕਾਰ ਦੇ ਧਿਆਨ ਵਿਚ ਲਿਆ ਕੇ ਉਚ ਪੱਧਰ ਉਤੇ ਰੋਸ ਜਤਾਇਆ ਗਿਆ ਹੈ। ਭਾਰਤੀ ਵਿਦੇਸ਼ ਵਿਭਾਗ ਦੇ ਬੁਲਾਰੇ ਰਵੀਸ਼ ਕੁਮਾਰ ਨੇ ਦੱਸਿਆ ਕਿ ਪਾਰਲੀਮੈਂਟ ਚੌਕ ਵਿਚ ਕੌਮੀ ਝੰਡੇ ਨਾਲ ਵਾਪਰੀ ਘਟਨਾ ਤੋਂ ਸਾਡੇ ਵਿਚ ਬੇਹੱਦ ਰੋਹ ਹੈ। ਮਾਮਲਾ ਬਰਤਾਨੀਆ ਸਰਕਾਰ ਅੱਗੇ ਜ਼ੋਰਦਾਰ ਢੰਗ ਨਾਲ ਉਠਾਇਆ ਗਿਆ ਹੈ। ਦੂਜੇ ਪਾਸੇ ਬਰਤਾਨੀਆ ਨੇ ਇਸ ਦੇ ਲਈ ਪਹਿਲਾਂ ਹੀ ਮੁਆਫ਼ੀ ਮੰਗ ਲਈ ਹੈ। ਵਿਦੇਸ਼ ਅਤੇ ਰਾਸ਼ਟਰ ਮੰਡਲ ਦਫਤਰ ਦੇ ਬੁਲਾਰੇ ਨੇ ਕਿਹਾ ਕਿ ਲੋਕਾਂ ਨੂੰ ਸ਼ਾਂਤਮਈ ਮੁਜ਼ਾਹਰਾ ਕਰਨ ਦਾ ਹੱਕ ਹੈ ਪਰ ਸਾਨੂੰ ਇਕ ਘੱਟ ਗਿਣਤੀ ਧੜੇ ਵੱਲੋਂ ਪਾਰਲੀਮੈਂਟ ਚੌਕ ਵਿਚ ਕੀਤੀ ਕਾਰਵਾਈ ਨੇ ਨਿਰਾਸ਼ ਕੀਤਾ ਹੈ।

## ਮਿਗੁਏਲ ਬਣੇ ਕਿਊਬਾ ਦੇ ਨਵੇਂ ਰਾਸ਼ਟਰਪਤੀ

**ਹਵਾਨਾ:** ਕਮਿਊਨਿਸਟ ਮੁਲਕ ਕਿਊਬਾ ਵਿਚ ਉਦੋਂ ਇਕ ਦੌਰ ਦਾ ਅੰਤ ਹੋ ਗਿਆ ਜਦੋਂ ਮਿਗੁਏਲ ਡਿਆਜ਼-ਕੈਨਲ ਰਸਮੀ ਤੌਰ ਉਤੇ ਮੁਲਕ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ। ਉਨ੍ਹਾਂ ਰਾਸ਼ਟਰਪਤੀ ਰਾਊਲ ਕਾਸਤਰੋ ਦੀ ਥਾਂ ਲਈ ਹੈ ਤੇ ਉਹ ਛੇ ਦਹਾਕਿਆਂ ਦੌਰਾਨ ਕਿਊਬਾ ਦੇ ਪਹਿਲੇ ਗੈਰ-ਕਾਸਤਰੋ ਸਦਰ ਹੋਣਗੇ। ਮੁਲਕ ਦੇ ਚੋਟੀ ਦੇ ਕਮਿਊਨਿਸਟ ਆਗੂਆਂ ਵਿਚ ਸ਼ੁਮਾਰ ਸ੍ਰੀ ਮਿਗੁਏਲ 2013 ਤੋਂ ਪਹਿਲੇ ਉਪ ਰਾਸ਼ਟਰਪਤੀ ਚਲੇ ਆ ਰਹੇ ਸਨ ਤੇ ਉਹ 1959 ਦੇ ਇਨਕਲਾਬ ਪਿਛੋਂ ਜੰਮੇ ਕਿਊਬਾ ਦੇ ਪਹਿਲੇ ਰਾਸ਼ਟਰਪਤੀ ਹਨ।

## ਲਹਿੰਦੇ ਪੰਜਾਬ 'ਚ ਤਿੰਨ ਮੁਟਿਆਰਾਂ 'ਤੇ ਤੇਜ਼ਾਬ ਸੁੱਟਿਆ

**ਇਸਲਾਮਾਬਾਦ:** ਲਹਿੰਦੇ ਪੰਜਾਬ ਵਿਚ ਇਕ ਵਿਅਕਤੀ ਨੇ ਤਿੰਨ ਮੁਟਿਆਰਾਂ ਉਤੇ ਤੇਜ਼ਾਬ ਸੁੱਟ ਦਿੱਤਾ, ਜਿਨ੍ਹਾਂ ਵਿਚੋਂ ਦੋ ਸਕੀਆਂ ਭੈਣਾਂ ਹਨ। ਮੁਲਜ਼ਮ ਦੀ ਪਛਾਣ ਭੈਣਾਂ ਦੇ ਕਰੀਬੀ ਰਿਸ਼ਤੇਦਾਰ ਵਜੋਂ ਹੋਈ, ਜੋ ਉਨ੍ਹਾਂ ਵੱਲੋਂ ਵਿਆਹ ਦੀ ਪੇਸ਼ਕਸ਼ ਰੱਦ ਕੀਤੇ ਜਾਣ ਕਾਰਨ ਨਾਰਾਜ਼ ਸੀ।

ਮੀਡੀਆ ਰਿਪੋਰਟਾਂ ਮੁਤਾਬਕ ਇਹ ਘਟਨਾ ਗੁਜਰਾਤ ਜ਼ਿਲ੍ਹੇ ਵਿਚ ਉਦੋਂ ਵਾਪਰੀ ਜਦੋਂ ਮੁਟਿਆਰਾਂ ਯੂਨੀਵਰਸਿਟੀ ਵਿਚ ਪੜ੍ਹਨ ਜਾਣ ਲਈ ਬੱਸ ਉਡੀਕ ਰਹੀਆਂ ਸਨ।

## ਵਿਸ਼ਵ ਬੈਂਕ ਵੱਲੋਂ ਪੂੰਜੀ 'ਚ 13 ਅਰਬ ਡਾਲਰ ਦੇ ਵਾਧੇ ਨੂੰ ਪ੍ਰਵਾਨਗੀ

**ਵਾਸ਼ਿੰਗਟਨ:** ਵਿਸ਼ਵ ਬੈਂਕ ਨੇ ਪੂੰਜੀ ਵਿਚ 13 ਅਰਬ ਡਾਲਰ ਦੇ ਵਾਧੇ ਸਮੇਤ ਇਕ ਪੈਕੇਜ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਫੈਸਲਾ ਅੰਦਰੂਨੀ ਸੁਧਾਰਾਂ ਦੀ ਲੜੀ ਤਹਿਤ ਲਿਆ ਗਿਆ। ਇਸ ਨਾਲ ਸੰਸਥਾ ਨੂੰ ਵਸੀਲੇ ਵਧਾਉਣ ਅਤੇ ਦੁਨੀਆਂ ਭਰ ਵਿਚ ਆਪਣੇ ਮਿਸ਼ਨਾਂ ਤਹਿਤ ਅਹਿਮ ਕਾਰਜਾਂ ਨੂੰ ਸਹਿਯੋਗ ਦੇਣ ਵਿਚ ਸਹਾਇਤਾ ਮਿਲੇਗੀ।

ਵਿਸ਼ਵ ਬੈਂਕ ਦੇ ਮੁਖੀ ਜਿਮ ਯੋਂਗ ਕਿਮ ਨੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ ਹੈ ਜਦਕਿ ਕੌਮਾਂਤਰੀ ਮੁਦਰਾ ਫੰਡ ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟੀਨ ਲਗਾਰਡੇ ਨੇ ਇਸ ਕਦਮ ਦਾ ਸਵਾਗਤ ਕੀਤਾ ਹੈ। ਪੈਕੇਜ ਨੂੰ ਬੋਰਡ ਆਫ ਗਵਰਨਰਜ਼ ਦੀ ਵਿਕਾਸ ਕਮੇਟੀ ਵੱਲੋਂ ਪ੍ਰਵਾਨਗੀ ਦਿੱਤੀ ਗਈ ਜਿਸ 'ਚੋਂ ਸਾਢੇ 7 ਅਰਬ ਡਾਲਰ ਕੌਮਾਂਤਰੀ ਪੁਨਰ ਉਸਾਰੀ ਅਤੇ ਵਿਕਾਸ ਬੈਂਕ ਅਤੇ ਸਾਢੇ 5 ਅਰਬ ਡਾਲਰ ਕੌਮਾਂਤਰੀ ਵਿੱਤ ਕਮਿਸ਼ਨ ਨੂੰ ਮਿਲਣਗੇ।

ਇਸ ਫੈਸਲੇ ਨਾਲ ਵਿਸ਼ਵ ਬੈਂਕ ਗਰੁੱਪ ਦੀਆਂ ਦੋਵੇਂ ਸੰਸਥਾਵਾਂ ਦੀ ਔਸਤਨ ਸਾਲਾਨਾ ਸਮਰੱਥਾ ਵਿੱਤੀ ਵਰ੍ਹੇ 2019 ਅਤੇ 2030 ਦਰਮਿਆਨ ਕਰੀਬ 100 ਅਰਬ ਡਾਲਰ ਹੋ ਜਾਣ ਦੀ ਸੰਭਾਵਨਾ ਹੈ। ਕਿਮ ਨੇ ਕਿਹਾ ਕਿ ਇਤਿਹਾਸਕ ਫੈਸਲੇ ਨਾਲ ਸਾਰੀਆਂ ਧਿਰਾਂ ਵੱਲੋਂ ਸੰਸਥਾ ਪ੍ਰਤੀ ਦਿਖਾਏ ਵਿਸ਼ਵਾਸ ਅਤੇ ਮੈਂਬਰ ਮੁਲਕਾਂ ਦੀ ਹਮਾਇਤ ਦੀ ਉਹ ਸ਼ਲਾਘਾ ਕਰਦੇ ਹਨ।

# 'ਖਾਲਸਾ ਡੇਅ ਪਰੇਡ' ਲਈ ਸਿੱਖਾਂ ਨੇ ਦਿਖਾਇਆ ਉਤਸ਼ਾਹ

**ਸਰੀ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਦੇ ਸਰੀ ਸ਼ਹਿਰ ਵਿਚ ਖਾਲਸਾ ਸਾਜਨਾ ਦਿਵਸ ਨੂੰ ਸਮਰਪਤ ਹਰੇਕ ਸਾਲ ਕੱਢੀ ਜਾਂਦੀ 'ਖਾਲਸਾ ਡੇਅ ਪਰੇਡ' ਵਿਚ ਇਸ ਵਾਰ ਸੰਗਤ ਦਾ ਰਿਕਾਰਡਤੋੜ ਇਕੱਠ ਹੋਇਆ। ਪੰਜਾਬ ਤੋਂ ਬਾਹਰ ਸਿੱਖਾਂ ਦੇ ਸਭ ਤੋਂ ਵੱਡੇ ਇਕੱਠ ਵਜੋਂ ਮਸ਼ਹੂਰ ਸਰੀ ਦੀ 'ਖਾਲਸਾ ਡੇਅ ਪਰੇਡ' ਵਿਚ ਬ੍ਰਿਟਿਸ਼ ਕੋਲੰਬੀਆ ਦੇ ਵੱਖ-ਵੱਖ ਸ਼ਹਿਰਾਂ ਤੋਂ ਇਲਾਵਾ ਅਲਬਰਟਾ, ਓਂਟਾਰੀਓ, ਕਿਊਬੈਕ ਸੂਬਿਆਂ ਤੇ ਅਮਰੀਕਨ ਸੂਬਿਆਂ- ਕੈਲੇਫੋਰਨੀਆ ਤੇ ਵਾਸ਼ਿੰਗਟਨ ਤੋਂ ਵੱਡੀ ਗਿਣਤੀ ਵਿਚ ਸੰਗਤ ਨੇ ਸ਼ਰਧਾ ਤੇ ਉਤਸ਼ਾਹ ਨਾਲ ਹਾਜ਼ਰੀ ਭਰੀ।

ਇਸ ਨਗਰ ਕੀਰਤਨ ਦੇ ਪ੍ਰਬੰਧਕ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਦੀ ਮੁੱਖ ਸਟੇਜ ਤੋਂ ਸਿੱਖ ਸੰਘਰਸ਼ ਦੇ ਅਨੇਕਾਂ ਸ਼ਹੀਦ ਪਰਿਵਾਰਾਂ ਦਾ ਸਨਮਾਨ ਹੋਇਆ ਅਤੇ ਕੈਨੇਡੀਅਨ ਰਾਜਸੀ ਆਗੂਆਂ ਨੇ ਸੰਗਤ ਨੂੰ ਇਸ ਮਹਾਨ ਪੁਰਬ ਦੀ ਵਧਾਈ ਦਿੱਤੀ। ਨਗਰ ਕੀਰਤਨ ਵਿਚ ਖਾਲਿਸਤਾਨ ਸੁਰ ਹਮੇਸ਼ਾ ਵਾਂਗ ਭਾਰੂ ਰਹੀ। ਨਗਰ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਕੈਨੇਡਾ ਦੇ ਇਕ ਮੂਲ ਨਿਵਾਸੀ ਕਬੀਲੇ ਦੇ ਮੁਖੀ ਨੇ ਆਪਣੇ ਪਰਿਵਾਰ ਸਮੇਤ ਉਨ੍ਹਾਂ ਦੀ ਜ਼ੁਬਾਨ ਵਿਚ ਅਰਦਾਸ ਕੀਤੀ ਅਤੇ ਸਿੱਖਾਂ ਦੇ ਯੋਗਦਾਨ ਨੂੰ ਸਲਾਹੁੰਦਿਆਂ ਆਖਿਆ ਕਿ ਇਹ ਸਾਂਝ ਹੋਰ ਪਕੇਰੀ ਹੋਣੀ ਚਾਹੀਦੀ ਹੈ। ਇਸ ਤੋਂ ਬਾਅਦ ਕੈਨੇਡੀਅਨ ਫੌਜ, ਜਲ ਸੈਨਾ ਤੇ ਪੁਲਿਸ ਦੀ ਸਾਂਝੀ ਟੁਕੜੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਲਾਮੀ ਭੇਟ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਫਲੋਟ ਅੱਗੇ ਪੰਜ ਪਿਆਰਿਆਂ, ਗਤਕੇ ਦੀਆਂ ਵੱਖ-ਵੱਖ ਟੀਮਾਂ, ਮੋਟਰਸਾਈਕਲ ਸਵਾਰ ਸਿੱਖ ਨੌਜਵਾਨਾਂ ਤੇ ਮੁੱਖ ਫਲੋਟ ਪਿੱਛੇ ਕਈ ਸਿੱਖ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਤੇ ਪੰਜਾਬ ਹਿਤੈਸ਼ੀ ਸੰਗਠਨਾਂ ਨੇ ਵੀ ਪ੍ਰਭਾਵਸ਼ਾਲੀ ਝਾਕੀਆਂ ਪੇਸ਼ ਕੀਤੀਆਂ।



ਦਮਦਮੀ ਟਕਸਾਲ ਦੇ ਮੁਖੀ ਭਾਈ ਰਾਮ ਸਿੰਘ ਨੇ ਗੁਰੂ ਮਹਾਰਾਜ ਦੀ ਸਵਾਰੀ ਵਾਲੇ ਫਲੋਟ ਉਤੇ ਚੌਰ ਦੀ ਸੇਵਾ ਨਿਭਾਈ ਜਦਕਿ ਪੰਜਾਬ ਤੋਂ ਪੁੱਜੇ ਵੱਖ-ਵੱਖ ਕੀਰਤਨੀ ਜਥਿਆਂ ਨੇ ਅੰਮ੍ਰਿਤਮਈ ਗੁਰਬਾਣੀ ਪ੍ਰਵਾਹ ਨਾਲ ਸੰਗਤ ਨੂੰ ਵਾਹਿਗੁਰੂ ਨਾਮ ਜਪਾਇਆ। ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਜੌਹਨ ਹੋਰਗਨ, ਐਨ.ਡੀ.ਪੀ. ਆਗੂ ਜਗਮੀਤ ਸਿੰਘ ਅਤੇ ਹੋਰ ਕੇਂਦਰੀ ਤੇ ਸੂਬਾਈ ਸਿਆਸਤਦਾਨ ਸੰਗਤ 'ਚ ਤੁਰ ਫਿਰ ਕੇ ਮੇਲ-ਮਿਲਾਪ ਕਰਦੇ ਨਜ਼ਰ ਆਏ। ਸੂਬੇ ਦੇ ਕਿਰਤ ਮੰਤਰੀ ਹੈਰੀ ਬੈਂਸ, ਵਿਧਾਇਕ ਜਗਰੂਪ ਬਰਾੜ, ਵਿਧਾਇਕ ਰਚਨਾ ਸਿੰਘ ਤੇ ਵਿਧਾਇਕ ਗੈਰੀਬੈਗ ਨੇ ਮੁੱਖ ਸਟੇਜ ਤੋਂ ਸੰਗਤ ਨੂੰ ਵਧਾਈ ਦਿੱਤੀ ਤੇ ਸਰਕਾਰ ਵੱਲੋਂ ਅਪਰੈਲ ਮਹੀਨੇ ਨੂੰ 'ਸਿੱਖ ਵਿਰਾਸਤੀ ਮਹੀਨਾ' ਐਲਾਨੇ ਜਾਣ ਦਾ ਪ੍ਰਮਾਣ ਪੱਤਰ ਪ੍ਰਬੰਧਕਾਂ ਨੂੰ ਭੇਟ ਕੀਤਾ।

ਪੰਜਾਬ ਤੋਂ ਪੁੱਜੇ ਮਨੁੱਖੀ ਅਧਿਕਾਰ ਕਾਰਕੁਨ ਤੇ ਵਕੀਲ ਜਸਪਾਲ ਸਿੰਘ ਮੰਝਪੁਰ ਦਾ ਉਚੇਚਾ ਸਨਮਾਨ ਕੀਤਾ ਗਿਆ, ਜਿਨ੍ਹਾਂ ਹਾਲ ਹੀ ਵਿਚ ਗ੍ਰਿਫਤਾਰ ਕੀਤੇ ਸਿੱਖ ਨੌਜਵਾਨਾਂ ਤੇ ਜਥੇਦਾਰ ਹਵਾਰਾ ਸਮੇਤ ਪਹਿਲਾਂ ਤੋਂ ਹੀ ਜੇਲ੍ਹਾਂ 'ਚ ਬੰਦ ਸਿੱਖ ਨਜ਼ਰਬੰਦਾਂ ਬਾਰੇ ਜਾਣਕਾਰੀ ਸੰਗਤ ਨਾਲ ਸਾਂਝੀ ਕੀਤੀ। ਵੱਖ-ਵੱਖ ਸੰਸਥਾਵਾਂ ਵੱਲੋਂ ਦਸਤਾਰਾਂ ਸਜਾਉਣ ਦੀ ਸੇਵਾ ਤੇ ਸਿੱਖ ਵਿਦਿਅਕ ਸੰਸਥਾਵਾਂ ਨੇ ਜਾਗਰੂਕਤਾ ਲਈ ਉਤਸ਼ਾਹ ਦਿਖਾਇਆ।

# ਰਾਸ਼ਟਰਮੰਡਲ ਤਕਨੀਕੀ ਸਹਿਯੋਗ ਫੰਡ ਦੁੱਗਣਾ ਕੀਤਾ

**ਲੰਡਨ:** ਭਾਰਤ ਵੱਲੋਂ ਤਕਨੀਕੀ ਸਹਿਯੋਗ ਲਈ ਰਾਸ਼ਟਰਮੰਡਲ ਫੰਡ 'ਚ ਦੁੱਗਣਾ ਯੋਗਦਾਨ ਪਾਇਆ ਜਾਵੇਗਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਦਾ ਐਲਾਨ ਕਰਦਿਆਂ ਅਹਿਦ ਲਿਆ ਕਿ ਛੋਟੇ ਟਾਪੂ ਮੁਲਕਾਂ ਦੇ ਵਿਕਾਸ 'ਚ ਵੀ ਉਨ੍ਹਾਂ ਨੂੰ ਸਹਾਇਤਾ ਦਿੱਤੀ ਜਾਵੇਗੀ।

ਉਧਰ, ਰਾਸ਼ਟਰਮੰਡਲ ਮੁਲਕਾਂ ਦੇ ਮੁਖੀਆਂ ਨਾਲ ਬੈਠਕ 'ਚੋਗਮ' ਦੇ ਆਖਰੀ ਦਿਨ ਆਗੂਆਂ ਨੇ ਇਕ-ਦੂਜੇ ਨਾਲ ਇਕੱਲਿਆਂ-ਇਕੱਲਿਆਂ ਮੁਲਾਕਾਤਾਂ ਕੀਤੀਆਂ। 'ਰੀਟਰੀਟ' ਤਹਿਤ ਦੂਜੇ ਮੁਲਕਾਂ ਦੇ ਮੁਖੀਆਂ ਨਾਲ ਇਕੱਲੇ-ਇਕੱਲੇ ਬੰਦ ਕਮਰਾ ਬੈਠਕਾਂ ਹੋਈਆਂ। ਰਾਸ਼ਟਰਮੰਡਲ ਮੁਲਕਾਂ ਦੇ ਮੁਖੀਆਂ ਨੇ ਪ੍ਰਿੰਸ ਚਾਰਲਸ ਨੂੰ 'ਚੋਗਮ' ਦਾ ਅਗਲਾ ਮੁਖੀ ਬਣਾਉਣ ਉਤੇ ਸਹਿਮਤੀ ਪ੍ਰਗਟਾਈ ਹੈ।

ਸੀਨੀਅਰ ਅਧਿਕਾਰੀ ਨੇ ਕਿਹਾ ਕਿ ਭਾਰਤ ਨੂੰ ਪ੍ਰਿੰਸ ਚਾਰਲਸ ਦੇ ਨਾਮ ਉਤੇ ਕੋਈ ਇਤਰਾਜ਼ ਨਹੀਂ ਹੈ ਕਿਉਂਕਿ ਉਨ੍ਹਾਂ ਜਥੇਬੰਦੀ ਲਈ ਸਖਤ ਮਿਹਨਤ ਕੀਤੀ ਹੈ। ਇਜਲਾਸ ਦੌਰਾਨ ਰਾਸ਼ਟਰਮੰਡਲ ਮੁਲਕਾਂ ਨੂੰ ਦਰਪੇਸ਼ ਸੁਰੱਖਿਆ ਦੇ ਮੁੱਦਿਆਂ ਸਮੇਤ ਜਮਹੂਰੀਅਤ ਨੂੰ ਮਜ਼ਬੂਤ ਬਣਾਉਣ ਅਤੇ ਕਾਨੂੰਨ ਦਾ ਸ਼ਾਸਨ ਲਾਗੂ ਕਰਨ, ਕੌਮਾਂਤਰੀ ਵਪਾਰ ਪ੍ਰਣਾਲੀ, ਸਥਾਈ ਵਿਕਾਸ ਟੀਚਿਆਂ ਅਤੇ ਵਾਤਾਵਰਨ ਪ੍ਰਤੀ ਕੰਮ ਜਿਹੇ ਮਸਲਿਆਂ ਬਾਰੇ ਵੀ ਵਿਚਾਰਾਂ ਹੋਈਆਂ।

ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਨਿਊ ਯਾਰਕ 'ਚ ਸਥਾਈ ਮਿਸ਼ਨ ਰਾਹੀਂ ਰਾਸ਼ਟਰਮੰਡਲ ਮੁਲਕਾਂ ਨੂੰ ਸਹਿਯੋਗ ਕਰਨ ਲਈ ਛੋਟੇ ਪ੍ਰੋਜੈਕਟਾਂ 'ਚ ਭਾਰਤ ਹਿੱਸਾ ਲਏਗਾ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਬੀ.ਸੀ.ਸੀ.ਆਈ. ਦੀ ਸਹਾਇਤਾ ਨਾਲ ਭਾਰਤ 16 ਸਾਲ ਤੋਂ ਘੱਟ ਉਮਰ ਵਰਗ ਦੇ 30 ਲੜਕਿਆਂ ਅਤੇ 30 ਲੜਕੀਆਂ ਲਈ ਕ੍ਰਿਕਟ ਸਿਖਲਾਈ ਦਾ ਪ੍ਰਬੰਧ ਕਰੇਗਾ।

## ਦੀਪਿਕਾ ਤੇ ਕੋਹਲੀ 'ਟਾਈਮ' ਸੂਚੀ 'ਚ ਸ਼ਾਮਲ

**ਨਿਊ ਯਾਰਕ:** ਕੈਬ ਸਰਵਿਸ ਪ੍ਰੋਵਾਈਡਰ ਕੰਪਨੀ ਓਲਾ ਦੇ ਸਹਿ-ਸੰਸਥਾਪਕ ਭਾਵੀਸ਼ ਅਗਰਵਾਲ, ਬਾਲੀਵੁੱਡ ਅਦਾਕਾਰਾ ਦੀਪਿਕਾ ਪਾਦੂਕੋਣ, ਕ੍ਰਿਕਟਰ ਵਿਰਾਟ ਕੋਹਲੀ ਤੇ ਭਾਰਤ ਵਿਚ ਜੰਮੇ ਮਾਈਕ੍ਰੋਸਾਫਟ ਦੇ ਸੀ.ਈ.ਓ. ਸਤਿਆ ਨਡੇਲਾ ਟਾਈਮ ਮੈਗਜ਼ੀਨ ਦੀ ਇਸ ਸਾਲ ਦੀਆਂ ਦੁਨੀਆਂ ਦੀ 100 ਸਭ ਤੋਂ ਪ੍ਰਭਾਵਸ਼ਾਲੀ ਹਸਤੀਆਂ ਦੀ ਸੂਚੀ ਵਿਚ ਸ਼ਾਮਲ ਹਨ।



ਮੈਗਜ਼ੀਨ ਨੇ ਕਿਹਾ ਕਿ ਦੁਨੀਆਂ ਦੇ ਸਭ ਤੋਂ ਪ੍ਰਭਾਵਸ਼ਾਲੀ ਲੋਕਾਂ ਦੀ ਟੀਮ ਦੀ ਸਾਲਾਨਾ ਸੂਚੀ 'ਚ ਉਨ੍ਹਾਂ ਲੋਕਾਂ ਦੇ ਨਾਂ ਹਨ ਜਿਨ੍ਹਾਂ ਬਾਰੇ ਸਾਡਾ ਮੰਨਣਾ ਹੈ ਕਿ ਇਹ ਸਮਾਂ ਉਨ੍ਹਾਂ ਦਾ ਹੈ। ਇਸ ਸਾਲ ਦੀ ਸੂਚੀ 'ਚ ਹਾਲੀਵੁੱਡ ਅਦਾਕਾਰਾ ਨਿਕੋਲ ਕਿਡਮੈਨ, ਅਦਾਕਾਰਾ ਗੈਲ ਗਡੋਟ, ਰਾਜ ਕੁਮਾਰ ਹੈਰੀ, ਉਨ੍ਹਾਂ ਦੀ ਮੰਗੇਤਰ ਮੇਗਨ ਮਾਰਕੇਲ, ਲੰਡਨ ਦੇ ਮੇਅਰ ਸਾਦਿਕ ਖਾਨ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਜਾਪਾਨੀ ਪ੍ਰਧਾਨ ਮੰਤਰੀ ਸ਼ਿੰਜੋ ਆਬੇ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਉੱਤਰ ਕੋਰੀਆ ਦੇ ਨੇਤਾ ਕਿਮ ਜੋਂਗ ਉਨ, ਆਇਰਲੈਂਡ ਦੇ ਭਾਰਤੀ ਮੂਲ ਦੇ ਪ੍ਰਧਾਨ ਮੰਤਰੀ ਲਿਓ ਵਰਾਡਕਰ, ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਤੇ ਗਾਇਕਾ ਰਿਹਾਨਾ ਵੀ ਸ਼ਾਮਲ ਹਨ।




## ਦਹਿਸ਼ਤੀਆਂ ਖਿਲਾਫ ਫੈਸਲਾਕੁਨ ਕਾਰਵਾਈ ਦਾ ਅਹਿਦ

**ਲੰਡਨ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੀ ਬਰਤਾਨਵੀ ਹਮਰੁਤਬਾ ਟੈਰੇਜ਼ਾ ਮੇਅ ਨਾਲ ਵੱਖ-ਵੱਖ ਮੁੱਦਿਆਂ ਉਤੇ ਗੱਲਬਾਤ ਕੀਤੀ, ਜਿਸ ਦੌਰਾਨ ਦੋਹਾਂ ਮੁਲਕਾਂ ਨੇ ਆਲਮੀ ਪੱਧਰ ਉਤੇ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀਆਂ ਖਿਲਾਫ ਫੈਸਲਾਕੁਨ ਕਾਰਵਾਈ ਲਈ ਸਹਿਯੋਗ ਮਜ਼ਬੂਤ ਕਰਨ ਦਾ ਅਹਿਦ ਲਿਆ ਹੈ।

ਸ੍ਰੀ ਮੋਦੀ ਨੇ ਭਰੋਸਾ ਦਿੱਤਾ ਕਿ ਬਰਤਾਨੀਆ ਦੇ ਯੂਰਪੀ ਯੂਨੀਅਨ ਵਿਚੋਂ ਨਿਕਲ ਜਾਣ ਤੋਂ ਬਾਅਦ ਵੀ ਇਸ ਮੁਲਕ ਦੀ ਭਾਰਤ ਲਈ ਅਹਿਮੀਅਤ ਬਣੀ ਰਹੇਗੀ।

# ਸਿਆਸੀ 'ਖਤਾ' ਦਾ ਸਿੱਟਾ ਹੈ ਨਿਆਂ ਪਾਲਿਕਾ ਦੀ ਅਜੋਕੀ ਹਾਲਤ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਸੰਸਦ ਦੇ ਉਪਰਲੇ ਸਦਨ ਰਾਜ ਸਭਾ 'ਚ ਸੁਪਰੀਮ ਕੋਰਟ ਦੇ ਮੁੱਖ ਜੱਜ ਦੇ ਖਿਲਾਫ ਮਹਾਂਦੋਸ਼ ਦਾ ਮਤਾ ਪੇਸ਼ ਕੀਤਾ ਗਿਆ ਸੀ। ਇਸ ਮਤੇ ਉਤੇ 7 ਪਾਰਟੀਆਂ ਦੇ 64 ਸੰਸਦ ਮੈਂਬਰਾਂ ਨੇ ਦਸਤਖਤ ਕੀਤੇ ਤੇ ਇਸ ਦਾ ਵਜ਼ਨ ਵਧਾਉਣ ਲਈ ਕੁਝ ਅਜਿਹੇ ਸਾਬਕਾ ਮੈਂਬਰਾਂ ਦੇ ਦਸਤਖਤ ਵੀ ਕਰਵਾਏ, ਜੋ ਕੁਝ ਦਿਨ ਪਹਿਲਾਂ ਇਸ ਹਾਊਸ ਤੋਂ ਰਿਟਾਇਰ ਹੋਏ ਸਨ। ਰਾਜ ਸਭਾ ਦਾ ਚੇਅਰਮੈਨ ਦੇਸ਼ ਦਾ ਉਪ ਰਾਸ਼ਟਰਪਤੀ ਹੁੰਦਾ ਹੈ ਤੇ ਇਸ ਵੇਲੇ ਇਸ ਕੁਰਸੀ ਉਤੇ ਭਾਜਪਾ ਦਾ ਦੋ ਵਾਰੀਆਂ ਦਾ ਸਾਬਕਾ ਪ੍ਰਧਾਨ ਵੈਂਕਈਆ ਨਾਇਡੂ ਬੈਠਾ ਹੈ। ਮਤਾ ਪੇਸ਼ ਕਰਨ ਜਾਂ ਹੋਰ ਕਾਰਵਾਈ ਦਾ ਫੈਸਲਾ ਉਸੇ ਨੇ ਲੈਣਾ ਸੀ। ਕਾਂਗਰਸ ਪਾਰਟੀ ਤੇ ਉਸ ਦੇ ਸਮਰਥਕਾਂ ਨੇ ਜਿੰਨੇ ਜ਼ੋਰ ਨਾਲ ਮਤਾ ਪੇਸ਼ ਕੀਤਾ, ਭਾਜਪਾ ਦੇ ਲੀਡਰ ਉਸ ਤੋਂ ਦੁੱਗਣੇ ਜ਼ੋਰ ਨਾਲ ਮਤੇ ਨੂੰ ਨਾਜਾਇਜ਼ ਠਹਿਰਾਈ ਜਾਂਦੇ ਸਨ। ਆਖਰ ਮਤਾ ਰਾਜ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਇਸ ਦੇ ਚੇਅਰਮੈਨ ਤੇ ਦੇਸ਼ ਦੇ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੇ ਰੱਦ ਕਰ ਛੱਡਿਆ ਹੈ ਅਤੇ ਇਸ ਤੋਂ ਸਾਡੇ ਵਰਗੇ ਹੋਰ ਲੋਕਾਂ ਨੂੰ ਕੋਈ ਹੈਰਾਨੀ ਨਹੀਂ ਹੋਈ ਤੇ ਹੋਣੀ ਨਹੀਂ ਸੀ ਚਾਹੀਦੀ।

ਪਹਿਲੀ ਗੱਲ ਇਹ ਵੇਖਣੀ ਪਵੇਗੀ, ਤੇ ਮੰਨਣੀ ਵੀ ਬਣਦੀ ਹੈ ਕਿ ਜਿੰਨੇ ਵਿਵਾਦ ਸੁਪਰੀਮ ਕੋਰਟ ਦੇ ਅੱਜ ਵਾਲੇ ਮੁੱਖ ਜੱਜ ਦੀਪਕ ਮਿਸ਼ਰਾ ਬਾਰੇ ਸੁਣਨ ਨੂੰ ਮਿਲੇ ਹਨ, ਇੰਨੇ ਕਦੀ ਕਿਸੇ ਹੋਰ ਜੱਜ ਬਾਰੇ ਨਹੀਂ ਸਨ ਸੁਣੇ ਗਏ। ਇਸ ਸਾਲ ਜਨਵਰੀ ਵਿਚ ਸੁਪਰੀਮ ਕੋਰਟ ਦੇ ਚਾਰ ਸਭ ਤੋਂ ਸੀਨੀਅਰ ਜੱਜਾਂ ਨੇ ਇਸ ਮੁੱਖ ਜੱਜ ਉਤੇ ਇਤਰਾਜ਼ ਕਰਨ ਵਾਸਤੇ ਪ੍ਰੈਸ ਕਾਨਫਰੰਸ ਵੀ ਕੀਤੀ ਸੀ, ਜੋ ਭਾਰਤ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਸੀ। ਹੁਕਮਰਾਨ ਪਾਰਟੀ ਨੇ ਭਾਵੇਂ ਚੀਫ ਜਸਟਿਸ ਦਾ ਪੱਖ ਲਿਆ, ਪਰ ਉਸ ਬਾਰੇ ਪ੍ਰਭਾਵ ਚੰਗਾ ਨਹੀਂ ਸੀ ਰਹਿ ਗਿਆ। ਫਿਰ ਕੁਝ ਹੋਰ ਕੇਸਾਂ ਦੀ ਸੁਣਵਾਈ ਦੌਰਾਨ ਉਸ ਬਾਰੇ ਵਿਵਾਦ ਛਿੜੇ। ਏਦਾਂ ਦੇ ਹਾਲਾਤ ਵਿਚ ਉਸ ਨੇ ਬਚ ਕੇ ਚੱਲਣ ਜਾਂ ਨਿਆਂ ਪਾਲਿਕਾ ਦਾ ਅਕਸ ਬਚਾਉਣ ਲਈ ਖੁਦ ਪਾਸਾ ਵੱਟ ਜਾਣ ਦਾ ਫੈਸਲਾ ਲੈ ਲਿਆ ਹੁੰਦਾ ਤਾਂ ਹੁਣ ਵਾਲੀ ਸਥਿਤੀ ਪੈਦਾ ਨਹੀਂ ਸੀ ਹੋਣੀ, ਜਿਸ ਦਾ ਨਤੀਜਾ ਸੱਤ ਪਾਰਟੀਆਂ ਵੱਲੋਂ ਉਸ ਦੇ ਖਿਲਾਫ ਮਤਾ ਪੇਸ਼ ਕਰਨ ਦੇ ਰੂਪ ਵਿਚ ਨਿਕਲਿਆ ਹੈ। ਰਾਜ ਕਰਦੀ ਪਾਰਟੀ ਤਾਂ ਇਸ ਵੇਲੇ ਵੀ ਉਸ ਦੇ ਨਾਲ ਖੜੀ ਹੈ, ਸ਼ਾਇਦ ਉਸ ਦੀ ਰਿਟਾਇਰਮੈਂਟ ਪਿੱਛੋਂ ਵੀ ਉਸ ਨਾਲ ਖੜੀ ਦਿਖਾਈ ਦੇਵੇਗੀ, ਪਰ



ਦੀਪਕ ਮਿਸ਼ਰਾ

ਆਮ ਲੋਕਾਂ ਵਿਚ ਜਿੰਦਾਂ ਦੀ ਸਾਖ ਕਿਸੇ ਜੱਜ ਬਾਰੇ ਚਾਹੀਦੀ ਹੈ, ਉਹ ਨਹੀਂ ਰਹਿ ਸਕੀ।

ਦੂਜਾ ਪੱਖ ਇਸ ਦੇਸ਼ ਵਿਚ ਜੱਜਾਂ ਦੇ ਖਿਲਾਫ ਮਹਾਂਦੋਸ਼ ਦੇ ਮਤਿਆਂ ਦੇ ਪਿਛਲੇ ਤਜਰਬੇ ਦਾ ਹੈ। ਤੀਹਾਂ ਤੋਂ ਵੱਧ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਖਿਲਾਫ ਮਹਾਂਦੋਸ਼ ਦੇ ਮਤੇ ਦਾ ਨੋਟਿਸ ਪਾਰਲੀਮੈਂਟ ਸਾਹਮਣੇ ਪੇਸ਼ ਹੋਇਆ ਸੀ। ਉਸ ਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ ਸਨ ਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਨੇ ਉਸ ਵਿਰੁਧ ਮਹਾਂਦੋਸ਼ ਦਾ ਮਤਾ ਪੇਸ਼ ਕੀਤੇ ਜਾਣ ਦੀ ਸਿਫਾਰਸ਼ ਦੇ ਨਾਲ ਚੀਫ ਜਸਟਿਸ ਨੂੰ ਬੇਨਤੀ ਕੀਤੀ ਹੋਈ ਸੀ ਕਿ ਇਸ ਜੱਜ ਕੋਲ ਕੋਈ ਕੇਸ ਸੁਣਵਾਈ ਲਈ ਨਾ ਭੇਜਿਆ ਜਾਵੇ। ਮਤਾ ਪੇਸ਼ ਹੋਣ ਉਤੇ ਲੋਕ ਸਭਾ ਦੇ ਸਪੀਕਰ ਨੇ ਜਾਂਚ ਕਰਨ ਵਾਸਤੇ ਤਿੰਨ ਜੱਜਾਂ ਦੀ ਕਮੇਟੀ ਬਣਾ ਦਿੱਤੀ ਅਤੇ ਉਸ ਕਮੇਟੀ ਨੇ ਚੌਦਾਂ ਵਿਚੋਂ ਗਿਆਰਾਂ ਦੋਸ਼ ਸਹੀ ਕਰਾਰ ਦਿੱਤੇ ਸਨ। ਦੋ ਸਾਲਾਂ ਤੋਂ ਵੱਧ ਸਮਾਂ ਲੰਘਣ ਪਿੱਛੋਂ ਇਸ ਮਤੇ ਉਤੇ ਲੋਕ ਸਭਾ ਵਿਚ ਬਹਿਸ ਹੋਈ ਅਤੇ ਮਤਾ ਡਿੱਗ ਪਿਆ। ਮਤਾ ਪਾਸ ਕਰਨ ਲਈ ਲੋਕ ਸਭਾ ਵਿਚ ਦੋ ਤਿਹਾਈ ਮੈਂਬਰਾਂ ਦੀਆਂ ਵੋਟਾਂ ਚਾਹੀਦੀਆਂ ਸਨ, ਜੋ 362 ਤੋਂ ਵੱਧ ਬਣਨੀਆਂ ਸਨ, ਪਰ ਦੋ ਸੌ ਵੀ ਨਹੀਂ ਸੀ ਮਿਲੀਆਂ, ਕਿਉਂਕਿ ਦੋ ਸੌ ਤੋਂ ਵੱਧ ਮੈਂਬਰ ਉਥੇ ਬੈਠੇ ਹੁੰਦਿਆਂ ਵੀ ਕਿਸੇ ਪਾਸੇ ਵੋਟ ਦੇਣ ਤੋਂ ਪਾਸਾ ਵੱਟ ਗਏ ਸਨ। ਇਸ ਤਰ੍ਹਾਂ ਪਹਿਲੀ ਵਾਰ ਪੇਸ਼ ਹੋਇਆ ਮਹਾਂਦੋਸ਼ ਦਾ ਮਤਾ ਪਾਸ ਹੁੰਦਾ ਰਹਿ ਗਿਆ ਸੀ।

ਇਸ ਤੋਂ ਬਾਅਦ ਹਾਈ ਕੋਰਟ ਦੇ ਇੱਕ ਜੱਜ ਜਸਟਿਸ ਦਿਨਾਕਰਨ ਦੇ ਖਿਲਾਫ ਜ਼ਮੀਨੀ ਧਾਂਦਲੀਆਂ ਦੇ ਦੋਸ਼ ਹੇਠ ਮਹਾਂਦੋਸ਼ ਦਾ ਮਤਾ ਆਇਆ ਸੀ। ਜਦੋਂ ਤਿੰਨ ਮੈਂਬਰੀ ਕਮੇਟੀ ਪੜਤਾਲ ਕਰ ਰਹੀ ਸੀ ਤਾਂ ਉਹ ਅਸਤੀਫਾ ਦੇ ਗਿਆ ਤੇ ਆਖਿਆ ਉਸ ਨੇ ਇਹ ਸੀ ਕਿ ਉਸ ਦੇ ਕੇਸ ਦੀ ਜਾਂਚ ਠੀਕ ਨਹੀਂ ਚੱਲ ਰਹੀ। ਤੀਜਾ ਕੇਸ ਪੱਛਮੀ ਬੰਗਾਲ ਹਾਈ ਕੋਰਟ ਦੇ ਜਸਟਿਸ ਸੁਮਿਤਰਾ ਸੇਨ ਦਾ ਸੀ, ਜਿਸ ਵੱਲੋਂ ਇੱਕ ਸਰਕਾਰੀ ਕੰਟਰੋਲ ਵਾਲੇ ਅਦਾਰੇ ਦੇ ਕੇਸ ਵਿਚ ਸਾਲਸੀ ਕਰਨ ਵੇਲੇ ਆਪਣੇ ਕੋਲ ਆਏ 32 ਲੱਖ ਰੁਪਏ ਵਿਚ ਗੜਬੜ ਕੀਤੀ ਸਾਬਤ ਹੁੰਦੀ ਸੀ। ਤਿੰਨ ਜੱਜਾਂ ਦੀ ਕਮੇਟੀ ਨੇ ਜਾਂਚ ਕਰਨ ਉਤੇ ਇਹ ਦੋਸ਼ ਸਹੀ ਸਾਬਤ ਹੋਏ ਮੰਨੇ ਅਤੇ ਫਿਰ ਰਾਜ ਸਭਾ ਵਿਚ ਇਸ ਮਤੇ ਉਤੇ ਜਦੋਂ ਵੋਟਿੰਗ ਹੋਈ ਤਾਂ ਨਿੰਦਾ ਕਰਨ ਦੇ ਹੱਕ ਵਿਚ ਦੋ ਸੌ ਦੇ ਨੇੜੇ ਵੋਟਾਂ ਪੈ ਗਈਆਂ ਤੇ ਵਿਰੋਧ ਵਿਚ ਡੇਢ ਦਰਜਨ ਵੀ ਨਹੀਂ ਸੀ ਪਈਆਂ। ਇਹੋ ਮਤਾ ਮੁੜ ਕੇ ਲੋਕ ਸਭਾ ਵਿਚ ਜਾਣਾ ਸੀ, ਪਰ ਉਸ ਤੋਂ ਪਹਿਲਾਂ ਸੁਮਿਤਰਾ ਸੇਨ ਅਸਤੀਫਾ ਦੇ ਕੇ ਪਾਸੇ ਹੋ ਗਿਆ ਸੀ।

ਅਜੋਕੇ ਚੀਫ ਜਸਟਿਸ ਦੇ ਖਿਲਾਫ ਪੇਸ਼ ਹੋਏ ਇਸ ਮਤੇ ਦਾ ਕੀ ਬਣੇਗਾ, ਚੀਫ ਜਸਟਿਸ ਕੀ ਪੈਂਤੜਾ ਲੈ ਸਕਦਾ ਹੈ ਤੇ ਸਰਕਾਰ ਕੀ ਕਰੇਗੀ, ਇਹ ਅਜੇ ਸਾਫ ਨਹੀਂ ਹੋਇਆ। ਨਿਜੀ ਤੌਰ 'ਤੇ ਸਾਨੂੰ ਲੱਗਦਾ ਹੈ ਕਿ ਏਡੇ ਵਿਵਾਦਾਂ ਵਿਚ ਫਸੇ ਰਹਿਣ ਨਾਲੋਂ ਚੀਫ ਜਸਟਿਸ ਨੂੰ ਅਹੁਦੇ ਦੀ ਸ਼ਾਨ ਕਾਇਮ ਰੱਖਣ ਲਈ ਉਹ ਕਦਮ ਚੁਕ ਲੈਣਾ ਚਾਹੀਦਾ ਹੈ, ਜੋ ਅਜਿਹੇ ਸਮੇਂ ਕਈ ਹੋਰ ਲੋਕ ਚੁਕਦੇ ਰਹੇ ਸਨ, ਪਰ ਇਸ ਦੀ ਸੰਭਾਵਨਾ ਬਹੁਤ ਘੱਟ ਦਿਖਾਈ ਦਿੰਦੀ ਹੈ।

ਇਸ ਦੌਰਾਨ ਇੱਕ ਪੱਖ ਇਹ ਮਤਾ ਰੱਖਣ ਵਾਲਿਆਂ ਬਾਰੇ ਵੀ ਅਜਿਹਾ ਹੈ, ਜੋ ਅਣਗੌਲਿਆ ਕਰਨਾ ਠੀਕ ਨਹੀਂ ਹੋਵੇਗਾ। ਜਦੋਂ ਮੌਜੂਦਾ ਚੀਫ ਜੱਜ ਦੇ ਖਿਲਾਫ ਮਹਾਂਦੋਸ਼ ਦਾ ਮਤਾ ਪੇਸ਼ ਕੀਤਾ ਗਿਆ ਤਾਂ ਕਾਂਗਰਸ ਤੇ ਹੋਰਨਾਂ ਧਿਰਾਂ ਦੇ ਆਗੂਆਂ ਵਿਚ ਸੀਨੀਅਰ ਵਕੀਲ ਤੇ ਸਾਬਕਾ ਮੰਤਰੀ ਕਪਿਲ ਸਿੱਬਲ ਵੀ ਸ਼ਾਮਲ ਸੀ। ਉਹ ਖਾਸ ਪੱਖ ਇਸੇ ਕਪਿਲ ਸਿੱਬਲ ਨਾਲ ਸਬੰਧ ਰੱਖਦਾ ਹੈ। ਅਸੀਂ ਲਿਖਤ ਦੇ ਸ਼ੁਰੂ ਵਿਚ ਦੱਸਿਆ ਹੈ ਕਿ ਭਾਰਤ ਦੇ ਇਤਿਹਾਸ ਵਿਚ ਕਿਸੇ ਜੱਜ ਬਾਰੇ ਮਹਾਂਦੋਸ਼ ਦਾ ਜੋ ਪਹਿਲਾ ਮਤਾ ਪੇਸ਼ ਹੋਇਆ, ਉਹ ਸੁਪਰੀਮ ਕੋਰਟ ਦੇ ਜਸਟਿਸ ਰਾਮਾਸਵਾਮੀ ਦੇ ਵਿਰੁਧ ਸੀ। ਉਸ ਖਿਲਾਫ ਉਹ ਮਤਾ ਰਾਜਨੀਤੀ ਨਾਲ ਨਹੀਂ ਸੀ ਜੁੜਦਾ, ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਉਸ ਦੇ ਖਿਲਾਫ ਮਹਾਂਦੋਸ਼ ਦਾ ਮਤਾ ਪਾਸ ਕਰਨ ਦੀ ਸਿਫਾਰਸ਼ ਕੀਤੀ ਹੋਈ ਸੀ। ਪਾਰਲੀਮੈਂਟ ਵਿਚ ਬਾਹਰ ਦੇ ਕਿਸੇ ਵਿਅਕਤੀ ਨੂੰ ਜਾ ਕੇ ਬੋਲਣ ਦੀ ਆਮ ਹਾਲਾਤ ਵਿਚ ਆਗਿਆ ਨਹੀਂ ਹੁੰਦੀ, ਪਰ ਜਦੋਂ ਕਿਸੇ ਜੱਜ ਜਾਂ ਹੋਰ ਏਦਾਂ ਦੀ ਹਸਤੀ ਵਿਰੁਧ ਮਹਾਂਦੋਸ਼ ਦਾ ਮਤਾ ਪੇਸ਼ ਕੀਤਾ ਜਾਵੇ ਤਾਂ ਉਸ ਦਾ ਪੱਖ ਪੇਸ਼ ਕਰਨ ਲਈ ਉਸ ਦੇ ਵਕੀਲ ਨੂੰ ਉਥੇ ਬੋਲਣ ਲਈ ਮੌਕਾ ਮਿਲ ਜਾਂਦਾ ਹੈ। ਜਸਟਿਸ ਰਾਮਾਸਵਾਮੀ ਉਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਮਹਾਂਦੋਸ਼ ਮਤਾ ਵਿਚਾਰ ਕਰਨ ਲਈ ਪੇਸ਼ ਹੋਇਆ ਤਾਂ ਉਸ ਦਾ ਪੱਖ ਪੇਸ਼ ਕਰਨ ਲਈ ਪਾਰਲੀਮੈਂਟ ਵਿਚ ਜੋ ਵਕੀਲ ਪੇਸ਼ ਹੋਇਆ, ਉਹ ਇਹੀ ਕਪਿਲ ਸਿੱਬਲ ਸੀ, ਜੋ ਹੁਣ ਵਾਲੇ ਚੀਫ ਜਸਟਿਸ ਦੇ ਖਿਲਾਫ ਮਹਾਂਦੋਸ਼ ਦੇ ਮਤੇ ਨੂੰ ਜਾਇਜ਼ ਦੱਸਦਾ ਹੈ। ਇਹੋ ਸਮਝ ਉਸ ਨੇ ਉਸ ਵਕਤ ਵੀ ਵਿਖਾਈ ਹੁੰਦੀ, ਪਹਿਲੀ ਵਾਰ ਅਜਿਹਾ ਮਤਾ ਆਏ ਤੋਂ ਉਸ ਨੂੰ ਪਾਸ ਹੋਣ ਦਿੱਤਾ ਹੁੰਦਾ ਤਾਂ ਅੱਜ ਦਾ ਇਹ ਦਿਨ ਦੇਖਣਾ ਨਾ ਪੈਂਦਾ; ਉਹ ਮਤਾ ਵੀ ਸੁਪਰੀਮ ਕੋਰਟ ਦੀ ਬਾਰ ਐਸੋਸੀਏਸ਼ਨ ਦੀ ਸਿਫਾਰਸ਼ ਨਾਲ ਆਇਆ ਸੀ। ਉਦੋਂ ਉਹ ਮਤਾ ਡਿੱਗ ਪੈਣ ਦੇ ਬਾਅਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਾਲਾ ਜਸਟਿਸ ਰਾਮਾਸਵਾਮੀ ਅਗਲੇ ਨੌਂ ਮਹੀਨੇ ਜੱਜ ਦੀ ਸੀਟ ਉਤੇ ਬੈਠਾ ਪਤਾ ਨਹੀਂ ਲੋਕਾਂ ਨੂੰ ਕਿਸ ਤਰ੍ਹਾਂ ਦਾ 'ਇਨਸਾਫ' ਦੇਣ ਦਾ ਕੰਮ ਕਰਦਾ ਰਿਹਾ ਹੋਵੇਗਾ।

ਉਰਦੂ ਦਾ ਇੱਕ ਸ਼ੇਅਰ ਹੈ ਕਿ 'ਵੋ ਵਕਤ ਭੀ ਦੇਖਾ ਤਾਰੀਖ ਕੀ ਘੜੀਓਂ ਨੇ, ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।' ਭਾਰਤੀ ਰਾਜਨੀਤੀ ਕਈ ਵਾਰ ਅਜਿਹੀ 'ਖਤਾ' ਗਿਣੀ ਜਾਂਦੀ ਭੁੱਲ ਕਰ ਚੁਕੀ ਹੈ। ਜਸਟਿਸ ਰਾਮਾਸਵਾਮੀ ਦੇ ਖਿਲਾਫ ਮਹਾਂਦੋਸ਼ ਮਤੇ ਦਾ ਡਿੱਗਣਾ ਵੀ ਏਦਾਂ ਦੀ ਬੱਜਰ ਸਿਆਸੀ ਗਲਤੀ ਹੈ। ਮੁਸ਼ਕਿਲ ਇਹ ਹੈ ਕਿ ਅੱਜ ਵੀ ਕੁਝ ਲੋਕ ਗਲਤੀ ਸੁਧਾਰਨ ਅਤੇ ਕੁਝ ਹੋਰ ਲੋਕ ਮੁੜ ਕੇ ਨਵੀਂ ਗਲਤੀ ਕਰਨ ਲਈ ਦੋ ਥਾਂਈਂ ਵੰਡੇ ਪਏ ਹਨ।

# ਆਰ. ਐਸ. ਐਸ. ਵੈਦਿਕ ਫਿਲਾਸਫੀ ਦੀ ਨਹੀਂ, ਮਨੂੰਵਾਦ ਦੀ ਪੈਰੋਕਾਰ

ਗੁਰਬਚਨ ਸਿੰਘ, ਜਲੰਧਰ
ਫੋਨ: 91-98156-98451

ਵਿਧਾਨ ਘੜਨੀ ਸਭਾ ਜਦੋਂ ਦੇਸ਼ ਦੇ ਵਿਧਾਨ ਨੂੰ ਅੰਤਿਮ ਰੂਪ ਦੇਣ ਲਈ ਖੌਝਲ ਰਹੀ ਸੀ, ਤਾਂ ਆਰ. ਐਸ. ਐਸ. ਮੁਖੀ ਆਪਣੀ ਜਥੇਬੰਦੀ ਦੇ ਅੰਗਰੇਜ਼ੀ ਪਰਚੇ ਵਿਚ ਸਭਾ ਨੂੰ ਮਨੂੰ ਸਿਮ੍ਰਿਤੀ ਦਾ ਚੇਤਾ ਕਰਾਉਂਦਿਆਂ ਉਸ ਨੂੰ ਲਾਗੂ ਕਰਨ 'ਤੇ ਜ਼ੋਰ ਦੇ ਰਹੇ ਸਨ। ਆਰ. ਐਸ. ਐਸ. ਮੁਖੀ ਮਾਧਵ ਸਦਾਸ਼ਿਵ ਗੋਲਵਾਲਕਰ ਦੀ ਆਪਣੀ ਜਥੇਬੰਦੀ ਦੇ ਅੰਗਰੇਜ਼ੀ ਪਰਚੇ 'ਆਰਗੇਨਾਈਜ਼ਰ' ਦੇ 23 ਨਵੰਬਰ 1949 ਦੇ ਅੰਕ ਵਿਚ ਛਪੀ ਇਕ ਲਿਖਤ ਦਾ ਤੱਤਸਾਰ ਹੈ, "ਸਾਡੇ ਵਿਧਾਨ ਵਿਚ ਪ੍ਰਾਚੀਨ ਭਾਰਤ ਦੀ ਨਿਵੇਕਲੀ ਵਿਧਾਨਕ ਪਛਾਣ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ। ਮਨੂੰ ਦੇ ਕਾਨੂੰਨ ਸਪਾਰਟਾ ਦੇ ਲਿਕਰੇਸ ਤੇ ਇਰਾਨ ਦੇ ਸੋਲੋਂ ਤੋਂ ਵੀ ਬਹੁਤ ਪਹਿਲਾਂ ਲਿਖੇ ਗਏ ਸਨ। ਮਨੂੰ ਸਿਮ੍ਰਿਤੀ 'ਚ ਦਰਜ ਕਾਨੂੰਨ ਅਜੇ ਵੀ ਸੰਸਾਰ ਭਰ ਵਿਚ ਸਰਾਹੇ ਜਾਂਦੇ ਹਨ ਅਤੇ ਅਜੇ ਵੀ ਆਪ ਮੁਹਾਰੀ ਪ੍ਰਵਾਨਗੀ ਤੇ ਪੁਸ਼ਟੀ ਹਾਸਲ ਕਰਦੇ ਹਨ।" ਆਰ. ਐਸ. ਐਸ. ਦੇ ਸਿਧਾਂਤਕ ਵਿਰਸੇ ਦਾ ਇਹ ਇਕ ਹਲਫੀਆ ਬਿਆਨ ਹੈ।

ਹੁਣ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਜੇ ਡਾ. ਭੀਮ ਰਾਓ ਅੰਬੇਡਕਰ ਵਿਧਾਨ ਘੜਨੀ ਸਭਾ ਦੇ ਚੇਅਰਮੈਨ ਨਾ ਹੁੰਦੇ, ਤਾਂ ਸ਼ਾਇਦ ਸਭਾ ਦੀ ਭਾਰੂ ਧਿਰ ਆਰ. ਐਸ. ਐਸ. ਮੁਖੀ ਦੀ ਇਹ ਗੱਲ ਮੰਨ ਲੈਂਦੀ ਅਤੇ ਅੱਜ ਭਾਰਤੀ ਜਨਤਾ ਪਾਰਟੀ ਨੂੰ ਦੇਸ਼ ਭਰ ਵਿਚ ਸਰਕਾਰੀ ਤੌਰ 'ਤੇ ਮਨੂੰ ਸਿਮ੍ਰਿਤੀ ਨੂੰ ਲਾਗੂ ਕਰਨ ਲਈ ਰਾਜ ਸਭਾ ਵਿਚ ਬਹੁਮਤ ਦੀ ਉਡੀਕ ਨਾ ਕਰਨੀ ਪੈਂਦੀ। ਬਿਨਾ ਸ਼ੱਕ ਗੈਰ-ਸਰਕਾਰੀ ਤੌਰ 'ਤੇ ਦੇਸ਼ 'ਚ ਅਜੇ ਵੀ ਮਨੂੰ ਸਿਮ੍ਰਿਤੀ ਦਾ ਵਰਨ ਪ੍ਰਬੰਧ ਹੀ ਲਾਗੂ ਹੈ।

ਮਨੂੰ ਸਿਮ੍ਰਿਤੀ ਬਾਰੇ ਡਾ. ਅੰਬੇਡਕਰ ਨੇ ਕਿਹਾ ਹੈ, "ਹਿੰਦੂ ਧਰਮ ਦਾ ਸਮੁੱਚਾ ਸਦਾਚਾਰ ਅਤੇ ਧਾਰਮਿਕ ਮਾਨਤਾਵਾਂ ਸਿਮ੍ਰਿਤੀਆਂ ਵਿਚ ਦਰਜ ਹਨ। ਇਹ ਸਿਮ੍ਰਿਤੀਆਂ 108 ਦੇ ਕਰੀਬ ਹਨ। ਇਨ੍ਹਾਂ ਵਿਚੋਂ ਹੀ ਹਿੰਦੂ ਧਰਮ ਅਤੇ ਇਸ ਦਾ ਨੀਤੀ ਸ਼ਾਸਤਰ ਸਮਝਿਆ ਜਾ ਸਕਦਾ ਹੈ। ਇਨ੍ਹਾਂ ਸਭ ਸਿਮ੍ਰਿਤੀਆਂ ਦਾ ਇਕ ਸਾਂਝਾ ਸ੍ਰੋਤ ਹੈ, ਮਨੂੰ ਸਿਮ੍ਰਿਤੀ। ਇਸ ਨੂੰ ਮਾਨਵ ਧਰਮ ਸ਼ਾਸਤਰ ਵੀ ਕਿਹਾ ਜਾਂਦਾ ਹੈ। ਬਾਕੀ ਸਭ ਸਿਮ੍ਰਿਤੀਆਂ ਇਸ ਦੀ ਦੁਹਰਾਈ ਮਾਤਰ ਹਨ। ਇਸ ਲਈ ਹਿੰਦੂਆਂ ਦੀਆਂ ਸਭ ਧਾਰਮਿਕ ਮਾਨਤਾਵਾਂ ਅਤੇ ਸਦਾਚਾਰ ਦੇ ਸਾਰੇ ਸੰਕਲਪਾਂ ਨੂੰ ਜਾਣਨ ਲਈ ਮਨੂੰ ਸਿਮ੍ਰਿਤੀ ਦਾ ਅਧਿਐਨ ਹੀ ਕਾਫੀ ਹੈ। ਬਾਕੀ ਸਿਮ੍ਰਿਤੀਆਂ ਵਾਂਗ ਮਨੂੰ ਸਿਮ੍ਰਿਤੀ ਵੀ ਧਾਰਮਿਕ ਕਾਨੂੰਨਾਂ ਦਾ ਇਕ ਜ਼ਾਬਤਾ ਹੈ। ਇਹ ਸਿਰਫ ਸਦਾਚਾਰ ਅਤੇ ਧਰਮ ਦੀ ਇਕ ਕਿਤਾਬ ਹੀ ਨਹੀਂ, ਸਗੋਂ ਇਸ ਨੂੰ ਧਰਮ ਅਤੇ ਸਦਾਚਾਰਕ ਕਾਨੂੰਨਾਂ ਦੀ ਇਕ ਕਿਤਾਬ ਕਹਿਣਾ ਚਾਹੀਦਾ ਹੈ।"

ਮਨੂੰ ਸਿਮ੍ਰਿਤੀ 'ਚ ਦਰਜ ਹੈ, "ਉਸ ਮਹਾਨ ਤੇਜ ਵਾਲੇ ਬ੍ਰਹਮਾ ਨੇ ਇਸ ਲੋਕ ਦੀ ਰੱਖਿਆ ਲਈ ਆਪਣੇ ਮੂੰਹ, ਬਾਹਾਂ, ਜੰਘਾਂ ਅਤੇ ਪੈਰਾਂ ਵਿਚੋਂ ਕ੍ਰਮਵਾਰ ਚੌਹਾਂ ਵਰਣਾਂ ਨੂੰ ਪੈਦਾ ਕੀਤਾ ਅਤੇ ਇਨ੍ਹਾਂ ਦੇ ਕੰਮ ਅੱਡ ਅੱਡ ਨਿਸ਼ਚਿਤ ਕੀਤੇ। ਪ੍ਰਭੂ ਨੇ ਸੂਦਰਾਂ ਲਈ ਇਹੀ ਆਦੇਸ਼ ਦਿੱਤਾ ਕਿ ਉਹ ਦੂਜੇ ਤਿੰਨਾਂ ਵਰਣਾਂ (ਸੁਵਰਣਾਂ) ਦੀ ਸੇਵਾ ਕਰਨ। ਰਾਜੇ ਨੂੰ ਚਾਹੀਦਾ ਹੈ ਕਿ ਉਹ ਸਖਤੀ ਨਾਲ ਸੂਦਰਾਂ ਨੂੰ ਉਨ੍ਹਾਂ ਲਈ ਨਿਯਤ ਕੀਤੇ ਕੰਮ ਕਰਨ ਲਈ ਲਾਵੇ। ਜੇ ਉਹ ਨਿਯਤ ਕੀਤੇ ਕੰਮ ਤੋਂ ਮੁਨਕਰ ਹੋਣਗੇ, ਤਾਂ ਉਹ ਸਾਰੇ ਜਗਤ ਨੂੰ ਹੀ ਪ੍ਰੇਸ਼ਾਨੀ ਵਿਚ ਪਾ ਦੇਣਗੇ। ਜੇ ਯੱਗ ਦੇ ਦੋ ਜਾਂ ਤਿੰਨ ਹਿੱਸੇ ਅਪੂਰਨ ਰਹਿ ਜਾਣ, ਤਾਂ ਸੂਦਰਾਂ ਦੇ ਘਰਾਂ ਨੂੰ ਲੁੱਟ ਕੇ ਯੱਗ ਨੂੰ ਪੂਰਾ ਕੀਤਾ ਜਾਵੇ। ਜੋ ਬ੍ਰਾਹਮਣ ਆਪਣੇ ਧਰਮ ਦੇ ਵੇਦ ਕਿਸੇ ਸੂਦਰ ਨੂੰ ਸਿਖਾਉਂਦਾ ਹੈ, ਤਾਂ ਉਸ ਨੂੰ ਉਸੇ ਸੂਦਰ ਦੇ ਨਾਲ ਹੀ ਨਰਕ ਵਿਚ ਸੁਟਿਆ ਜਾਵੇਗਾ। ਜੇ ਕਿਸੇ ਸੂਦਰ ਨੂੰ ਆਜ਼ਾਦ ਵੀ ਕਰ ਦਿੱਤਾ ਜਾਵੇ, ਤਾਂ ਵੀ ਉਸ ਨੂੰ ਆਜ਼ਾਦ ਨਹੀਂ ਸਮਝਿਆ ਜਾਵੇਗਾ। ਕਿਉਂਕਿ ਕੁਦਰਤ ਨੇ ਉਸ ਨੂੰ ਗੁਲਾਮ ਬਣਾ ਕੇ ਹੀ ਪੇਸ਼ ਕੀਤਾ ਹੈ।

ਸੂਦਰ ਦੇ ਰਾਜ ਵਿਚ ਵਸਣਾ ਨਹੀਂ ਚਾਹੀਦਾ। ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਹ ਸੂਦਰ ਪਾਸੋਂ ਸੇਵਾ ਹੀ ਕਰਵਾਏ, ਚਾਹੇ ਸੂਦਰ ਮੁੱਲ ਖਰੀਦਿਆ (ਗੁਲਾਮ) ਹੋਵੇ ਜਾਂ ਨਾ। ਜੇ ਕਿਸੇ ਸੂਦਰ ਦਾ ਹੱਥ ਬ੍ਰਾਹਮਣ ਦੇ ਖਾਣੇ ਨੂੰ ਲੱਗ ਜਾਵੇ ਤਾਂ ਬ੍ਰਾਹਮਣ ਨੂੰ ਉਹ ਖਾਣਾ ਬਿਲਕੁਲ ਨਹੀਂ ਖਾਣਾ ਚਾਹੀਦਾ। ਬ੍ਰਹਮਾ ਨੇ ਸੂਦਰ ਨੂੰ ਸਿਰਫ ਸੇਵਾ ਲਈ ਹੀ ਪੈਦਾ ਕੀਤਾ ਹੈ। ਜੇ ਸੂਦਰ ਉਚੀ ਜਾਤ ਵਾਲੇ ਕੰਮ ਕਰਕੇ ਧਨ ਕਮਾ ਲਵੇ, ਤਾਂ ਰਾਜਾ ਉਸ ਤੋਂ ਧਨ ਖੋਹ ਕੇ ਦੇਸ਼ ਨਿਕਾਲਾ ਦੇ ਦੇਵੇ। ਸੂਦਰ ਨੂੰ ਗਰੀਬ ਬਣਾਈ ਰਖਣਾ ਹੀ ਹਿੰਦੂ ਧਰਮ ਦੀ ਪਾਲਣਾ ਹੈ। ਸੂਦਰ ਧਨਵਾਨ ਜਾਂ ਸਮਰਥ ਹੋ ਕੇ ਦਵਿਜ ਨੂੰ ਦੁਖ ਦਿੰਦਾ ਹੈ। ਬ੍ਰਾਹਮਣ ਕਿਸੇ ਵੀ ਸੂਦਰ ਨੂੰ ਬ੍ਰਾਹਮਣ ਦੀ ਮ੍ਰਿਤਕ ਦੇਹ ਵੀ ਨਾ ਛੂਹਣ ਦੇਣ। ਜਦੋਂ ਸੂਦਰ ਬ੍ਰਾਹਮਣ ਦੀ ਮ੍ਰਿਤਕ ਦੇਹ ਨੂੰ ਸਪਰਸ਼ ਕਰੇਗਾ ਤਾਂ ਬ੍ਰਾਹਮਣ ਸੁਰਗ ਨਹੀਂ ਜਾ ਸਕੇਗਾ।

ਚੰਡਾਲ, ਭੰਗੀ, ਚਮਾਰ ਆਦਿ ਜਾਤੀਆਂ ਪਿੰਡ ਤੋਂ ਬਾਹਰ ਰਹਿਣ। ਉਹ ਬਰਤਨ ਨਾ ਰਖਣ। ਉਨ੍ਹਾਂ ਦੀ ਜਾਇਦਾਦ ਕੁੱਤੇ ਅਤੇ ਗਧੇ ਹਨ। ਇਹ ਲੋਕ ਆਪਣੇ ਨਾਲ ਅਜਿਹਾ ਕੋਈ ਚਿੰਨ ਰੱਖਣ, ਜਿਸ ਤੋਂ ਪਤਾ ਲੱਗੇ ਕਿ ਇਹ ਭੰਗੀ ਹਨ। ਰਾਜੇ ਦੇ ਆਦੇਸ਼ ਅਨੁਸਾਰ ਦਿਨੇ ਹੀ ਕੰਮ ਕਰਨ ਅਤੇ ਲਾਵਾਰਿਸ ਮੁਰਦੇ ਢੋਣ। ਜਦੋਂ ਕਿਸੇ ਵੈਸ਼ ਤੋਂ ਧਨ ਆਦਿ ਨਾ ਮਿਲੇ ਤਾਂ ਬ੍ਰਾਹਮਣ ਬੇਰਹਿਮੀ ਨਾਲ ਸੂਦਰ ਦੇ ਘਰੋਂ ਧਨ ਖੋਹ ਲਵੇ।

ਸੂਦਰ ਵਿਧਾਤਾ ਵਲੋਂ ਬਣਾਏ ਬ੍ਰਾਹਮਣ ਦੇ ਦਾਸ ਹਨ। ਨੀਚ ਜਾਤੀਆਂ ਦੇ ਲੋਕ ਰਾਤ ਨੂੰ ਪਿੰਡਾਂ ਤੇ ਨਗਰਾਂ ਵਿਚ ਨਾ ਘੁੰਮਣ। ਸੂਦਰ ਚਾਹੇ ਕਿੰਨਾ ਵੀ ਯੋਗ ਹੋਵੇ, ਅਧਿਕਾਰੀ ਬਣਨ ਦਾ ਹੱਕਦਾਰ ਨਹੀਂ। ਨਟ ਦਰਜੀ, ਲੁਹਾਰ, ਮਲਾਹ, ਰੰਗਸਾਜ਼, ਸੁਨਿਆਰ, ਬੰਸ ਮੋਰ ਤੇ ਰੰਗਰੇਜ਼ ਦਾ ਅੰਨ ਨਾ ਖਾਓ। ਸੁਨਿਆਰ ਦਾ ਅੰਨ ਉਮਰ ਤੇ ਚਮਿਆਰ ਦਾ ਅੰਨ ਵਡਿਆਈ ਘਟਾਉਂਦਾ ਹੈ। ਬੜੀ (ਤਰਖਾਣ) ਦਾ ਅੰਨ ਸੰਤਾਨ ਤੇ ਰੰਗਰੇਜ਼ ਦਾ ਅੰਨ ਤਾਕਤ ਨਸ਼ਟ ਕਰਦਾ ਹੈ। ਪਰਮਾਤਮਾ ਨੇ ਸੂਦਰ ਨੂੰ ਸਿਰਫ ਇਕ ਹੁਕਮ ਦਿੱਤਾ ਹੈ ਕਿ ਉਹ ਉਪਰ ਵਾਲੇ ਤਿੰਨਾਂ ਵਰਣਾਂ ਦੀ ਸੇਵਾ ਕਰੇ।"

ਦਰਅਸਲ ਇਹੀ ਮਨੂੰਵਾਦੀ ਸੋਚ ਅਤੇ ਇਸ ਦੇ ਆਧਾਰ 'ਤੇ ਬਣੀ ਮਾਨਸਿਕਤਾ ਹੀ ਦੇਸ਼ ਦੀਆਂ ਸਭ ਸਮਸਿਆਵਾਂ ਦੀ ਜੜ੍ਹ ਹੈ। ਵਰਨ ਵੰਡ ਅਤੇ ਇਸ ਦੇ ਆਧਾਰ 'ਤੇ ਬਣੀ ਸੋਚ ਤੇ ਮਾਨਸਿਕਤਾ ਸਾਰੇ ਲੋਕਾਂ ਦਾ ਇਕ ਭਾਈਚਾਰਾ ਬਣਨ 'ਚ ਸਭ ਤੋਂ ਵਡੀ ਰੁਕਾਵਟ ਹੈ। ਇਕ ਸੁਆਲ ਅਕਸਰ ਕੀਤਾ ਜਾਂਦਾ ਹੈ ਕਿ ਗੁਲਾਮਦਾਰੀ ਤਾਂ ਦੁਨੀਆਂ ਭਰ ਦੇ ਲਗਭਗ ਸਾਰੇ ਹੀ ਸਮਾਜਾਂ ਵਿਚ ਰਹੀ ਹੈ, ਪਰ ਜਾਤਪਾਤ ਵਰਗਾ ਚੀੜ੍ਹਾ ਸਮਾਜੀ ਪ੍ਰਬੰਧ ਸਿਰਫ ਸਾਡੇ ਹੀ ਦੇਸ਼ ਵਿਚ ਕਿਉਂ ਮੌਜੂਦ ਹੈ, ਜੋ ਗੁਲਾਮਦਾਰੀ ਯੁਗ ਦੇ ਖਤਮ ਹੋ ਜਾਣ ਦੇ ਬਾਵਜੂਦ ਅਜੇ ਵੀ ਕਾਇਮ ਹੈ? ਇਸ ਦਾ ਜੁਆਬ ਮਨੂੰ ਸਿਮ੍ਰਿਤੀ ਦੇ ਸੂਤਰਾਂ ਵਿਚ ਦਰਜ ਹੈ, ਜਿਨ੍ਹਾਂ ਨੇ ਜਾਤਪਾਤ ਨੂੰ ਧਾਰਮਿਕ ਰੰਗਤ ਦੇ ਕੇ, ਇਨ੍ਹਾਂ ਨੂੰ ਮੰਨਣਾ ਇਕ 'ਰੱਬੀ' ਆਦੇਸ਼ ਬਣਾ ਦਿੱਤਾ ਹੈ।

ਦਿਲਚਸਪ ਗੱਲ ਹੈ ਕਿ ਵੈਦਿਕ ਫਿਲਾਸਫੀ ਸਾਡੇ ਆਲੇ ਦੁਆਲੇ ਪਸਰੇ 'ਬ੍ਰਹਮ' ਦੀ ਹੋਂਦ ਨੂੰ ਮਾਨਤਾ ਦਿੰਦੀ ਹੈ, ਪਰ 'ਬ੍ਰਹਮਾ' ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹੈ। ਕੇਨ ਉਪਨਿਸ਼ਦ ਵਿਚ ਦਰਜ ਹੈ, 'ਬ੍ਰਹਮ' ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ, ਸਗੋਂ ਬ੍ਰਹਮ ਉਹ ਹੈ, ਜਿਸ ਦੀ ਸ਼ਬਦ ਵੀ ਥਾਹ ਨਹੀਂ ਪਾ ਸਕਦੇ। ਬ੍ਰਹਮ ਮਨੁੱਖ ਦੀ ਸੋਚ ਦੀ ਸੀਮਾ ਤੋਂ ਪਾਰ ਹੈ, ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ। ਇਸ ਬ੍ਰਹਮ ਦਾ ਮਨ ਤੋਂ ਮਨਨ ਨਹੀਂ ਹੋ ਸਕਦਾ। ਇਹ ਅਸੀਮ 'ਬ੍ਰਹਮ' ਮਨੁੱਖ ਦੇ ਆਪਣੇ ਮਨ ਦੀ ਅਨੁਭਵੀ ਪਕੜ ਵਿਚ ਨਹੀਂ ਆ ਸਕਦਾ ਬਲਕਿ ਮਨ ਸਾਰਾ ਕੁਝ ਉਸ ਬ੍ਰਹਮ ਤੋਂ ਜਾਣਦਾ ਹੈ। ਇਹ ਬ੍ਰਹਮ ਉਹ ਨਹੀਂ ਹੈ, ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ, ਇਹ ਬ੍ਰਹਮ ਮਨੁੱਖ ਵਾਂਗ ਪ੍ਰਾਣਾਂ ਰਾਹੀਂ ਜੀਵਨ ਨਹੀਂ ਪਾਉਂਦਾ ਸਗੋਂ ਪ੍ਰਾਣ ਇਸ ਬ੍ਰਹਮ ਤੋਂ ਜੀਵਨ ਪਾਉਂਦੇ ਹਨ। ਇਹ ਬ੍ਰਹਮ ਸਮੁਚੇ ਜੀਵਨ ਦਾ ਮੂਲ ਆਧਾਰ ਹੈ।

ਉਪਨਿਸ਼ਦਾਂ ਦਾ ਗਿਆਨ ਇਸ ਸੱਚ ਬਾਰੇ ਕਿੰਨਾ ਸਪਸ਼ਟ ਹੈ ਕਿ 'ਬ੍ਰਹਮ' ਉਹ ਨਹੀਂ ਹੈ ਜਿਸ ਦੀ ਲੋਕ ਬ੍ਰਹਮਾ ਦੇ ਰੂਪ ਵਿਚ ਪੂਜਾ ਕਰਦੇ ਹਨ ਸਗੋਂ ਬ੍ਰਹਮ ਉਹ ਹੈ, ਜੋ ਅਸੀਮ ਬ੍ਰਹਿਮੰਡੀ ਪਸਾਰੇ ਭਾਵ ਬ੍ਰਹਮ ਦੇ ਆਕਾਰ ਰੂਪ ਵਿਚ ਮਨੁੱਖੀ ਸੋਚ ਦੀ ਸੀਮਾ ਤੋਂ ਪਾਰ ਹੈ। ਜਿਸ ਦਾ ਅੰਤ ਨਹੀਂ ਜਾਣਿਆ ਜਾ ਸਕਦਾ। ਜੋ ਮਨੁੱਖ ਦੇ ਆਪਣੇ ਮਨ ਦੀ ਅਨੁਭਵੀ ਪਕੜ ਵਿਚ ਨਹੀਂ ਆ ਸਕਦਾ ਅਤੇ ਜਿਸ ਨੂੰ ਸ਼ਬਦ ਬਿਆਨ ਨਹੀਂ ਕਰ ਸਕਦੇ। ਜੋ ਅਸੀਮ ਹੈ ਅਤੇ ਮਨੁੱਖੀ ਸੋਚ ਤੋਂ ਵੀ ਪਾਰ ਹੈ। ਇਸੇ ਲਈ ਇਸ ਨੂੰ ਪਾਰਬ੍ਰਹਮ ਵੀ ਕਿਹਾ ਗਿਆ ਹੈ। ਵੈਦਿਕ ਫਿਲਾਸਫੀ ਅਨੁਸਾਰ ਇਹ ਬ੍ਰਹਮ ਹੀ ਸਾਰੇ ਜੀਵਾਂ ਦੇ ਪ੍ਰਾਣਾਂ ਦਾ ਮੂਲ ਆਧਾਰ ਹੈ।

ਵੈਦਿਕ ਫਿਲਾਸਫੀ ਵਿਚ ਸਮੁੱਚੇ ਵਿਸ਼ਵ ਨੂੰ ਇਕ ਪਰਿਵਾਰ (ਕਟੁੰਬ) ਮੰਨਿਆ ਗਿਆ ਹੈ। ਬਾਅਦ ਵਿਚ ਮਨੁੱਖੀ ਸਮਾਜ ਨੂੰ ਵਰਣ ਵੰਡ ਅਤੇ ਜਾਤ-ਪਾਤ ਦੇ ਆਧਾਰ 'ਤੇ ਤੋੜਨ ਵਾਲੇ ਮਨੂੰਵਾਦੀ ਅੰਸ਼ ਇਸ ਵੈਦਿਕ ਫਿਲਾਸਫੀ ਨਾਲ ਰਲਗੱਡ ਹੋ ਗਏ। ਅਜੋਕੇ ਵਿਦਵਾਨਾਂ ਸਾਹਮਣੇ ਮੁਖ ਮਸਲਾ ਵੈਦਿਕ ਫਿਲਾਸਫੀ ਤੋਂ ਮਨੂੰਵਾਦ ਨਿਖੇੜਨ ਦਾ ਹੈ। ਵੈਦਿਕ ਫਿਲਾਸਫੀ ਦੇ ਸੱਚ ਨਾਲੋਂ ਮਨੂੰਵਾਦੀ ਕੂੜ ਦਾ ਨਿਖੇੜਾ ਕਰ ਕੇ ਹੀ ਆਰ. ਐਸ. ਐਸ. ਦੀ ਰਾਜਨੀਤਕ ਸੋਚ ਅਤੇ ਮਾਨਸਿਕਤਾ ਨੂੰ ਹਰਾਇਆ ਜਾ ਸਕਦਾ ਹੈ। ਬ੍ਰਹਮ ਹਕੀਕੀ ਸੱਚ ਦਾ ਗਿਆਨ ਹੈ, ਜਦਕਿ ਬ੍ਰਹਮਾ ਮਾਨਸਿਕ ਕਲਪਨਾ ਦੀ ਦੇਣ ਹੈ। ਮਨੂੰਵਾਦ 'ਬ੍ਰਹਮ' ਆਧਾਰਤ ਸਦੀਵੀ ਸੱਚ ਦੇ ਗਿਆਨ ਤੋਂ ਇਨਕਾਰੀ ਹੈ।

ਇਸ ਦਾ ਕਾਰਨ ਇਹੀ ਜਾਪਦਾ ਹੈ ਕਿ ਆਦਿ ਕਮਿਊਨਿਜ਼ਮ ਤੋਂ ਬਾਅਦ ਜਦੋਂ ਨਿਜੀ ਜਾਇਦਾਦ ਆਧਾਰਤ ਜਮਾਤੀ ਸਮਾਜ ਹੋਂਦ ਵਿਚ ਆਇਆ ਤਾਂ ਇਕ ਛੋਟੇ ਜਿਹੇ ਪੁਜਾਰੀ ਵਰਗ ਨੇ ਹੱਥੀਂ ਕਿਰਤ ਨਾਲੋਂ ਟੁਟ ਕੇ ਵਿਹਲੜ ਜ਼ਿੰਦਗੀ ਗੁਜ਼ਾਰਨ ਅਤੇ ਰਾਜਸੀ-ਸਮਾਜੀ ਤੇ ਪਦਾਰਥਕ ਸਹੂਲਤਾਂ ਮਾਣਨ ਦੀ ਆਪਣੀ ਲਾਲਸਾ ਅਧੀਨ ਆਮ ਬੌਧਿਕ ਤੇ ਮਾਨਸਿਕ ਕੰਗਾਲੀ ਦੇ ਯੁਗ ਦੌਰ ਵਿਚ ਆਪਣੇ ਆਪ ਨੂੰ 'ਰੱਬੋਂ' ਉਚ ਜਾਤੀ ਸਾਬਤ ਕਰਨ ਵਾਸਤੇ ਬ੍ਰਹਮ ਦੇ ਸਦੀਵੀ ਸੱਚ ਨੂੰ ਅਣਗੌਲੇ ਕਰ ਦਿੱਤਾ।

ਸਮਾਜ ਵਿਚ ਕਰਮਕਾਂਡ, ਵਰਣ ਵੰਡ ਅਤੇ ਜਾਤ ਪਾਤ ਦਾ ਕੋਹੜ ਫੈਲਾਉਣ ਦੇ ਬੌਧਿਕ ਆਧਾਰ ਵਾਸਤੇ 'ਬ੍ਰਹਮ' ਦੇ ਵਿਅਕਤੀ ਰੂਪ ਮਨ-ਕਲਪਿਤ ਬ੍ਰਹਮਾ ਨੂੰ 'ਰੱਬੀ' ਹਸਤੀ ਅਤੇ ਸ੍ਰਿਸ਼ਟੀ ਸਮੇਤ ਸਭ ਦਾ ਸਿਰਜਕ ਮੰਨ ਕੇ 'ਬ੍ਰਹਮ' ਦੀ ਹਕੀਕਤ ਨੂੰ ਵਿਸਾਰ ਦਿੱਤਾ। ਇਹੀ ਕਲਪਨਾ ਮਨੁੱਖਤਾ ਨੂੰ ਉਚ-ਨੀਚ 'ਚ ਵੰਡਣ ਤੇ ਕਈ ਕਿਸਮ ਦੇ ਕਰਮਕਾਂਡੀ ਭਰਮਜਾਲ ਫੈਲਾਉਣ ਦਾ ਕਾਰਨ ਬਣੀ। ਬ੍ਰਹਮਾ ਦੀ ਇਹੀ ਮਨੋ-ਕਲਪਿਤ ਘਾੜਤ ਮਨੂੰਵਾਦ ਦੀ ਜਨਕ ਹੈ, ਜੋ ਬਾਅਦ ਦੇ ਜਮਾਤੀ ਤੇ ਜਾਤੀ ਸਮਾਜਾਂ ਵਿਚ ਲੋਟੂ ਵਰਗਾਂ ਦੀ ਮਦਦ ਨਾਲ ਜਾਤ ਪਾਤ ਪੱਕੀ ਕਰਨ ਤੇ ਜਮਾਤੀ ਵੰਡ ਨੂੰ ਸਹੀ ਠਹਿਰਾਉਣ ਦਾ ਮਾਨਸਿਕ ਆਧਾਰ ਬਣੀ ਆ ਰਹੀ ਹੈ। ਵੈਦਿਕ ਫਿਲਾਸਫੀ ਵਿਚੋਂ ਇਸ ਸੋਚ ਅਤੇ ਮਾਨਸਿਕਤਾ ਨੂੰ ਨਿਖੇੜ ਕੇ ਹੀ ਹਿੰਦੂ ਬਹੁਗਿਣਤੀ ਨੂੰ ਆਰ. ਐਸ. ਐਸ. ਦੀ ਮਾਨਸਿਕ ਗੁਲਾਮੀ 'ਚੋਂ ਆਜ਼ਾਦ ਕਰਾਇਆ ਜਾ ਸਕਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਅਪਰੈਲ 2018*

## ਹਾਲ-ਏ-ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਦਾ 12ਵੀਂ ਦਾ ਨਤੀਜਾ ਕਈ ਤਰ੍ਹਾਂ ਦੇ ਫਿਕਰ ਲੈ ਕੇ ਆਇਆ ਹੈ। ਇਨ੍ਹਾਂ ਨਤੀਜਿਆਂ ਵਿਚ ਜੋ ਹਾਲ ਸਰਹੱਦੀ ਖੇਤਰ ਵਿਚ ਪੈਂਦੇ ਜ਼ਿਲ੍ਹਿਆਂ ਦਾ ਹੋਇਆ ਹੈ, ਉਹ ਸੱਚਮੁੱਚ ਫਿਕਰਾਂ ਵਿਚ ਪਾਉਣ ਵਾਲਾ ਹੈ। ਵਿਦਿਅਕ ਮਾਹਿਰ ਭਾਵੇਂ ਇਹ ਕਹਿ ਰਹੇ ਹਨ ਕਿ ਅਜਿਹਾ ਨਕਲ ਉਤੇ ਬਹੁਤ ਜ਼ਿਆਦਾ ਸਖਤੀ ਕੀਤੇ ਜਾਣ ਨਾਲ ਵਾਪਰਿਆ ਹੈ, ਪਰ ਸੱਚ ਤਾਂ ਇਹ ਹੈ ਕਿ ਆਜ਼ਾਦੀ ਦੇ 70 ਸਾਲ ਬੀਤ ਜਾਣ ਦੇ ਬਾਵਜੂਦ ਇਸ ਖੇਤਰ ਵਿਚ ਬੁਨਿਆਦੀ ਵਿਦਿਅਕ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਜਾ ਸਕੀਆਂ ਹਨ। ਵਿਚਾਰਨ ਵਾਲਾ ਨੁਕਤਾ ਇਹ ਵੀ ਹੈ ਕਿ ਇਨ੍ਹਾਂ ਬੱਚਿਆਂ ਵਿਚ ਉਹ ਬੱਚੇ ਹੀ ਸ਼ਾਮਲ ਹਨ ਜਿਨ੍ਹਾਂ ਨੇ ਘੱਟੋ-ਘੱਟ ਸਕੂਲ ਦਾ ਮੂੰਹ ਤਾਂ ਦੇਖਿਆ ਹੀ ਹੈ। ਬੱਚਿਆਂ ਦੀ ਅਜਿਹੀ ਗਿਣਤੀ ਇਸ ਵਿਚ ਸ਼ਾਮਲ ਨਹੀਂ ਜੋ ਬਹੁਤ ਸਾਰੇ ਕਾਰਨਾਂ ਕਰ ਕੇ ਸਕੂਲ ਨਹੀਂ ਜਾ ਸਕੇ ਜਾਂ ਇਮਤਿਹਾਨਾਂ ਵਿਚ ਨਹੀਂ ਬੈਠ ਸਕੇ। ਇਹ ਵੀ ਇਤਫਾਕ ਹੀ ਹੈ ਕਿ ਇਹ ਨਤੀਜਾ ਉਦੋਂ ਆਇਆ ਹੈ ਜਦੋਂ ਪੰਜਾਬ ਨੂੰ ਨਵਾਂ ਸਿੱਖਿਆ ਮੰਤਰੀ (ਓਮ ਪ੍ਰਕਾਸ਼ ਸੋਨੀ) ਮਿਲਿਆ ਹੈ ਅਤੇ ਇਸ ਮੰਤਰੀ ਦੀ ਵਿਦਿਅਕ ਯੋਗਤਾ ਬਾਰੇ ਸਵਾਲ ਉਠਣੇ ਵੀ ਅਰੰਭ ਹੋ ਗਏ ਹਨ। ਉਂਜ, ਉਨ੍ਹਾਂ ਅਹੁਦਾ ਸੰਭਾਲਦਿਆਂ ਹੀ ਦਾਅਵਾ ਕੀਤਾ ਹੈ ਕਿ ਸਿੱਖਿਆ ਵਿਭਾਗ ਨੂੰ ਲੀਹ 'ਤੇ ਲਿਆਉਣਾ ਕੋਈ ਖਾਸ ਵੱਡੀ ਚੁਣੌਤੀ ਨਹੀਂ ਹੈ। ਹਕੀਕਤ ਇਹ ਹੈ ਕਿ ਪੰਜਾਬ ਦਾ ਵਿਦਿਅਕ ਢਾਂਚਾ ਲੀਹ ਤੋਂ ਲੱਥਾ ਹੋਇਆ ਹੈ। ਅਧਿਆਪਕ ਵਰਗ ਵੱਖ ਵੱਖ ਮੰਗਾਂ ਲਈ ਚਿਰਾਂ ਤੋਂ ਸੰਘਰਸ਼ ਦੇ ਰਾਹ ਪਿਆ ਹੋਇਆ ਹੈ। ਨਵੇਂ ਅਧਿਆਪਕਾਂ ਨੂੰ ਮਹਿੰਗਾਈ ਦੇ ਇਸ ਦੌਰ ਵਿਚ ਵੀ ਮਾਮੂਲੀ ਤਨਖਾਹਾਂ ਦੇ ਕੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸਕੂਲ ਹਰ ਸਹੂਲਤ ਤੋਂ ਵਾਂਝੇ ਹਨ। ਅਜਿਹੇ ਹਾਲਾਤ ਵਿਚ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਭੇਜਣ ਨੂੰ ਤਰਜੀਹ ਦੇ ਰਹੇ ਹਨ। ਬੱਚੇ ਅਤੇ ਸਮਾਜ ਦਾ ਭਵਿੱਖ ਸੰਵਾਰਨ ਲਈ ਸਿੱਖਿਆ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਸਕੂਲ ਵਿਚ ਹੀ ਭਵਿੱਖ ਦੀਆਂ ਬੁਨਿਆਦਾਂ ਬਣਦੀਆਂ ਹਨ। ਹਰ ਕਾਮਯਾਬ ਅਤੇ ਲੋਕ ਪੱਖੀ ਸਰਕਾਰ ਆਪਣਾ ਸਾਰਾ ਜ਼ੋਰ ਸਕੂਲ ਸਿੱਖਿਆ ਨੂੰ ਮਜ਼ਬੂਤ ਬਣਾਉਣ 'ਤੇ ਲਾਉਂਦੀ ਹੈ। ਇਸ ਖੇਤਰ ਲਈ ਵੱਡੇ ਪੱਧਰ ਉਤੇ ਫੰਡ ਮੁਹੱਈਆ ਕਰਵਾਏ ਜਾਂਦੇ ਹਨ ਪਰ ਪੰਜਾਬ ਦੇ ਹਾਕਮਾਂ ਨੇ ਅਜੇ ਇਸ ਬਾਰੇ ਸੋਚਣਾ ਹੈ। ਮੌਜੂਦਾ ਸਿੱਖਿਆ ਢਾਂਚਾ ਬੇਰੁਜ਼ਗਾਰਾਂ ਦੀਆਂ ਹੇੜ੍ਹਾਂ ਪੈਦਾ ਕਰ ਰਿਹਾ ਹੈ। ਪੜ੍ਹਾਈ ਤੋਂ ਬਾਅਦ ਇਹ ਪਾੜ੍ਹੇ ਸਿੱਧੇ ਸੜਕਾਂ ਜੋਗੇ ਰਹਿ ਜਾਂਦੇ ਹਨ। ਇਨ੍ਹਾਂ ਹਾਲਾਤ ਤੋਂ ਪੰਜਾਬ ਬਾਰੇ ਭਵਿੱਖਵਾਣੀ ਸਹਿਜੇ ਹੀ ਕੀਤੀ ਜਾ ਸਕਦੀ ਹੈ। ਇਸ ਬਾਰੇ ਹਾਕਮ ਕੋਈ ਖਾਸ ਸਿੱਖਿਆ ਨੀਤੀ ਕਦੋਂ ਬਣਾਉਣਗੇ, ਇਸ ਬਾਰੇ ਸ਼ਾਇਦ ਕੋਈ ਵੀ ਪੂਰੇ ਪੱਕ ਨਾਲ ਕਹਿ ਨਹੀਂ ਸਕੇਗਾ।

ਦੂਜਾ ਵੱਡਾ ਮਸਲਾ ਕਾਨੂੰਨ ਵਿਵਸਥਾ ਦਾ ਹੈ। ਪਿਛਲੇ ਕੁਝ ਦਿਨਾਂ ਤੋਂ ਜੋ ਖਬਰਾਂ ਫਗਵਾੜਾ ਸ਼ਹਿਰ ਤੋਂ ਆ ਰਹੀਆਂ ਹਨ, ਉਹ ਫਿਕਰ ਪਾਉਣ ਵਾਲੀਆਂ ਹੀ ਨਹੀਂ, ਫਿਕਰ ਵਧਾਉਣ ਵਾਲੀਆਂ ਹਨ। ਜਦੋਂ ਤੋਂ ਕੇਂਦਰ ਵਿਚ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣੀ ਹੈ, ਦੇਸ਼ ਨੂੰ ਆਪਣੀ ਮਲਕੀਅਤ ਦੱਸਣ ਵਾਲੇ ਅਖੌਤੀ ਹਿੰਦੂਤਵਵਾਦੀ ਹਰ ਪਾਸੇ ਕਹਿਰ ਢਾਹ ਰਹੇ ਹਨ। ਫਗਵਾੜੇ ਵਾਲੀਆਂ ਘਟਨਾਵਾਂ ਸਿੱਧੇ ਰੂਪ ਵਿਚ ਹਿੰਦੂਤਵਵਾਦੀਆਂ ਦੀਆਂ ਆਪ-ਹੁਦਰੀਆਂ ਨਾਲ ਜੁੜੀਆਂ ਹੋਈਆਂ ਹਨ। ਮਸਲਾ ਸਿਰਫ ਇੰਨਾ ਹੀ ਸੀ ਕਿ ਦਲਿਤ ਭਾਈਚਾਰੇ ਦੇ ਲੋਕ ਵਿਸਾਖੀ ਵਾਲੇ ਦਿਨ ਚੌਕ ਵਿਚ 'ਸੰਵਿਧਾਨਕ ਚੌਕ' ਵਾਲਾ ਬੋਰਡ ਲਾ ਰਹੇ ਸਨ ਪਰ ਹਿੰਦੂਤਵਵਾਦੀਆਂ ਨੂੰ ਇਹ ਸਭ ਮਨਜ਼ੂਰ ਨਹੀਂ ਸੀ ਅਤੇ ਇਥੋਂ ਹੀ ਤਕਰਾਰ ਵਧ ਗਿਆ। ਇਸ ਤਕਰਾਰ ਦੀਆਂ ਜੜ੍ਹਾਂ ਉਸ ਮਾਹੌਲ ਵਿਚ ਪਹਿਲਾਂ ਹੀ ਲੱਗੀਆਂ ਹੋਈਆਂ ਹਨ ਜਿਥੇ ਦਲਿਤਾਂ ਅਤੇ ਹਿੰਦੂਤਵਵਾਦੀਆਂ ਦਾ ਪਹਿਲਾਂ ਵੀ ਕਈ ਵਾਰ ਝਗੜਾ ਹੋ ਚੁਕਾ ਹੈ। ਇਹ ਹਿੰਦੂਤਵਵਾਦੀ ਤਾਂ ਆਪਣੀ ਤਾਕਤ ਦਿਖਾਉਣ ਖਾਤਰ ਅਕਸਰ ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲਦੀ ਬੱਸ 'ਸਦਾ-ਏ-ਸਰਹੱਦ' ਨੂੰ ਹੀ ਆਪਣਾ ਨਿਸ਼ਾਨਾ ਬਣਾਉਂਦੇ ਰਹੇ ਹਨ। ਹਾਕਮ ਧਿਰਾਂ ਅਜਿਹੇ ਮਾਮਲਿਆਂ ਨੂੰ ਸਦਾ ਰਫਾ-ਦਫਾ ਹੀ ਕਰਦੀਆਂ ਰਹੀਆਂ ਹਨ। ਅਸਲ ਵਿਚ ਜਦੋਂ ਤੋਂ ਦਲਿਤ ਭਾਈਚਾਰੇ ਨਾਲ ਜੁੜੇ ਲੋਕਾਂ ਨੇ ਵੱਖ ਵੱਖ ਖੇਤਰਾਂ ਵਿਚ ਆਪਣਾ ਹੱਕ ਜਤਾਉਣਾ ਅਰੰਭਿਆ ਹੈ, ਹਿੰਦੂਤਵਵਾਦੀ ਇਨ੍ਹਾਂ ਨੂੰ ਪਿਛਾਂਹ ਧੱਕਣ ਲਈ ਤਿਆਰ ਹੀ ਰਹਿੰਦੇ ਹਨ। ਭਾਰਤ ਦੇ ਹਾਕਮ ਭਾਵੇਂ ਦਲਿਤਾਂ ਦੀਆਂ ਵੋਟਾਂ ਬਟੋਰਨ ਲਈ ਡਾ. ਭੀਮ ਰਾਓ ਅੰਬੇਡਕਰ ਦੇ ਮਾਣ-ਤਾਣ ਵਿਚ ਵਧਾਵਾ ਸਮਾਗਮ ਰਚਾ ਰਹੇ ਹਨ, ਪਰ ਆਮ ਲੋਕਾਂ ਦਾ ਇਹ ਸਵਾਲ ਐਨ ਜਾਇਜ਼ ਹੈ ਕਿ ਇਹ ਸਰਕਾਰ ਡਾ. ਅੰਬੇਡਕਰ ਦਾ ਮਾਣ-ਤਾਣ ਤਾਂ ਕਰ ਰਹੀ ਹੈ ਪਰ ਉਸ ਦੇ ਭਾਈਚਾਰੇ ਦੇ ਲੋਕਾਂ ਨਾਲ ਇਸ ਸਰਕਾਰ ਦਾ ਵਿਹਾਰ ਵੈਰ-ਭਾਵ ਵਾਲਾ ਹੀ ਹੈ। ਵੱਖ ਵੱਖ ਸੂਬਿਆਂ ਅੰਦਰ ਦਲਿਤਾਂ ਨਾਲ ਜ਼ਿਆਦਤੀਆਂ ਦੀਆਂ ਜਿੰਨੀਆਂ ਘਟਨਾਵਾਂ ਹੋ ਰਹੀਆਂ ਹਨ, ਉਸ ਤੋਂ ਸਾਫ ਜਾਹਰ ਹੈ ਕਿ ਕੇਂਦਰ ਸਰਕਾਰ ਇਸ ਮਾਮਲੇ 'ਤੇ ਡੰਗ-ਟਪਾਈ ਹੀ ਕਰ ਰਹੀ ਹੈ ਅਤੇ ਇਸ ਦਾ ਮੁੱਖ ਨਿਸ਼ਾਨਾ ਇਸ ਭਾਈਚਾਰੇ ਦੀਆਂ ਵੋਟਾਂ ਹਾਸਲ ਕਰਨਾ ਹੀ ਹੈ। ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਹਾਲ ਹੀ ਵਿਚ ਐਸ.ਸੀ./ਐਸ.ਟੀ. ਐਕਟ ਦੀਆਂ ਧਾਰਾਵਾਂ ਵਿਚ ਕੀਤੀ ਨਰਮੀ ਇਸੇ ਸਿਆਸਤ ਦਾ ਹਿੱਸਾ ਹੈ। ਅਸਲ ਵਿਚ ਸਰਕਾਰ ਨੇ ਇਸ ਐਕਟ ਦੀਆਂ ਨਰਮ ਕੀਤੀਆਂ ਧਾਰਾਵਾਂ ਬਾਰੇ ਅਦਾਲਤ ਵਿਚ ਢੰਗ ਨਾਲ ਪੈਰਵੀ ਕੀਤੀ ਹੀ ਨਹੀਂ ਅਤੇ ਜਦੋਂ ਸਮੁੱਚੇ ਦੇਸ਼ ਵਿਚ ਇਸ ਖਿਲਾਫ ਰੋਹ ਪ੍ਰਗਟ ਹੋਇਆ ਤਾਂ ਕਿਤੇ ਜਾ ਕੇ ਇਸ ਨੇ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਇਸ ਇਕ ਮਸਲੇ ਨੇ ਹੀ ਕੇਂਦਰ ਸਰਕਾਰ ਦੇ ਦਲਿਤਾਂ ਪ੍ਰਤੀ ਵਿਹਾਰ ਦਾ ਭਾਂਡਾ ਭੰਨ ਦਿੱਤਾ ਹੈ। ਹਿੰਦੂਵਾਦੀਆਂ ਦੀ ਤਾਕਤ ਨੂੰ ਖੋਰਾ ਲਾਉਣ ਦੇ ਇਰਾਦੇ ਨਾਲ ਉਤਰ ਪ੍ਰਦੇਸ਼ ਵਿਚ ਬਸਪਾ ਅਤੇ ਸਮਾਜਵਾਦੀ ਪਾਰਟੀ ਨੇ ਹੱਥ ਮਿਲਾ ਲਏ ਹਨ। ਹਰਿਆਣਾ ਵਿਚ ਵੀ ਬਸਪਾ ਅਤੇ ਇੰਡੀਅਨ ਨੈਸ਼ਨਲ ਲੋਕ ਦਲ ਵਿਚਕਾਰ ਤਾਲਮੇਲ ਬੈਠਣ ਦੀਆਂ ਖਬਰਾਂ ਹਨ। ਜੇ ਆਉਂਦੀਆਂ ਲੋਕ ਸਭਾ ਵਿਚ ਖੇਤਰੀ ਪਾਰਟੀਆਂ ਕੌਮੀ ਪੱਧਰ 'ਤੇ ਅਜਿਹਾ ਕੋਈ ਮੰਚ ਕਾਇਮ ਕਰਨ ਵਿਚ ਕਾਮਯਾਬ ਹੋ ਜਾਂਦੀਆਂ ਹਨ ਤਾਂ ਹਿੰਦੂਤਵਵਾਦੀ ਸਿਆਸਤ ਦੇ ਪੈਰ ਉਖਾੜੇ ਜਾ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਧਰਮੀਆਂ ਦਾ ਦੇਸ਼?

ਕੰਡੇ ਬੀਜ ਸਮਾਜ ਵਿਚ ਨਫਰਤਾਂ ਦੇ, ਰਾਜੇ ਪੈਣ ਜਾ ਕਬਰਾਂ ਦੇ ਵਿਚ ਯਾਰੋ।
ਸਦੀਆਂ ਤੀਕ ਵੀ ਫਿਰਕਿਆਂ ਵਿਚ ਦੇਖੋ, ਪਈ ਰਹਿੰਦੀ ਏ ਆਪਸੀ ਖਿੱਚ ਯਾਰੋ।
ਸਹਿਚਾਰ ਤਿਆਗ ਕੇ ਸਮਝਦੇ ਨੇ, ਇਕ ਦੂਜੇ ਦੇ ਮਜਹਬ ਨੂੰ ਟਿੱਚ ਯਾਰੋ।
ਤਲਖੀ ਵਿਚ ਹਮਲਾਵਰ ਹੀ ਬਣੇ ਰਹਿੰਦੇ, ਦਾਅ ਲਗਦਿਆਂ ਕਰਦੇ ਨੇ ਜਿੱਚ ਯਾਰੋ।
ਇਵੇਂ ਹੌਸਲਾ ਵਧਿਆ ਲੁੱਚਿਆਂ ਦਾ, ਪਤਾ ਹੁੰਦਾ ਏ ਹਾਕਮ ਦੀਆਂ 'ਨਰਮੀਆਂ' ਦਾ।
ਧੀ ਕੋਹੀ ਗਈ ਚਿੜੀ ਦੇ ਬੋਟ ਜਿਹੀ, ਕਹੀਏ ਕਿਹੜੇ ਮੂੰਹ ਦੇਸ਼ ਇਹ ਧਰਮੀਆਂ ਦਾ?

# ਨਸ਼ਾ ਕਾਰੋਬਾਰ ਅਤੇ ਕੈਪਟਨ ਦੀ ਠੁੱਸ ਹੋਈ ਕਪਤਾਨੀ

***ਨਸ਼ਿਆਂ ਖਿਲਾਫ ਲੜਾਈ ਦੇ ਮਾਮਲੇ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਿਛਾਂਹ ਹਟ ਗਏ ਹਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਨ੍ਹਾਂ ਗੁਟਕੇ ਉਤੇ ਹੱਥ ਰੱਖ ਕੇ, ਕਾਂਗਰਸ ਸਰਕਾਰ ਬਣਨ ਪਿਛੋਂ ਚਾਰ ਹਫਤਿਆਂ ਦੇ ਅੰਦਰ ਅੰਦਰ ਨਸ਼ਿਆਂ ਦਾ ਫਸਤਾ ਵੱਢਣ ਦੀ ਸਹੁੰ ਚੁੱਕੀ ਸੀ। ਉਨ੍ਹਾਂ ਨੂੰ ਵਾਰ-ਵਾਰ ਇਸ ਸਹੁੰ ਬਾਰੇ ਚੇਤਾ ਕਰਵਾਇਆ ਜਾ ਰਿਹਾ ਹੈ ਪਰ ਉਹ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਵਿਚ ਇਹ ਸਭ ਭੁੱਲ ਗਏ ਹਨ। ਇਸ ਬਾਰੇ ਵਿਸਥਾਰ ਸਹਿਤ ਖੁਲਾਸਾ ਸੀਨੀਅਰ ਪੱਤਰਕਾਰ ਨਿਰਮਲ ਸੰਧੂ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ। -ਸੰਪਾਦਕ***

ਕਿਆਸ ਕਰੋ ਕਿ ਕੈਪਟਨ ਅਮਰਿੰਦਰ ਸਿੰਘ ਰਾਸ਼ਟਰਮੰਡਲ ਖੇਡ ਫੈਡਰੇਸ਼ਨ ਦੇ ਮੁਖੀ ਹੁੰਦੇ ਅਤੇ ਉਨ੍ਹਾਂ ਨੇ ਕਰਨਾ ਹੁੰਦਾ ਫੈਸਲਾ 'ਨੋ-ਨੀਡਲ ਪਾਲਿਸੀ' ('ਸਰਿੰਜ ਨਹੀਂ ਲਿਆਉਣਾ' ਵਾਲੀ ਨੀਤੀ) ਦੀ ਉਲੰਘਣਾ ਬਾਰੇ। ਉਨ੍ਹਾਂ ਨੇ ਗ਼ਲਤੀ ਕਰਨ ਵਾਲੇ ਦੋਹਾਂ ਭਾਰਤੀ ਅਥਲੀਟਾਂ ਨੂੰ ਅਗਲੀ ਉਡਾਣ ਰਾਹੀਂ ਆਸਟਰੇਲੀਆ ਤੋਂ ਕੱਢਣ ਵਰਗੀ ਕਾਰਵਾਈ ਨਹੀਂ ਸੀ ਕਰਨੀ। ਉਨ੍ਹਾਂ ਨੇ ਤਾਂ ਪਹਿਲਾਂ ਵਿਸ਼ੇਸ਼ ਜਾਂਚ ਟੀਮ (ਐਸਆਈਟੀ-ਸਪੈਸ਼ਲ ਇਨਵੈਸਟੀਗੇਸ਼ਨ ਟੀਮ) ਬਣਾਉਣੀ ਸੀ, ਫਿਰ ਰਿਪੋਰਟ ਮਿਲਣ ਤੋਂ ਬਾਅਦ ਉਹ ਨੌਕਰਸ਼ਾਹਾਂ ਦੀ ਇੱਕ ਹੋਰ ਕਮੇਟੀ ਬਣਾਉਂਦੇ ਤਾਂ ਕਿ ਅਗਲੀ ਕਾਰਵਾਈ ਲਈ ਕੋਈ ਸਲਾਹ ਲਈ ਜਾ ਸਕੇ। ਜਦੋਂ ਤੱਕ ਉਨ੍ਹਾਂ ਨੂੰ ਕੋਈ ਸਲਾਹ ਮਿਲਦੀ, ਉਦੋਂ

**ਨਿਰਮਲ ਸੰਧੂ**

ਤੱਕ ਖੇਡਾਂ ਕਦੋਂ ਦੀਆਂ ਖ਼ਤਮ ਹੋ ਚੁੱਕੀਆਂ ਹੁੰਦੀਆਂ। ਇਸ ਪਿਛੋਂ ਫਿਰ ਕਿਸੇ ਨੂੰ ਵੀ ਨਾ ਘਟਨਾ ਅਤੇ ਨਾ ਹੀ ਕਿਸੇ ਕਾਰਵਾਈ ਦਾ ਕੋਈ ਚੇਤਾ ਰਹਿੰਦਾ।

ਨਸ਼ਿਆਂ ਬਾਰੇ ਰਾਸ਼ਟਰਮੰਡਲ ਖੇਡ ਫੈਡਰੇਸ਼ਨ ਵਾਲੀ ਸਖ਼ਤ ਨੀਤੀ ਪੰਜਾਬ ਵਿਚ ਉਕਾ ਹੀ ਗਾਇਬ ਹੈ। ਮੁੱਖ ਮੰਤਰੀ ਨੂੰ ਲੱਗਦਾ ਹੈ ਕਿ ਇੱਕ ਵਾਰ ਸਮੱਸਿਆਵਾਂ ਸੁਰਖ਼ੀਆਂ ਵਿਚੋਂ ਬਾਹਰ ਹੋ ਗਈਆਂ ਤਾਂ ਸਮਝੋ ਇਨ੍ਹਾਂ ਤੋਂ ਖਹਿੜਾ ਛੁੱਟ ਗਿਆ। ਕਾਂਗਰਸ ਦੇ 40 ਵਿਧਾਇਕਾਂ ਨੇ ਜਦੋਂ ਨਸ਼ਿਆਂ ਦਾ ਮੁੱਦਾ ਉਠਾਇਆ ਤਾਂ ਮੁੱਖ ਮੰਤਰੀ ਨੇ ਸਬੂਤਾਂ ਲਈ ਜ਼ਿੱਦ ਕੀਤੀ। ਜਦੋਂ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅਤੇ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੀਆਂ ਰਿਪੋਰਟਾਂ ਦੇ ਰੂਪ ਵਿਚ ਸਬੂਤ ਸਾਹਮਣੇ ਆਏ ਤਾਂ ਵੀ ਉਹ ਟਾਲਦੇ ਹੀ ਰਹੇ ਅਤੇ ਇਹ ਸਭ ਕੁਝ ਜਾਣਬੁਝ ਕੇ ਹੀ ਕੀਤਾ ਗਿਆ। ਐਸ.ਆਈ.ਟੀ. ਜਾਂ ਕਮਿਸ਼ਨ ਬਣਾਉਣੇ ਇੱਕ ਪੁਰਾਣਾ ਦਾਅਪੇਚ ਹੈ ਜਿਹੜਾ ਉਹ ਫ਼ੈਸਲੇ ਲੈਣ ਤੋਂ ਗੁਰੇਜ਼ ਕਰਨ ਲਈ ਵਰਤਦੇ ਆ ਰਹੇ ਹਨ।

ਫ਼ੌਜੀ ਆਮ ਤੌਰ 'ਤੇ ਸਿੱਧੀ, ਠੋਕ-ਵਜਾ ਕੇ ਗੱਲ ਕਰਨ ਲਈ ਜਾਣੇ ਜਾਂਦੇ ਹਨ, ਉਹ ਬੇਜ਼ਾਬਤਗੀ ਜਾਂ ਕਾਨੂੰਨ ਤੋੜਨ ਦੀ ਕਿਸੇ ਵੀ ਕਾਰਵਾਈ ਨੂੰ ਹੱਤਕ ਵਜੋਂ ਲੈਂਦੇ ਹਨ ਅਤੇ ਅਜਿਹੇ ਹਾਲਾਤ ਨਾਲ ਸਖ਼ਤੀ ਨਾਲ ਨਜਿੱਠਦੇ ਹਨ। ਮੁੱਖ ਮੰਤਰੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੌਰਾਨ ਕੈਪਟਨ ਨੇ ਫ਼ੌਜੀਆਂ ਵਾਲਾ ਇਹ ਰੰਗ ਦਿਖਾਇਆ ਸੀ। ਹੁਣ ਬਤੌਰ ਸਿਆਸਤਦਾਨ ਉਨ੍ਹਾਂ ਦਾ ਵੱਖਰਾ ਰੰਗ ਉਘੜਿਆ ਹੈ। ਹੁਣ ਉਨ੍ਹਾਂ ਨੂੰ ਹੱਥ ਵਿਚ ਗੁਟਕਾ ਫੜ ਕੇ ਇਹ ਸਿਆਸੀ ਵਾਅਦੇ ਕਰਨ ਦਾ ਕੋਈ ਝੋਰਾ ਨਹੀਂ ਕਿ ਉਹ ਨਸ਼ਿਆਂ ਦੇ ਕੋਹੜ ਦਾ ਫ਼ਸਤਾ ਇਕ ਮਹੀਨੇ ਵਿਚ ਹੀ ਵੱਢ ਦੇਣਗੇ - ਹਾਲਾਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਹ ਅਜਿਹਾ ਨਹੀਂ ਕਰ ਸਕਦੇ।

ਜਦੋਂ ਨਸ਼ਿਆਂ ਬਾਰੇ ਸਪੈਸ਼ਲ ਟਾਸਕ ਫੋਰਸ ਦੀ ਰਿਪੋਰਟ ਮੀਡੀਆ ਵਿਚ ਉਜਾਗਰ ਹੋਈ ਅਤੇ ਕੋਈ ਕਾਰਵਾਈ ਕਰਨ ਲਈ ਦਬਾਅ ਵਧਣ ਲੱਗਾ, ਤਾਂ ਕੈਪਟਨ ਅਮਰਿੰਦਰ ਸਿੰਘ ਨੇ ਕਾਰਵਾਈ ਲਾਜ਼ਮੀ ਕੀਤੀ, ਪਰ ਉਨ੍ਹਾਂ ਕਿਸੇ ਵੇਲੇ ਆਪਣੇ ਭਰੋਸੇਯੋਗ ਰਹੇ ਅਫ਼ਸਰ ਨੂੰ ਹੀ ਖੂੰਜੇ ਲਾ ਦਿੱਤਾ। ਇਹ ਸ਼ਖ਼ਸ ਹੀ ਰਿਪੋਰਟ ਸਾਹਮਣੇ ਲੈ ਕੇ ਆਇਆ ਸੀ ਅਤੇ ਮੁੱਖ ਮੰਤਰੀ ਨੂੰ ਇਹ ਪਸੰਦ ਨਹੀਂ ਸੀ। ਸਮਾਂ ਲੰਘਾਉਣ ਖ਼ਾਤਿਰ ਉਨ੍ਹਾਂ ਐਸ.ਟੀ.ਐਫ਼. ਰਿਪੋਰਟ ਦੀ ਪੁਣਛਾਣ ਕਰਨ ਲਈ ਦੋ ਮੈਂਬਰੀ ਕਮੇਟੀ ਬਣਾ ਦਿੱਤੀ। ਐਤਕੀਂ ਉਨ੍ਹਾਂ ਦਾ ਇਹ ਢਿੱਲਮਪਾਊ ਦਾਅਪੇਚ ਕੰਮ ਨਹੀਂ ਆਇਆ, ਕਿਉਂਕਿ ਇਹ ਮਸਲਾ ਹਾਈ ਕੋਰਟ ਦੇ ਅਧੀਨ ਸੀ।

ਅਦਾਲਤ ਵੱਲੋਂ ਨਸ਼ਿਆਂ ਦੇ ਇੱਕ ਕੇਸ ਦੀ ਪੁਣਛਾਣ ਲਈ ਨਾਮਜ਼ਦ ਡੀ.ਜੀ.ਪੀ. ਪੱਧਰ ਦੇ ਅਫ਼ਸਰ ਨੇ ਜਦੋਂ ਉਂਗਲ ਪੰਜਾਬ ਪੁਲਿਸ ਮੁਖੀ ਅਤੇ ਉਸ ਦੇ ਇੱਕ ਹੋਰ ਸੀਨੀਅਰ ਸਾਥੀ ਵੱਲ ਉਠਾਈ, ਤਾਂ ਖ਼ਫ਼ਾ ਮੁੱਖ ਮੰਤਰੀ ਨੇ ਉਚ ਪੁਲਿਸ ਅਫ਼ਸਰ ਤਲਬ ਕਰ ਲਏ ਅਤੇ ਖ਼ੂਬ ਝਾੜ-ਝੰਬ ਕੀਤੀ। ਫਿਰ ਉਨ੍ਹਾਂ ਉਹੀ ਕੁਝ ਕੀਤਾ ਜੋ ਅਜਿਹੇ ਹਾਲਾਤ ਵਿਚ ਫਸਣ ਪਿਛੋਂ ਉਹ ਅਕਸਰ ਕਰਦੇ ਹਨ: ਇਸ ਮਾਮਲੇ ਨਾਲ ਨਜਿੱਠਣ ਖ਼ਾਤਿਰ ਸੁਝਾਅ ਦੇਣ ਲਈ ਇੱਕ ਹੋਰ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ।

ਹੁਣ ਉਚ ਪੁਲਿਸ ਅਫ਼ਸਰ ਦੇ ਨਸ਼ਾ ਕਾਰੋਬਾਰ ਵਿਚ ਸ਼ਾਮਿਲ ਹੋਣ ਦੇ ਦੋਸ਼ਾਂ ਨੂੰ ਮਹਿਜ਼ ਅਨੁਸ਼ਾਸਨਹੀਣਤਾ ਦੀ ਕਾਰਵਾਈ ਵਜੋਂ ਲੈਣਾ ਅਤੇ ਇਹ ਮਸਲਾ ਉਠਾਉਣ ਵਾਲਿਆਂ ਨੂੰ ਮੁਅੱਤਲੀ ਦੀਆਂ ਧਮਕੀਆਂ ਦੇ ਕੇ ਖ਼ਾਮੋਸ਼ ਕਰਨ ਦੀ ਕਵਾਇਦ, ਇਸ ਅਪਰਾਧ ਜਾਂ ਇਸ ਅਪਰਾਧ ਵਿਚ ਸ਼ਾਮਿਲ ਅਫ਼ਸਰਾਂ ਨਾਲ ਨਜਿੱਠਣ ਦਾ ਕੋਈ ਬਿਹਤਰੀਨ ਤਰੀਕਾ ਨਹੀਂ ਹੈ। ਨਸ਼ਿਆਂ ਦੇ ਮਾਮਲੇ ਵਿਚ ਇਸ ਉਚ ਪੱਧਰ ਦੀ ਸ਼ਮੂਲੀਅਤ ਬਾਰੇ ਆਜ਼ਾਦਾਨਾ ਜਾਂਚ (ਸੰਭਵ ਹੋਵੇ ਤਾਂ ਅਦਾਲਤੀ ਨਿਗਰਾਨੀ ਹੇਠ) ਦਰਕਾਰ ਹੈ। ਇਸ ਮਸਲੇ ਦੀ ਜਾਂਚ ਲਈ ਨੌਕਰਸ਼ਾਹਾਂ ਦਾ ਪੈਨਲ ਵਾਜਬ ਨਹੀਂ। ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਇਸ ਕਮੇਟੀ ਤੋਂ ਖ਼ੁਦ ਨੂੰ ਲਾਂਭੇ ਕਰ ਕੇ ਸਹੀ ਕਦਮ ਉਠਾਇਆ ਹੈ ਕਿਉਂਕਿ ਉਹ ਖ਼ੁਦ ਮਸ਼ਕੂਕ ਵਾਲੀ ਸੂਚੀ ਵਿਚ ਸ਼ੁਮਾਰ ਹਨ; ਹਾਲਾਂਕਿ ਮੁੱਖ ਮੰਤਰੀ ਨੇ ਸਹੀ ਤੇ ਗ਼ਲਤ ਹੋਣ ਦੀ ਇਸ ਬੁੱਧ ਅਤੇ ਵਿਵੇਕ ਦਾ ਮੁਜ਼ਾਹਰਾ ਨਹੀਂ ਕੀਤਾ।

ਉਂਜ ਵੀ, ਤਾਜ਼ਾ 'ਕੈਗ' ਰਿਪੋਰਟ ਵਿਚ ਪਹਿਲਾਂ ਹੀ ਇਸ਼ਾਰਾ ਕੀਤਾ ਗਿਆ ਹੈ ਕਿ ਨਸ਼ਿਆਂ ਵਾਲੇ ਕੇਸਾਂ ਵਿਚ 70 ਫ਼ੀਸਦ ਕੇਸਾਂ ਵਿਚ ਮੁਲਜ਼ਮ ਬਰੀ ਹੋ ਜਾਂਦੇ ਹਨ। ਇਹ ਸ਼ਰਮਨਾਕ ਨਹੀਂ ਤਾਂ ਹੋਰ ਕੀ ਹੈ, ਇਸ ਤੋਂ ਇਹੀ ਸੰਕੇਤ ਮਿਲਦਾ ਹੈ ਕਿ ਕਿੰਨੇ ਵੱਡੇ ਪੱਧਰ 'ਤੇ ਲੋਕਾਂ ਨੂੰ ਫਸਾਇਆ ਜਾਂਦਾ ਜਾਂ ਕੇਸ ਰਫ਼ਾ-ਦਫ਼ਾ ਕੀਤੇ ਜਾਂਦੇ ਹਨ। ਉਚ ਪੱਧਰ 'ਤੇ ਜਾਣਕਾਰੀ ਹੋਣ ਜਾਂ ਮਨਜ਼ੂਰੀ ਤੋਂ ਬਗ਼ੈਰ ਅਜਿਹਾ ਸੰਭਵ ਨਹੀਂ ਹੋ ਸਕਦਾ। ਤੇ ਇਸ ਸਬੰਧੀ ਕਿਸੇ ਕਾਰਵਾਈ ਲਈ ਸਰਕਾਰ ਵਿਚੋਂ ਕੋਈ ਵੀ ਹਿਲਜੁਲ ਨਹੀਂ ਹੁੰਦੀ। ਕਾਂਗਰਸੀਆਂ ਦੀ ਸਾਰੀ ਉਤਸੁਕਤਾ ਤਾਂ ਵਜ਼ਾਰਤ ਦੇ ਵੱਲ ਸੀ।

ਪਿਛਲੇ ਇੱਕ ਸਾਲ ਦੌਰਾਨ ਕੁਝ ਕਰਨ ਜਾਂ ਨਾ ਕਰਨ ਦੇ ਮਾਮਲੇ 'ਤੇ ਪ੍ਰਭਾਵ ਇਹ ਗਿਆ ਹੈ ਕਿ ਸਰਕਾਰ ਨਸ਼ਾ ਕਾਰੋਬਾਰ ਨਾਲ ਜੁੜੇ ਵੱਡੇ ਮਸ਼ਕੂਕ ਨਾਲ ਤਾਂ ਨਰਮੀ ਵਰਤ ਰਹੀ ਹੈ ਅਤੇ ਜਿਹੜੇ ਸਖ਼ਤ ਕਾਰਵਾਈ ਲਈ ਜ਼ੋਰ ਲਾ ਰਹੇ ਹਨ, ਜਿਵੇਂ ਐਸ.ਟੀ.ਐਫ਼. ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ, ਡੀ.ਜੀ.ਪੀ. ਸਿਧਾਰਥ ਚੱਟੋਪਾਧਿਆਇ, ਮੰਤਰੀ ਨਵਜੋਤ ਸਿੱਧੂ ਅਤੇ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ, ਉਨ੍ਹਾਂ ਖ਼ਿਲਾਫ਼ ਸਖ਼ਤੀ ਕੀਤੀ ਜਾ ਰਹੀ ਹੈ।

ਸਰਕਾਰ ਦਾ ਨਵਜੋਤ ਸਿੰਘ ਸਿੱਧੂ ਵਾਲੇ ਕੇਸ ਵਿਚ ਸੁਪਰੀਮ ਕੋਰਟ ਵਿਚ ਮੱਲਿਆ ਪੈਂਤੜਾ ਸਹੀ ਹੈ, ਜੇ ਇਸ ਕੋਲ ਸਬੂਤ ਹਨ; ਪਰ ਜੇ ਇਹ ਸਿਆਸੀ ਕਾਰਨਾਂ ਕਰ ਕੇ ਸਿੱਧੂ ਨੂੰ ਫਸਾਉਣਾ ਚਾਹੁੰਦੀ ਹੈ ਤਾਂ ਇਸ ਦਾ ਉਲਟ ਅਸਰ ਵੀ ਪੈ ਸਕਦਾ ਹੈ। ਮਿਸਾਲ ਵਜੋਂ, ਮੁੱਖ ਮੰਤਰੀ ਖ਼ਿਲਾਫ਼ ਭ੍ਰਿਸ਼ਟਾਚਾਰ ਵਾਲੇ ਕੇਸਾਂ ਵਿਚ ਸਰਕਾਰੀ ਵਕੀਲਾਂ ਦਾ ਵਿਰੋਧੀ ਪੈਂਤੜਾ ਲਾਜ਼ਮੀ ਉਠੇਗਾ।

ਬਦਲਾਖੋਰੀ ਵਾਲੇ ਕੇਸਾਂ ਦੀ ਜਾਂਚ ਕਰ ਰਹੀ ਕਮੇਟੀ ਵੱਲੋਂ ਐਫ਼.ਆਈ.ਆਰ. ਰੱਦ ਕਰਨ ਬਾਰੇ ਦੇ ਸੁਝਾਵਾਂ ਉਤੇ ਕੀਤੀ ਚੋਣਵੀਂ ਕਾਰਵਾਈ ਇਸ ਦੀ ਉਘੜਵੀਂ ਮਿਸਾਲ ਹੈ। ਕਾਰਵਾਈ ਦੀ ਤਜਵੀਜ਼ ਹੇਠਲੇ ਰੈਂਕ ਵਾਲੇ ਪੁਲਿਸ ਮੁਲਾਜ਼ਮਾਂ ਤੱਕ ਹੀ ਸੀਮਤ ਹੈ ਜਿਸ ਨਾਲ ਤਤਕਾਲੀ ਡੀ.ਜੀ.ਪੀ., ਗ੍ਰਹਿ ਸਕੱਤਰ ਅਤੇ ਗ੍ਰਹਿ ਮੰਤਰੀ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ। ਇਉਂ ਉਨ੍ਹਾਂ ਲੋਕਾਂ ਨੂੰ ਵੀ ਬਖ਼ਸ਼ ਦਿੱਤਾ ਗਿਆ ਜਿਨ੍ਹਾਂ ਨੇ ਇੰਨੀ ਵੱਡੀ ਪੱਧਰ ਉਤੇ ਝੂਠੀਆਂ ਸ਼ਿਕਾਇਤਾਂ ਕੀਤੀਆਂ ਸਨ।

ਕਾਰਵਾਈ ਨਾ ਕਰਨ ਜਾਂ ਵਿਤਕਰੇ ਵਾਲੇ ਦੋ ਹੋਰ ਅਹਿਮ ਕੇਸਾਂ ਬਾਰੇ ਚਰਚਾ ਕਰਨੀ ਬਣਦੀ ਹੈ। ਬਦਨਾਮ ਬਦਮਾਸ਼ਾਂ (ਗੈਂਗਸਟਰਾਂ) ਨਾਲ ਅਕਾਲੀ ਅਤੇ ਕਾਂਗਰਸ ਆਗੂਆਂ ਦੇ ਸਬੰਧਾਂ ਬਾਰੇ ਰਿਪੋਰਟਾਂ ਮੀਡੀਆ ਵਿਚ ਨਸ਼ਰ ਹੋਈਆਂ ਸਨ। ਅਜੇ ਤੱਕ ਨਾ ਮੁੱਖ ਮੰਤਰੀ ਅਤੇ ਨਾ ਹੀ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨੇ ਪਾਰਟੀ ਨੂੰ ਅਜਿਹੇ ਲੀਡਰਾਂ ਤੋਂ ਮੁਕਤ ਕਰਵਾਉਣ ਲਈ ਕੋਈ ਤਰੱਦਦ ਕੀਤਾ ਹੈ। ਅਕਾਲੀ ਵਿਰੋਧੀ ਧਿਰ ਵਿਚ ਹਨ ਅਤੇ ਇਨ੍ਹਾਂ ਨੂੰ ਇੰਨੀ ਦੋਸਤਾਨਾ ਸਰਕਾਰ ਹਾਲੀਆ ਵਕਤਾਂ ਦੌਰਾਨ ਕਦੇ ਨਹੀਂ ਸੀ ਮਿਲੀ।

ਫਿਰ ਇੱਕ ਹੋਰ ਕੇਸ ਕੌਮਾਂਤਰੀ ਕਰਾਟੇ ਖਿਡਾਰਨ ਕੁਲਦੀਪ ਕੌਰ ਦੀ ਖ਼ੁਦਕੁਸ਼ੀ ਦਾ ਹੈ ਜਿਸ ਨੇ ਪੰਜਾਬੀਆਂ ਨੂੰ ਲੋਹੇ-ਲਾਖੇ ਕਰ ਦਿੱਤਾ ਸੀ। ਉਸ ਦੇ ਫ਼ੌਜੀ ਭਰਾ ਨੇ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਤੇ ਦੋਸ਼ ਲਾਇਆ ਕਿ ਜ਼ਮੀਨ ਵਿਵਾਦ ਕਾਰਨ ਜਿਨ੍ਹਾਂ ਲੋਕਾਂ ਨੇ ਉਸ ਦੀ ਭੈਣ ਅਤੇ ਮਾਂ ਉਤੇ ਹਮਲਾ ਕੀਤਾ, ਇਹ ਮੰਤਰੀ ਅਪਰਾਧੀਆਂ ਨੂੰ ਪੁਲਿਸ ਵੱਲੋਂ ਬਚਾਏ ਜਾਣ ਦਾ ਬਚਾਅ ਕਰ ਰਿਹਾ ਹੈ। ਤੇ ਐਸ.ਆਈ.ਟੀ. ਰਿਪੋਰਟ ਵਿਚ ਖ਼ੁਦਕੁਸ਼ੀ ਨੂੰ ਪਰਿਵਾਰਕ ਤਣਾਓ ਨਾਲ ਜੋੜ ਦਿੱਤਾ ਗਿਆ ਅਤੇ ਐਫ਼.ਆਈ.ਆਰ. ਵਾਪਸ ਲੈਣ ਦੀ ਸਿਫ਼ਾਰਸ਼ ਕੀਤੀ ਗਈ। ਕੋਈ ਫ਼ੌਜੀ ਜਿਸ ਦੀ ਭੈਣ ਮਰ ਗਈ ਹੋਵੇ, ਮਾਂ ਕੈਂਸਰ ਨਾਲ ਜੂਝ ਰਹੀ ਹੋਵੇ ਤੇ ਪਿਤਾ ਮੰਜੇ ਨਾਲ ਜੁੜਿਆ ਹੋਵੇ, ਉਸ ਨੂੰ ਮੰਤਰੀ ਖ਼ਿਲਾਫ਼ "ਝੂਠੇ" ਦੋਸ਼ ਲਾਉਣ ਦੀ ਭਲਾ ਕੀ ਲੋੜ ਹੋਵੇਗੀ?

ਇਹ ਸਪਸ਼ਟ ਹੈ ਕਿ ਪੰਜਾਬ ਨੁਕਸਦਾਰ ਰਾਜ ਪ੍ਰਬੰਧ, ਯੋਜਨਾਬਧ ਚੁਸਤੀ ਜਾਂ ਜੁਗਤ ਅਤੇ ਸੰਸਥਾਈ ਖ਼ਾਮੀਆਂ ਦੀ ਮਾਰ ਹੇਠ ਹੈ; ਇਨ੍ਹਾਂ ਸਭ ਦਾ ਸਿੱਧਾ ਸਬੰਧ ਸਿਆਸੀ, ਨੌਕਰਸ਼ਾਹ ਤੇ ਪੁਲਿਸ ਲੀਡਰਸ਼ਿਪ ਦੀ ਸਮੂਹਿਕ ਨਾਕਾਮੀ ਨਾਲ ਹੋ ਸਕਦਾ ਹੈ। ਇੱਕ ਵਾਰ ਫਿਰ ਕਾਨੂੰਨ ਵਿਵਸਥਾ ਨੂੰ ਸਿਸਟਮ ਦੇ ਅੰਦਰੋਂ ਹੀ ਗੰਭੀਰ ਵੰਗਾਰਾਂ ਪੈ ਰਹੀਆਂ ਹਨ।

ਨੌਕਰੀ ਦੀ ਸੁਰੱਖਿਆ ਦੇ ਬਾਵਜੂਦ ਆਈ.ਪੀ.ਐਸ. ਅਤੇ ਆਈ.ਏ.ਐਸ. ਅਫ਼ਸਰ, ਸਿਆਸਤਦਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਗ਼ਲਤੀਆਂ ਅਤੇ ਗੁਨਾਹਾਂ ਦੇ ਖ਼ਿਲਾਫ਼ ਨਹੀਂ ਡਟ ਰਹੇ। ਅਮਰੀਕਾ ਦੇ ਉਚ ਪੱਧਰ ਦੇ ਅਫ਼ਸਰਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਜਿਨ੍ਹਾਂ ਵਿਚ ਚੀਨ ਤੋਂ ਦਰਾਮਦਾਂ ਉਤੇ ਦੰਡਾਤਮਕ ਟੈਕਸ ਸ਼ਾਮਿਲ ਹਨ, ਦਾ ਤਿੱਖਾ ਵਿਰੋਧ ਕੀਤਾ। ਉਹ ਇਨ੍ਹਾਂ ਨੀਤੀਆਂ ਨਾਲ ਅਸਹਿਮਤ ਸਨ ਅਤੇ ਉਨ੍ਹਾਂ ਇਸ ਬਾਰੇ ਆਪਣਾ ਫ਼ੈਸਲਾ ਕਰਦਿਆਂ ਆਪਣੀਆਂ ਨੌਕਰੀਆਂ ਦੀ ਵੀ ਪ੍ਰਵਾਹ ਨਹੀਂ ਕੀਤੀ। ਭਾਰਤ ਦੇ ਫ਼ੌਲਾਦੀ ਢਾਂਚੇ ਨੇ ਸਿਆਸਤਦਾਨਾਂ ਵੱਲੋਂ ਆਜ਼ਾਦ ਸੰਸਥਾਵਾਂ ਨੂੰ ਮਧੋਲਣ ਤੇ ਇਨ੍ਹਾਂ ਦਾ ਨਾਸ ਮਾਰਨ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ।

ਪੁਲਿਸ ਅਤੇ ਨੌਕਰਸ਼ਾਹੀ ਤੋਂ ਬਾਅਦ ਲੋਕਪਾਲ ਅਜਿਹੀ ਤੀਜੀ ਸੰਸਥਾ ਹੈ ਜਿਹੜੀ ਬੇਅਸਰ ਹੋਈ ਪਈ ਹੈ। ਮੰਤਰੀਆਂ ਅਤੇ ਉਚ ਅਫ਼ਸਰਾਂ ਨਾਲ ਸਬੰਧਤ ਕੇਸ ਇਸ ਸੰਸਥਾ ਨੂੰ ਸੌਂਪੇ ਜਾ ਸਕਦੇ ਹਨ, ਪਰ ਸਿਆਸਤਦਾਨ ਤਾਂ ਸਰਕਾਰ ਅਤੇ ਇਸ ਦੀਆਂ ਸੰਸਥਾਵਾਂ ਨੂੰ ਲਚੀਲੇ ਤੇ ਵਫ਼ਾਦਾਰ ਲੋਕਾਂ ਰਾਹੀਂ ਚਲਾਉਣਾ ਪਸੰਦ ਕਰਦੇ ਹਨ।

ਕਾਨੂੰਨ ਅਤੇ ਵਿਵਸਥਾ ਜਿਹੜੀ ਸਟੇਟ ਸੱਤਾ ਦੀ ਮਰਜ਼ੀ ਦੀ ਵਰਤੋਂ ਉਤੇ ਰੋਕ ਲਾਉਂਦੀ ਹੈ, ਲਈ ਇਹ ਸਪਸ਼ਟ ਖ਼ਤਰੇ ਹਨ। ਇਹ ਸਿਰਫ ਵਿਧਾਇਕਾਂ ਵੱਲੋਂ ਪਾਸ ਕੀਤੇ ਕਾਨੂੰਨ ਨੂੰ ਲਾਗੂ ਕਰਨ ਦਾ ਮਸਲਾ ਨਹੀਂ ਹੈ, ਸਗੋਂ ਮੁੱਦਾ ਇਨ੍ਹਾਂ ਦੇ ਇਕਸਾਰ ਇਸਤੇਮਾਲ ਦਾ ਹੈ। ਲਾਰਡ ਡੈਨਿੰਗ ਵੱਲੋਂ 1977 ਵਾਲੇ ਇੱਕ ਕੇਸ ਵਿਚ ਕਹੇ ਸ਼ਬਦ

*(ਬਾਕੀ ਅਗਲੇ ਸਫੇ 'ਤੇ)*

# ਕਠੂਆ ਕਾਂਡ: ਜਬਰਜਨਾਹ ਇਕ ਸਿਆਸੀ ਹਥਿਆਰ

ਭਾਰਤੀ ਸਮਾਜ ਦੇ ਜਿਨ੍ਹਾਂ ਹਿੱਸਿਆਂ ਨੂੰ ਸੰਘ ਬ੍ਰਿਗੇਡ ਦੇ ਗੁਪਤ ਏਜੰਡੇ ਬਾਰੇ ਕੋਈ ਭੁਲੇਖਾ ਸੀ ਤਾਂ ਉਹ ਹਾਲੀਆ ਘਟਨਾਕ੍ਰਮ ਨਾਲ ਦੂਰ ਹੋ ਜਾਣਾ ਚਾਹੀਦਾ ਹੈ। ਜੰਮੂ ਕਸ਼ਮੀਰ ਅਤੇ ਉਤਰ ਪ੍ਰਦੇਸ਼ ਵਿਚ ਵਾਪਰੇ ਹਾਲੀਆ ਕਾਂਡਾਂ ਨੇ ਸੰਘ ਬ੍ਰਿਗੇਡ ਦੇ ਘਿਨਾਉਣੇ ਚਿਹਰੇ ਨੂੰ ਬੇਪਰਦ ਕਰ ਦਿੱਤਾ ਹੈ। ਕਠੂਆ ਇਲਾਕੇ ਵਿਚ ਅੱਠ ਸਾਲ ਦੀ ਮਾਸੂਮ ਬੱਚੀ ਆਸਿਫ਼ਾ ਬਾਨੋ ਨੂੰ ਇਸ ਸਾਲ ਜਨਵਰੀ ਦੇ ਸ਼ੁਰੂ ਵਿਚ ਅਗਵਾ ਕਰਨ ਤੋਂ ਬਾਅਦ ਮੰਦਰ ਵਿਚ ਲਿਜਾਇਆ ਗਿਆ ਜਿਥੇ ਕਈ ਦਿਨ ਸਮੂਹਿਕ ਜਬਰ ਜਨਾਹ ਕਰਨ ਤੋਂ ਬਾਅਦ ਕਤਲ ਕਰ ਕੇ

**ਬੂਟਾ ਸਿੰਘ**
ਫੋਨ: +91-94634-74342

ਉਸ ਦੀ ਲਾਸ਼ ਸੁੱਟ ਦਿੱਤੀ ਗਈ। ਉਤਰ ਪ੍ਰਦੇਸ਼ ਵਿਚ ਇਕ ਲੜਕੀ ਦੇ ਬਾਪ ਨੂੰ ਪੁਲਿਸ ਹਿਰਾਸਤ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਜੋ ਆਪਣੀ ਧੀ ਨੂੰ ਨਿਆਂ ਦਿਵਾਉਣ ਅਤੇ ਉਸ ਨਾਲ ਜਬਰ ਜਨਾਹ ਕਰਨ ਵਾਲੇ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੈਂਗਰ ਵਿਰੁਧ ਕੇਸ ਦਰਜ ਕਰਾਉਣ ਲਈ ਕਈ ਮਹੀਨਿਆਂ ਤੋਂ ਥਾਂ ਥਾਂ ਭਟਕ ਰਿਹਾ ਸੀ।

ਦੋਹਾਂ ਮਾਮਲਿਆਂ ਵਿਚ ਆਰ.ਐਸ.ਐਸ ਅਤੇ ਇਸ ਦੇ ਰਾਸ਼ਟਰਵਾਦੀਆਂ ਦਾ ਅਸਲ ਕਿਰਦਾਰ ਮੁਲਕ ਦੇ ਲੋਕਾਂ ਨੇ ਚੰਗੀ ਤਰ੍ਹਾਂ ਦੇਖ ਲਿਆ। ਆਸਿਫ਼ਾ ਮਾਮਲੇ ਵਿਚ ਨਿਆਂ ਦੀ ਆਵਾਜ਼ ਨੂੰ ਕੁਚਲਣ ਲਈ ਨਾ ਕੇਵਲ ਸੰਘ ਦੇ ਇਸ਼ਾਰੇ ਉਪਰ ਰਾਜ ਮਸ਼ੀਨਰੀ ਵਲੋਂ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸਗੋਂ ਬੇਸ਼ਰਮੀ ਦੀਆਂ ਤਮਾਮ ਹੱਦਾਂ ਪਾਰ ਕਰਦੇ ਹੋਏ ਭਾਜਪਾ ਦੇ ਦੋ ਮੰਤਰੀਆਂ ਦੀ ਅਗਵਾਈ ਹੇਠ ਭਗਵੇਂ ਹਜੂਮ ਵਲੋਂ ਤਿਰੰਗੇ ਝੰਡੇ ਚੁਕ ਕੇ ਮੁਜ਼ਾਹਰੇ ਕੀਤੇ ਗਏ ਅਤੇ ਇਸ ਕਾਂਡ ਲਈ ਜ਼ਿੰਮੇਵਾਰ ਮੁਜਰਮਾਂ ਦੀ ਸ਼ਰੇਆਮ ਪੁਸ਼ਤਪਨਾਹੀ ਕੀਤੀ ਗਈ। ਮਜ਼ਲੂਮ ਧਿਰ ਨਾਲ ਖੜ੍ਹੇ ਵਕੀਲਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਧਮਕੀਆਂ ਦੇਣਾ ਅਤੇ ਭਗਵੇਂ ਵਕੀਲਾਂ ਵਲੋਂ ਜੰਮੂ ਕਸ਼ਮੀਰ ਬਾਰ ਐਸੋਸੀਏਸ਼ਨ ਨੂੰ ਲਾਮਬੰਦ ਕਰ ਕੇ ਹੜਤਾਲ ਕਰਨਾ ਮਾਸੂਮ ਬੱਚੀ ਦੇ ਮਾਮਲੇ ਵਿਚ ਨਿਆਂ ਦੀ ਮੰਗ ਕਰ ਰਹੇ ਇਨਸਾਫ਼ਪਸੰਦਾਂ ਦਾ ਮਨੋਬਲ ਤੋੜਨ ਅਤੇ ਉਨ੍ਹਾਂ ਦੇ ਸੰਘਰਸ਼ ਨੂੰ ਦਬਾਉਣ ਦੀ ਸੋਚੀ-ਸਮਝੀ ਸਾਜ਼ਿਸ਼ ਸੀ। ਵਿਆਪਕ ਵਿਰੋਧ ਦੇ ਦਬਾਓ ਹੇਠ ਭਾਵੇਂ ਜੰਮੂ ਕਸ਼ਮੀਰ ਦੇ ਦੋਹਾਂ ਮੰਤਰੀਆਂ ਤੋਂ ਅਸਤੀਫ਼ੇ ਲੈ ਲਏ ਗਏ ਪਰ ਉਨ੍ਹਾਂ ਵਿਚੋਂ ਇਕ ਮੰਤਰੀ ਲਾਲ ਸਿੰਘ ਅੱਜ ਵੀ ਇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪਣ ਦੇ ਨਾਂ ਹੇਠ ਮੁਜਰਮਾਂ ਨੂੰ ਬਚਾਉਣ ਲਈ ਮੁਜ਼ਾਹਰੇ ਕਰ ਰਿਹਾ ਹੈ।

ਸੰਘ ਦੀ ਕੂੜ-ਪ੍ਰਚਾਰ ਮਸ਼ੀਨਰੀ ਵਲੋਂ ਇਸ ਵਹਿਸ਼ੀ ਕਰਤੂਤ ਅਤੇ ਇਸ ਵਿਚ ਸੰਘ ਬ੍ਰਿਗੇਡ ਦੀ ਬੁਨਿਆਦੀ ਭੂਮਿਕਾ ਤੋਂ ਧਿਆਨ ਹਟਾਉਣ ਲਈ ਹਰ ਘਟੀਆ ਹਰਬਾ ਇਸਤੇਮਾਲ ਕੀਤਾ ਗਿਆ। ਇਹ ਪ੍ਰਚਾਰ ਵੀ ਕੀਤਾ ਗਿਆ ਕਿ ਚੰਗਾ ਹੋਇਆ, ਆਸਿਫ਼ਾ ਨੂੰ ਮਾਰ ਦਿੱਤਾ ਗਿਆ, ਉਸ ਨੇ ਵੱਡੀ ਹੋ ਕੇ ਮਨੁੱਖੀ ਬੰਬ ਹੀ ਬਣਨਾ ਸੀ। ਇਹ ਤਮਾਮ ਹਮਲੇ ਸਮੁੱਚੇ ਮੁਸਲਿਮ ਭਾਈਚਾਰੇ ਨੂੰ ਜਰਾਇਮਪੇਸ਼ਾ ਅਤੇ ਦੇਸ਼ ਧ੍ਰੋਹੀ ਦੇ ਤੌਰ 'ਤੇ ਬਦਨਾਮ ਅਤੇ ਜ਼ਲੀਲ ਕਰਨ ਦੀ ਸੰਘੀ ਯੁਧਨੀਤੀ ਦੇ ਹਥਿਆਰ ਹਨ ਜਿਨ੍ਹਾਂ ਰਾਹੀਂ ਮੁਲਕ ਦੇ ਗ਼ੈਰਮੁਸਲਿਮ ਹਿੱਸਿਆਂ ਨੂੰ ਉਨ੍ਹਾਂ ਦੀ ਇਨਸਾਨੀਅਤ, ਬਰਾਬਰੀ, ਸਮਾਜੀ ਨਿਆਂ ਲਈ ਜੂਝਣ ਦੇ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ ਅਤੇ ਭਾਈਚਾਰਕ ਸਾਂਝ ਨੂੰ ਖ਼ੋਰਾ ਲਾ ਕੇ ਸਮਾਜ ਦੀ ਫ਼ਿਰਕੂ ਅਤੇ ਉਚ ਜਾਤੀ ਲੀਹਾਂ ਉਪਰ ਪਾਲਾਬੰਦੀ ਕੀਤੀ ਜਾ ਰਹੀ ਹੈ।

ਹੋਰ ਪਾਰਟੀਆਂ ਦੇ ਰਾਜ ਵਿਚ ਵੀ ਭਾਵੇਂ ਔਰਤਾਂ ਜਿਨਸੀ ਅਤਿਆਚਾਰਾਂ ਦਾ ਵਿਆਪਕ ਪੈਮਾਨੇ 'ਤੇ ਸ਼ਿਕਾਰ ਹੁੰਦੀਆਂ ਹਨ ਅਤੇ ਜਿਨਸੀ ਅਤਿਆਚਾਰਾਂ ਦਾ ਬਹੁਤ ਲੰਮਾ ਇਤਿਹਾਸ ਹੈ, ਲੇਕਿਨ ਆਰ.ਐਸ.ਐਸ ਦੇ ਰਾਜ ਹੇਠ ਔਰਤਾਂ ਖ਼ਿਲਾਫ਼ ਜਿਨਸੀ ਜੁਰਮਾਂ ਵਿਚ ਬੇਤਹਾਸ਼ਾ ਇਜ਼ਾਫ਼ੇ ਦੀ ਇਕ ਵੱਖਰੀ ਵਜ੍ਹਾ ਵੀ ਹੈ, ਉਹ ਹੈ ਹਿੰਦੂਤਵ ਦਾ ਔਰਤਾਂ ਪ੍ਰਤੀ ਮਨੂਵਾਦੀ ਨਜ਼ਰੀਆ। ਇਹ ਨਜ਼ਰੀਆ ਨਾ ਕੇਵਲ ਔਰਤਾਂ ਉਪਰ ਜਿਨਸੀ ਅੱਤਿਆਚਾਰਾਂ ਦੀ ਖੁੱਲ੍ਹੀ ਛੁੱਟੀ ਦਿੰਦਾ ਹੈ ਸਗੋਂ ਇਸ ਨੂੰ ਸਭਿਆਚਾਰਕ ਵਾਜਬੀਅਤ ਵੀ ਮੁਹੱਈਆ ਕਰਦਾ ਹੈ। ਇਸ ਦੀ ਬੁਨਿਆਦ ਮਨੂ ਸਮਰਿਤੀ ਹੈ ਜੋ ਔਰਤਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਧਿਕਾਰਾਂ ਤੋਂ ਪੂਰੀ ਤਰ੍ਹਾਂ ਵਾਂਝੇ ਕਰ ਕੇ ਗ਼ੁਲਾਮ ਬਣਾ ਕੇ ਰੱਖਣ ਦੀ ਵਕਾਲਤ ਕਰਦੀ ਹੈ।

ਹਿੰਦੂਤਵ ਦੇ ਮੁੱਖ ਸਿਧਾਂਤਕਾਰ ਵੀ.ਡੀ. ਸਾਵਰਕਰ ਨੇ ਤਾਂ ਮੁਸਲਮਾਨਾਂ ਤੋਂ ਬਦਲਾ ਲੈਣ ਲਈ ਜਬਰ ਜਨਾਹ ਨੂੰ ਬਾਕਾਇਦਾ, ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰਨ ਦੀ ਵਕਾਲਤ ਵੀ ਕੀਤੀ ਹੈ। ਉਸ ਨੇ ਆਪਣੀ ਇਕ ਲਿਖਤ 'ਭਾਰਤੀ ਇਤਿਹਾਸ ਦੇ ਛੇ ਸ਼ਾਨਾਮੱਤੇ ਦੌਰ' ਵਿਚ ਉਨ੍ਹਾਂ ਹਿੰਦੂਆਂ ਨੂੰ ਫਿਟਕਾਰ ਪਾਈ ਜਿਨ੍ਹਾਂ ਨੇ ਜੇਤੂ ਹੋ ਕੇ ਕਬਜ਼ੇ ਵਿਚ ਲਈਆਂ ਮੁਸਲਿਮ ਔਰਤਾਂ ਨਾਲ ਜਬਰ ਜਨਾਹ ਨਹੀਂ ਕੀਤੇ। ਉਸ ਨੇ ਛਤਰਪਤੀ




ਸ਼ਿਵਾਜੀ ਵਲੋਂ ਕਲਿਆਣ ਦੇ ਮੁਸਲਿਮ ਗਵਰਨਰ ਦੀ ਨੂੰਹ ਅਤੇ ਪੇਸ਼ਵਾ ਚਿਮਾਜੀ ਆਪਟੇ ਵਲੋਂ ਬਸੇਨ ਦੇ ਪੁਰਤਗਾਲੀ ਗਵਰਨਰ ਦੀ ਪਤਨੀ ਪ੍ਰਤੀ ਰਹਿਮ ਦਿਖਾ ਕੇ ਉਨ੍ਹਾਂ ਨਾਲ ਜਬਰ ਜਨਾਹ ਨਾ ਕਰਨ ਦੀਆਂ ਮਿਸਾਲਾਂ ਦਿੱਤੀਆਂ ਹਨ। ਉਸ ਨੇ ਜਬਰ ਜਨਾਹ ਨੂੰ ਇਹ ਦਲੀਲ ਦੇ ਕੇ ਜਾਇਜ਼ ਠਹਿਰਾਇਆ ਕਿ ਐਸੇ ਮੌਕਿਆਂ ਉਪਰ ਮੁਸਲਿਮ ਔਰਤਾਂ ਪ੍ਰਤੀ ਰਹਿਮ ਤੇ ਧਾਰਮਿਕ ਸਹਿਣਸ਼ੀਲਤਾ ਦਿਖਾਉਣਾ ਬਹਾਦਰੀ ਨਹੀਂ ਸਗੋਂ ਬੁਜ਼ਦਿਲੀ ਹੈ ਅਤੇ ਇਹ 'ਆਤਮਘਾਤੀ' ਬਹਾਦਰੀ ਹੈ।

ਸਾਵਰਕਰ ਆਰ.ਐਸ.ਐਸ ਅਤੇ ਸਮੂਹ ਸੰਘ ਪਰਿਵਾਰ ਦੇ ਸਭ ਤੋਂ ਸਤਿਕਾਰਤ ਮਾਰਗ ਦਰਸ਼ਕ ਸਿਧਾਂਤਕਾਰਾਂ ਵਿਚੋਂ ਇਕ ਹੈ ਅਤੇ ਇਸ ਮੁੱਖ ਪ੍ਰੇਰਨਾ ਸਰੋਤ ਦਾ ਬੁੱਤ ਭਾਜਪਾ ਵਲੋਂ ਸੰਸਦ ਦੇ ਮੁੱਖ ਹਾਲ ਵਿਚ ਲਗਵਾਇਆ ਗਿਆ ਹੈ। ਸੰਘ ਪਰਿਵਾਰ ਵਲੋਂ ਘੱਟ ਗਿਣਤੀਆਂ ਵਿਰੁਧ ਵਿੱਢੀ ਹਿੰਦੂਤਵ ਦੀ ਜੰਗ ਵਿਚ ਔਰਤ ਦੇ ਸਵੈਮਾਣ ਨੂੰ ਕੁਚਲਨਾ ਅਤੇ ਜਿਨ੍ਹਾਂ ਨੂੰ ਸੰਘ ਨੇ ਆਪਣੇ ਦੁਸ਼ਮਣ ਐਲਾਨਿਆ ਹੋਇਆ ਹੈ, ਉਨ੍ਹਾਂ ਨੂੰ ਜ਼ਲੀਲ ਕਰਨ ਲਈ ਉਨ੍ਹਾਂ ਦੀਆਂ ਔਰਤਾਂ ਨਾਲ ਜਬਰ ਜਨਾਹ ਨੂੰ ਇਕ ਹਥਿਆਰ ਦੇ ਤੌਰ 'ਤੇ ਇਸਤੇਮਾਲ ਕਰਨਾ, ਨਿਸ਼ਚੇ ਹੀ ਇਹ ਸੰਘ ਦਾ ਬਾਕਾਇਦਾ ਯੋਜਨਾਬਧ ਜਹਾਦ ਹੈ ਅਤੇ ਇਸ ਦੇ ਪ੍ਰੇਰਨਾ ਸਰੋਤ ਮਨੂ ਸਮਰਿਤੀ ਦੇ ਮੂਲਮੰਤਰ ਅਤੇ ਸਾਵਰਕਰ ਦਾ ਸਿਧਾਂਤ ਹਨ। ਐਸੇ ਦਿਲ ਕੰਬਾਊ ਕਾਂਡਾਂ ਮੌਕੇ ਹਮੇਸ਼ਾ ਖ਼ਾਮੋਸ਼-ਮੋਡ ਵਿਚ ਰਹਿਣ ਵਾਲੇ ਪ੍ਰਧਾਨ ਮੰਤਰੀ ਦਾ ਮੁਲਕ ਵਿਚ ਐਨੀ ਹਾਹਾਕਾਰ ਮੱਚ ਜਾਣ ਤੋਂ ਬਾਅਦ ਵੀ ਮੂੰਹ ਨਾ ਖੋਲ੍ਹਣਾ ਅਤੇ ਦਿੱਲੀ ਵਿਚ ਵਾਪਰੇ ਨਿਰਭਯਾ ਕਾਂਡ ਦੇ ਵਕਤ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਚੂੜੀਆਂ ਭੇਜਣ ਵਾਲੀ ਸਮਰਿਤੀ ਇਰਾਨੀ ਸਮੇਤ ਸਮੁੱਚੀ ਸੰਘੀ ਕੈਬਨਿਟ ਦਾ ਮੂਕ ਦਰਸ਼ਕ ਬਣੇ ਰਹਿਣਾ ਰਾਜਕੀ ਬੇਪ੍ਰਵਾਹੀ ਨਹੀਂ, ਸੋਚਿਆ-ਸਮਝਿਆ ਵਤੀਰਾ ਹੈ। ਇਹ ਸੰਘ ਬ੍ਰਿਗੇਡ ਵਲੋਂ 2002 ਦੇ ਗੁਜਰਾਤ ਕਤਲੇਆਮ ਅਤੇ ਹੋਰ ਥਾਈਂ ਘੱਟ ਗਿਣਤੀਆਂ ਨੂੰ ਜ਼ਲੀਲ ਕਰਨ ਲਈ ਜਬਰ ਜਨਾਹ ਨੂੰ ਹਥਿਆਰ ਬਣਾ ਕੇ ਵਰਤਣ ਤੇ ਸੱਤਾ 'ਤੇ ਕਾਬਜ਼ ਸੋਇਮਸੇਵਕਾਂ ਵਲੋਂ ਜਬਰ ਜਨਾਹਾਂ ਦੀ ਪੁਸ਼ਤਪਨਾਹੀ ਕਰਨ ਦੀ ਲਗਾਤਾਰਤਾ ਹੈ। ਇਸ ਤੱਥ ਨੂੰ ਲੋਕ ਚੇਤਨਾ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ।

ਜੰਮੂ ਕਸ਼ਮੀਰ ਪੁਲਿਸ ਨੇ ਆਸਿਫ਼ਾ ਮਾਮਲੇ ਵਿਚ ਆਪਣੀ ਚਾਰਜਸ਼ੀਟ ਵਿਚ ਸਪਸ਼ਟ ਕਿਹਾ ਹੈ ਕਿ ਇਸ ਮਾਸੂਮ ਬੱਚੀ ਨਾਲ ਸਮੂਹਿਕ ਜਬਰ ਜਨਾਹ ਕਰ ਕੇ ਉਸ ਨੂੰ ਕਤਲ ਕਰਨ ਵਾਲਿਆਂ ਦਾ ਮਨੋਰਥ ਬੱਕਰਵਾਲ ਮੁਸਲਿਮ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰ ਕੇ ਉਨ੍ਹਾਂ ਨੂੰ ਜੰਮੂ ਵਿਚੋਂ ਕੱਢਣਾ ਸੀ। ਇਹ ਸੰਘ ਵਲੋਂ ਜੰਮੂ ਖੇਤਰ ਵਿਚ ਲਗਾਤਾਰ ਜ਼ਹਿਰੀਲੇ ਪ੍ਰਚਾਰ ਰਾਹੀਂ ਤਿਆਰ ਕੀਤੇ ਮੁਸਲਿਮ ਵਿਰੋਧੀ ਮਾਹੌਲ ਦੀ ਪੈਦਾਵਾਰ ਹੈ। ਯੂ.ਪੀ. ਵਿਚ ਜੇ ਯੋਗੀ ਰਾਜ ਦੀ ਸਮੁੱਚੀ ਰਾਜ ਮਸ਼ੀਨਰੀ ਅਤੇ ਖ਼ੁਦ ਸੰਘ ਪਰਿਵਾਰ ਆਪਣੇ ਵਿਧਾਇਕ ਦੀ ਪਿੱਠ 'ਤੇ ਖੜ੍ਹੇ ਹਨ ਤਾਂ ਇਸ ਦੀ ਮੂਲ ਵਜ੍ਹਾ ਵੀ ਭਗਵੇਂ ਰਾਜ ਵਲੋਂ ਪੂਰੀ ਤਰ੍ਹਾਂ ਸੋਚ-ਸਮਝ ਕੇ ਤਿਆਰ ਕੀਤਾ ਸਮਾਜੀ ਅਤੇ ਰਾਜਕੀ ਮਾਹੌਲ ਹੈ ਜਿਸ ਨੇ ਔਰਤਾਂ ਦੇ ਵਜੂਦ ਨੂੰ ਕੰਟਰੋਲ ਕਰਨ ਲਈ ਐਂਟੀ-ਰੋਮੀਓ ਮੁਹਿੰਮ ਅਤੇ ਹੋਰ ਤਰੀਕਿਆਂ ਜ਼ਰੀਏ ਨੈਤਿਕ ਧੌਂਸ ਥੋਪਣ ਦੇ ਨਾਲ-ਨਾਲ ਭਗਵੇਂ ਲਸ਼ਕਰਾਂ ਨੂੰ ਮੁਸਲਮਾਨਾਂ, ਦਲਿਤਾਂ, ਔਰਤਾਂ ਅਤੇ ਹੋਰ ਕਮਜ਼ੋਰ ਹਿੱਸਿਆਂ ਉਪਰ ਝਪਟਣ ਦੀ ਖੁੱਲ੍ਹ ਦਿਤੀ ਹੋਈ ਹੈ।

ਮੁਲਕ ਦੇ ਜਾਗਰੂਕ, ਇਨਸਾਫ਼ਪਸੰਦ, ਜਮਹੂਰੀ ਹਿੱਸਿਆਂ ਦਾ ਸੰਘ ਵਲੋਂ ਖੇਡੀ ਜਾ ਰਹੀ ਇਸ ਘਿਨਾਉਣੀ ਸਾਜ਼ਿਸ਼ ਵਿਰੁਧ ਡਟ ਕੇ ਸੜਕਾਂ ਉਪਰ ਆਉਣਾ ਅਤੇ ਹਿੰਦੂ ਫ਼ਿਰਕੇ ਦੇ ਕੁਝ ਹਿੱਸਿਆਂ ਦੇ ਅੰਦਰੋਂ ਵੀ ਇਨ੍ਹਾਂ ਵਹਿਸ਼ੀ ਘਟਨਾਵਾਂ ਪ੍ਰਤੀ ਵਿਰੋਧ ਦੇ ਸੰਕੇਤ ਉਭਰਨਾ ਇਕ ਸਾਰਥਕ ਰੁਝਾਨ ਹੈ ਜਿਸ ਨੂੰ ਹੋਰ ਵਿਆਪਕ ਬਣਾਉਣ ਦੀ ਜ਼ਰੂਰਤ ਹੈ। ਮੱਕਾ ਮਸਜਿਦ ਬੰਬ ਧਮਾਕੇ (2007) ਦੇ ਮਾਮਲੇ 'ਚ ਕੌਮੀ ਜਾਂਚ ਏਜੰਸੀ ਦੀ ਅਦਾਲਤ ਵਲੋਂ ਹਿੰਦੂ ਦਹਿਸ਼ਤਗਰਦ ਅਸੀਮਾਨੰਦ ਅਤੇ ਪੰਜ ਹੋਰ ਮੁਜਰਮਾਂ ਨੂੰ ਹਾਲ ਹੀ ਵਿਚ ਬਰੀ ਕੀਤੇ ਜਾਣ ਅਤੇ ਭਾਰਤੀ ਸੁਪਰੀਮ ਕੋਰਟ ਵਲੋਂ ਜਸਟਿਸ ਲੋਇਆ ਦੀ ਮੌਤ ਦੀ ਜਾਂਚ ਕਰਾਏ ਜਾਣ ਲਈ ਪਾਈ ਪਟੀਸ਼ਨ ਨੂੰ ਰੱਦ ਕੀਤੇ ਜਾਣ ਦੇ ਮੱਦੇਨਜ਼ਰ ਇਹ ਸਮਝਣਾ ਮੁਸ਼ਕਿਲ ਨਹੀਂ ਕਿ ਆਸਿਫ਼ਾ ਕਾਂਡ ਅਤੇ ਹੋਰ ਬੱਚੀਆਂ ਦੇ ਮਾਮਲੇ 'ਚ ਨਿਆਂ ਦੀ ਲੜਾਈ ਨੂੰ ਕਿਸ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ। ਸੰਘ ਬ੍ਰਿਗੇਡ ਦੇ ਖ਼ਤਰਨਾਕ ਏਜੰਡੇ ਵਿਰੁਧ ਵਿਸ਼ਾਲ ਅਵਾਮੀ ਵਿਰੋਧ ਦੀ ਲਹਿਰ ਹੀ ਇਸ ਵਹਿਸ਼ਤ ਨੂੰ ਠੱਲ੍ਹ ਪਾ ਸਕਦੀ ਹੈ।

# ਮੋਦੀ ਸਰਕਾਰ ਨੂੰ ਮੋਮਬੱਤੀਆਂ ਦਾ ਸੇਕ

ਭਾਰਤੀ ਜਨਤਾ ਪਾਰਟੀ ਦੀ ਇਕ ਸੰਸਦ ਮੈਂਬਰ ਅਤੇ ਤਰਜਮਾਨ ਨੇ ਆਪਣੀ ਸਰਕਾਰ ਅਤੇ ਪਾਰਟੀ ਵਿਰੁਧ ਉਠਾਏ ਜਾਣ ਵਾਲੇ ਸਵਾਲਾਂ ਦਾ ਮਜ਼ਾਕ ਉਡਾਉਂਦੇ ਹੋਏ ਕਿਹਾ ਹੈ ਕਿ ਪਹਿਲਾਂ ਵਿਰੋਧੀ ਧਿਰ ਦਲਿਤ-ਦਲਿਤ ਕਰਦਾ ਰਹਿੰਦਾ ਸੀ ਅਤੇ ਹੁਣ ਮਹਿਲਾ-ਮਹਿਲਾ ਕਰ ਰਿਹਾ ਹੈ। ਸ਼ਾਇਦ ਉਨ੍ਹਾਂ ਦਾ ਮਕਸਦ ਇਹ ਕਹਿਣ ਦਾ ਸੀ ਕਿ ਅਸੀਂ ਦਲਿਤ ਸਬੰਧੀ ਦੋਸ਼ਾਂ ਦਾ ਜਵਾਬ ਦੇ ਚੁੱਕੇ ਹਾਂ ਅਤੇ ਹੁਣ ਔਰਤਾਂ ਸਬੰਧੀ ਦੋਸ਼ਾਂ ਦਾ ਵੀ

**ਅਭੈ ਕੁਮਾਰ ਦੂਬੇ**

ਦੇਵਾਂਗੇ। ਇਹ ਰਵੱਈਆ ਤਕਰੀਬਨ ਅਜਿਹਾ ਹੀ ਹੈ ਜਿਵੇਂ 2011-12 ਦੌਰਾਨ ਕਾਂਗਰਸ ਦੇ ਬੁਲਾਰਿਆਂ ਦਾ ਹੁੰਦਾ ਸੀ। ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਹੋਵੇ ਜਾਂ ਨਿਰਭਯਾ ਕਾਂਡ, ਉਹ ਇਸ ਤਰ੍ਹਾਂ ਦੇ ਘੁਮੰਡ ਭਰੇ ਜਵਾਬ ਦਿੰਦੇ ਸਨ। ਨਤੀਜਾ ਕੀ ਨਿਕਲਿਆ? ਭਾਜਪਾ ਚਾਹੇ ਤਾਂ ਕਾਂਗਰਸ ਦੇ ਹਸ਼ਰ ਤੋਂ ਸਬਕ ਸਿੱਖ ਸਕਦੀ ਹੈ ਪਰ ਸੱਤਾ ਦੇ ਨਸ਼ੇ ਵਿਚ ਚੂਰ ਰਾਜਨੀਤਕ ਦਲ ਏਨੀ ਆਸਾਨੀ ਨਾਲ ਸਵੈ-ਆਲੋਚਨਾ ਕਰਨ ਲਈ ਤਿਆਰ ਨਹੀਂ ਹੁੰਦੇ। ਜੇ ਅਜਿਹਾ ਨਾ ਹੁੰਦਾ ਤਾਂ ਫਿਰ ਪਾਰਟੀ ਦੀ ਹਾਈ ਕਮਾਨ ਉਨਾਓ ਅਤੇ ਕਠੂਆ ਦੇ ਘਟਨਾਕ੍ਰਮ ਵਿਚ ਦਖ਼ਲ ਦੇਣ ਵਿਚ ਏਨਾ ਸਮਾਂ ਨਾ ਲਗਾਉਂਦੀ।

ਜਿਹੜੀਆਂ ਮੋਮਬੱਤੀਆਂ ਦਿੱਲੀ ਦੇ ਇੰਡੀਆ ਗੇਟ 'ਤੇ ਕਦੇ ਕਾਂਗਰਸ ਵਿਰੁਧ ਬਲੀਆਂ ਸਨ, ਉਸੇ ਜਗ੍ਹਾ ਉਨ੍ਹਾਂ ਨੂੰ ਭਾਜਪਾ ਦੇ ਵਿਰੁਧ ਜਗਾਇਆ ਗਿਆ। ਉਦੋਂ ਉਨ੍ਹਾਂ ਨੂੰ ਭਾਜਪਾ ਨੇ ਜਗਵਾਇਆ ਸੀ ਅਤੇ ਅੱਜ ਉਨ੍ਹਾਂ ਨੂੰ ਕਾਂਗਰਸ ਜਗਵਾ ਰਹੀ ਹੈ। ਉਹ ਮਸਲਾ ਵੀ ਜਬਰ ਜਨਾਹ ਅਤੇ ਹੱਤਿਆ ਦਾ ਸੀ, ਇਹ ਮਸਲਾ ਵੀ ਜਬਰ ਜਨਾਹ ਅਤੇ ਹੱਤਿਆ ਦਾ ਹੈ; ਪਰ ਦੋਵਾਂ ਵਿਚਕਾਰ ਫ਼ਰਕ ਸਿਰਫ ਕਾਂਗਰਸ ਅਤੇ ਭਾਜਪਾ ਦੀ ਅਦਲਾ-ਬਦਲੀ ਦਾ ਹੀ ਨਹੀਂ ਹੈ, ਇਕ ਵੱਡਾ ਅੰਤਰ ਹੋਰ ਹੈ। ਨਿਰਭਯਾ ਕਾਂਡ ਵਿਚ ਕਾਂਗਰਸ ਸਰਕਾਰ ਉਸ ਤਰ੍ਹਾਂ ਸਹਿ-ਅਪਰਾਧੀ ਦੀ ਸਥਿਤੀ ਵਿਚ ਨਹੀਂ ਸੀ, ਜਿਸ ਤਰ੍ਹਾਂ ਨਾਲ ਅੱਜ ਭਾਜਪਾ ਕਠੂਆ ਅਤੇ ਉਨਾਓ ਦੇ ਜਬਰ ਜਨਾਹ ਕਾਂਡਾਂ ਵਿਚ ਦਿਖਾਈ ਦੇ ਰਹੀ ਹੈ। ਕਾਂਗਰਸ 'ਤੇ ਉਸ ਸਮੇਂ ਇਹ ਦੋਸ਼ ਨਹੀਂ ਸੀ ਕਿ ਉਹ ਦੋਸ਼ੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਸ ਸਮੇਂ ਰਾਹੁਲ ਗਾਂਧੀ ਦੀ ਆਲੋਚਨਾ ਇਹ ਹੋਈ ਸੀ ਕਿ ਉਹ ਇੰਡੀਆ ਗੇਟ ਦੇ ਪ੍ਰਦਰਸ਼ਨਕਾਰੀਆਂ ਨਾਲ ਸੜਕਾਂ 'ਤੇ ਕਿਉਂ ਨਹੀਂ ਉਤਰੇ, ਭਾਵ ਉਨ੍ਹਾਂ 'ਤੇ ਮੁੱਖ ਤੌਰ 'ਤੇ ਕਠੋਰਤਾ ਅਤੇ ਸੰਵੇਦਨਹੀਣਤਾ ਦਾ ਦੋਸ਼ ਸੀ।

ਇਸ ਲਈ ਦੇਖਿਆ ਜਾਵੇ ਤਾਂ ਅੱਜ ਦੀ ਤਰੀਕ ਵਿਚ ਭਾਜਪਾ ਉਸ ਸਮੇਂ ਦੀ ਕਾਂਗਰਸ ਦੇ ਮੁਕਾਬਲੇ ਬਹੁਤ ਜ਼ਿਆਦਾ ਕਮਜ਼ੋਰ ਸਥਿਤੀ ਵਿਚ ਹੈ। ਉਸ ਦੀ ਇਸ ਕਮਜ਼ੋਰੀ ਦੇ ਦੋ ਕਾਰਨ ਪ੍ਰਤੀਤ ਹੋ ਰਹੇ ਹਨ। ਪਹਿਲਾ, ਭਾਜਪਾ ਦੀ ਹਾਈ ਕਮਾਨ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੂੰ ਸੌ ਫ਼ੀਸਦੀ ਆਪਣੇ ਕੰਟਰੋਲ ਵਿਚ ਕਰਨ 'ਚ ਅਸਫਲ ਲੱਗ ਰਹੀ ਹੈ। ਦੂਜਾ, ਧਰਮ ਅਤੇ ਜਾਤੀ ਦੀਆਂ ਦੋਹਰੀਆਂ ਸ਼ਕਤੀਆਂ, ਜਿਨ੍ਹਾਂ ਨੂੰ ਭਾਜਪਾ ਦੀ ਰਾਜਨੀਤੀ ਨੇ ਆਪਣੇ ਪੱਖ ਵਿਚ ਗੱਲਬੰਦ ਕਰ ਲਿਆ ਸੀ, ਉਸ ਦੇ ਹੱਥੋਂ ਨਿਕਲਦੀਆਂ ਲੱਗ ਰਹੀਆਂ ਹਨ।

ਕਠੂਆ ਵਿਚ ਧਰਮ ਦੇ ਨਾਂ 'ਤੇ ਜਬਰ ਜਨਾਹ ਦੇ ਦੋਸ਼ੀਆਂ ਦਾ ਬਚਾਅ ਕੀਤਾ ਗਿਆ ਅਤੇ ਉਨਾਓ ਵਿਚ ਇਸ ਦੇ ਪਿੱਛੇ ਜਾਤੀ ਦੀ ਖੇਡ ਦਿਖਾਈ ਦਿੱਤੀ। ਦੋਹਾਂ ਥਾਵਾਂ 'ਤੇ ਤਕਨੀਕੀ ਤੌਰ 'ਤੇ ਬਚਾਅ ਦਾ ਔਜ਼ਾਰ ਸੀ.ਬੀ.ਆਈ. ਨੂੰ ਬਣਾਇਆ ਗਿਆ। ਕਿਹਾ ਗਿਆ ਕਿ ਸੀ.ਬੀ.ਆਈ. ਨੂੰ ਜਾਂਚ ਦਿੱਤੀ ਜਾਵੇ ਅਤੇ ਜਦੋਂ ਉਹ ਕਹਿ ਦੇਣ, ਉਦੋਂ ਹੀ ਕਿਸੇ ਨੂੰ ਦੋਸ਼ੀ ਮੰਨਿਆ ਜਾਵੇ। ਕੇਂਦਰ ਸਰਕਾਰ ਇਹ ਕਹਿ ਕੇ ਪੱਲਾ ਝਾੜਦੀ ਨਜ਼ਰ ਆਈ ਕਿ ਇਹ ਤਾਂ ਸੂਬਿਆਂ ਦੇ ਅਧਿਕਾਰ ਖੇਤਰ ਦਾ ਮਾਮਲਾ ਹੈ। ਇਸ ਲਈ ਉਸ ਤੋਂ ਕਿਸੇ ਤਰ੍ਹਾਂ ਦਾ ਜਵਾਬ ਨਾ ਮੰਗਿਆ ਜਾਵੇ ਪਰ ਅੱਜ ਦੀ ਸਥਿਤੀ ਵਿਚ ਰਾਜ ਤੇ ਕੇਂਦਰ ਵੱਖ ਵੱਖ ਇਕਾਈਆਂ ਨਹੀਂ ਹਨ। ਜੋ ਸੂਬਿਆਂ 'ਚ ਹੁੰਦਾ ਹੈ, ਉਹ ਕੇਂਦਰ ਦੀ ਕਿਸਮਤ ਤੈਅ ਕਰਦਾ ਹੈ ਤੇ ਜੋ ਕੇਂਦਰ ਕਰਦਾ ਹੈ, ਉਸ ਨਾਲ ਸੂਬਿਆਂ 'ਚ ਸੱਤਾ ਦੀ ਬਣਤਰ ਨਿਸ਼ਚਿਤ ਹੁੰਦੀ ਹੈ, ਜਿਵੇਂ ਭਾਜਪਾ ਨੇ ਪੀਪਲਜ਼ ਡੈਮੋਕ੍ਰੇਟਿਕ ਪਾਰਟੀ ਨਾਲ ਗੱਠਜੋੜ ਬਣਾਇਆ ਹੋਇਆ ਹੈ। ਇਹ ਕੇਂਦਰ ਦੇ ਫੈਸਲੇ ਦਾ ਨਤੀਜਾ ਹੈ।

ਇਸੇ ਤਰ੍ਹਾਂ ਉਤਰ ਪ੍ਰਦੇਸ਼ ਦੇ ਯੋਗੀ ਅਦਿਤਿਆਨਾਥ ਉਰਫ ਅਜੈ ਸਿੰਘ ਬਿਸ਼ਟ (ਅੱਜਕਲ੍ਹ ਉਨ੍ਹਾਂ ਦੇ ਆਲੋਚਕ ਵਾਰ-ਵਾਰ ਮੀਡੀਆ ਵਿਚ ਉਨ੍ਹਾਂ ਦੇ ਅਸਲੀ ਜਾਤੀ ਸੂਚਕ ਨਾਂ ਦੀ ਯਾਦ ਦਿਵਾ ਰਹੇ ਹਨ) ਹਕੂਮਤ ਕਰ ਰਹੇ ਹਨ। ਇਹ ਵੀ ਕੇਂਦਰ ਦਾ ਫ਼ੈਸਲਾ ਹੈ। ਭਾਜਪਾ ਹਰ ਤਰ੍ਹਾਂ ਦੀ ਚੋਣ ਤੋਂ ਠੀਕ ਪਹਿਲਾਂ ਦਲ-ਬਦਲੀ ਨੂੰ ਹੁਲਾਰਾ ਦੇਵੇਗੀ। ਇਹ ਵੀ ਭਾਜਪਾ ਦੀ ਕੇਂਦਰੀ ਅਗਵਾਈ ਦਾ ਫੈਸਲਾ ਹੈ। ਇਸੇ ਫ਼ੈਸਲੇ ਤਹਿਤ ਤਾਂ ਉਨਾਓ ਦੇ ਵਿਧਾਇਕ ਕੁਲਦੀਪ ਸਿੰਘ ਸੈਂਗਰ ਨੂੰ ਦਲ-ਬਦਲੀ ਕਰਵਾ ਕੇ ਸਾਲ ਪਹਿਲਾਂ ਹੀ ਭਾਜਪਾ ਵਿਚ ਸ਼ਾਮਿਲ ਕੀਤਾ ਗਿਆ ਸੀ। ਇਹ ਉਹੀ ਕੁਲਦੀਪ ਸਿੰਘ ਸੈਂਗਰ ਹਨ, ਜਿਹੜੇ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਵੀ ਵਿਧਾਇਕ ਰਹਿ ਚੁੱਕੇ ਹਨ। ਰਾਜਨੀਤੀ ਦੀ ਸ਼ੁਰੂਆਤ ਇਸ ਨੇ ਕਾਂਗਰਸ ਤੋਂ ਕੀਤੀ ਸੀ। ਇਕ ਸਾਲ ਦੇ ਅੰਦਰ ਹੀ ਉਹ ਯੋਗੀ ਸਰਕਾਰ ਅਤੇ ਭਾਜਪਾ ਦੇ ਨੱਕ ਦਾ ਵਾਲ ਬਣ ਗਿਆ।

ਠੀਕ ਹੈ, ਕਿਸੇ ਵੀ ਪਾਰਟੀ ਦੀ ਹਾਈ ਕਮਾਨ ਆਪਣੀ ਕਿਸੇ ਸੂਬਾ ਸਰਕਾਰ ਜਾਂ ਸੂਬੇ ਦੀ ਇਕਾਈ ਦੇ ਕੰਮਕਾਜ ਨੂੰ ਹੇਠਲੀ ਪੱਧਰ 'ਤੇ ਬਾਰੀਕੀ ਨਾਲ ਕੰਟਰੋਲ ਨਹੀਂ ਕਰ ਸਕਦੀ। ਹੋ ਸਕਦਾ ਹੈ ਕਿ ਭਾਜਪਾ ਵੀ ਸਬਰ ਨਾਲ ਜੰਮੂ ਇਕਾਈ ਅਤੇ ਉਤਰ ਪ੍ਰਦੇਸ਼ ਸਰਕਾਰ ਦੇ ਕਦਮਾਂ ਨੂੰ ਪਰਖ ਰਹੀ ਹੋਵੇ ਪਰ ਹੁਣ ਉਸ ਦੇ ਹਮਦਰਦ ਵੀ ਮੰਨ ਰਹੇ ਹਨ ਕਿ ਹਾਈ ਕਮਾਨ ਨੇ ਦਖ਼ਲ ਦੇਣ ਵਿਚ ਦੇਰੀ ਕਰ ਦਿੱਤੀ ਹੈ। ਦਰਅਸਲ ਇਸ ਦੇਰੀ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਯੋਗੀ ਅਦਿਤਿਆਨਾਥ ਸਰਕਾਰ ਚਲਾਉਣ ਦੇ ਢੰਗਾਂ 'ਚ ਕੇਂਦਰ ਦੇ ਦਖ਼ਲ ਨੂੰ ਨਾ ਪਸੰਦ ਕਰਦੇ ਹਨ।

ਪਿਛਲੇ ਦਿਨੀਂ ਉਤਰ ਪ੍ਰਦੇਸ਼ ਵਿਚ ਚੱਲ ਰਹੀ 'ਐਨਕਾਊਂਟਰ ਮੁਹਿੰਮ' ਬਾਰੇ ਵੀ ਉਸ ਨੂੰ ਕਿਹਾ ਗਿਆ ਸੀ ਕਿ ਉਹ ਇਸ ਨੂੰ ਕੰਟਰੋਲ ਕਰਨ, ਪਰ ਉਨ੍ਹਾਂ ਨੇ ਇਹ ਆਦੇਸ਼ ਮੰਨਣ ਤੋਂ ਨਾਂਹ ਕਰ ਦਿੱਤੀ। ਇਸੇ ਕਾਰਨ ਮੀਡੀਆ ਦੇ ਵੱਖ ਵੱਖ ਹਲਕਿਆਂ 'ਚ ਚਰਚਾ ਹੈ ਕਿ ਯੋਗੀ ਸਰਕਾਰ ਖ਼ਿਲਾਫ਼ ਮਾਹੌਲ ਬਣਨ ਦੀ ਪ੍ਰਕਿਰਿਆ ਨੂੰ ਕੇਂਦਰ ਆਪਣੇ ਲਾਭ ਲਈ ਵੀ ਇਸਤੇਮਾਲ ਕਰ ਸਕਦਾ ਹੈ, ਮਤਲਬ ਜਿਹੜੇ ਟੀ. ਵੀ. ਚੈਨਲ ਭਾਜਪਾ ਤੇ ਮੋਦੀ ਦੇ ਕੱਟੜ ਸਮਰਥਕ ਸਨ, ਉਹ ਵੀ ਉਨਾਓ ਮਾਮਲੇ 'ਤੇ ਕਠੋਰ ਆਲੋਚਨਾ ਕਰਦੇ ਦਿਸ ਰਹੇ ਹਨ। ਇਸ ਨਾਲ ਕਈਆਂ ਨੂੰ ਲੱਗ ਰਿਹਾ ਹੈ ਕਿ ਮੀਡੀਆ ਦਾ ਇਸ ਸਵਾਲ 'ਤੇ ਰਵੱਈਆ ਘੁੰਮ ਫਿਰ ਕੇ ਭਾਜਪਾ ਦੀ ਅੰਦਰੂਨੀ ਰਾਜਨੀਤੀ ਦਾ ਪ੍ਰਗਟਾਵਾ ਵੀ ਹੋ ਸਕਦਾ ਹੈ।

ਦੂਜੇ ਪਾਸੇ ਭਾਜਪਾ ਕਠੂਆ ਮਾਮਲੇ ਵਿਚ ਜੰਮੂ ਕਸ਼ਮੀਰ ਦੀ ਪੰਡਿਤ ਲਾਬੀ ਵਲੋਂ ਤਿਆਰ ਕੀਤੇ ਗਏ ਤਰਕ ਦਾ ਸ਼ਿਕਾਰ ਵੀ ਹੋਈ ਹੈ। ਪੰਡਿਤ ਲਾਬੀ ਦਾ ਕਹਿਣਾ ਸੀ ਕਿ ਆਸਿਫਾ ਨੂੰ ਤਾਂ ਇਨਸਾਫ਼ ਦਿੱਤਾ ਹੀ ਜਾਣਾ ਚਾਹੀਦਾ ਹੈ ਪਰ ਉਨ੍ਹਾਂ ਪੰਡਿਤ ਔਰਤਾਂ ਨੂੰ ਵੀ ਇਨਸਾਫ਼ ਮਿਲਣਾ ਚਾਹੀਦਾ ਹੈ, ਜਿਨ੍ਹਾਂ ਨਾਲ ਪਹਿਲਾਂ ਜਬਰ ਜਨਾਹ ਕੀਤਾ ਜਾ ਚੁੱਕਾ ਹੈ। ਦਰਅਸਲ ਇਸ ਤਰ੍ਹਾਂ ਦੇ ਤਰਕ ਦੇਣ ਵਾਲਿਆਂ ਨੂੰ ਕਿੰਨੇ ਵੀ ਠੀਕ ਲੱਗਣ ਪਰ ਜਨਤਕ ਜੀਵਨ ਵਿਚ ਜਿਥੇ ਰੋਜ਼ਾਨਾ ਰਾਜਨੀਤਕ ਅਕਸ ਬਣਦੇ-ਵਿਗੜਦੇ ਹਨ, ਇਹ ਪ੍ਰਭਾਵੀ ਸਾਬਤ ਨਹੀਂ ਹੁੰਦੇ। ਜਿਸ ਤਰ੍ਹਾਂ ਨਿਰਭਯਾ ਕਾਂਡ ਦੀ ਕਿਸੇ ਹੋਰ ਜਬਰ ਜਨਾਹ ਕਾਂਡ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ, ਉਸੇ ਤਰ੍ਹਾਂ ਆਸਿਫਾ ਕਾਂਡ ਦੀ ਵੀ ਕਿਸੇ ਹੋਰ ਜਬਰ ਜਨਾਹ ਕਾਂਡ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਭਾਜਪਾ ਦੀ ਅਗਵਾਈ ਜੋ ਦੂਰਦ੍ਰਿਸ਼ਟੀ ਦਿਖਾਉਂਦੀ ਤਾਂ ਉਨਾਓ ਦੇ ਮਸਲੇ ਨੂੰ ਏਨਾ ਨਾ ਉਲਝਣ ਦਿੰਦੀ ਅਤੇ ਨਾ ਹੀ ਕਠੂਆ ਦੇ ਮਸਲੇ 'ਤੇ ਵੀ ਨੌਬਤ ਇੰਡੀਆ ਗੇਟ 'ਤੇ ਮੋਮਬੱਤੀਆਂ ਜਗਾਉਣ ਤੱਕ ਪਹੁੰਚਦੀ। ਉਨ੍ਹਾਂ ਮੋਮਬੱਤੀਆਂ ਦੀ ਲੋਅ ਨਾਲ ਮਨਮੋਹਨ ਸਰਕਾਰ ਝੁਲਸ ਗਈ ਸੀ। ਇਨ੍ਹਾਂ ਮੋਮਬੱਤੀਆਂ ਦੀ ਲੋਅ ਨਾਲ ਮੋਦੀ ਸਰਕਾਰ ਝੁਲਸੇਗੀ, ਇਸ 'ਚ ਕੋਈ ਸ਼ੱਕ ਨਹੀਂ।

## *ਨਸ਼ਾ ਕਾਰੋਬਾਰ ਤੇ ਕੈਪਟਨ ਦੀ ਠੁੱਸ ਹੋਈ ਕਪਤਾਨੀ*

*(ਪਿਛਲੇ ਸਫੇ ਦੀ ਬਾਕੀ)*

ਅਦਾਲਤਾਂ ਅਕਸਰ ਇਸਤੇਮਾਲ ਕਰਦੀਆਂ ਹਨ: "ਤੁਸੀਂ ਜਿੰਨੇ ਮਰਜ਼ੀ ਵੱਡੇ ਹੋਵੋ, ਕਾਨੂੰਨ ਤੁਹਾਥੋਂ ਉਪਰ ਹੈ।"

ਪੰਜਾਬ ਦੀ ਲੀਡਰਸ਼ਿਪ ਨੂੰ ਇਹ ਟੂਕ ਚੇਤੇ ਕਰਵਾਉਣ ਦੀ ਜ਼ਰੂਰਤ ਹੈ। ਤੇ ਨਾਲ ਹੀ ਉਤਰ ਪ੍ਰਦੇਸ਼ ਦੇ ਇੱਕ ਕੇਸ ਬਾਰੇ ਵੀ ਚੇਤਾ ਕਰਵਾਉਣਾ ਚਾਹੀਦਾ ਹੈ। ਜਦੋਂ ਉਤਰ ਪ੍ਰਦੇਸ਼ ਸਰਕਾਰ ਜਬਰ ਜਨਾਹ ਦੇ ਕੇਸ ਵਿਚ ਇੱਕ ਖੱਬੀਖਾਨ ਵਿਧਾਇਕ ਨੂੰ ਗ੍ਰਿਫ਼ਤਾਰ ਕਰਨ ਤੋਂ ਡਗਮਗਾ ਰਹੀ ਸੀ, ਤਾਂ ਅਲਾਹਾਬਾਦ ਹਾਈ ਕੋਰਟ ਨੇ ਉਸ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ, ਕਿਉਂਕਿ ਅਦਾਲਤ ਨੂੰ ਯਕੀਨ ਸੀ ਕਿ "ਕਾਨੂੰਨ ਤੇ ਵਿਵਸਥਾ ਮਸ਼ੀਨਰੀ" ਮੁਲਜ਼ਮ ਨਾਲ "ਮਿਲੀ ਹੋਈ ਹੈ ਅਤੇ ਉਸ ਦੇ ਅਸਰ ਹੇਠ" ਹੈ। ਇਹ ਹਾਈ ਕੋਰਟ ਨੇ ਦੇਖਣਾ ਹੈ ਕਿ ਕਿਤੇ ਪੰਜਾਬ ਵਿਚ ਵੀ ਕਾਨੂੰਨ ਤੇ ਵਿਵਸਥਾ ਮਸ਼ੀਨਰੀ ਨਸ਼ਾ ਤਸਕਰਾਂ (ਸਰਕਾਰ ਦੇ ਅੰਦਰ ਤੇ ਬਾਹਰ, ਦੋਹੀਂ ਥਾਈਂ) ਨਾਲ ਤਾਂ ਨਹੀਂ ਮਿਲੀ ਹੋਈ।

# ਮਰਿਆਦਾ ਦੀ ਰੇਖਾ ਦੇ ਆਰ-ਪਾਰ

ਪਿਛਲੇ ਦਿਨਾਂ ਵਿਚ ਜੰਮੂ ਕਸ਼ਮੀਰ ਦੇ ਕਠੂਆ ਅਤੇ ਉਤਰ ਪ੍ਰਦੇਸ਼ ਦੇ ਉਨਾਓ ਕਸਬੇ ਵਿਚ ਜਬਰ ਜਨਾਹ ਦੀਆਂ ਦੋ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਦੀ ਨਾ ਸਿਰਫ ਮੁਲਕ ਵਿਚ ਬਲਕਿ ਦੁਨੀਆਂ ਭਰ ਦੇ ਮੀਡੀਏ ਵਿਚ ਚਰਚਾ ਹੋ ਰਹੀ ਹੈ। ਖਬਰ ਇਹ ਵੀ ਹੈ ਕਿ ਸੰਯੁਕਤ ਰਾਸ਼ਟਰ ਨੇ ਵੀ ਇਸ ਦਾ ਨੋਟਿਸ ਲਿਆ ਹੈ।

'ਪੰਜਾਬ ਟਾਈਮਜ਼' ਦੇ 21 ਅਪਰੈਲ ਦੇ ਅੰਕ ਵਿਚ ਕਾਫੀ ਵਿਸਥਾਰ ਵਿਚ ਖਬਰ ਵੀ ਛਪੀ ਹੈ ਕਿ ਕਿਸ ਤਰ੍ਹਾਂ ਜਬਰ ਜਨਾਹ ਦੀਆਂ ਇਨ੍ਹਾਂ ਦੋਵਾਂ ਘਟਨਾਵਾਂ ਵਿਚ ਦੋਸ਼ੀਆਂ ਨੂੰ ਬਚਾਉਣ ਲਈ ਕਿਸ ਕਿਸਮ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਨੇ ਲੋਕ-ਮਨਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ।



ਡਾ. ਗੁਰਨਾਮ ਕੌਰ, ਪਟਿਆਲਾ

ਝੰਜੋੜ ਕੇ ਇਸ ਲਈ ਵੀ ਰੱਖ ਦਿੱਤਾ ਹੈ ਕਿਉਂਕਿ ਹੈਵਾਨੀਅਤ ਦੇ ਇਹ ਦੋਵੇਂ ਕਾਰੇ ਜਿਨ੍ਹਾਂ ਸੂਬਿਆਂ ਵਿਚ ਵਾਪਰੇ ਹਨ, ਉਥੇ ਭਾਜਪਾ ਦੀਆਂ ਸਰਕਾਰਾਂ ਹਨ ਅਤੇ ਦੋਹਾਂ ਹੀ ਘਟਨਾਵਾਂ ਵਿਚ ਦੋਸ਼ੀਆਂ ਦੀਆਂ ਤਾਰਾਂ ਕਿਵੇਂ ਨਾ ਕਿਵੇਂ ਭਾਜਪਾ ਆਗੂਆਂ ਨਾਲ ਜਾ ਕੇ ਜੁੜਦੀਆਂ ਹਨ। ਉਨਾਓ ਕੇਸ ਵਿਚ ਭਾਜਪਾ ਵਿਧਾਇਕ ਅਤੇ ਉਸ ਦੇ ਹਮਾਇਤੀਆਂ ਨੇ ਨਾ ਸਿਰਫ ਕੇਸ ਨੂੰ ਖੁਰਦ-ਬੁਰਦ ਕਰਵਾਉਣ ਲਈ ਸਿਰ-ਤੋੜ ਯਤਨ ਕੀਤੇ ਬਲਕਿ ਕੁੜੀ ਦੇ ਬਾਪ 'ਤੇ ਝੂਠਾ ਕੇਸ ਪੁਆ ਕੇ ਗ੍ਰਿਫਤਾਰ ਕਰਵਾਇਆ ਅਤੇ ਏਨਾ ਕੁੱਟਿਆ ਕਿ ਉਸ ਦੀ ਮੌਤ ਹੋ ਗਈ। ਇਹ ਮੀਡੀਆ ਦੀ ਖਬਰ ਹੈ ਅਤੇ ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਹੈ, ਕਿਉਂਕਿ ਲੋਕਾਂ ਦਾ ਰੋਹ ਦੇਖਦਿਆਂ ਅਤੇ ਅਦਾਲਤੀ ਦਖਲਅੰਦਾਜ਼ੀ ਕਰਕੇ ਪੁਲਿਸ ਨੂੰ ਕੇਸ ਦਰਜ ਕਰਨੇ ਪਏ ਹਨ।

'ਪੰਜਾਬ ਟਾਈਮਜ਼' ਵਿਚ ਦੋਹਾਂ ਘਟਨਾਵਾਂ ਬਾਰੇ ਅਭੈ ਸਿੰਘ ਦਾ ਲੇਖ ਵੀ ਛਪਿਆ ਹੈ। ਇਨ੍ਹਾਂ ਸ਼ਰਮਨਾਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਹਰਿਆਣੇ ਵਿਚ 'ਜਾਟ ਅੰਦੋਲਨ' ਸਮੇਤ ਮੂਰਥਲ ਵਿਚ ਔਰਤਾਂ ਨਾਲ ਜੋ ਵਾਪਰਿਆ, ਉਹ ਵੀ ਚੇਤਿਆਂ ਵਿਚੋਂ ਵਿਸਾਰਿਆ ਨਹੀਂ ਜਾ ਸਕਦਾ ਕਿ ਸਰਕਾਰ ਉਥੇ ਵੀ ਭਾਜਪਾ ਦੀ ਹੀ ਸੀ; ਅਤੇ ਉਥੇ ਵੀ ਸਰਕਾਰ ਤੇ ਪੁਲਿਸ ਦਾ ਕਿਹੋ ਜਿਹਾ ਰੋਲ ਸੀ! ਘਟਨਾਵਾਂ ਦੀ ਚਰਚਾ ਤਾਂ ਹੋ ਹੀ ਚੁਕੀ ਹੈ ਤੇ ਅਜਿਹੇ ਵਹਿਸ਼ੀ ਕਾਰਨਾਮਿਆਂ ਬਾਰੇ ਲਿਖਦਿਆਂ ਵੀ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਅਭੈ ਸਿੰਘ ਨੇ ਆਪਣੇ ਲੇਖ ਵਿਚ, ਜਨਵਰੀ ਦੇ ਹੀ ਮਹੀਨੇ ਜਦੋਂ ਬੱਕਰਵਾਲ ਕਬੀਲੇ ਦੀ ਨਿੱਕੀ ਜਿੰਦ ਨਾਲ ਇਹ ਵਹਿਸ਼ੀਆਨਾ ਭਾਣਾ ਵਾਪਰਿਆ ਸੀ, ਉਨ੍ਹਾਂ ਹੀ ਦਿਨਾਂ ਵਿਚ ਪਾਕਿਸਤਾਨ ਦੇ ਸੂਰਤ ਕਸਬੇ ਵਿਚ ਏਨੀ ਕੁ ਹੀ ਉਮਰ ਦੀ ਪਿਆਰੀ ਜਿਹੀ ਕੁੜੀ ਜ਼ੈਨਬ ਅਨਸਾਰੀ ਨਾਲ ਵਾਪਰੇ ਭਾਣੇ ਦੀ ਗੱਲ ਕਰਦਿਆਂ ਕਿਹਾ ਹੈ ਕਿ ਪਾਕਿਸਤਾਨ ਦੀ ਅਦਾਲਤ ਨੇ ਉਸ ਦੇ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਸੁਣਾ ਵੀ ਦਿੱਤੀ ਹੈ ਤੇ ਉਸ ਦੀ ਅਪੀਲ ਵੀ ਖਾਰਜ ਹੋ ਚੁਕੀ ਹੈ ਅਤੇ ਸਾਡੇ ਮੁਲਕ ਵਿਚ ਹਾਲੇ ਤਫਤੀਸ਼ ਦਾ ਹੀ ਰੌਲਾ ਪਾਇਆ ਜਾ ਰਿਹਾ ਹੈ। ਜ਼ੈਨਬ ਦੇ ਮਾਮਲੇ ਵਿਚ ਨਾ ਸਿਰਫ ਥਾਂ ਥਾਂ ਜ਼ੈਨਬ ਦੇ ਹੱਕ ਵਿਚ ਰੋਸ ਮੁਜਾਹਰੇ ਹੀ ਕੀਤੇ ਗਏ ਸਨ ਬਲਕਿ ਜਦੋਂ ਉਸ ਦੇ ਦੋਸ਼ੀ ਮੁਹੰਮਦ ਇਮਰਾਨ ਅਲੀ ਦੀ ਮਾਂ ਨੂੰ ਸੀ. ਸੀ. ਟੀ. ਵੀ. ਦੀ ਫੁਟੇਜ਼ ਦਿਖਾਈ ਗਈ ਤੇ ਉਸ ਨੂੰ ਆਪਣੇ ਪੁੱਤ ਦੇ ਇਸ ਘਟਨਾ 'ਚ ਸ਼ਾਮਲ ਹੋਣ ਦਾ ਸ਼ੱਕ ਪਿਆ ਤਾਂ ਉਸ ਨੇ ਆਪਣੇ ਪੁੱਤ ਦਾ ਥਹੁ-ਟਿਕਾਣਾ ਦੱਸਣ ਤੇ ਉਸ ਨੂੰ ਫੜਾਉਣ ਵਿਚ ਪੁਲਿਸ ਦੀ ਮਦਦ ਕੀਤੀ। ਲੋਕਾਂ ਨੇ ਉਸ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਲਈ ਸਰਕਾਰ 'ਤੇ ਦਬਾਉ ਪਾਇਆ ਸੀ।

ਇੱਥੇ ਕਹਾਣੀ ਬਿਲਕੁਲ ਹੀ ਉਲਟ ਹੈ ਜਿਵੇਂ ਇੰਟਰਨੈਟ ਅਤੇ ਅਖਬਾਰਾਂ ਦੀਆਂ ਖਬਰਾਂ, ਸੂਹੀ ਸਵੇਰ ਵਿਚ ਨਸ਼ਰ ਕੀਤੀ ਗਈ ਚਾਰਜਸ਼ੀਟ ਦੀ ਨਕਲ ਅਤੇ ਅਭੈ ਸਿੰਘ ਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਇੱਕੋ ਪਰਿਵਾਰ ਦੇ ਚਾਰ ਮੈਂਬਰ-ਮਾਮਾ ਸਾਂਝੀ ਰਾਮ, ਜੋ ਮੰਦਿਰ ਦਾ ਪੁਜਾਰੀ ਵੀ ਹੈ, ਉਸ ਦਾ ਪੁੱਤਰ ਵਿਸ਼ਾਲ ਜੰਗੋਤਰਾ ਤੇ ਭਾਣਜਾ ਸ਼ੁਭਮ ਸੰਗਰਾ, ਪ੍ਰਵੇਸ਼ ਕੁਮਾਰ ਉਰਫ ਮੰਨੂ ਅਤੇ ਕੇਸ ਨੂੰ ਰਫਾ ਦਫਾ ਕਰਨ 'ਚ ਦੋ ਪੁਲਿਸ ਮੁਲਾਜ਼ਮ ਵੀ ਸ਼ਾਮਲ ਹਨ। ਬੇਸ਼ਰਮੀ ਦੀ ਹੱਦ ਇਹ ਕਿ ਪੁਲਿਸ ਮੁਲਾਜ਼ਮ ਦੀਪਕ ਖਜੂਰੀਆ ਤੇ ਸਾਂਝੀ ਰਾਮ ਨੇ ਮਿਲ ਕੇ ਸਾਰੀ ਯੋਜਨਾ ਬਣਾਈ ਸੀ।

ਇਥੇ ਦੂਜਾ ਨੁਕਤਾ ਇਹ ਹੈ ਕਿ ਮੁਹੰਮਦ ਇਮਰਾਨ ਅਲੀ ਦੇ ਹੱਕ ਵਿਚ ਵਕੀਲਾਂ ਵਾਲਾ 'ਕਾਲਾ ਚੋਗਾ' ਪਹਿਨ ਕੇ ਵਕੀਲਾਂ ਦੀ ਧਾੜ ਖੜੀ ਨਹੀਂ ਸੀ ਹੋਈ ਜਿਸ ਤਰ੍ਹਾਂ ਜੰਮੂ-ਕਸ਼ਮੀਰ ਦੀ ਇਸ ਨੰਨ੍ਹੀ ਜਾਨ ਦੇ ਕੇਸ ਦੇ ਖਿਲਾਫ ਅਤੇ ਦੋਸ਼ੀਆਂ ਦੇ ਹੱਕ ਵਿਚ 'ਬੇਸ਼ਰਮੀ' ਦਾ ਚੋਲਾ ਪਾ ਕੇ ਵਕੀਲਾਂ ਦੀ ਧਾੜ ਖੜੀ ਹੋਈ ਹੈ। ਕੇਂਦਰ ਵਿਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ 'ਵਕੀਲ ਪੇਸ਼ੇ' ਨਾਲ ਜੁੜੇ ਜਨੂੰਨੀ ਲੋਕਾਂ ਨੇ ਇਹ ਕਾਰਾ ਕੋਈ ਪਹਿਲੀ ਵਾਰ ਨਹੀਂ ਕੀਤਾ। ਦਿੱਲੀ ਦੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਮਾਮਲੇ ਵਿਚ ਵੀ ਇਨ੍ਹਾਂ ਨੇ ਕੋਈ ਕਸਰ ਨਹੀਂ ਸੀ ਛੱਡੀ। ਅਦਾਲਤ ਵਿਚ ਕਾਨੂੰਨੀ ਲੜਾਈ ਲੜਨ ਦੀ ਥਾਂ ਵਿਦਿਆਰਥੀ ਆਗੂਆਂ ਨੂੰ ਕੁੱਟਣ ਪੈ ਗਏ ਸਨ। ਸਾਰੇ ਕਾਨੂੰਨ ਛਿੱਕੇ ਟੰਗ ਕੇ ਬਹੁਤ ਬੇਸ਼ਰਮ ਹੋ ਗਿਆ ਹੈ, ਇਹ ਜਨੂੰਨੀ ਲਾਣਾ।

ਜ਼ੀ ਟੀ. ਵੀ. ਨਿਊਜ਼ ਚੈਨਲ 'ਤੇ ਐਂਕਰ ਸੁਧੀਰ ਚੌਧਰੀ ਨੇ ਆਨ ਲਾਈਨ ਪ੍ਰਾਪਤ ਵੀਡੀਓ ਵਿਚ ਵੱਕਾਰ ਭੱਟੀ ਦੇ ਹਵਾਲੇ ਨਾਲ ਮਰਹੂਮ ਪੀੜਤ ਕੁੜੀ ਦਾ ਕੇਸ ਲੜ ਰਹੀ ਵਕੀਲ ਦੀਪਿਕਾ ਸਿੰਘ ਰਾਜਵੰਤ 'ਤੇ ਪੈਸੇ ਇਕੱਠੇ ਕਰਨ ਦਾ ਦੋਸ਼ ਲਾਇਆ ਹੈ। ਇਹ ਦੋਸ਼ ਵੀ ਲਾਇਆ ਹੈ ਕਿ ਇਸ ਮੁਲਕ ਵਿਚ ਹਰ ਰੋਜ਼ 99 ਅਤੇ ਸਾਲ ਦੇ 36000 ਬਲਾਤਕਾਰ ਦੇ ਕੇਸ ਹੁੰਦੇ ਹਨ ਪਰ ਉਨ੍ਹਾਂ ਕੇਸਾਂ 'ਤੇ ਏਨਾ ਰੌਲਾ ਕਿਉਂ ਨਹੀਂ ਪੈਂਦਾ ਜਿੰਨਾ ਇਸ ਕੇਸ ਵਿਚ ਪਿਆ ਹੈ? ਉਸ ਦਾ ਇਹ ਵੀ ਕਹਿਣਾ ਹੈ ਕਿ ਕਿਸੇ ਕੇਸ ਵਿਚ ਪੀੜਤ ਦਾ ਨਾਂ ਅਤੇ ਫੋਟੋ ਵਾਇਰਲ ਨਹੀਂ ਹੁੰਦੀ ਪਰ ਸਿਰਫ ਇਸ ਕੇਸ ਵਿਚ ਹੀ ਐਸਾ ਹੋਇਆ ਹੈ।

'ਨਿਰਭੈਯਾ' ਕੇਸ ਦੇ ਹਵਾਲੇ ਨਾਲ ਉਸ ਨੇ ਕਿਹਾ ਹੈ ਕਿ ਅੱਜ ਤੱਕ ਕਿਸੇ ਨੇ ਨਿਰਭੈਯਾ ਦੀ ਫੋਟੋ ਨਹੀਂ ਦੇਖੀ ਅਤੇ ਨਾ ਹੀ ਕਿਸੇ ਨੂੰ ਉਸ ਦਾ ਅਸਲੀ ਨਾਂ ਪਤਾ ਹੈ। ਉਹ ਨਤੀਜਾ ਇਹ ਕੱਢਦਾ ਹੈ ਕਿ ਇਸ ਕੇਸ ਨੂੰ ਪੂਰੇ ਤਿੰਨ ਮਹੀਨੇ ਬਾਅਦ ਉਛਾਲਣ ਪਿੱਛੇ ਉਹ ਤਾਕਤਾਂ ਹਨ ਜੋ ਇਸ ਦੇਸ਼ ਦੇ ਟੁਕੜੇ ਟੁਕੜੇ ਕਰਨੇ ਲੋਚਦੀਆਂ ਹਨ ਜਿਵੇਂ 'ਅਫਜ਼ਲ ਪ੍ਰੇਮੀ ਗੈਂਗ' ਅਤੇ ਅਜਿਹੇ ਹੋਰ ਸੰਗਠਨ ਜੋ ਜੰਮੂ ਕਸ਼ਮੀਰ ਨੂੰ ਦੇਸ਼ ਤੋਂ ਅਲੱਗ ਕਰਨਾ ਚਾਹੁੰਦੇ ਹਨ। ਸੁਧੀਰ ਚੌਧਰੀ ਅਨੁਸਾਰ ਉਸ ਦੀ ਮੀਡੀਆ ਟੀਮ ਦੇ ਖੋਜ ਕੀਤੇ ਕੁਝ ਨਵੇਂ ਤੱਥਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਇਸ ਕੇਸ ਨੂੰ ਮੁੜ ਚੁੱਕਣ ਪਿਛੇ ਇੱਕ ਸਾਜਿਸ਼ ਹੈ।

ਜਿੱਥੋਂ ਤੱਕ ਪੀੜਤ ਦੀ ਵਕੀਲ ਦੀਪਿਕਾ ਸਿੰਘ



*ਅਸੀਫਾ ਬਾਨੋ*

ਰਾਜਵੰਤ 'ਤੇ ਲਾਏ ਗਏ ਇਲਜ਼ਾਮਾਂ ਦਾ ਸਬੰਧ ਹੈ, ਉਸ ਨੇ ਮੀਡੀਆ ਵਿਚ ਸਪੱਸ਼ਟ ਕੀਤਾ ਹੈ ਕਿ ਉਹ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਨਹੀਂ ਗਈ ਅਤੇ ਨਾ ਹੀ ਉਸ ਨੇ ਕਿਸੇ ਤੋਂ ਕੋਈ ਪੈਸੇ ਇਕੱਠੇ ਕੀਤੇ ਹਨ। ਉਸ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਉਸ ਨੇ ਪੀੜਤ ਦਾ ਨਾਂ ਜਾਂ ਫੋਟੋ ਵਾਇਰਲ ਨਹੀਂ ਕੀਤੀ। ਉਸ ਦੇ ਕਹਿਣ ਮੁਤਾਬਕ ਉਸ ਦਾ ਟਵਿੱਟਰ-ਹੈਂਡਲ ਜੋ ਉਸ ਨੇ ਕਾਫੀ ਸਮਾਂ ਪਹਿਲਾਂ ਬਣਾਇਆ ਸੀ ਪਰ ਕਦੇ ਵਰਤਿਆ ਨਹੀਂ, 'ਹਾਈਜੈਕ' ਕਰ ਲਿਆ ਗਿਆ ਹੈ ਜਿਸ ਦੀ ਸ਼ਿਕਾਇਤ ਉਸ ਨੇ ਦਿੱਲੀ ਦੇ ਸਾਈਬਰ ਸੈਲ ਨੂੰ ਕੀਤੀ ਹੈ। ਉਸ ਦੀ ਸਮੁੱਚੀ ਟੀਮ ਸੁਨੀਲ ਫਰਨਾਂਡੇਜ਼ (ਐਡਵੋਕੇਟ-ਆਨ-ਰੀਕਾਰਡ), ਇੰਦਰਾ ਜੈ ਸਿੰਘ (ਸੀਨੀਅਰ ਕੌਂਸਲਰ) ਅਤੇ ਲਾਇਰਜ਼ ਕੋਲੈਕਟਿਵ ਇਨ ਦਿੱਲੀ ਇਸ ਕੇਸ ਲਈ ਲੜਨ ਵਾਸਤੇ ਬਿਨਾ ਕੋਈ ਪੈਸਾ ਲਏ ਆਪਣੀਆਂ ਸੇਵਾਵਾਂ ਦੇ ਰਹੇ ਹਨ। ਮੀਡੀਆ ਵਿਚ ਵਕੀਲ ਰਾਜਵੰਤ ਬਾਰੇ ਇਸ ਤਰ੍ਹਾਂ ਦੀ ਇਲਜ਼ਾਮ-ਤਰਾਸ਼ੀ ਉਸ ਨੂੰ ਬਦਨਾਮ ਕਰਨ ਲਈ ਕੀਤੀ ਜਾ ਰਹੀ ਹੈ। ਇਹ ਵੀ ਜੱਗ ਜਾਹਰ ਹੋ ਗਿਆ ਹੈ ਕਿ ਉਸ ਨੂੰ 'ਬਾਰ ਐਸੋਸੀਏਸ਼ਨ' ਵਿਚੋਂ ਕੱਢ ਦਿੱਤਾ ਗਿਆ ਹੈ ਅਤੇ ਉਸ ਦਾ ਹਸ਼ਰ ਉਸ ਪੀੜਤ ਬੱਚੀ ਵਾਂਗ ਹੀ ਕਰ ਦੇਣ ਦੀਆਂ ਧਮਕੀਆਂ ਵੀ ਮਿਲ ਰਹੀਆਂ ਹਨ।

ਸੁਧੀਰ ਚੌਧਰੀ ਦੀ ਇਹ ਗੱਲ ਜੇ ਇੱਕ ਪਲ ਲਈ ਮੰਨ ਵੀ ਲਈ ਜਾਵੇ ਕਿ ਇਸ ਕੇਸ ਨੂੰ ਉਛਾਲਣ ਪਿੱਛੇ ਵੱਖਵਾਦੀ ਟੋਲਿਆਂ ਦਾ ਹੱਥ ਹੈ ਅਤੇ ਉਨ੍ਹਾਂ ਵੱਲੋਂ ਗਰੀਬ ਪਰਿਵਾਰ ਦੇ ਨਾਂ 'ਤੇ ਪੈਸੇ ਇਕੱਠੇ ਕੀਤੇ ਜਾ ਰਹੇ ਹਨ ਤਾਂ ਕੀ ਸੁਧੀਰ ਚੌਧਰੀ ਦੱਸਣਗੇ ਕਿ ਰਾਜਵੰਤ ਨੂੰ ਧਮਕੀਆਂ ਦੇਣ ਪਿੱਛੇ ਕਿਹੜੀ ਸਾਜਿਸ਼ ਕੰਮ ਕਰ ਰਹੀ ਹੈ? ਕੀ ਉਹ ਦੱਸ ਸਕਦੇ ਹਨ ਕਿ ਕਿਸੇ ਗਰੀਬ ਮਰ ਚੁਕੀ ਬੱਚੀ ਲਈ ਜੇ ਲੋਕ ਅੱਗੇ ਆਉਂਦੇ ਹਨ ਜਾਂ ਕੋਈ ਵਕੀਲ ਮਨੁੱਖੀ ਹਮਦਰਦੀ ਵਿਚ ਆਪਣੀਆਂ ਸੇਵਾਵਾਂ ਪੇਸ਼ ਕਰਦੇ ਹਨ ਤਾਂ ਇਸ ਵਿਚ ਮੁਲਕ ਨੂੰ ਤੋੜਨ ਵਾਲੀ ਗੱਲ ਕਿੱਥੋਂ ਆ ਗਈ? ਸੁਧੀਰ ਚੌਧਰੀ ਇਹ ਭੁੱਲ ਜਾਂਦੇ ਹਨ ਕਿ 'ਭਗਵੇ ਬ੍ਰਿਗੇਡ' ਵੱਲੋਂ ਨਿੱਤ ਦਿਹਾੜੇ ਕਦੀ ਗਾਂ ਨੂੰ ਮੁੱਦਾ ਬਣਾ ਕੇ ਘੱਟ ਗਿਣਤੀ ਭਾਈਚਾਰੇ 'ਤੇ ਹਮਲਾ ਕਰਨਾ, ਕਦੀ ਆਨੇ-ਬਹਾਨੇ ਦਲਿਤ ਵਿਦਿਆਰਥੀਆਂ ਨੂੰ ਨਿਸ਼ਾਨਾ ਬਣਾਉਣਾ ਜਿਵੇਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਤੇ ਹੈਦਰਾਬਾਦ ਯੂਨੀਵਰਸਿਟੀ ਵਿਚ, ਅਤੇ ਹੋਰ ਅਜਿਹੇ ਬਹੁਤ ਸਾਰੇ ਕਾਰਨਾਮੇ ਜੋ ਪਿਛਲੇ ਕੁਝ ਸਾਲਾਂ ਵਿਚ ਕੀਤੇ ਗਏ ਹਨ, ਦੇਸ਼ ਨੂੰ ਜੋੜਨ ਵਾਲੇ ਕਿਸ ਕਿਸਮ ਦੇ ਯਤਨ ਹਨ? ਇਸ ਵੇਲੇ ਮੁਲਕ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ ਸਭ ਤੋਂ ਵੱਧ ਭਗਵੇ ਬ੍ਰਿਗੇਡ ਤੋਂ ਹੈ ਜੋ 'ਦੇਸ਼ ਭਗਤੀ' ਦੇ ਨਾਂ 'ਤੇ ਫਿਰਕੂ ਨਫਰਤ ਫੈਲਾ ਰਿਹਾ ਹੈ ਅਤੇ ਇੱਕ ਜਾਂ ਦੂਜੇ ਬਹਾਨੇ ਦੇਸ਼ ਦੇ ਸਮਾਜਕ ਤਾਣੇ ਬਾਣੇ ਨੂੰ ਵਿਚਲਿਤ ਕਰਨ 'ਤੇ ਤੁਲਿਆ ਹੋਇਆ ਹੈ।

1988 ਵਿਚ ਫਿਲਮ ਨਿਰਮਾਤਾ ਬੀ. ਆਰ. ਚੋਪੜਾ ਦਾ ਇੱਕ ਹਿੰਦੀ ਸੀਰੀਅਲ 'ਮਹਾਂ ਭਾਰਤ' ਟੀ. ਵੀ. 'ਤੇ ਦਿਖਾਇਆ ਜਾਂਦਾ ਸੀ। ਫਿਲਮ 'ਨਾਨਕ ਸ਼ਾਹ ਫਕੀਰ' ਬਾਰੇ ਗੱਲ ਕਰਦਿਆਂ ਮੇਰੇ ਲਾਗੇ ਕੋਈ ਕਹਿ ਰਿਹਾ ਸੀ ਕਿ ਹਿੰਦੂ ਸਮਾਜ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਸੀਰੀਅਲ 'ਮਹਾਂ ਭਾਰਤ' ਨੇ ਬਹੁਤ ਹਿੱਸਾ ਪਾਇਆ। ਜਿਵੇਂ ਮਝੈਲ ਸਿੰਘ ਨੇ ਕੈਲੀਫੋਰਨੀਆ ਵਿਚ ਭੰਗ ਦੀ ਵਿਕਰੀ ਜਾਂ ਸੇਵਨ ਦੀ ਖੁੱਲ੍ਹ ਦੇ ਦੇਣ ਬਾਰੇ ਲੇਖ ਵਿਚ ਗਣੇਸ਼ ਦਾ ਹਵਾਲਾ ਦਿੰਦਿਆਂ ਲਿਖਿਆ ਹੈ ਕਿ ਇਸ ਨੂੰ ਧਾਰਮਿਕ ਭਾਵਨਾ ਵੱਲ ਨਾ ਲਿਜਾਇਆ ਜਾਵੇ, ਉਸੇ ਤਰ੍ਹਾਂ ਮੇਰਾ ਵੀ ਇਥੇ ਇਹੀ ਕਹਿਣਾ ਹੈ ਕਿ ਇਸ ਨੂੰ ਧਾਰਮਿਕ ਭਾਵਨਾ ਵੱਲ ਨਾ ਲਿਜਾਇਆ ਜਾਵੇ। ਪਰ ਮੈਨੂੰ ਜਿਸ ਸੀਨ ਨੇ ਧੁਰ ਆਤਮਾ ਤੱਕ ਝੰਜੋੜਿਆ ਸੀ, ਉਹ ਪਾਂਡਵਾਂ ਦੀ ਪਤਨੀ ਦਰੋਪਦੀ ਨੂੰ ਯੁਧਿਸ਼ਟਰ ਵੱਲੋਂ ਜੂਏ ਵਿਚ ਹਾਰ ਜਾਣ ਪਿਛੋਂ ਕੌਰਵ ਪੁੱਤਰ ਦੁਰਯੋਧਨ ਵੱਲੋਂ ਉਸ ਦੇ ਚੀਰ ਹਰਨ ਦਾ ਹੁਕਮ ਦੇਣਾ ਸੀ। ਇਸ ਵਿਚ ਦਰੋਪਦੀ ਕੁਝ ਪ੍ਰਸ਼ਨ ਕਰਦੀ ਹੈ ਜੋ ਅੱਜ ਵੀ ਅਹਿਮੀਅਤ ਰੱਖਦੇ ਹਨ। ਇਸ ਸੀਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਦਾ ਬੋਲਿਆ ਵਾਕ ਹੈ, "ਆਜ ਮਹਾ ਭਾਰਤ ਕੀ ਕਥਾ ਏਕ ਲੱਜਾਜਨਕ ਮੋੜ ਪਰ ਹੈ। ਮਰਿਆਦਾ ਕੀ ਰੇਖਾ ਕੇ ਇਸ ਪਾਰ ਦਰੋਪਦੀ ਕੇ ਸਿਵਾ ਕੋਈ ਨਹੀਂ ਹੈ ਔਰ ਉਸ ਪਾਰ ਸਭੀ ਹੈਂ-ਗੰਗਾ ਪੁੱਤਰ, ਗੁਰੂ ਦਰੋਣਾਚਾਰੀਆ ਔਰ ਕੁਲ ਗੁਰੂ ਕਿਰਪਾਚਾਰੀਆ...ਇਸ ਲੀਏ ਯਹ ਰੁਕ ਕਰ ਸੋਚਨੇ ਕੀ ਜਗਹ ਹੈ ਕਿਉਂਕਿ ਯਹ ਨਿਰਣੈ ਵਰਤਮਾਨ ਔਰ ਭਵਿੱਸ਼ਯ ਕੇ ਹਰ ਵਿਅਕਤੀ ਕੋ ਲੇਨਾ ਪੜੇਗਾ ਕਿ ਵਹ ਇਸ ਮਰਿਆਦਾ ਰੇਖਾ ਕੇ ਇਸ ਪਾਰ ਹੈ ਯਾ ਉਸ ਪਾਰ?"

ਕੁਝ ਬਹੁਤ ਹੀ ਅਹਿਮ ਵਾਕ ਹਨ ਜਿਵੇਂ ਭੀਸ਼ਮ ਪਿਤਾਮਾ ਦਾ ਵਾਕ ਹੈ ਕਿ 'ਜਦੋਂ ਬਾਂਸ ਦਾ ਅੰਤ ਹੋਣਾ ਹੁੰਦਾ ਹੈ ਤਾਂ ਉਸ 'ਤੇ ਫਲ ਆ ਜਾਂਦੇ ਹਨ। ਦੁਰਯੋਧਨ ਵੀ ਇਸ ਰਾਜ ਦਾ ਫਲ ਹੈ।' ਦਰੋਪਦੀ ਉਥੇ ਬਿਰਾਜਮਾਨ ਸਭ ਸਨਮਾਨਯੋਗ ਹਸਤੀਆਂ ਨੂੰ, ਜੋ ਮੂਕ ਦਰਸ਼ਕ ਬਣੀ ਉਸ ਨੂੰ ਦੁਰਯੋਧਨ ਦੇ ਭਰਾ ਵੱਲੋਂ ਵਾਲਾਂ ਤੋਂ ਫੜ੍ਹ ਕੇ ਘਸੀਟਿਆ ਜਾਣਾ ਬਰਦਾਸ਼ਤ ਕਰ ਰਹੇ ਹਨ, ਪ੍ਰਸ਼ਨ ਕਰਦੀ ਹੈ, "ਆਂਖੇਂ ਝੁਕਾਨਾ ਇਸ ਸਮੱਸਿਆ ਕਾ ਸਮਾਧਾਨ ਨਹੀਂ ਹੈ ਪਿਤਾਮਾ? ਮੈਂ ਕੁਰੂ ਮਰਿਆਦਾ ਪੇ ਲਗਾ ਹੂਆ ਪ੍ਰਸ਼ਨ ਹੂੰ। ਕਿਆ ਭਰਤਵੰਸ਼ੀਓਂ (ਦੁਸ਼ਿਅੰਤ ਦੇ ਪੁੱਤਰ ਭਰਤ ਦੇ ਵੰਸ਼ਜ ਜਿਸ ਦੇ ਨਾਂ 'ਤੇ ਮੁਲਕ ਦਾ ਨਾਂ ਭਾਰਤ ਪਿਆ) ਕੀ ਯਹੀ ਪਰੰਪਰਾ ਹੈ? ਮੁਝੇ ਭਰਤਵੰਸ਼ੀਓਂ ਕੀ ਪਰੰਪਰਾ ਬਤਾਈਏ? ਆਪ ਕੇ ਸਾਮਨੇ ਯਹ ਅਧਰਮ ਹੂਆ ਔਰ ਆਪ ਨੇ ਇਸ ਅਧਰਮ, ਅਨਿਆਯੇ ਕੋ ਸਵੀਕਾਰ ਕੀਆ, ਸਹਿਨ ਕੀਆ, ਕਿਆ ਆਪ ਮੇਰੇ ਇਸ ਅਪਮਾਨ ਕੇ ਭਾਗੀ ਨਹੀਂ ਹੈਂ? ਆਪ ਪਾਪ ਕੇ ਬ੍ਰਿਛ ਕੀ ਛਾਓਂ ਮੇਂ ਬੈਠੇ ਹੈਂ, ਉਠ ਜਾਈਏ।"

"ਯਹ ਪ੍ਰਸ਼ਨ ਕਰ ਰਹਾ ਹੈ, ਇਸ ਦੇਸ਼ ਕਾ ਭਵਿੱਸ਼ਯ। ਪੰਚਾਲੀ ਕੇ ਪ੍ਰਸ਼ਨੋਂ ਕਾ ਉਤਰ ਦੀਜੀਏ ਪਿਤਾਮਾ।"

ਇੱਥੇ ਹੀ ਇੱਕ ਡਾਇਲਾਗ ਹੈ, "ਪਿਤਾਮਾ ਕਿਆ ਉਤਰ ਦੇਂਗੇ, ਯਹ ਤੋ ਖੁਦ ਏਕ ਪ੍ਰਸ਼ਨ ਹੈ।"

ਇਸੇ ਤਰ੍ਹਾਂ ਦਰੋਪਦੀ ਵਾਰੀ ਵਾਰੀ ਦਰੋਣਾਚਾਰੀਆ, ਕਿਰਪਾਚਾਰੀਆ, ਵਿਦੁਰ-ਸਭ ਨੂੰ ਸੰਬੋਧਨ ਕਰਦੀ ਹੈ ਅਤੇ ਕਹਿੰਦੀ ਹੈ ਕਿ ਧਰਮ ਦੇ ਗਿਆਨੀਆਂ ਵੱਲੋਂ 'ਧਰਮ ਕਾ ਪ੍ਰਸ਼ਨ ਜਾਨਤੇ ਹੂਏ ਭੀ ਚੁੱਪ ਰਹਿਨਾ ਝੂਠ ਬੋਲਨੇ ਕੇ ਬਰਾਬਰ ਹੈ। ਯਹ ਸਭਾ ਮ੍ਰਿਤਕ ਲੋਗੋਂ ਕੀ ਸਭਾ ਹੈ।...ਹਸਤਨਾਪੁਰ ਕੇ ਨਰੇਸ਼ ਆਪ ਕੀ ਸਭਾ ਮੇਂ ਏਕ ਨਾਰੀ ਕਾ ਅਪਮਾਨ ਹੂਆ ਹੈ, ਕੁਰੂ ਜੀਵਨ ਪ੍ਰਣਾਲੀ ਮੇਂ ਯਹ ਕੋੜ੍ਹ ਕਹਾਂ ਸੇ ਆ ਗਿਆ?'

ਜਦੋਂ ਦਰੋਪਦੀ ਨੂੰ ਸ਼ਾਂਤ ਹੋਣ ਲਈ ਕਿਹਾ ਜਾਂਦਾ ਹੈ ਤਾਂ ਉਹ ਸਪਸ਼ਟ ਕਰਦੀ ਹੈ, 'ਮੁਝੇ ਸ਼ਾਂਤੀ ਨਹੀਂ, ਅਪਨੇ ਪ੍ਰਸ਼ਨੋਂ ਕਾ ਉਤਰ ਚਾਹੀਏ।' ਇਸ ਸੀਨ ਦੇ ਖਤਮ ਹੋ ਜਾਣ 'ਤੇ ਕੁਝ ਇਸ ਤਰ੍ਹਾਂ ਦੇ ਡਾਇਲਾਗ ਹਨ ਜਿਵੇਂ 'ਜਿਸ ਦੇਸ਼ ਮੇਂ ਸ਼ਕਤੀ ਪੂਜਨੀਯ ਹੋ, ਉਸ ਮੇਂ ਸ਼ਕਤੀ ਕਾ ਅਪਮਾਨ ਹੂਆ ਹੈ।...ਹਸਤਨਾਪੁਰ ਮਾਨ-ਅਪਮਾਨ ਕੀ ਭਾਸ਼ਾ ਭੂਲ ਚੁਕਾ ਹੈ।'

ਫਿਰ ਦਰੋਪਦੀ ਨੂੰ ਹੌਸਲਾ ਦੇਣ ਦੇ ਲਹਿਜ਼ੇ ਵਿਚ ਕਿਹਾ ਜਾਂਦਾ ਹੈ, 'ਅਪਮਾਨ ਤੁਮ੍ਹਾਰਾ ਨਹੀਂ ਹੂਆ, ਅਪਮਾਨ ਹੂਆ ਹੈ ਭੀਸ਼ਮ ਕਾ, ਹਸਤਨਾਪੁਰ ਕਾ...। ਭਰਤਵੰਸ਼ ਕੀ ਮਰਿਆਦਾ ਕਾ ਦਰਪਨ ਤਿੜਕ ਗਿਆ ਹੈ, ਵਿਦੁਰ ਜੀ, ਆਈਏ ਇਸ ਕਾ ਸ਼ੋਕ ਮਨਾਈਏ।' 'ਹਸਤਨਾਪੁਰ ਮੇਂ ਗਿਆਨ ਕੇ ਜਿਤਨੇ ਦਵਾਰ ਹੋਂ, ਮੈਂ ਉਨ ਸਭ ਕੋ ਖਟਖਟਾਊਂਗਾ।'

ਇਹ ਸਾਰੇ ਬੋਲ, ਜੋ ਭਾਵੇਂ ਫਿਲਮੀ ਹੋ ਸਕਦੇ ਹਨ ਪਰ ਅੱਜ ਵੀ ਅਹਿਮ ਹਨ। ਇਹ ਵੀ ਹੋ ਸਕਦਾ ਹੈ ਕਿ ਕਈਆਂ ਨੂੰ ਇਹ ਬੁਰਾ ਵੀ ਲੱਗੇ। ਮੇਰਾ ਇੱਥੇ ਇਹੀ ਕਹਿਣਾ ਹੈ ਕਿ ਗੱਲ ਇੱਥੇ ਇਸ ਦੇਸ਼ ਵਿਚ, ਇਸ ਜਮੀਨ 'ਤੇ ਪੈਦਾ ਹੋਣ ਵਾਲੀਆਂ ਬੱਚੀਆਂ ਜਾਂ ਔਰਤਾਂ ਦੀ ਇੱਜਤ ਦੀ ਹੈ। ਇਸ ਨੂੰ ਧਾਰਮਿਕ ਭਾਵਨਾਵਾਂ ਵੱਲ ਨਾ ਲਿਜਾਇਆ ਜਾਵੇ। ਭਗਵਾ ਬ੍ਰਿਗੇਡ, ਜੋ ਆਪਣੇ ਤੋਂ ਬਿਨਾ ਹੋਰ ਕਿਸੇ ਨੂੰ ਮੁਲਕ ਦਾ ਖੈਰ ਖੁਆਹ ਹੀ ਨਹੀਂ ਸਮਝਦਾ ਅਤੇ ਜੋ ਵੀ ਕੋਈ ਬੇਇਨਸਾਫੀ ਦੇ ਖਿਲਾਫ ਬੋਲਣ ਦੀ ਕੋਸ਼ਿਸ਼ ਕਰਦਾ ਹੈ, ਉਸ 'ਤੇ ਦੇਸ਼-ਧ੍ਰੋਹ ਦਾ ਇਲਜ਼ਾਮ ਲੱਦ ਦਿੰਦਾ ਹੈ; ਜੇ ਇਨ੍ਹਾਂ ਨੇ ਕਿਸੇ ਹੋਰ ਤੋਂ ਨਹੀਂ ਸਿੱਖਣਾ ਤਾਂ 'ਮਹਾਂ ਭਾਰਤ' ਤੋਂ ਹੀ ਕੁਝ ਸਿੱਖ ਲੈਣ ਕਿ ਔਰਤ ਦੀ ਇੱਜਤ ਦਾ ਕੀ ਮਤਲਬ ਹੁੰਦਾ ਹੈ? ਉਹ ਭਾਵੇਂ ਕਿਸੇ ਮਜਹਬ, ਕਿਸੇ ਜਾਤ ਜਾਂ ਫਿਰਕੇ ਨਾਲ ਸਬੰਧ ਰੱਖਦੀ ਹੋਵੇ, ਔਰਤ ਤਾਂ ਔਰਤ ਹੈ। ਜਿਸ ਦੀ ਕੁੱਖ ਤੋਂ ਮਨੁੱਖ ਜਨਮ ਲੈਂਦਾ ਹੈ, ਉਸ ਦੀ ਇੱਜਤ ਕਰਨੀ ਸਿੱਖੋ।

## ਦਰਦ-ਏ-ਦਿਲ

### ਕਠਾਰੂ ਦੀ ਧੀ

ਅੱਠ ਸਾਲਾਂ ਦੀ ਧੀ ਧਿਆਣੀ
ਮਾਂ ਬਾਪੂ ਦੀ ਲਾਡੋ ਰਾਣੀ।
ਖੇਡੇ ਗੁੱਡੀਆਂ ਅਤੇ ਪਟੋਲੇ
ਦੌੜੇ ਬਣ ਕੇ ਵਾ ਵਰੋਲੇ।

ਰੋਜ਼ ਚਰਾਵਣ ਜਾਵੇ ਘੋੜੇ
ਨਾਲ ਘੋੜਿਆਂ ਜਿੰਦ ਜਿੰਦ ਦੌੜੇ।
ਧੀ ਗੁੱਜਰਾਂ ਦੀ ਸੋਹਣੀ ਸੂਰਤ
ਜਿਵੇਂ ਕੋਈ ਮਨ ਮੋਹਣੀ ਮੂਰਤ।

ਇਕ ਜ਼ਾਲਮ ਬੁੱਢਾ ਬਘਿਆੜ
ਕਾਲੇ ਮੂੰਹ ਦਾ ਅਤਿ ਵਿਕਰਾਲ।
ਰੋਜ਼ ਕੁੜੀ ਨੂੰ ਲੁਕ ਲੁਕ ਵੇਖੇ
ਕਰਦਾ ਸੀ ਪਿਆ ਜੋਖੇ ਲੇਖੇ।

ਅੰਦਰੋਂ ਕੁਦ ਪਿਆ ਸ਼ੈਤਾਨ
ਬੁੱਢਾ ਬਣ ਬੈਠਾ ਹੈਵਾਨ।
ਪੁੱਤਰ ਨੂੰ ਉਸ ਨਾਲ ਰਲਾਇਆ
ਪਾਪ ਕਰਮ ਦੇ ਵਿਚ ਫਸਾਇਆ।

ਪਿਉ ਪੁੱਤਰ ਦੋਵੇਂ ਹੀ ਪਾਪੀ
ਰੂਹ ਦੋਵਾਂ ਦੀ ਗਈ ਸਰਾਪੀ।
ਪੁੱਤ ਬਾਜ ਨੇ ਘੁੱਗੀ ਘੇਰੀ
ਬੁੱਢੇ ਦਿੱਤੀ ਹੱਲਾ ਸ਼ੇਰੀ।

ਨਿਕੜੀ ਨੂੰ ਚੁਕ ਅੰਦਰ ਲੈ ਗਏ
ਕਹਿੰਦੇ ਨੇ ਵਿਚ ਮੰਦਿਰ ਲੈ ਗਏ।
ਨਿਕੜੀ ਰੋਈ ਤੇ ਕੁਰਲਾਈ
ਆਪਣਾ ਆਪ ਬਚਾ ਨਾ ਪਾਈ।

ਦੋਵੇਂ ਉਸ ਦੀ ਇੱਜਤ ਲੁੱਟਦੇ
ਨਾਲ ਉਸ ਨੂੰ ਮਾਰਦੇ ਕੁੱਟਦੇ।
ਮੁੜ ਮੁੜ ਉਸ ਨੂੰ ਲੁੱਟਦੇ ਰਹੇ
ਮੌਤ ਦੇ ਮੂੰਹ ਵਿਚ ਸੁੱਟਦੇ ਰਹੇ।

ਅਜੇ ਕਹਾਣੀ ਮੁੱਕੀ ਨਹੀਂ
ਕਲਮ ਮੇਰੀ ਵੀ ਰੁਕੀ ਨਹੀਂ।
ਅਜੇ ਕਹਾਣੀ ਬਹੁਤ ਹੈ ਲੰਮੀ
ਦਿਲ ਆਪਣੇ ਨੂੰ ਦੇ ਲਉ ਥੰਮੀ।

ਪਿਉ ਨੇ ਪੁੱਤ ਨੂੰ ਹੁਕਮ ਸੁਣਾਇਆ
ਪੁੱਤ ਨੇ ਆਪਣਾ ਯਾਰ ਬੁਲਾਇਆ।
ਪੁੱਤ ਦਾ ਯਾਰ ਵੀ ਦੌੜਿਆ ਆਇਆ
ਉਸ ਨੇ ਵੀ ਆ ਜ਼ੁਲਮ ਕਮਾਇਆ।

ਮੁੜ ਮੁੜ ਉਸ ਦੀ ਲੁੱਟੀ ਇੱਜਤ
ਅਜੇ ਵੀ ਨਾ ਸੀ ਮੁੱਕੀ ਵਹਿਸ਼ਤ।
ਨਿੱਕੜੀ ਰੱਜ ਕੇ ਰੌਲਾ ਪਾਇਆ
ਨਿੱਕੜੀ ਨੂੰ ਨਾ ਕਿਸੇ ਬਚਾਇਆ।

ਹੁਣ ਪੁਲਿਸ ਦੀ ਆਈ ਵਾਰੀ
ਪੁਲਿਸ ਵੀ ਆਈ ਨਾਲ ਤਿਆਰੀ।
ਪੁਲਿਸ ਵੀ ਆਉਂਦੇ ਟੁੱਟ ਕੇ ਪੈ ਗਈ
ਜੋ ਬਚਿਆ ਸੀ, ਲੁੱਟ ਕੇ ਲੈ ਗਈ।

ਸਭ ਨੇ ਮਿਲ ਕੇ ਪੱਥਰ ਮਾਰੇ
ਕੀਤੇ ਡਾਢੇ ਭੈੜੇ ਕਾਰੇ।
ਨਿੱਕੀ ਮੁੱਕ ਗਈ ਨਿੱਕੀ ਮਰ ਗਈ
ਇਸ ਸਮਾਜ ਨੂੰ ਨੰਗਿਆਂ ਕਰ ਗਈ।

ਲਾਹਨਤ ਇਸ ਸਮਾਜ ਦੇ ਉਤੇ
ਲਾਹਨਤ ਹੈ ਇਸ ਰਾਜ ਦੇ ਉਤੇ।
ਧਰਤ ਰੋਈ ਆਕਾਸ਼ ਵੀ ਰੋਇਆ
ਧੀਆਂ ਦਾ ਵਿਸ਼ਵਾਸ ਵੀ ਰੋਇਆ।

ਮੋਦੀ ਕਹੇ ਬਚਾਵੋ ਬੇਟੀ
ਮੋਦੀ ਕਹੇ ਪੜ੍ਹਾਵੋ ਬੇਟੀ।
ਜਿਹੜਾ ਬੰਦਾ ਬੇ ਔਲਾਦ
ਕਿੰਜ ਧੀ ਦੀ ਸੁਣ ਲਊ ਫਰਿਆਦ।

ਮੁਰਦਾ ਜਿਹੇ ਕਾਨੂੰਨ ਨੇ ਏਥੇ
ਹਵਸਾਂ ਭਰੇ ਜਨੂੰਨ ਨੇ ਏਥੇ।
ਮੁਰਦਿਆਂ ਦੇ ਹੁਣ ਰਾਜ ਨੇ ਏਥੇ
ਮੁਰਦਿਆਂ ਦੇ ਸਿਰ ਤਾਜ ਨੇ ਏਥੇ।

ਧੀਆਂ ਨੂੰ ਨਹੀਂ ਕਿਸੇ ਬਚਾਉਣਾ
ਹੁਣ ਨਲੂਆ ਨਹੀਂ ਮੁੜ ਕੇ ਆਉਣਾ।
ਨਾ ਨਲੂਏ ਹੁਣ ਜੰਮਦੇ ਪਏ ਨੇ
ਨਾ ਜ਼ੁਲਮ ਹੁਣ ਥੰਮਦੇ ਪਏ ਨੇ।

ਜਾਗ ਨੀ ਤੂੰ ਸੁੱਤੀਏ ਸਰਕਾਰੇ
ਨਾ ਲਾਵੋ ਹੁਣ ਝੂਠੇ ਲਾਰੇ।
ਧੀਆਂ ਦੇ ਲਈ ਕੁਝ ਤਾਂ ਕਰ ਜਾਉ
ਨਹੀਂ ਤਾਂ ਡੁੱਬ ਚੱਪਣੀ ਵਿਚ ਮਰ ਜਾਉ।

ਕੋਈ ਕਾਨੂੰਨ ਬਣਾਵੋ ਐਸਾ
ਜਿਥੇ ਕੰਮ ਕਰੇ ਨਾ ਪੈਸਾ।
ਦੋਸ਼ੀਆਂ ਤਾਈਂ ਫਾਂਸੀ ਚਾੜ੍ਹੋ
ਜਾਂ ਜਿਉਂਦੇ ਹੀ ਅੱਗ ਵਿਚ ਸਾੜੋ।

ਮੈਂ 'ਕੱਲੀ ਕੁਝ ਕਰ ਨਹੀਂ ਸਕਦੀ
ਜ਼ੁਲਮ ਧੀਆਂ 'ਤੇ ਜਰ ਨਹੀਂ ਸਕਦੀ।
ਕਲਮ ਮੇਰੀ ਪਈ ਦੇਵੇ ਹੋਕਾ
ਤੂੰ ਹੀ ਜਾਗ ਵੇ ਸੁਤਿਆ ਲੋਕਾ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

KALGIDHAR SOCIETY
BARU SAHIB



28,052
FREE/AIDED
OUT OF A TOTAL OF
75,000 STUDENTS
STUDYING IN
AKAL ACADEMIES

2,565
SC/ST/LIG KIDS

15,354
DISADVANTAGED GIRLS

8,632
OTHERS
(MARTYR FAMILIES, LANDLESS, MARGINALIZED SIKH GROUPS

471
KIDS OF GRANTHI SINGHS

176
KIDS OF FARMERS WHO COMMITTED SUICIDE

854
ACCIDENT VICTIMS

ਬੱਚੇ ਪੜ੍ਹਾਓ ਪੰਜਾਬ ਬਚਾਓ

EDUCATE KIDS SAVE PUNJAB

www.DeedaDay.in

SEMINAR

22nd April Sunday 11:00 am to 1:00 pm
GURUDWARA SANT SAGAR
242-25 Braddock Ave Queens NY 11426
Contact: Baba Sajjan Singh Ji 718-347-5659, Darshan Singh Ji 917-939-6624
Gurcharan Singh Baring 917-741-2499, Ravideep Kaur Mukta 972-693-1077

29th April Sunday 12:00 to 2:00 pm
SIKH ASSOCIATION OF STATEN ISLAND
20 Oregon Rd, Staten Island NY 10305
Contact: Nirmal Singh Kang 347-424-0796

6th May Sunday 12:00 to 2:00 pm
GURDWARA SIKH CULTURAL SOCIETY
95-30 118 th st South Richmond Hill NY 11419
Contact: Gurdev Singh Kang 718-974-4827, Gurcharan Singh Baring 917-741-2499
Kuldip Singh Dhillon 347-324-2405, Bhupinder S Atwal 347-837-5615
Ravideep Kaur Mukta 972-693-1077

SPONSOR
A CHILD NOW

DOWNLOAD DeedaDay APP FROM
Google play | App Store

Donate through Bank:
"Eternal Charitable Foundation"
Chase Bank A/c in USA#: 988517371
A 501 © (3) Organization Fed.
Tax ID# 26 -1446079

info@DeedaDay.in | f | YouTube

ETERNAL CHARITABLE FOUNDATION: RAVIDEEP KAUR MUKTA: 805 INGLESIDE DRIVE, PLANO, TX 75075 972-693-1077 MUKTA@BARUSAHIB.ORG

# ਗੁਰਦੁਆਰਾ ਸੰਤ ਸਾਗਰ 'ਚ ਖਾਲਸਾ ਸਾਜਨਾ ਦਿਵਸ ਮਨਾਇਆ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸੰਤ ਸਾਗਰ ਵਿਖੇ ਖਾਲਸਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ 13, 14 ਤੇ 15 ਅਪਰੈਲ ਨੂੰ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ। ਅਖੰਡ ਪਾਠ ਦੀ ਸੇਵਾ



ਕਪੂਰਥਲਾ ਸਪੋਰਟਸ ਕਲੱਬ ਵਲੋਂ ਕੀਤੀ ਗਈ।

14 ਅਪਰੈਲ ਨੂੰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ ਡੇਢ ਵਜੇ ਤੱਕ ਵਿਸ਼ੇਸ਼ ਦੀਵਾਨ ਸਜਿਆ ਜਿਸ ਵਿਚ ਭਾਈ ਗੁਰਿੰਦਰਬੀਰ ਸਿੰਘ (ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ) ਤੇ ਭਾਈ ਜਸਵੀਰ ਸਿੰਘ (ਯੂ. ਕੇ.) ਨਕੋਦਰ ਵਾਲਿਆਂ ਦੇ ਜਥੇ ਨੇ ਸ਼ਬਦ ਕੀਰਤਨ ਕੀਤਾ। ਕਥਾਵਾਚਕ ਗਿਆਨੀ ਸੁਖਦੇਵ ਸਿੰਘ ਪਾਊਂਟਾ ਸਾਹਿਬ ਨੇ ਕਥਾ ਵਿਆਖਿਆ ਅਤੇ ਢਾਡੀ ਮੋਹਨ ਸਿੰਘ ਵਡਾਨਾ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਰਾਹੀਂ ਸੰਗਤ ਨੂੰ ਗੁਰ ਸ਼ਬਦ ਨਾਲ ਜੋੜਿਆ। ਉਪਰੰਤ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ। ਸ਼ਾਮ ਦੇ ਦੀਵਾਨ ਵਿਚ ਭਾਈ ਗੁਰਿੰਦਰਬੀਰ ਸਿੰਘ ਦੇ ਜਥੇ ਨੇ ਸੋਦਰ ਦੀ ਚੌਕੀ ਭਰੀ। ਦੀਵਾਨ ਦੀ ਸਮਾਪਤੀ ਅਰਦਾਸ, ਹੁਕਮਨਾਮੇ ਅਤੇ ਸੁਖਆਸਨ ਨਾਲ ਰਾਤ 10 ਵਜੇ ਹੋਈ।









15 ਅਪਰੈਲ ਨੂੰ ਸਵੇਰੇ 9:30 ਵਜੇ ਅਖੰਡ ਪਾਠ ਦੇ ਭੋਗ ਉਪਰੰਤ ਬਾਅਦ ਦੁਪਹਿਰ 2:30 ਵਜੇ ਤੱਕ ਦੀਵਾਨ ਸਜਿਆ ਜਿਸ ਵਿਚ ਬਾਬਾ ਸੱਜਣ ਸਿੰਘ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ) ਦੇ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਭਾਈ ਸੱਜਣ ਸਿੰਘ ਨੇ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਪ੍ਰੋਗਰਾਮ ਸਫਲ ਬਣਾਉਣ ਲਈ ਧੰਨਵਾਦ ਕੀਤਾ। ਸੰਗਤਾਂ ਨੇ ਵਧ ਚੜ੍ਹ ਕੇ ਇਨ੍ਹਾਂ ਸਮਾਗਮਾਂ ਵਿਚ ਹਿੱਸਾ ਲਿਆ ਅਤੇ ਗੁਰਬਾਣੀ ਸਰਵਣ ਕੀਤੀ। ਤਿੰਨੇ ਦਿਨ ਲੰਗਰ ਦੀ ਸੇਵਾ ਕਪੂਰਥਲਾ ਸਪੋਰਟਸ ਕਲੱਬ ਵਲੋਂ ਕੀਤੀ ਗਈ।

# ਮੈਡੀਕਲ ਕੈਂਪ ਵਿਚ ਅੱਖਾਂ ਦੇ 600 ਮਰੀਜਾਂ ਨੂੰ ਦਿੱਤੀਆਂ ਮੁਫਤ ਐਨਕਾਂ ਤੇ ਦਵਾਈ

**ਚੋਗਾਵਾਂ, ਅੰਮ੍ਰਿਤਸਰ (ਬਿਊਰੋ):** ਬਾਬਾ ਦੀਪ ਸਿੰਘ ਚੈਰੀਟੇਬਲ ਸੁਸਾਇਟੀ, ਟਪਿਆਲਾ ਵਲੋਂ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਸੁਸਾਇਟੀ, ਚੰਡੀਗੜ੍ਹ ਦੇ ਸਹਿਯੋਗ ਨਾਲ ਇਥੇ ਸਨ ਸਟਾਰ ਪੈਲੇਸ ਵਿਚ ਅੱਖਾਂ ਦਾ ਮੁਫਤ ਚੈਕਅਪ ਕੈਂਪ ਅਤੇ ਹੱਡੀਆਂ, ਨੱਕ, ਗਲੇ ਤੇ ਕੰਨਾਂ ਬਾਰੇ ਵਿਸ਼ੇਸ਼ ਕੈਂਪ ਲਾਇਆ ਗਿਆ, ਜਿਸ ਵਿਚ ਦੂਰੋਂ ਨੇੜਿਓਂ ਕੋਈ 1200 ਮਰੀਜ ਪੁੱਜੇ।



ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸੇਵਾ ਸੁਸਾਇਟੀ, ਚੰਡੀਗੜ੍ਹ ਵਲੋਂ ਮਨੁੱਖਤਾ ਦੇ ਦਰਦ ਵੰਡਾਉਣ ਲਈ ਕੀਤੇ ਜਾ ਰਹੇ ਯਤਨ, ਸ਼ਰਧਾ ਤੇ ਸਮਰਪਣ ਭਾਵਨਾ ਬੇਹੱਦ ਸ਼ਲਾਘਾਯੋਗ ਹਨ ਅਤੇ ਲੋਕ ਇਸ ਸੁਸਾਇਟੀ ਨੂੰ 'ਅੱਖਾਂ ਦਾ ਲੰਗਰ' ਆਖਦੇ ਹਨ।

ਆਲ ਇੰਡੀਆ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਬੀਬੀ ਇੰਦਰਜੀਤ ਕੌਰ ਅਤੇ ਸਤਨਾਮ ਸਿੰਘ ਔਲਖ (ਸ਼ਿਕਾਗੋ) ਦੇ ਸਹਿਯੋਗ ਨਾਲ ਲਾਏ ਗਏ ਇਸ ਕੈਂਪ ਵਿਚ ਡਾ. ਹਰਜੀਤ ਸਿੰਘ ਸਬਰਵਾਲ ਤੇ ਡਾ. ਜਗਦੀਪਕ ਸਿੰਘ ਨੇ ਕਰੀਬ 600 ਮਰੀਜਾਂ ਦੀਆਂ ਅੱਖਾਂ ਦਾ ਮੁਆਇਨਾ ਕਰਕੇ ਨਜ਼ਰ ਦੀਆਂ ਐਨਕਾਂ ਤੇ ਦਵਾਈਆਂ ਦਿੱਤੀਆਂ। ਅੱਖਾਂ ਦੇ ਆਪਰੇਸ਼ਨ ਲਈ 102 ਮਰੀਜਾਂ ਦੀ ਚੋਣ ਕੀਤੀ ਗਈ। ਲੋੜਵੰਦ ਲੋਕਾਂ ਦੀਆਂ 500 ਐਨਕਾਂ ਠੀਕ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਅੱਖਾਂ ਵਿਚ ਪਾਉਣ ਲਈ ਦਾਰੂ ਦਿੱਤਾ ਗਿਆ।

ਪਿੰਗਲਵਾੜਾ ਨਰਸਰੀ ਦੀ ਤਰਫੋਂ ਸਕੂਲ, ਸਟੇਡੀਅਮ ਅਤੇ ਸ਼ਮਸ਼ਾਨਘਾਟ ਵਿਚ ਲਾਉਣ ਲਈ 200 ਬੂਟੇ ਦਾਨ ਕੀਤੇ ਗਏ।

ਇਸ ਮੌਕੇ ਬਾਬਾ ਦੀਪ ਸਿੰਘ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਤਸਬੀਰ ਸਿੰਘ ਟਪਿਆਲਾ, ਜਿਲ੍ਹਾ ਖੇਤੀਬਾੜੀ ਅਫਸਰ ਹਰਵੰਤ ਸਿੰਘ ਔਲਖ, ਸੈਕਟਰੀ ਜਸਕਰਨ ਸਿੰਘ, ਖਜਾਨਚੀ ਨਿਰਮਲ ਸਿੰਘ, ਰਾਜਬੀਰ ਸਿੰਘ, ਜਪਿੰਦਰ ਸਿੰਘ, ਅਮਨਦੀਪ ਸਿੰਘ, ਗੁਰਮੇਲ ਸਿੰਘ ਭੁੱਲਰ, ਕੁਲਵਿੰਦਰ ਸਿੰਘ ਚੈਨਪੁਰ, ਗੁਰਿੰਦਰਬੀਰ ਸਿੰਘ ਗੋਪੀ, ਸੁਖਜਿੰਦਰ ਸਿੰਘ ਭੁੱਲਰ, ਕੰਵਲਜੀਤ ਕੌਰ, ਰਾਜਤਿੰਦਰ ਕੌਰ, ਮਨਜੀਤ ਕੌਰ, ਜਸਪਾਲ ਕੌਰ, ਅਮਰਬੀਰ ਢਿੱਲੋਂ, ਕੁਲਦੀਪ ਸਿੰਘ ਢਿੱਲੋਂ, ਹਰਪ੍ਰੀਤ ਸਿੰਘ ਧਾਰੀਵਾਲ ਸਮੇਤ ਵੱਡੀ ਗਿਣਤੀ ਵਿਚ ਸੁਸਾਇਟੀ ਦੇ ਮੈਂਬਰ ਹਾਜ਼ਰ ਸਨ।

# ਰਾਖਵੇਂਕਰਨ ਦੇ ਲਾਭ ਗਰੀਬੀ ਦੇ ਆਧਾਰ 'ਤੇ ਹੋਣ, ਨਾ ਕਿ ਜਾਤਾਂ ਦੇ ਆਧਾਰ 'ਤੇ: ਸੰਨੀ ਧੂੜ

**ਚੰਡੀਗੜ੍ਹ (ਬਿਊਰੋ):** ਗਰੀਬੀ ਦੇ ਆਧਾਰ 'ਤੇ ਲੋੜਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ, ਨਾ ਕਿ ਜਾਤਾਂ ਦੇ ਆਧਾਰ 'ਤੇ। ਗਰੀਬ ਜੱਟ ਵੀ ਹੋ ਸਕਦਾ ਹੈ, ਬ੍ਰਾਹਮਣ ਵੀ, ਸੈਣੀ ਵੀ ਤੇ ਕਿਸੇ ਹੋਰ ਜਾਤ ਦਾ ਵੀ ਹੋ ਸਕਦਾ ਹੈ ਅਤੇ ਅਨੁਸੂਚਿਤ



ਜਾਤਾਂ ਵਿਚ ਵੀ ਹੋ ਸਕਦਾ ਹੈ। ਇਸ ਲਈ ਲੋੜਵੰਦਾਂ ਨੂੰ ਹੀ ਮਦਦ ਮਿਲਣੀ ਚਾਹੀਦੀ ਹੈ, ਨਾ ਕਿ ਜਾਤ ਜਾਂ ਕੌਮ ਦੇ ਆਧਾਰ 'ਤੇ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਿਸ਼ੀਗਨ ਸਟੇਟ ਦੀ ਡੈਮੋਕਰੈਟਿਕ ਪਾਰਟੀ ਦੇ ਸੀਨੀਅਰ ਐਡਵਾਈਜ਼ਰ ਅਤੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਯੂ. ਐਸ. ਏ. ਦੇ ਚੁਣੇ ਹੋਏ ਸੀਨੀਅਰ ਮੀਤ ਪ੍ਰਧਾਨ ਸੰਨੀ ਧੂੜ ਨੇ ਇਥੇ ਜਾਰੀ ਇਕ ਬਿਆਨ ਵਿਚ ਕਰਦਿਆਂ ਕਿਹਾ ਕਿ ਬਹੁਤ ਸਾਰੇ ਪਿੰਡਾਂ 'ਚ ਅਜਿਹੇ ਅਨੁਸੂਚਿਤ ਜਾਤਾਂ ਦੇ ਪਰਿਵਾਰ ਹਨ ਜਿਨ੍ਹਾਂ ਨੂੰ 2-2, 4-4 ਲੱਖ ਰੁਪਏ ਮਹੀਨੇ ਦੀ ਆਮਦਨ ਹੈ ਤੇ ਦੋ-ਦੋ, ਤਿੰਨ-ਤਿੰਨ ਮੰਜ਼ਲੀਆਂ ਕੋਠੀਆਂ ਪਾ ਕੇ ਬੈਠੇ ਹਨ। ਦੂਜੇ ਪਾਸੇ ਬਹੁਤੇ ਜੱਟ ਜਿਮੀਂਦਾਰਾਂ ਦਾ ਹਾਲ ਉਨ੍ਹਾਂ ਤੋਂ ਕਿਤੇ ਮਾੜਾ ਹੈ।

ਸ੍ਰੀ ਧੂੜ ਨੇ ਕਿਹਾ ਕਿ ਆਮ ਜਾਤਾਂ ਦੇ ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਚੰਗੇ ਕਾਲਜਾਂ 'ਚ ਦਾਖਲਾ ਨਹੀਂ ਮਿਲਦਾ ਤੇ ਅਨੁਸੂਚਿਤ ਜਾਤੀਆਂ ਦਾ ਕਰੋੜਪਤੀ ਮੁੰਡਾ ਤੇ ਗਰੀਬ ਐਸ. ਸੀ. ਦਾ ਮੁੰਡਾ ਟੌਪ ਦੇ ਕਾਲਜ 'ਚ ਪੜ੍ਹਦਾ ਹੈ, ਉਹ ਵੀ ਸਰਕਾਰੀ ਖਰਚੇ 'ਤੇ। ਸਿਰਫ ਤੇ ਸਿਰਫ ਜਾਤ-ਪਾਤ ਦੇ ਆਧਾਰ 'ਤੇ ਰਾਖਵੇਂਕਰਨ ਕਰ ਕੇ ਨੌਕਰੀਆਂ ਅਨੁਸੂਚਿਤ ਜਾਤਾਂ ਤੇ ਅਨੁਸੂਚਿਤ ਕਬੀਲਿਆਂ ਨੂੰ ਪਹਿਲਾਂ ਮਿਲਦੀਆਂ ਹਨ। ਜੇ ਆਮ ਜਾਤਾਂ ਦੇ ਬੱਚਿਆਂ ਦੇ 95% ਨੰਬਰ ਹਨ ਤਾਂ ਉਨ੍ਹਾਂ ਨੂੰ ਹੋਰ ਮੈਰਿਟ ਚਾਹੀਦੀ ਹੈ ਜਦੋਂਕਿ ਅਨੁਸੂਚਿਤ ਜਾਤਾਂ ਦੇ 40% ਨੰਬਰ ਹੋਣ ਤਾਂ ਵੀ ਉਨ੍ਹਾਂ ਨੂੰ ਝੱਟ ਨੌਕਰੀ ਮਿਲ ਜਾਂਦੀ ਹੈ।

ਸ੍ਰੀ ਧੂੜ ਨੇ ਸਵਾਲ ਕੀਤਾ ਕਿ ਅਜਿਹਾ ਕਿਉਂ? ਆਮ ਜਾਤਾਂ ਦੇ ਬੱਚੇ ਮਾਪਿਆਂ ਦਾ ਵੱਧ ਪੈਸਾ ਲਵਾ ਕੇ ਤੇ ਜਮੀਨਾਂ ਵੇਚ ਵੇਚ ਕੇ ਡਿਗਰੀਆਂ ਕਰਦੇ ਹਨ, ਉਨ੍ਹਾਂ ਦਾ ਕੋਈ ਮੁੱਲ ਨਹੀਂ? ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰਾਂ ਨੂੰ ਹਾਲਤਾਂ ਦੇ ਆਧਾਰ 'ਤੇ ਮਦਦ ਕਰਨੀ ਚਾਹੀਦੀ ਹੈ, ਨਾ ਕਿ ਜਾਤਾਂ ਦੇ ਆਧਾਰ 'ਤੇ।

# ਸਨਅਤਾਂ ਲਈ ਸਸਤੀ ਬਿਜਲੀ ਦਾ ਭਾਰ ਆਮ ਖਪਤਕਾਰਾਂ ਦੇ ਮੋਢਿਆਂ 'ਤੇ

**ਚੰਡੀਗੜ੍ਹ:** ਪੰਜਾਬ ਸਰਕਾਰ ਸਨਅਤਾਂ ਨੂੰ ਸਸਤੀ ਬਿਜਲੀ ਦੇਣ ਦਾ ਭਾਰ ਆਮ ਖਪਤਕਾਰਾਂ ਦੇ ਮੋਢਿਆਂ 'ਤੇ ਪਾਵੇਗੀ। ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਬਿਜਲੀ ਦਰਾਂ ਵਿਚ 2.17 ਫੀਸਦੀ ਦਾ ਵਾਧਾ ਕਰ ਕੇ ਲੋਕਾਂ ਉਤੇ 668.91 ਕਰੋੜ ਰੁਪਏ ਦਾ ਬੋਝ ਪਾ ਦਿੱਤਾ ਹੈ। ਘਰੇਲੂ ਤੇ ਵਪਾਰਕ ਬਿਜਲੀ ਦਰਾਂ 7 ਰੁਪਏ ਅਤੇ ਸਨਅਤਾਂ ਨੂੰ 4 ਰੁਪਏ ਪ੍ਰਤੀ ਯੂਨਿਟ ਬਿਜਲੀ ਮਿਲੇਗੀ।

ਨਵੀਆਂ ਦਰਾਂ ਲਾਗੂ ਹੋਣ ਨਾਲ ਘਰਾਂ ਦੀ ਬਿਜਲੀ ਦਸ ਤੋਂ 14 ਪੈਸੇ ਪ੍ਰਤੀ ਯੂਨਿਟ ਮਹਿੰਗੀ ਹੋ ਜਾਵੇਗੀ। ਇਸ ਦੇ ਨਾਲ ਵਪਾਰਕ ਬਿਜਲੀ ਦੋ ਤੋਂ ਪੰਜ ਪੈਸੇ ਪ੍ਰਤੀ ਯੂਨਿਟ ਮਹਿੰਗੀ ਮਿਲੇਗੀ। ਘਰੇਲੂ ਖਪਤ ਲਈ ਪੰਜ ਗਰੁੱਪ ਬਣਾਏ ਗਏ ਹਨ। 25 ਕਿਲੋਵਾਟ ਦੀ ਖਪਤ ਤੱਕ ਫਿਕਸ ਚਾਰਜ ਵੀਹ ਤੋਂ ਵਧਾ ਕੇ 25 ਰੁਪਏ ਕਰ ਦਿੱਤੇ ਹਨ ਤੇ 100 ਯੂਨਿਟ ਦੀ ਖਪਤ ਕਰਨ ਵਾਲਿਆਂ ਨੂੰ 4.81 ਥਾਂ 4.91 ਪ੍ਰਤੀ ਯੂਨਿਟ ਬਿਜਲੀ ਮਿਲੇਗੀ। ਸੌ ਤੋਂ 300 ਤਕ ਨੂੰ 6.51 ਰੁਪਏ ਯੂਨਿਟ, ਤਿੰਨ ਸੌ ਤੋਂ 500 ਤਕ ਨੂੰ 7.12 ਅਤੇ ਪੰਜ ਸੌ ਯੂਨਿਟ ਤੋਂ ਵੱਧ ਨੂੰ 7.33 ਪ੍ਰਤੀ ਯੂਨਿਟ ਬਿਜਲੀ ਮਿਲੇਗੀ। ਦੋ ਤੋਂ 7 ਕਿਲੋਵਾਟ ਵਾਲੇ ਖਪਤਕਾਰਾਂ ਲਈ ਫਿਕਸ ਦਰਾਂ 25 ਦੀ ਥਾਂ 35 ਰੁਪਏ ਕਰ ਦਿੱਤੀਆਂ ਹਨ।

ਸੌ ਯੂਨਿਟ ਤੱਕ 4.81 ਤੋਂ ਵਧਾ ਕੇ 4.91, ਸੌ ਤੋਂ ਤਿੰਨ ਯੂਨਿਟ ਤੱਕ 6.38 ਤੋਂ ਵਧਾ ਕੇ 6.51 ਰੁਪਏ ਪ੍ਰਤੀ ਯੂਨਿਟ, 300 ਤੋਂ 500 ਯੂਨਿਟ ਤੱਕ 6.98 ਤੋਂ ਵਧਾ ਕੇ 7.12 ਰੁਪਏ ਪ੍ਰਤੀ ਯੂਨਿਟ ਅਤੇ ਪੰਜ ਸੌ ਯੂਨਿਟ ਤੋਂ ਵੱਧ ਲਈ 7.19 ਤੋਂ ਵਧਾ ਕੇ 7.33 ਰੁਪਏ ਪ੍ਰਤੀ ਯੂਨਿਟ ਕਰ ਦਿੱਤਾ ਹੈ। ਸੱਤ ਤੋਂ ਪੰਜਾਹ ਕਿਲੋਵਾਟ ਤੱਕ ਦੀਆਂ ਚਾਰ ਵਰਗ ਹਨ। ਸੌ ਯੂਨਿਟ ਤੱਕ 4.81 ਦੀ ਥਾਂ 4.91 , ਤਿੰਨ ਸੌ ਯੂਨਿਟ ਤੱਕ 6.38 ਦੀ ਥਾਂ 6.51 ਰੁਪਏ ਪ੍ਰਤੀ ਯੂਨਿਟ ਅਤੇ ਪੰਜ ਸੌ ਤੋਂ ਉਪਰ 7.19 ਦੀ ਥਾਂ 7.33 ਰੁਪਏ ਪ੍ਰਤੀ ਯੂਨਿਟ ਕਰ ਦਿੱਤਾ ਹੈ ਤੇ ਇਸ ਲੋਡ ਲਈ ਵਿਕਸ ਦਰਾਂ ਤੀਹ ਦੀ ਥਾਂ 40 ਰੁਪਏ ਕਰ ਦਿੱਤੀਆਂ ਹਨ। ਪੰਜਾਹ ਕਿਲੋਵਾਟ ਤੋਂ ਸੌ ਕਿਲੋਵਾਟ ਤੱਕ ਫਿਕਸ ਦਰਾਂ 60 ਰੁਪਏ ਦੀ ਥਾਂ 70 ਰੁਪਏ ਅਤੇ ਵੈਰੀਏਬਲ ਦਰਾਂ 6.31 ਦੀ 6.44 ਰੁਪਏ ਪ੍ਰਤੀ ਯੂਨਿਟ ਕਰ ਦਿੱਤੀਆਂ ਹਨ। ਵਪਾਰਕ ਬਿਜਲੀ ਦੀਆਂ ਦਰਾਂ ਵਿਚ ਸੱਤ ਕਿਲੋਵਾਟ ਤੱਕ ਵਾਧਾ 100 ਯੂਨਿਟ ਤੱਕ 6.86, 200 ਤੋਂ ਪੰਜ ਸੌ ਤੱਕ 7.09 ਦੀ ਥਾਂ 7.12 ਰੁਪਏ, ਪੰਜ ਸੌ ਤੋਂ ਉਪਰ 7.21 ਦੀ ਥਾਂ 7.24 ਰੁਪਏ ਪ੍ਰਤੀ ਯੂਨਿਟ ਕਰ ਦਿੱਤਾ ਹੈ। ਸੱਤ ਕਿਲੋਵਾਟ ਅਤੇ ਸੱਤ ਤੋਂ ਵੀਹ ਕਿਲੋਵਾਟ ਤੱਕ ਫਿਕਸ ਵਾਧੇ ਨੂੰ 50 ਤੋਂ ਘਟਾ ਕੇ 40 ਅਤੇ 70 ਤੋਂ ਘਟਾ ਕੇ 50 ਰੁਪਏ ਕਰ ਦਿੱਤਾ ਹੈ ਪਰ ਵੀਹ ਕਿਲੋਵਾਟ ਤੱਕ ਖਪਤ ਵਾਲਿਆਂ ਲਈ 70 ਰੁਪਏ ਤੋਂ 80 ਰੁਪਏ ਕਰ ਦਿੱਤਾ ਹੈ।

ਇਨ੍ਹਾਂ ਲਈ ਦਰਾਂ 6.11 ਤੋਂ ਲੈ ਕੇ 7.24 ਰੁਪਏ ਪ੍ਰਤੀ ਯੂਨਿਟ ਤੱਕ ਕੀਤੀਆਂ ਹਨ। ਵੱਧ ਖਪਤ ਕਰਨ ਵਾਲੀਆਂ ਸਨਅਤਾਂ ਨੂੰ 4.28 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ। ਜਿਹੜੇ ਖਪਤਕਾਰ ਰਾਤ ਦਸ ਵਜੇ ਤੋਂ ਸਵੇਰੇ ਛੇ ਵਜੇ ਤੱਕ ਬਿਜਲੀ ਦੀ ਵਰਤੋਂ ਕਰਨਗੇ, ਉਨ੍ਹਾਂ ਕੋਲੋਂ ਸਥਾਈ ਚਾਰਜ 50 ਫੀਸਦੀ ਘੱਟ ਵਸੂਲੇ ਜਾਣਗੇ। ਸਟੀਲ ਅਤੇ ਰੋਲਿੰਗ ਮਿੱਲਾਂ ਲਈ ਪੰਜ ਫੀਸਦੀ ਸਰਚਾਰਜ ਖਤਮ ਕਰ ਦਿੱਤਾ ਹੈ। ਆਰਕ ਫਰਨੇਸ ਲਈ ਫਿਕਸਡ ਚਾਰਜਿਜ਼ ਘਟਾਇਆ ਗਿਆ ਹੈ।

## ਸਰਕਾਰੀ ਅਦਾਰਿਆਂ ਵੱਲ 5866 ਕਰੋੜ ਦਾ ਬਕਾਇਆ

**ਪਟਿਆਲਾ:** ਸਰਕਾਰੀ ਅਦਾਰਿਆਂ ਵੱਲ ਕੁੱਲ ਬਿੱਲਾਂ ਦੀਆਂ ਦੇਣਦਾਰੀਆਂ 5866 ਕਰੋੜ ਦੇ ਲਗਭਗ ਪਈਆਂ ਹਨ, ਜਿਸ ਵਿਚ ਟਿਊਬਵੈੱਲਾਂ ਦੀ ਸਬਸਿਡੀ ਤੋਂ ਇਲਾਵਾ 50 ਤੋਂ ਉਪਰ ਸਰਕਾਰੀ ਅਦਾਰਿਆਂ ਵੱਲ 118093 ਲੱਖ ਦੇ ਲਗਭਗ ਅਦਾਇਗੀ ਖੜ੍ਹੀ ਹੈ, ਜਿਨ੍ਹਾਂ ਵਿਚ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵੱਲ 50899, ਸਿੰਚਾਈ ਵਿਭਾਗ 13454, ਸਨਅਤ/ਵਪਾਰਕ ਵਿਭਾਗ 7796, ਸਿਹਤ ਤੇ ਪਰਿਵਾਰ ਭਲਾਈ ਵਿਭਾਗ 6700, ਜਨਤਕ ਵਰਕਸ ਵਿਭਾਗ 6117, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ 3051, ਝਗੜਾ ਨਿਪਟਾਰਾ ਵਿਭਾਗ 149, ਸ਼ਿਕਾਇਤ ਨਿਪਟਾਰਾ ਵਿਭਾਗ 121, ਸ਼ਹਿਰੀ ਹਵਾਬਾਜ਼ੀ ਵਿਭਾਗ 90, ਖੇਤੀਬਾੜੀ ਵਿਭਾਗ 20, ਜੰਗਲਾਤ ਤੇ ਜੰਗਲੀ ਜੀਵ ਵਿਭਾਗ 74, ਪੰਜਾਬ ਊਰਜਾ ਵਿਕਾਸ ਏਜੰਸੀ ਵਿਭਾਗ 69, ਡੇਅਰੀ, ਪਸ਼ੂ ਪਾਲਣ ਤੇ ਮੱਛੀ ਪਾਲਣ ਵਿਭਾਗ 69 ਤੇ ਹੋਰ ਅਦਾਰਿਆਂ ਵੱਲ 124 ਲੱਖ ਦੇ ਕਰੀਬ ਬਕਾਇਆ ਹੈ।

# ਰੂਸ ਵਿਚ ਹੋ ਰਿਹਾ ਫੀਫਾ ਵਿਸ਼ਵ ਕੱਪ 2018

**ਖੇਡ ਜਗਤ**

***ਇੰਟਰਨੈਸ਼ਨਲ ਫੈਡਰੇਸ਼ਨ ਆਫ ਐਸੋਸੀਏਸ਼ਨ ਡੀ ਫੁੱਟਬਾਲ (ਫੀਫਾ) ਸਿਰਮੌਰ ਖੇਡ ਸੰਸਥਾ ਹੈ ਅਤੇ ਇਸ ਵਲੋਂ ਫੁੱਟਬਾਲ ਟੂਰਨਾਮੈਂਟ 1930 ਵਿਚ ਅਰੰਭਿਆ ਗਿਆ ਸੀ। ਹਰ ਚਾਰ ਸਾਲ ਬਾਅਦ ਹੋਣ ਵਾਲਾ ਫੀਫਾ ਫੁੱਟਬਾਲ ਟੂਰਨਾਮੈਂਟ ਅੱਜ ਇਕ ਵੱਕਾਰੀ ਖੇਡ ਮੇਲਾ ਹੈ। 21ਵਾਂ ਫੀਫਾ ਟੂਰਨਾਮੈਂਟ ਇਸ ਸਾਲ ਰੂਸ ਵਿਚ ਹੋਵੇਗਾ। ਇਸ ਲੇਖ ਵਿਚ ਸੈਨ ਹੋਜ਼ੇ (ਕੈਲੀਫੋਰਨੀਆ) ਵਸਦੇ ਲੇਖਕ ਪਰਦੀਪ ਨੇ 14 ਜੂਨ ਤੋਂ ਹੋਣ ਵਾਲੇ ਇਸ ਟੂਰਨਾਮੈਂਟ 'ਤੇ ਝਾਤ ਪੁਆਈ ਹੈ। -ਸੰਪਾਦਕ***

21ਵਾਂ ਫੀਫਾ ਵਿਸ਼ਵ ਫੁੱਟਬਾਲ ਕੱਪ 14 ਜੂਨ ਤੋਂ ਸ਼ੁਰੂ ਹੋ ਰਿਹਾ ਹੈ। ਫਾਈਨਲ ਮੈਚ 15 ਜੁਲਾਈ ਨੂੰ ਮਾਸਕੋ ਵਿਖੇ ਹੋਵੇਗਾ। ਪਿਛਲੇ ਵਿਸ਼ਵ ਕੱਪ ਦੀ ਤਰ੍ਹਾਂ ਇਸ ਵਾਰ ਵੀ ਇਸ ਟੂਰਨਾਮੈਂਟ ਵਿਚ 32 ਟੀਮਾਂ ਹਿੱਸਾ ਲੈਣਗੀਆਂ। ਦੱਖਣੀ ਅਮਰੀਕਾ ਦੀਆਂ ਪੰਜ, ਉਤਰੀ ਤੇ ਸੈਂਟਰਲ ਅਮਰੀਕਾ ਦੀਆਂ ਤਿੰਨ, ਏਸ਼ੀਆ ਤੇ ਅਫਰੀਕਾ ਦੀਆਂ ਪੰਜ-ਪੰਜ ਅਤੇ ਯੂਰਪ ਦੀਆਂ ਚੌਦਾਂ ਟੀਮਾਂ ਖੇਡਣਗੀਆਂ। ਰੂਸ ਦੇ 11 ਸ਼ਹਿਰਾਂ ਦੇ 12 ਸਟੇਡੀਅਮਾਂ ਵਿਚ ਇਹ ਮੈਚ ਖੇਡੇ ਜਾਣਗੇ। ਕੁੱਲ 64 ਮੈਚ ਹੋਣਗੇ।

ਇਸ ਟੂਰਨਾਮੈਂਟ ਵਿਚ ਇਨਾਮਾਂ ਦੀ ਰਾਸ਼ੀ 400 ਮਿਲੀਅਨ ਡਾਲਰ ਰੱਖੀ ਗਈ ਹੈ। ਪਹਿਲੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 38 ਮਿਲੀਅਨ, ਦੂਜੀ ਨੂੰ 28 ਮਿਲੀਅਨ, ਤੀਜੀ ਨੂੰ 24 ਮਿਲੀਅਨ ਅਤੇ ਚੌਥੀ ਨੂੰ 22 ਮਿਲੀਅਨ ਡਾਲਰ ਮਿਲਣਗੇ। ਬਾਕੀ ਪੰਜ ਤੋਂ ਅੱਠ ਨੰਬਰ 'ਤੇ ਆਉਣ ਵਾਲੀਆਂ

**ਪਰਦੀਪ, ਸੈਨ ਹੋਜੇ**
ਫੋਨ: 408-540-4547

ਟੀਮਾਂ ਨੂੰ 16 ਮਿਲੀਅਨ, ਨੌਂ ਤੋਂ ਸੋਲਾਂ ਨੂੰ 12 ਮਿਲੀਅਨ ਅਤੇ ਬਾਕੀ 16 ਟੀਮਾਂ ਨੂੰ 8 ਮਿਲੀਅਨ ਡਾਲਰ ਮਿਲਣਗੇ।

ਇਨ੍ਹਾਂ 32 ਟੀਮਾਂ ਨੂੰ ਅੱਠ ਗਰੁਪਾਂ ਵਿਚ ਵੰਡਿਆ ਗਿਆ ਹੈ ਅਤੇ ਹਰ ਇੱਕ ਵਿਚ ਚਾਰ ਟੀਮਾਂ ਹਨ। ਗਰੁਪ ਵਿਚੋਂ ਪਹਿਲੇ ਨੰਬਰ 'ਤੇ ਆਉਣ ਵਾਲੀਆਂ ਦੋ ਟੀਮਾਂ ਨੂੰ ਪ੍ਰੀ-ਕੁਆਟਰਫਾਈਨਲ ਦੀਆਂ 16 ਟੀਮਾਂ ਵਿਚ ਥਾਂ ਮਿਲੇਗੀ ਅਤੇ ਬਾਕੀ 16 ਟੂਰਨਾਮੈਂਟ 'ਚੋਂ ਬਾਹਰ ਹੋ ਜਾਣਗੀਆਂ। ਮੈਚ ਜਿੱਤਣ ਵਾਲੀ ਟੀਮ ਨੂੰ ਤਿੰਨ, ਬਰਾਬਰ ਰਹਿਣ 'ਤੇ ਇੱਕ ਅਤੇ ਹਾਰਨ 'ਤੇ ਜ਼ੀਰੋ ਨੰਬਰ ਮਿਲੇਗਾ। ਜੇ ਦੋ ਟੀਮਾਂ ਦੇ ਨੰਬਰ ਬਰਾਬਰ ਹੋਣ ਤਾਂ ਇਨ੍ਹਾਂ ਵਲੋਂ ਕੀਤੇ ਗੋਲ ਅਤੇ ਇਨ੍ਹਾਂ ਵਿਰੁਧ ਹੋਏ ਗੋਲਾਂ ਦੇ ਅਨੁਸਾਰ ਫੈਸਲਾ ਕੀਤਾ ਜਾਵੇਗਾ। ਇਸ ਤੋਂ ਬਾਅਦ ਦੋਹਾਂ ਟੀਮਾਂ ਵਿਚਾਲੇ ਖੇਡੇ ਗਏ ਮੈਚ ਦਾ ਨਤੀਜਾ ਲਾਗੂ ਹੋਵੇਗਾ। ਅੰਤ ਵਿਚ 'ਫੇਅਰ ਪਲੇਅ' (ਸੁਥਰੀ ਖੇਡ) ਦਾ ਨਿਯਮ ਇਸਤੇਮਾਲ ਕੀਤਾ ਜਾਵੇਗਾ। ਇਸ ਅਨੁਸਾਰ ਗੰਦੀ ਖੇਡ ਕਰਕੇ ਮਿਲੇ ਰੈਡ ਅਤੇ ਯੈਲੋ ਕਾਰਡ ਦੇ ਨੰਬਰ ਕੱਟੇ ਜਾਣਗੇ। ਇੱਕ ਯੈਲੋ ਕਾਰਡ ਦਾ ਇੱਕ ਨੰਬਰ, ਦੋ ਯੈਲੋ ਕਾਰਡ ਤੋਂ ਬਾਅਦ ਰੈਡ ਕਾਰਡ ਦੇ ਤਿੰਨ ਨੰਬਰ, ਸਿੱਧਾ ਰੈਡ ਕਾਰਡ ਮਿਲਣ 'ਤੇ ਚਾਰ ਨੰਬਰ ਅਤੇ ਪਹਿਲਾਂ ਯੈਲੋ ਤੇ ਫਿਰ ਰੈਡ ਕਾਰਡ ਮਿਲਣ 'ਤੇ ਪੰਜ ਨੰਬਰ ਕੱਟੇ ਜਾਣਗੇ। ਟੂਰਨਾਮੈਂਟ ਦੇ ਨਾਕ ਆਊਟ ਪੜਾਅ 'ਚ ਪਹੁੰਚਣ 'ਤੇ ਟੀਮਾਂ ਦੇ ਬਰਾਬਰ ਰਹਿਣ ਕਰਕੇ ਵਾਧੂ ਸਮੇਂ ਵਿਚ ਚੌਥਾ ਖਿਡਾਰੀ ਬਦਲਣ ਦੀ ਇਜਾਜ਼ਤ ਹੋਵੇਗੀ।

ਇਸ ਵਿਸ਼ਵ ਕੱਪ ਵਿਚ ਪਹਿਲੀ ਵਾਰ ਵੀਡੀਓ ਦੀ ਮਦਦ ਨਾਲ ਰੈਫਰੀ 'ੜਓ' (ੜੀਧਓ ਓੰਿਠਓੰਠ ਓ੍ਰੰਓਓ) ਦਾ ਇਸਤੇਮਾਲ ਕੀਤਾ ਜਾਵੇਗਾ। ਘੌਓ ਾਿਓ ਠਓਛੌਘੈ ਪਹਿਲਾਂ ਦੀ ਤਰ੍ਹਾਂ ਹੀ ਲਾਗੂ ਰਹੇਗੀ। ਇਸ ਰਾਹੀਂ ਫੁੱਟਬਾਲ ਵਿਚ ਲੱਗਾ ਚਿਪ ਰੈਫਰੀ ਦੇ ਗੁੱਟ ਉਪਰ ਬੰਨੀ ਘੜੀ ਨੂੰ ਦੱਸਦਾ ਹੈ ਕਿ ਫੁੱਟਬਾਲ ਗੋਲ ਲਾਈਨ ਨੂੰ ਪਾਰ ਕਰ ਗਿਆ ਹੈ।




ਪਿਛਲੇ ਵਿਸ਼ਵ ਕੱਪ ਦੀਆਂ 32 ਟੀਮਾਂ 'ਚੋਂ ਇਸ ਵਾਰ 20 ਟੀਮਾਂ ਭਾਗ ਲੈ ਰਹੀਆਂ ਹਨ। ਦੋ ਟੀਮਾਂ-ਪਨਾਮਾ ਅਤੇ ਆਈਸਲੈਂਡ ਪਹਿਲੀ ਵਾਰ ਸ਼ਾਮਿਲ ਹੋਣਗੀਆਂ। ਇਸ ਵਾਰ ਵਿਸ਼ਵ ਕੱਪ ਕੌਣ ਜਿੱਤੇਗਾ? ਇਸ ਬਾਰੇ ਪੱਕੇ ਤੌਰ 'ਤੇ ਕੁਝ ਵੀ ਨਹੀਂ ਕਿਹਾ ਜਾ ਸਕਦਾ। ਕਈ ਵਾਰ ਵਧੀਆ ਟੀਮਾਂ ਪਹਿਲੇ ਪੜਾਅ ਵਿਚੋਂ ਹੀ ਬਾਹਰ ਹੋ ਜਾਂਦੀਆਂ ਹਨ। ਕਈ ਇਸ ਕੱਪ ਨੂੰ ਜਿੱਤਣ ਦੀਆਂ ਦਾਅਵੇਦਾਰ ਟੀਮਾਂ ਆਪਣੇ ਘਰ ਦੇ ਮੈਦਾਨ ਵਿਚ ਹੀ ਚਿੱਤ ਹੋ ਜਾਂਦੀਆਂ ਹਨ।

ਬ੍ਰਾਜ਼ੀਲ ਦੀ ਟੀਮ 1950 ਅਤੇ 2014 'ਚ ਆਪਣੇ ਹੀ ਦੇਸ਼ ਵਿਚ ਹਾਰ ਗਈ ਸੀ। ਇਸੇ ਤਰ੍ਹਾਂ 1982 ਵਿਚ ਸਪੇਨ, 1990 'ਚ ਇਟਲੀ ਅਤੇ 2006 'ਚ ਜਰਮਨੀ ਵਰਗੀਆਂ ਤਾਕਤਵਰ ਟੀਮਾਂ ਆਪਣੇ ਘਰ ਵਿਚ ਹੋਏ ਇਸ ਟੂਰਨਾਮੈਂਟ ਨੂੰ ਜਿੱਤ ਨਹੀਂ ਸਕੀਆਂ। ਜੇ ਗੱਲ ਕਰੀਏ ਪਿਛਲੇ ਵਿਸ਼ਵ ਕੱਪ ਜੇਤੂ ਟੀਮਾਂ ਦੀ, ਤਾਂ ਵੀ ਅੰਕੜੇ ਵਧੀਆ ਨਹੀਂ ਹਨ। ਹੁਣ ਤਕ ਬ੍ਰਾਜ਼ੀਲ ਹੀ ਇੱਕ ਐਸਾ ਦੇਸ਼ ਹੈ ਜੋ ਲਗਾਤਾਰ ਦੋ ਵਾਰ, 1958 ਅਤੇ 1962 'ਚ ਇਹ ਕੱਪ ਜਿੱਤ ਸਕਿਆ ਹੈ।

1998 ਦੀ ਜੇਤੂ ਫਰਾਂਸ ਦੀ ਟੀਮ 2002 ਵਿਚ ਗਰੁਪ 'ਚੋਂ ਹੀ ਅੱਗੇ ਨਹੀਂ ਜਾ ਸਕੀ ਸੀ। ਇਸੇ ਤਰ੍ਹਾਂ 2006 ਦੀ ਚੈਂਪੀਅਨ ਇਟਲੀ, 2010 ਤੇ 2014 ਵਿਚ ਮਾੜੀ ਖੇਡ ਸਦਕਾ ਪਹਿਲਾਂ ਹੀ ਗਰੁਪ 'ਚੋਂ ਬਾਹਰ ਹੋ ਗਈ ਸੀ ਅਤੇ ਇਸ ਵਾਰ ਕੁਆਲੀਫਾਈ ਵੀ ਨਹੀਂ ਕਰ ਸਕੀ। 2010 ਦੇ ਵਿਸ਼ਵ ਕੱਪ ਜੇਤੂ ਸਪੇਨ ਨੂੰ 2014 ਵਿਚ ਬਹੁਤ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਪਰ ਫਿਰ ਵੀ ਕਈ ਤਕੜੀਆਂ ਟੀਮਾਂ ਦੇ ਜਿੱਤਣ ਬਾਰੇ ਚਰਚਾ ਜ਼ਰੂਰ ਹੁੰਦੀ ਹੈ। ਇਨ੍ਹਾਂ ਵਿਚ ਬ੍ਰਾਜ਼ੀਲ, ਜਰਮਨੀ, ਫਰਾਂਸ ਅਤੇ ਸਪੇਨ ਦੇ ਨਾਂ ਉਪਰ ਆਉਂਦੇ ਹਨ। ਇਹ ਕੱਪ ਪੰਜ ਵਾਰ ਜਿੱਤਣ ਵਾਲੀ ਬ੍ਰਾਜ਼ੀਲ ਦੀ ਟੀਮ ਹਮੇਸ਼ਾ ਦਾਅਵੇਦਾਰ ਹੁੰਦੀ ਹੈ। ਆਪਣੇ ਹੀ ਦੇਸ਼ ਵਿਚ ਪਿਛਲਾ ਟੂਰਨਾਮੈਂਟ ਹਾਰ ਕੇ ਇਹ ਟੀਮ ਫਿਰ ਪੂਰੀ ਤਿਆਰੀ 'ਚ ਹੈ। ਡੈਨੀ ਏਲਵਿਸ, ਟਿਆਗੋ ਸਿਲਵਾ, ਮਰਸੈਲੋ, ਕੁਟੀਨੀਓ, ਗੈਬਰੀਅਲ ਜੂਸਸ, ਕੈਸਮੀਰੋ ਅਤੇ ਰੌਬਰਟੋ ਫਰਮੀਨੋ ਦੁਨੀਆਂ ਦੇ ਬਿਹਤਰ ਖਿਡਾਰੀ ਹਨ। ਨੀਮਾਰ ਵੀ ਠੀਕ ਹੋ ਕੇ ਮੌਕੇ ਸਿਰ ਟੀਮ ਵਿਚ ਸ਼ਾਮਿਲ ਹੋ ਜਾਵੇਗਾ।

ਜਰਮਨੀ ਪਿਛਲੀ ਵਾਰ ਦਾ ਚੈਂਪੀਅਨ ਹੈ ਅਤੇ ਚਾਰ ਵਾਰੀ ਇਹ ਵਿਸ਼ਵ ਕੱਪ ਜਿੱਤ ਚੁਕਾ ਹੈ। ਇਸ ਟੀਮ ਦੇ ਜ਼ਿਆਦਾ ਖਿਡਾਰੀ ਪਿਛਲੀ ਵਾਰ ਵਾਲੇ ਹਨ ਪਰ ਕੁਝ ਨਵੇਂ ਚਿਹਰੇ ਜਿਵੇਂ ਲੇਰੀ ਸੇਨ, ਟੀਮੋ ਵਾਰਨਰ, ਏਮਰੀ ਕਾਨ, ਲੀਉਨ ਗੋਰਟਜ਼ਿਕਾ ਅਤੇ ਆਂਦਰੇ ਟਰ ਸਟੇਗਨ ਹਨ। ਸਪੇਨ ਦੀ ਟੀਮ ਵਿਚ ਸਰਜੀਓ ਰਾਮੋਸ, ਪੀ ਕੇ, ਆਂਦਰੇ ਇਨਆਸਟਾ ਤੋਂ ਇਲਾਵਾ ਨਵੇਂ ਖਿਡਾਰੀ-ਡੇਵਿਡ ਡੀਗਯਾ, ਇਸਕੋ, ਐਸੈਂਸੀਓ ਆਦਿ ਸ਼ਾਮਿਲ ਹਨ। ਡੇਵਿਡ ਡੀਗਯਾ ਦੁਨੀਆਂ ਦਾ ਬਿਹਤਰੀਨ ਗੋਲ ਕੀਪਰ ਹੈ।

ਫਰਾਂਸ ਦਾ ਕੋਚ 1998 ਵਾਲੀ ਚੈਂਪੀਅਨ ਟੀਮ ਦਾ ਕੈਪਟਨ ਡੀਡੀਅਰ ਡਿਸਚੈਂਪਸ ਹੈ। ਉਸ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਕਿਸ ਖਿਡਾਰੀ ਨੂੰ ਟੀਮ ਵਿਚ ਸ਼ਾਮਿਲ ਕਰੇ ਅਤੇ ਕਿਸ ਨੂੰ ਬਾਹਰ ਛੱਡੇ? ਪੋਗਬਾ, ਗਰੀਜ਼ਮੈਨ, ਮਾਪੀ, ਡਿੰਮਬਲੇ ਅਤੇ ਵਾਰਾਨ ਵਰਗੇ ਖਿਡਾਰੀ ਇਸ ਟੀਮ ਵਿਚ ਸ਼ਾਮਿਲ ਹਨ।

ਕੁਝ ਟੀਮਾਂ ਇਸ ਟੂਰਨਾਮੈਂਟ 'ਚ ਸਭ ਨੂੰ ਹੈਰਾਨ ਵੀ ਕਰ ਸਕਦੀਆਂ ਹਨ। ਬੈਲਜ਼ੀਅਮ, ਇੰਗਲੈਂਡ ਅਤੇ ਕਰੋਸ਼ੀਆ ਦੀਆਂ ਟੀਮਾਂ ਕਿਸੇ ਵੀ ਤਾਕਤਵਰ ਟੀਮ ਨੂੰ ਬਾਹਰ ਕਰ ਸਕਦੀਆਂ ਹਨ। ਪਿਛਲੇ ਵਿਸ਼ਵ ਕੱਪ 'ਚ ਦੂਜੇ ਨੰਬਰ 'ਤੇ ਆਉਣ ਵਾਲੀ ਅਰਜਨਟਾਈਨਾ ਦੀ ਟੀਮ ਲਈ ਇਹ ਟੂਰਨਾਮੈਂਟ ਸੌਖਾ ਨਹੀਂ ਹੋਵੇਗਾ। ਇਸ ਦੇ ਗਰੁਪ ਵਿਚ ਕਰੋਸ਼ੀਆ, ਆਈਸਲੈਂਡ ਅਤੇ ਨਾਈਜੀਰੀਆ ਵਰਗੀਆਂ ਮਜ਼ਬੂਤ ਟੀਮਾਂ ਸ਼ਾਮਿਲ ਹਨ। ਜੇ ਕਿਸੇ ਤਰ੍ਹਾਂ ਇਹ ਆਪਣੇ ਗਰੁਪ 'ਚੋਂ ਅੱਗੇ ਚਲੇ ਜਾਣ ਤਾਂ ਸ਼ਾਇਦ ਮੈਸੀ ਦਾ ਜਾਦੂ ਕੋਈ ਚਮਤਕਾਰ ਕਰ ਜਾਵੇ। ਕਈ ਖਿਡਾਰੀਆਂ ਦੀ ਖੇਡ ਵੇਖਣ ਵਾਲੀ ਹੋਵੇਗੀ ਪਰ ਮਿਸਰ ਦਾ ਮੁਹੰਮਦ ਸਲਾਹ ਅਤੇ ਸੇਨੇਗਲ ਦਾ ਸਾਡੀਓ ਮਾਨੇ ਖਾਸ ਚਰਚਾ ਦਾ ਵਿਸ਼ਾ ਹੋਣਗੇ। ਰੋਨਾਲਡੋ, ਜੇਮਸ ਰੋਡਰਿਗਜ਼, ਲੀਵਾਂਡੋਸਕੀ ਅਤੇ ਹੈਰੀ ਕੇਨ ਦਾ ਜ਼ਿਕਰ ਵੀ ਜ਼ਰੂਰ ਹੋਵੇਗਾ।

ਰੂਸ ਲਈ ਜਿਥੇ ਇਹ ਟੂਰਨਾਮੈਂਟ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ, ਉਥੇ ਇਸ ਨੂੰ ਵਿਵਾਦਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਸਭ ਤੋਂ ਪਹਿਲਾਂ ਤਾਂ ਇਸ ਨੂੰ ਵਿਸ਼ਵ ਕੱਪ ਦੀ ਮਿਲੀ ਮੇਜ਼ਬਾਨੀ ਚਰਚਾ ਵਿਚ ਹੈ। ਸਪੇਨ, ਪੁਰਤਗਾਲ ਅਤੇ ਇੰਗਲੈਂਡ ਵਰਗੇ ਦੇਸ਼ਾਂ ਨੂੰ ਹਰਾ ਕੇ ਵੱਧ ਵੋਟਾਂ ਲੈ ਕੇ ਜਿੱਤਣਾ ਸਭ ਨੂੰ ਹੈਰਾਨ ਕਰਨ ਵਾਲੀ ਗੱਲ ਹੈ। ਇਸ ਕਰਕੇ ਰੂਸ ਉਪਰ ਰਿਸ਼ਵਤਖੋਰੀ ਦੇ ਇਲਜ਼ਾਮ ਲਗਦੇ ਹਨ। ਪਿਛਲੇ ਕਈ ਸਾਲਾਂ ਤੋਂ ਰੂਸ ਦੇ ਖਿਡਾਰੀਆਂ ਅਤੇ ਖੇਡ ਅਧਿਕਾਰੀਆਂ ਨੂੰ ਡੋਪ ਦੇ ਇਲਜ਼ਾਮ ਦਾ ਵੀ ਸਾਹਮਣਾ ਕਰਨਾ ਪਿਆ ਹੈ। ਓਲੰਪਿਕ ਕਮੇਟੀ ਨੇ ਇਸ ਜਾਂਚ ਲਈ ਮੈਕਲੇਰੇਨ ਕਮਿਸ਼ਨ (ਢਮਅਰੲਨ ਛੋਮਮਸਿਸਿੋਨ) ਨਿਯੁਕਤ ਕੀਤਾ ਸੀ, ਜਿਸ ਨੇ ਰੂਸ ਦੇ ਜਿੱਤੇ 51 ਮੈਡਲ ਵਾਪਸ ਲੈ ਲਏ। ਰੂਸ ਉਪਰ ਦੱਖਣੀ ਕੋਰੀਆ ਵਿਚ 2018 ਦੀ ਸਰਦੀਆਂ ਵਾਲੀ ਓਲੰਪਿਕ ਲਈ ਪਾਬੰਦੀ ਲਾਈ ਗਈ ਸੀ। ਰੂਸ ਦੇ ਡਿਪਟੀ ਪ੍ਰਾਈਮ ਮਨਿਸਟਰ ਵਾਇਟਲੀ ਮੁਟਕੋ 'ਤੇ ਸਾਰੀ ਉਮਰ ਲਈ ਪਾਬੰਦੀ ਲਾਈ ਗਈ ਹੈ। ਇਸ ਦੇ 33 ਫੁੱਟਬਾਲ ਖਿਡਾਰੀ ਵੀ ਡੋਪ ਟੈਸਟ ਵਿਚ ਕਸੂਰਵਾਰ ਪਾਏ ਗਏ।

ਫੁੱਟਬਾਲ ਸਾਰੀ ਦੁਨੀਆਂ ਵਿਚ ਖੇਡਣ ਵਾਲੀ ਹਰਮਨ ਪਿਆਰੀ ਖੇਡ ਹੈ ਪਰ ਫੁੱਟਬਾਲ ਪ੍ਰੇਮੀ ਰੂਸ ਨੂੰ ਇੱਕ ਨਸਲਵਾਦੀ ਦੇਸ਼ ਵਜੋਂ ਜਾਣਦੇ ਹਨ। ਕਾਲੇ ਰੰਗ ਦੇ ਖਿਡਾਰੀਆਂ ਪ੍ਰਤੀ ਉਨ੍ਹਾਂ ਦਾ ਵਤੀਰਾ ਸ਼ਰਮਨਾਕ ਹੈ। ਬਾਹਰਲੇ ਦੇਸ਼ਾਂ ਦੀਆਂ ਟੀਮਾਂ ਜਦ ਰੂਸ ਵਿਚ ਖੇਡਣ ਜਾਂਦੀਆਂ ਹਨ ਤਾਂ ਉਨ੍ਹਾਂ ਦੇ ਕਾਲੇ ਖਿਡਾਰੀਆਂ ਨੂੰ ਬੇਇੱਜ਼ਤ ਕੀਤਾ ਜਾਂਦਾ ਹੈ। ਰੂਸ ਦੇ ਦਰਸ਼ਕ ਇਨ੍ਹਾਂ ਨੂੰ ਬਾਂਦਰ ਵਾਂਗ ਸਾਂਗਾਂ ਲਾ ਕੇ ਬੁਲਾਉਂਦੇ ਹਨ। ਇਨ੍ਹਾਂ ਉਪਰ ਕੇਲੇ ਦੇ ਛਿਲਕੇ ਸੁੱਟੇ ਜਾਂਦੇ ਹਨ। ਹੁਣੇ 27 ਮਾਰਚ ਨੂੰ ਫਰਾਂਸ ਅਤੇ ਰੂਸ ਵਿਚਕਾਰ ਹੋਏ ਦੋਸਤਾਨਾ ਮੈਚ ਦੌਰਾਨ ਸੇਂਟ ਪੀਟਰਸਬਰਗ ਦੇ ਸਟੇਡੀਅਮ ਵਿਚ ਅਜਿਹੀ ਹੀ ਘਟਨਾ ਵਾਪਰੀ। ਫਰਾਂਸ ਦੇ ਖਿਡਾਰੀ ਪੋਗਬਾ ਅਤੇ ਡਿੰਮਬਲੇ ਨੂੰ ਨਸਲੀ ਮਜ਼ਾਕ ਕੀਤਾ ਗਿਆ। ਹੋਰ ਵੀ ਕਈ ਤਰ੍ਹਾਂ ਦੇ ਸਿਆਸੀ ਮਸਲੇ ਹਨ। ਪਰ ਰੂਸ ਦੇ ਲੋਕਾਂ ਨੂੰ ਨਸਲਵਾਦ ਤੋਂ ਉਪਰ ਉਠਣਾ ਚਾਹੀਦਾ ਹੈ ਅਤੇ ਖਿਡਾਰੀਆਂ ਦਾ ਸਨਮਾਨ ਉਨ੍ਹਾਂ ਦੀ ਖੇਡ ਕਰਕੇ ਕਰਨਾ ਚਾਹੀਦਾ ਹੈ, ਨਾ ਕਿ ਰੰਗ ਕਰਕੇ। ਆਸ ਕਰਦੇ ਹਾਂ ਕਿ ਇਹ ਵਿਸ਼ਵ ਕੱਪ ਮਨੋਰੰਜਨ ਅਤੇ ਖੁਸ਼ੀਆਂ ਭਰਿਆ ਹੋਵੇਗਾ।

# ਅਸਲੀ ਦਾਰਾ ਕਿਹੜਾ ਤੇ ਨਕਲੀ ਕਿਹੜਾ?

ਕਈ ਅਜੇ ਵੀ ਸੁਰਤਾਂ ਲਾਈ ਜਾਂਦੇ ਹਨ। ਮੈਥੋਂ ਅਕਸਰ ਪੁੱਛਿਆ ਜਾਂਦੈ, ਅਸਲੀ ਦਾਰਾ ਕਿਹੜਾ ਸੀ ਤੇ ਨਕਲੀ ਕਿਹੜਾ? ਨਾਲੇ ਤਕੜਾ ਕਿਹੜਾ ਸੀ ਤੇ ਮਾੜਾ ਕਿਹੜਾ?

ਜਵਾਬ ਹੈ, ਦੋਵੇਂ ਦਾਰੇ ਅਸਲੀ ਸਨ। ਤਕੜੇ ਮਾੜੇ ਦਾ ਤਦ ਪਤਾ ਲੱਗਦਾ ਜੇ ਉਹ ਆਪਸ ਵਿਚ ਘੁਲਦੇ। ਉਹ ਕਿਸੇ ਟਾਈਟਲ ਲਈ ਆਪਸ ਵਿਚ ਨਹੀਂ ਭਿੜੇ। ਵੱਡੇ ਦਾਰੇ ਦਾ ਜਮਾਂਦਰੂ ਨਾਂ ਹੀ ਦਾਰਾ ਸਿੰਘ ਰੱਖਿਆ ਗਿਆ ਸੀ ਜਦ ਕਿ ਛੋਟੇ ਦਾ

**ਪ੍ਰਿੰ. ਸਰਵਣ ਸਿੰਘ**

ਜਮਾਂਦਰੂ ਨਾਂ ਦੀਦਾਰ ਸਿੰਘ ਸੀ। ਘਰ ਦੇ ਉਸ ਨੂੰ ਦਾਰੀ ਕਹਿੰਦੇ ਸਨ। ਵੱਡਾ ਹੋ ਕੇ ਉਹ ਦਾਰਾ ਸਿੰਘ ਬਣ ਗਿਆ। ਉਂਜ ਦੋਹਾਂ ਦਾਰਿਆਂ ਦੀ ਵੱਖਰੀ ਪਛਾਣ ਦਾਰਾ ਦੁਲਚੀਪੁਰੀਆ ਤੇ ਦਾਰਾ ਧਰਮੂਚੱਕੀਆ ਹੈ। ਦੋਵੇਂ ਦਾਰੇ ਰੁਸਤਮੇ-ਜ਼ਮਾਂ ਦੇ ਖ਼ਿਤਾਬਾਂ ਨਾਲ ਸਨਮਾਨੇ ਗਏ। ਦੋਹਾਂ ਨੇ ਸਿੰਘਾਪੁਰੋਂ ਫਰੀ ਸਟਾਈਲ ਕੁਸ਼ਤੀ ਸਿੱਖੀ ਸੀ।

ਦੁਲਚੀਪੁਰੀਏ ਦਾਰੇ ਨੇ ਸਕੇ ਭਰਾ ਦੇ ਕਤਲ ਦਾ ਬਦਲਾ ਲੈਣ ਲਈ ਆਪਣੇ ਸ਼ਰੀਕ ਭਰਾ ਨੂੰ ਕਤਲ ਕਰ ਦਿੱਤਾ ਸੀ ਜਿਸ ਬਦਲੇ ਪਹਿਲਾਂ ਉਹਨੂੰ ਫਾਂਸੀ ਦੀ ਸਜ਼ਾ ਹੋਈ ਜੋ ਪਿੱਛੋਂ ਉਮਰ ਕੈਦ ਵਿਚ ਬਦਲ ਗਈ। ਰੈਡ ਕਰਾਸ ਦਾ ਫੰਡ 'ਕੱਠਾ ਕਰਨ ਲਈ ਉਸ ਨੂੰ ਹੱਥਕੜੀ ਲਾ ਕੇ ਰਿੰਗ ਵਿਚ ਲਿਜਾਇਆ ਜਾਂਦਾ। ਕੁਸ਼ਤੀ ਲੜਨ ਵੇਲੇ ਹੱਥਕੜੀ ਖੋਲ੍ਹ ਦਿੱਤੀ ਜਾਂਦੀ ਤੇ ਕੁਸ਼ਤੀ ਪਿੱਛੋਂ ਮੁੜ ਜੜ ਦਿੱਤੀ ਜਾਂਦੀ।

1957 ਵਿਚ ਉਹਦੀ ਇਕ ਕੁਸ਼ਤੀ ਫਾਜ਼ਿਲਕਾ ਦੇ ਗਊਸ਼ਾਲਾ ਮੈਦਾਨ ਵਿਚ ਮੈਂ ਅੱਖੀਂ ਵੇਖੀ ਸੀ। ਉਹਦਾ ਕੱਦ ਸੱਤ ਫੁੱਟ ਦੇ ਕਰੀਬ ਸੀ




ਦਾਰਾ ਦੁਲਚੀਪੁਰੀਆ

ਜਦ ਕਿ ਛੋਟੇ ਦਾਰੇ ਦਾ ਕੱਦ ਸਵਾ ਛੇ ਫੁੱਟ ਦੇ ਕਰੀਬ ਸੀ। ਵੱਡਾ ਦਾਰਾ 1918 'ਚ ਜੰਮਿਆ ਸੀ ਜੋ 1988 ਵਿਚ ਮਰ ਗਿਆ। ਪਿੱਛੋਂ ਉਹਦਾ ਇਕੋ ਇਕ ਪੁੱਤਰ ਵੀ ਮਰ ਗਿਆ ਤੇ ਪਤਨੀ ਵੀ ਮਰ ਗਈ। ਉਸ ਦੇ ਦੋ ਪੋਤੇ ਹਨ, ਇਕ ਪੜਪੋਤਾ ਤੇ ਇਕ ਪੜਪੋਤੀ। ਉਹ ਪਿੰਡੋਂ ਬਾਹਰ ਖੇਤ ਵਿਚ ਰਹਿੰਦੇ ਹਨ ਜਿਥੇ ਉਨ੍ਹਾਂ ਨੇ ਦਾਰੇ ਦੀ ਸੱਤ ਫੁੱਟੀ ਸਮਾਧ ਬਣਾਈ ਹੈ।

ਦੁਲਚੀਪੁਰੀਏ ਦਾਰੇ ਦੇ ਜੀਵਨ ਵਿਚ ਬੜੇ ਉਤਰਾਅ ਚੜ੍ਹਾਅ ਆਏ। ਉਸ ਦੀ ਜ਼ਿੰਦਗੀ ਮਾਲ ਡੰਗਰ ਚਾਰਦਿਆਂ ਡੰਡ ਬੈਠਕਾਂ ਕੱਢਣ ਤੇ ਘੁਲਣ-ਘੁਲਾਈ ਤੋਂ ਸ਼ੁਰੂ ਹੋ ਕੇ ਖੇਤੀ ਕਰਨ, ਪਰਵਾਸੀ ਬਣਨ, ਕੁਸ਼ਤੀਆਂ ਲੜਨ, ਖ਼ੂਨ ਕਰਨ, ਸਜ਼ਾ ਭੁਗਤਣ, ਰੁਮਾਂਸ, ਸਰਪੰਚੀ, ਨਸ਼ੇ ਤੇ ਭਲਵਾਨੀ ਕਲਚਰ ਵਿਚ ਗੁੰਧੀ ਹੋਈ ਸੀ ਜਿਸ 'ਤੇ ਹਿੱਟ ਫਿਲਮ ਬਣ ਸਕਦੀ ਹੈ। ਉਸ ਦਾ ਆਖ਼ਰੀ ਸਮਾਂ ਬੜਾ ਬੁਰਾ ਬੀਤਿਆ। ਉਹ ਸ਼ੂਗਰ ਤੇ ਜੋੜਾਂ ਦੀਆਂ ਮਰਜ਼ਾਂ ਦਾ ਸ਼ਿਕਾਰ ਹੋ ਗਿਆ ਸੀ, ਪੈਰਾਂ ਦੇ ਅੰਗੂਠੇ ਕੱਟੇ ਗਏ ਸਨ ਤੇ ਚੂਲਾ ਟੁੱਟ ਗਿਆ ਸੀ। ਜੁੱਸਾ ਸਵਾ ਕੁਇੰਟਲ ਤੋਂ ਘਟ ਕੇ ਸਿਰਫ 70 ਕਿਲੋ ਦਾ ਰਹਿ ਗਿਆ ਸੀ ਤੇ ਉਹ 70ਵੇਂ ਸਾਲ ਦੀ ਉਮਰ ਵਿਚ ਗੁਜ਼ਰ ਗਿਆ।

ਛੋਟੇ ਦਾਰੇ ਨੇ ਪਹਿਲਵਾਨੀ ਦੇ ਨਾਲ ਫਿਲਮਾਂ ਵਿਚ ਵੀ ਨਾਮਣਾ ਖੱਟਿਆ। ਉਹ ਰਾਮਾਇਣ ਸੀਰੀਅਲ ਵਿਚ ਹਨੂੰਮਾਨ ਦਾ ਰੋਲ ਕਰ ਕੇ ਹੋਰ ਮਸ਼ਹੂਰ ਹੋਇਆ। ਉਸ ਨੇ ਮੁਹਾਲੀ ਵਿਚ ਦਾਰਾ ਸਟੂਡੀਓ ਬਣਾਇਆ ਤੇ ਰਾਜ ਸਭਾ ਦਾ ਮੈਂਬਰ ਰਿਹਾ। 1978 ਵਿਚ ਜਸਵੰਤ ਸਿੰਘ ਕੰਵਲ ਨੇ ਮੈਨੂੰ ਜਲੰਧਰ ਲਿਜਾ ਕੇ ਉਹਦੇ ਨਾਲ ਖੁੱਲ੍ਹੀਆਂ ਗੱਲਾਂ ਕਰਾਈਆਂ ਸਨ। ਉਹਦੇ ਬਾਰੇ ਲਿਖਿਆ



ਦਾਰਾ ਧਰਮੂਚੱਕੀਆ

ਮੇਰਾ ਲੇਖ 'ਪਹਿਲਵਾਨਾਂ ਦਾ ਪਹਿਲਵਾਨ' ਪੰਜਾਬੀ ਯੂਨੀਵਰਸਿਟੀ ਵੱਲੋਂ ਛਪੀ ਪੁਸਤਕ 'ਪੰਜਾਬੀ ਖਿਡਾਰੀ' ਤੇ ਨੈਸ਼ਨਲ ਬੁੱਕ ਟਰਸਟ ਵੱਲੋਂ ਛਪੀ ਪੁਸਤਕ 'ਪੰਜਾਬ ਦੇ ਚੋਣਵੇਂ ਖਿਡਾਰੀ' ਵਿਚ ਸ਼ਾਮਲ ਹੈ। ਉਹ 19 ਨਵੰਬਰ 1928 ਨੂੰ ਧਰਮੂਚੱਕ 'ਚ ਜੰਮਿਆ ਸੀ ਤੇ 11 ਜੁਲਾਈ 2012 ਨੂੰ ਮੁੰਬਈ 'ਚ ਗੁਜ਼ਰ ਗਿਆ।

ਪਹਿਲਾਂ ਦਾਰਾ ਦੁਲਚੀਪੁਰੀਆ ਤਕੜਾ ਹੁੰਦਾ ਸੀ, ਫਿਰ ਦਾਰਾ ਧਰਮੂਚੱਕੀਆ ਤਕੜਾ ਹੋ ਗਿਆ। ਦੋਹਾਂ ਦੀ ਉਮਰ 'ਚ ਦਸ ਸਾਲ ਦਾ ਫਰਕ ਜੁ ਸੀ। ਦੁਲਚੀਪੁਰ ਤੇ ਧਰਮੂਚੱਕ ਦੋਵੇਂ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਹਨ। ਦੋਹਾਂ ਦਾਰਿਆਂ ਨੇ ਫਰੀ ਸਟਾਈਲ ਕੁਸ਼ਤੀਆਂ ਵਿਚ ਨਾਮਣਾ ਖੱਟਿਆ ਜਦ ਕਿ ਦੇਸੀ ਕੁਸ਼ਤੀਆਂ ਨਾਂਮਾਤਰ ਲੜੀਆਂ। ਦਾਰਾ ਧਰਮੂਚੱਕੀਆ ਹਰਫਨਮੌਲਾ ਨਿਕਲਿਆ ਜਿਸ ਨੇ ਫਿਲਮਾਂ, ਬਿਜ਼ਨਸ ਤੇ ਸਿਆਸਤ ਵਿਚ ਵੀ ਮੱਲਾਂ ਮਾਰੀਆਂ। ਦਾਰਾ ਦੁਲਚੀਪੁਰੀਆ ਕੇਵਲ ਇਕ ਦੋ ਫਿਲਮਾਂ 'ਚ ਆ ਸਕਿਆ ਤੇ ਪਿੰਡ ਦੀ ਸਰਪੰਚੀ ਤਕ ਹੀ ਪੁੱਜਾ। ਮਗਰੋਂ ਉਹ ਬਦਨਾਮ ਤੇ ਗੁੰਮਨਾਮ ਹੋ ਗਿਆ। ਦਾਰੇ ਧਰਮੂਚੱਕੀਏ ਦੀਆਂ ਕੁਸ਼ਤੀਆਂ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਮੁਰਾਰਜੀ ਡਿਸਾਈ, ਚੌਧਰੀ ਚਰਨ ਸਿੰਘ, ਇੰਦਰਾ ਗਾਂਧੀ, ਚੰਦਰ ਸ਼ੇਖਰ, ਰਾਜੀਵ ਗਾਂਧੀ ਤੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਹੋਰੀਂ ਵੇਖਦੇ ਰਹੇ। ਉਸ ਨੇ ਪੰਜ ਸੌ ਤੋਂ ਵੱਧ ਕੁਸ਼ਤੀਆਂ ਘੁਲੀਆਂ ਤੇ ਸੌ ਤੋਂ ਵੱਧ ਫਿਲਮਾਂ 'ਚ ਰੋਲ ਅਦਾ ਕੀਤਾ। ਕਦੇ ਸੈਮਸਨ, ਕਦੇ ਹਰਕੁਲੀਸ, ਕਦੇ ਜੱਗਾ ਡਾਕੂ, ਕਦੇ ਭੀਮ, ਕਦੇ ਧਿਆਨੂੰ ਭਗਤ, ਕਦੇ ਸੂਰਮਾ ਸਿੰਘ ਤੇ ਕਦੇ ਹਨੂੰਮਾਨ ਬਣਦਾ ਰਿਹਾ। ਸਮੇਂ ਨਾਲ 'ਦਾਰਾ' ਨਾਂ ਤਾਕਤ ਦਾ ਠੱਪਾ ਬਣ ਗਿਆ। ਇਸ਼ਤਿਹਾਰ ਦੇਣ ਵਾਲੇ ਘਿਉ ਦੇ ਡੱਬੇ ਵੇਚਣ ਲਈ ਦਾਰੇ ਦਾ ਨਾਂ ਵਰਤਣ ਲੱਗੇ। ਹੁਣ ਹਾਲਤ ਇਹ ਹੈ ਕਿ ਸ਼ੇਖ਼ੀਆਂ ਮਾਰਨ ਵਾਲੇ ਨੂੰ ਅਕਸਰ ਕਿਹਾ ਜਾਂਦੈ, "ਤੂੰ ਕਿਹੜਾ ਦਾਰਾ ਭਲਵਾਨ ਐਂ!"

# ਸਪੇਨ ਦੀ ਘਰੇਲੂ ਜੰਗ ਅਤੇ ਕਲਾਕਾਰ

ਕੁਲਵਿੰਦਰ

ਕਿਹਾ ਜਾਂਦਾ ਹੈ ਕਿ ਇਤਿਹਾਸ ਜੇਤੂ ਲਿਖਦੇ ਹਨ ਪਰ ਸਪੇਨ ਦੀ ਘਰੇਲੂ ਜੰਗ (1936-39) ਇਤਿਹਾਸ ਦੀਆਂ ਉਨ੍ਹਾਂ ਘਟਨਾਵਾਂ ਵਿਚੋਂ ਇਕ ਹੈ ਜਿਸ ਦੇ ਇਤਿਹਾਸ ਨੂੰ ਹਾਰਨ ਵਾਲ਼ਿਆਂ ਨੇ ਲਿਖਿਆ ਹੈ। ਜੰਗ ਦੀ ਸ਼ੁਰੂਆਤ 17 ਜੁਲਾਈ 1936 ਨੂੰ 'ਸਪੈਨਿਸ਼ ਕਨਫੈਡਰੇਸ਼ਨ ਆਫ਼ ਆਟੋਨੌਮਸ ਰਾਈਟ' (ਸੀ.ਈ.ਡੀ.ਏ.), 'ਕਾਰਲਿਟ ਸਮੂਹਾਂ' ਅਤੇ 'ਫਾਸੀਵਾਦੀ ਫਲਾਂਗ' ਜਿਹੇ ਪਿਛਾਖੜੀ ਅਨਸਰਾਂ ਦੀ ਹਮਾਇਤ ਵਾਲ਼ੇ ਫੌਜੀ ਜਰਨੈਲਾਂ ਵੱਲੋਂ ਸਪੇਨ ਦੇ ਰਾਸ਼ਟਰਪਤੀ ਮੈਨੂਅਲ ਆਜਾਨਾ ਦੀ ਅਗਵਾਈ ਹੇਠਲੀ ਦੂਜੀ ਸਪੈਨਿਸ਼ ਰਿਪਬਲਿਕ ਦੀ ਤਖ਼ਤਾ ਪਲ਼ਟਣ ਦੀ ਕੋਸ਼ਿਸ਼ ਨਾਲ਼ ਸ਼ੁਰੂ ਹੋਈ ਸੀ। ਜੰਗ ਵਿਚ ਇਕ ਪਾਸੇ ਜਰਨਲ ਫਰਾਂਕੋ ਜਿਹੇ ਸਰਮਾਏਦਾਰਾਂ ਦੇ ਪਿੱਠੂ ਦੀ ਹਮਾਇਤ ਵਿਚ ਜਿਥੇ ਹਿਟਲਰ ਅਤੇ ਮੁਸੋਲੀਨੀ ਜਿਹੇ ਫਾਸੀਵਾਦੀ ਅਤੇ ਨਾਜ਼ੀਵਾਦੀ ਖਲੋਤੇ ਸਨ, ਉਥੇ ਰਿਪਬਲਿਕਨਾਂ ਨੂੰ ਪੂਰੀ ਦੁਨੀਆਂ ਦੇ ਲਗਭਗ ਸਾਰੇ ਲੇਖਕਾਂ, ਕਲਾਕਾਰਾਂ, ਕਵੀਆਂ ਅਤੇ ਬੁੱਧੀਜੀਵੀਆਂ ਅਤੇ ਆਮ ਲੋਕਾਂ ਦੀ ਹਮਾਇਤ ਹਾਸਲ ਸੀ। ਰਿਪਬਲਿਕਨਾਂ ਦੀ ਹਾਰ ਤੋਂ ਬਾਅਦ ਪਹਿਲੀ ਅਪਰੈਲ 1939 ਨੂੰ ਜਨਰਲ ਫਰੈਂਕੋ ਦੀ ਅਗਵਾਈ ਵਾਲ਼ੀ ਤਾਨਾਸ਼ਾਹੀ ਦੀ ਸਥਾਪਨਾ ਨਾਲ਼ ਜੰਗ ਖਤਮ ਹੋ ਗਈ।

ਜੰਗ ਨੇ ਪੂਰੀ ਦੁਨੀਆਂ ਦੇ ਲੋਕ ਪੱਖੀ ਹਲਕਿਆਂ ਵਿਚ ਹਮਦਰਦੀ ਦੀ ਲਹਿਰ ਪੈਦਾ ਕੀਤੀ ਸੀ ਅਤੇ ਰਿਪਬਲਿਕਨਾਂ ਦੀ ਹਿਫ਼ਾਜ਼ਤ ਲਈ ਬਣੀਆਂ ਕੌਮਾਂਤਰੀ ਬ੍ਰਿਗੇਡਾਂ ਵਿਚ ਭਾਰਤ ਸਮੇਤ ਕਈ ਦੇਸ਼ਾਂ 'ਚੋਂ ਸਵੈ-ਸੇਵਕਾਂ ਨੇ ਇਸ ਵਿਚ ਹਿੱਸਾ ਲਿਆ ਸੀ। ਇਸ ਘਟਨਾ ਨੇ ਵੱਡੀ ਗਿਣਤੀ ਵਿਚ ਲੇਖਕਾਂ, ਕਲਾਕਾਰਾਂ, ਅਦਾਕਾਰਾਂ, ਕਵੀਆਂ ਅਤੇ ਬੁੱਧੀਜੀਵੀਆਂ ਦਾ ਧਿਆਨ ਆਪਣੀ ਵੱਲ ਖਿੱਚਿਆ ਸੀ। ਜੰਗ ਵਿਚ ਭਾਵੇਂ ਲੋਕ ਪੱਖੀ ਤਾਕਤਾਂ ਦੀ ਹਾਰ ਹੋਈ ਸੀ ਪਰ ਇਸ ਵਿਚ ਸ਼ਾਮਲ ਹੋਣ ਵਾਲ਼ਿਆਂ 'ਚੋਂ ਬਹੁਗਿਣਤੀ ਦਾ ਜੀਵਨ ਬਦਲ ਕੇ ਰੱਖ ਦਿਤਾ ਸੀ ਅਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਬਾਕੀ ਹਿੱਸਾ ਲੋਕ ਲਹਿਰਾਂ ਦੇ ਲੇਖੇ ਲਾਇਆ ਸੀ।

ਇਸ ਜੰਗ ਵਿਚ ਕੌਮਾਂਤਰੀ ਬ੍ਰਿਗੇਡਾਂ ਵਿਚ ਵੱਡੀ ਗਿਣਤੀ ਵਿਚ ਮਜ਼ਦੂਰ ਰਿਪਬਲਿਕਨਾਂ ਅਤੇ ਸਪੇਨ ਦੇ ਲੋਕਾਂ ਦੀ ਹਮਾਇਤ ਨਿੱਤਰੇ ਸਨ, ਉਥੇ ਲੇਖਕਾਂ, ਕਲਾਕਾਰਾਂ, ਕਵੀਆਂ ਅਤੇ ਬੁੱਧੀਜੀਵੀਆਂ ਦੀ ਵੱਡੀ ਗਿਣਤੀ ਵੀ ਇਨ੍ਹਾਂ ਨਾਲ਼ ਮੋਢੇ ਨਾਲ਼ ਮੋਢਾ ਜੋੜ ਕੇ ਲੜੀ ਸੀ। ਇਨ੍ਹਾਂ ਵਿਚ ਜਾਰਜ ਔਰਵੈਲ, ਡਬਲਿਊ.ਐਚ. ਆਡਨ, ਅਰਨੈਸਟ ਹੈਮਿੰਗਵੇ, ਜੌਹਨ ਦੋਸ ਪਾਸੋ, ਡੋਰਥੀ ਪਾਰਕਰ ਜਿਹੇ ਲੇਖਕ, ਹੈਨਰੀ ਮੂਰ ਤੇ ਬੈਨ ਸ਼ਾਹਨ ਜਿਹੇ ਕਲਾਕਾਰ ਅਤੇ ਐਰੋਲ ਫਲਾਇਨ, ਪਾਲ ਰੌਬਿੰਸਨ, ਜੌਹਨ ਕਰਾਫੋਰਡ ਤੇ ਸ਼ਿਰਨੀ ਟੈਂਪਲ ਜਿਹੇ ਅਦਾਕਾਰ ਮੁੱਖ ਹਨ।



ਪਿਕਾਸੋ ਦੀ ਮਸ਼ਹੂਰ ਪੇਂਟਿੰਗ 'ਗੁਇਰਨਿਕਾ'

ਇਨ੍ਹਾਂ ਤੋਂ ਇਲਾਵਾ ਇਨ੍ਹਾਂ ਵਿਚ ਹਾਲੀਵੁਡ ਦੇ ਦੋ ਕਲਾਕਾਰ ਐਲਵਾ ਸਿਜ਼ਲ ਬੇਸੀ ਜਿਨ੍ਹਾਂ ਨੇ ਜੰਗ ਵਿਚ ਹਿੱਸਾ ਲਿਆ ਅਤੇ ਰਿੰਗ ਲੀਡਰ ਜੂਨੀਅਰ ਜਿਨ੍ਹਾਂ ਨੇ ਜੰਗ ਵਿਚ ਰਿਪਬਲਿਕਨਾਂ ਲਈ ਫੰਡ ਇਕੱਠੇ ਕਰਨ ਵਿਚ ਹਿੱਸਾ ਪਾਇਆ ਸੀ, ਵੀ ਸ਼ਾਮਲ ਸਨ। ਬਾਅਦ ਵਿਚ ਮੈਕਾਰਥੀ ਦੌਰ ਵੇਲੇ ਇਨ੍ਹਾਂ ਦੀ ਗਿਣਤੀ ਹਾਲੀਵੁੱਡ ਦੇ ਦਸਾਂ ਸੂਰਮਿਆਂ ਵਿਚ ਹੋਣੀ ਸੀ।

ਸਪੇਨ ਦੀ ਘਰੇਲੂ ਜੰਗ ਵਿਚ ਮਾਰਕਸਵਾਦ ਨੇ ਜਿਨ੍ਹਾਂ ਬੇਸ਼ਕੀਮਤੀ ਹੀਰਿਆਂ ਨੂੰ ਗੁਆਇਆ, ਉਨ੍ਹਾਂ ਵਿਚ 'ਸਟਡੀਜ਼ ਇਨ ਏ ਡਾਇੰਗ ਕਲਚਰ' ਅਤੇ 'ਇਲੂਜਨ ਐਂਡ ਰਿਐਲਟੀ' ਵਰਗੀਆਂ ਨਾਮੀ ਪੁਸਤਕਾਂ ਦੇ ਲੇਖਕ ਕ੍ਰਿਸਟੋਫਰ ਕਾਡਵੈੱਲ ਅਤੇ 'ਨਾਵਲ ਅਤੇ ਲੋਕ ਜੀਵਨ' ਦੇ ਲੇਖਕ ਰਾਲਫ਼ ਫਾਕਸ ਮੁੱਖ ਸਨ। ਇਸ ਤੋਂ ਇਲਾਵਾ ਇਨ੍ਹਾਂ ਵਿਚ ਬੁੱਧੀਜੀਵੀ, ਕਵੀ ਅਤੇ ਬਰਤਾਨੀਆ ਦੀ ਵਿਦਿਆਰਥੀ ਕਮਿਊਨਿਸਟ ਪਾਰਟੀ ਦੇ ਆਗੂ ਜੌਹਨ ਕਾਰਨਫੋਰਡ ਵੀ ਸ਼ਾਮਲ ਸਨ, ਜੋ ਆਪਣੇ 21ਵੇਂ ਜਨਮ ਦਿਨ ਮੌਕੇ ਇਸ ਜੰਗ ਵਿਚ ਸ਼ਹੀਦ ਹੋਏ ਸਨ। ਪ੍ਰਸਿੱਧ ਕਵੀ ਅਤੇ ਨਾਟਕਕਾਰ ਲੋਰਕਾ ਦੀ ਸ਼ਹੀਦੀ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਹੋ ਚੁੱਕੀ ਸੀ।

ਕਈ ਕਲਾਕਾਰਾਂ ਨੇ ਸਪੇਨ ਦੀ ਘਰੇਲੂ ਜੰਗ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ ਹੈ। ਨੋਬੇਲ ਇਨਾਮ ਜੇਤੂ ਲੇਖਕ ਅਰਨੈਸਟ ਹੈਮਿੰਗਵੇ ਨੇ ਐਂਬੂਲੈਂਸ ਦੇ ਡਰਾਇਵਰ ਵਜੋਂ ਸਪੇਨ ਦੀ ਘਰੇਲੂ ਜੰਗ ਵਿਚ ਸ਼ਿਰਕਤ ਕੀਤੀ ਸੀ। ਬਾਅਦ ਵਿਚ ਉਸ ਨੇ ਇਨ੍ਹਾਂ ਅਨੁਭਵਾਂ 'ਤੇ ਆਧਾਰਤ ਆਪਣਾ ਪ੍ਰਸਿੱਧ ਨਾਵਲ ਨਾਵਲ 'ਫਾਰ ਹੂਮ ਦਿ ਬੈੱਲ ਟੌਲਜ਼' ਲਿਖਿਆ ਸੀ। ਜਾਰਜ ਔਰਵੈੱਲ ਨੇ ਇਸ ਜੰਗ ਦੇ ਆਪਣੇ ਅਨੁਭਵ 'ਟ੍ਰਿਬਿਊਟ ਟੂ ਕੈਟਾਲੋਨੀਆ' ਨਾਂ ਦੀ ਰਚਨਾ ਵਿਚ ਪੇਸ਼ ਕੀਤੇ।

ਪ੍ਰਸਿਧ ਫੋਟੋਗ੍ਰਾਫਰ ਰੌਬਰਟ ਕਾਪਾ ਨੇ ਸਪੇਨ ਦੀ ਘਰੇਲੂ ਜੰਗ ਦੀਆਂ ਹਜ਼ਾਰਾਂ ਫੋਟੋਆਂ ਖਿੱਚੀਆਂ ਸਨ। ਪੰਜ ਸਤੰਬਰ 1936 ਨੂੰ ਉਨ੍ਹਾਂ ਆਪਣੀ ਪ੍ਰਸਿਧ ਫੋਟੋ 'ਲੌਇਲਿਸਟ ਮਿਲੀਸ਼ਿਆਮੈਨ ਐਟ ਦੀ ਮੂਮੈਂਟ ਆਫ਼ ਡੈੱਥ' ਖਿੱਚੀ ਸੀ ਜਿਸ ਨੇ ਫੋਟੋਗ੍ਰਾਫੀ ਦੇ ਇਤਿਹਾਸ ਵਿਚ ਦਰਜ ਹੋਣਾ ਸੀ।

ਜੰਗ ਦੌਰਾਨ ਰਿਪਬਲੀਕਨਾਂ ਲਈ ਹਮਾਇਤ ਜੁਟਾਉਣ ਲਈ ਪ੍ਰਸਿਧ ਫ਼ਿਲਮਕਾਰ ਲੂਈਸ ਬੁਨੇਲ ਨੇ 1937 ਵਿਚ 'ਇਸਪੈਨੀਆ 1936' ਨਾਂ ਦੀ ਦਸਤਾਵੇਜ਼ੀ ਫ਼ਿਲਮ ਬਣਾਈ ਸੀ। 1942 ਵਿਚ ਬਣੀ ਫ਼ਿਲਮ ਕਾਸਾਬਲਾਂਕਾ (1942) ਵਿਚ ਫ਼ਿਲਮ ਦਾ ਨਾਇਕ ਰਿਕ ਸਪੇਨ ਦੀ ਘਰੇਲੂ ਜੰਗ ਵਿਚ ਰਿਪਬਲਿਕਨਾਂ ਵੱਲੋਂ ਲੜਿਆ ਹੋਇਆ ਹੈ।



ਸਪੇਨ ਦੀ ਘਰੇਲੂ ਜੰਗ ਵਿਚ ਹਿੱਸਾ ਲੈਣ ਵਾਲੇ ਰਿਪਬਲੀਕਨ।

ਹਾਰ ਤੋਂ ਬਾਅਦ ਉਸ ਵਿਚ ਨਿਰਾਸ਼ਾ ਆ ਜਾਂਦੀ ਹੈ। ਫ਼ਿਲਮ ਦੇ ਅੰਤ ਵਿਚ ਉਸ ਨੂੰ ਦੂਜੀ ਸੰਸਾਰ ਜੰਗ ਵਿਚ ਸ਼ਾਮਲ ਹੋਣ ਜਾਂਦਾ ਦਿਖਾਇਆ ਗਿਆ ਹੈ। ਲੈਂਡ ਐਂਡ ਫਰੀਡਮ (1995) ਸਪੇਨ ਦੀ ਘਰੇਲੂ ਜੰਗ ਨੂੰ ਬਰਤਾਨਵੀ ਸਵੈ-ਸੇਵਕ ਦੀਆਂ ਨਜ਼ਰਾਂ ਰਾਹੀਂ ਪੇਸ਼ ਕੀਤਾ ਗਿਆ ਹੈ।

ਚਿੱਤਰਕਾਰ ਸਲਵਾਡੋਰ ਡਾਲੀ ਨੇ ਭਾਵੇਂ ਫਰਾਂਕੋ ਦੀ ਹਮਾਇਤ ਕੀਤੀ ਸੀ ਪਰ ਜੰਗ ਦੇ ਲੋਕਾਂ ਤੇ ਪੈਣ ਵਾਲ਼ੇ ਮਾੜੇ ਪ੍ਰਭਾਵਾਂ ਕਾਰਨ ਉਸ ਨੇ ਸ਼ਰੇਆਮ ਜੰਗ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦੇ ਆਪਣੀ ਰਚਨਾ 'ਸੈਲਫ ਕੰਸਟਰਕਸ਼ਨ ਵਿਦ ਬੌਇਲਡ ਵੀਨਜ਼' (1936) ਰਾਹੀਂ ਆਪਣਾ ਵਿਰੋਧ ਦਰਜ ਕੀਤਾ ਸੀ। ਚਿੱਤਰਕਾਰ ਜੌਹਨ ਮੀਰੋ ਨੇ 1938 ਵਿਚ 'ਬਲੈਕ ਐਂਡ ਰੈੱਡ ਲੜੀ' ਦੇ ਤਹਿਤ ਅੱਠ ਛੋਟੇ ਚਿੱਤਰ ਬਣਾ ਕੇ ਆਪਣੀ ਪੀੜ ਦਾ ਇਜ਼ਹਾਰ ਕੀਤਾ ਸੀ।

ਜੰਗ ਸਬੰਧੀ ਸ਼ਾਇਦ ਹੀ ਕਿਸੇ ਰਚਨਾ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਹੋਵੇ, ਜਿੰਨਾ ਪਿਕਾਸੋ ਦੇ 1937 ਵਿਚ ਬਣਾਏ 'ਗੁਇਰਨਿਕਾ' ਨਾਮੀ ਚਿੱਤਰ ਨੇ ਖਿੱਚਿਆ ਹੈ। ਪਿਕਾਸੋ ਦੀ ਇਹ ਰਚਨਾ 26 ਅਪਰੈਲ 1937 ਨੂੰ ਜਰਮਨ ਅਤੇ ਇਤਾਲਵੀ ਹਵਾਈ ਹਮਲੇ ਵਿਚ ਸਪੇਨ ਦੇ ਗੁਇਰਨਿਕਾ ਸ਼ਹਿਰ ਦੀ ਹੋਈ ਤਬਾਹੀ ਦੇ ਮੰਜ਼ਰ ਨੂੰ ਪੇਸ਼ ਕਰਦੀ ਹੈ। ਇਹਨੇ ਨਾ ਸਿਰਫ਼ ਸਾਮਰਾਜੀ ਜੰਗ ਦੁਆਰਾ ਆਮ ਲੋਕਾਂ ਦੇ ਕੀਤੇ ਗਏ ਘਾਣ ਨੂੰ ਹੀ ਪੇਸ਼ ਕੀਤਾ ਹੈ ਸਗੋਂ ਇਹ ਨਹੱਕੀਆਂ ਜੰਗਾਂ ਦੇ ਵਿਰੋਧ ਦਾ ਪ੍ਰਤੀਬਿੰਬ ਵੀ ਬਣ ਗਈ। ਜੰਗ ਦੌਰਾਨ ਹੀ ਲੋਕ ਪੱਖੀ ਤਾਕਤਾਂ ਵਲੋਂ ਫਾਸ਼ੀਵਾਦੀਆਂ ਦੇ ਖਿਲਾਫ਼ ਲੋਕ ਰਾਏ ਬਣਾਉਣ ਲਈ 1937 ਵਿਚ ਇਸ ਨੂੰ ਪੂਰੀ ਦੁਨੀਆਂ ਵਿਚ ਘੁਮਾਇਆ ਗਿਆ ਸੀ। 'ਗੁਇਰਨਿਕਾ' ਯੁੱਧ ਨਾਲ਼ ਪੀੜਤ ਲੋਕਾਂ, ਪਸ਼ੂਆਂ ਅਤੇ ਇਮਾਰਤਾਂ ਨੂੰ ਦਰਸਾਉਂਦੀ ਹੈ।

ਸਮੁੱਚਾ ਦ੍ਰਿਸ਼ ਇਕ ਕਮਰਾ ਹੈ ਜਿਸ ਦੇ ਖੱਬੇ ਪਾਸੇ ਦੇ ਖੁੱਲ੍ਹੇ ਸਿਰੇ 'ਤੇ ਇਕ ਮਾਂ ਆਪਣੇ ਮ੍ਰਿਤਕ ਬੇਟੇ ਨੂੰ ਆਪਣੇ ਹੱਥਾਂ ਵਿਚ ਚੁੱਕੀ ਹੋਈ ਹੈ ਅਤੇ ਉਸ ਤੇ ਇਕ ਵੱਡੀਆਂ ਅੱਖਾਂ ਵਾਲ਼ਾ ਸਾਨ ਖੜ੍ਹਾ ਹੈ। ਕੇਂਦਰ ਵਿਚ ਜਖ਼ਮੀ ਹੋ ਕੇ ਡਿੱਗ ਰਿਹਾ ਘੋੜਾ ਹੈ। ਘੋੜੇ ਦਾ ਵੱਡਾ ਜ਼ਖ਼ਮ ਪੇਂਟਿੰਗ ਦਾ ਮੁੱਖ ਕੇਂਦਰ ਹੈ। ਘੋੜੇ ਦੇ ਹੇਠਾਂ ਮਰ ਰਿਹਾ ਸਿਪਾਹੀ ਹੈ।

ਦੂਜੀ ਸੰਸਾਰ ਜੰਗ ਮੌਕੇ ਪਿਕਾਸੋ ਪੈਰਿਸ ਦੇ ਨਾਜ਼ੀਆਂ ਦੇ ਕਬਜ਼ੇ ਵਾਲ਼ੇ ਹਿੱਸੇ ਵਿਚ ਰਹਿ ਰਹੇ ਸਨ। ਇਕ ਫਾਸੀਵਾਦੀ ਗੈਸਟਾਪੋ ਅਫ਼ਸਰ ਨੇ ਜਦ ਪਿਕਾਸੋ ਨੂੰ ਉਸ ਦੇ ਕਮਰੇ ਅੰਦਰ ਟੰਗੀ ਗੁਰਨਿਕਾ ਦੀ ਤਸਵੀਰ ਸਬੰਧੀ ਪੁੱਛਿਆ ਸੀ: "ਇਹ ਤੁਸੀਂ ਬਣਾਇਆ ਹੈ?" "ਨਹੀਂ ਤੁਸੀਂ।" ਪਿਕਾਸੋ ਦਾ ਜੁਆਬ ਸੀ। 1968 ਵਿਚ ਫਰੈਂਕੋ ਨੇ ਇਸ ਪੇਂਟਿੰਗ ਨੂੰ ਸਪੇਨ ਨੂੰ ਦੇਣ ਲਈ ਕਿਹਾ ਤਾਂ ਪਿਕਾਸੋ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਜਦ ਤੱਕ ਸਪੇਨ ਦੇ ਲੋਕ ਗਣਤੰਤਰ ਨਹੀਂ ਮਾਣ ਲੈਂਦੇ ਉਹ ਇਸ ਨੂੰ ਸਪੇਨ ਨਹੀਂ ਜਾਣ ਦੇਣਗੇ।

ਦੋ ਫਰਵਰੀ 2003 ਨੂੰ ਜਦ ਅਮਰੀਕਾ ਦੇ ਹਾਕਮ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੇ ਬਾਹਰ ਪ੍ਰੈੱਸ ਨੂੰ ਇਰਾਕ ਦੇ ਖਿਲਾਫ਼ ਜੰਗ ਦੇ ਹੱਕ ਵਿਚ ਦਲੀਲਾਂ ਦੇ ਰਹੇ ਸਨ, ਤਾਂ ਪਿੱਠ ਭੂਮੀ ਵਿਚ ਦੀਵਾਰ 'ਤੇ ਗੁਇਰਨਿਕਾ ਦੀ ਨਕਲ ਟੰਗੀ ਹੋਈ ਸੀ, ਜਿਸ ਨੂੰ ਸੰਯੁਕਤ ਰਾਸ਼ਟਰ ਦੇ ਅਧਿਕਾਰੀਆਂ ਨੇ ਅਮਰੀਕੀ ਸਰਕਾਰ ਦੇ ਦਬਾਅ ਹੇਠ ਪਰਦੇ ਨਾਲ਼ ਕੱਜ ਦਿੱਤਾ ਸੀ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਮਈ 2018** ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-323



ਲੈ-ਦੇ ਕੇ ਕੁਝ ਨਹੀਂ ਬਚਦਾ ਭਾਊ, ਲੱਖ ਔਕੜਾਂ ਝੱਲ ਕੇ ਕਰੀਏ ਖੇਤੀ।
ਕਿਸਾਨਾਂ ਸਿਰ ਰਹਿ ਗਿਆ ਕਰਜਾ, ਹੁਣ ਖੇਤੀ ਰਹਿ ਗਈ ਕਰਮਾਂ ਸੇਤੀ।

## ਕੈਪਸ਼ਨ ਮੁਕਾਬਲਾ-321



ਬੰਨ੍ਹ ਚਾਦਰੇ, ਪਾ ਜੈਕਟਾਂ
ਸਿਰਾਂ 'ਤੇ ਦਸਤਾਰ ਸਜਾਈਏ।
ਜਿੰਨੇ ਨਿੱਕੇ, ਓਨੇ ਤਿੱਖੇ
ਪਾਰ ਸਮੁੰਦਰੋਂ ਭੰਗੜੇ ਪਾਈਏ।
*-ਜਗਮੀਤ ਸਿੰਘ ਪੰਧੇਰ*

---

ਵਿਸਾਖੀ ਮੇਲਾ ਆ ਗਿਆ
ਚੜ੍ਹਿਆ ਸਾਨੂੰ ਸਰੂਰ।
ਸੱਤ ਸਮੁੰਦਰੋਂ ਭਾਵੇਂ ਪਾਰ ਹਾਂ
ਪਰ ਦਿਲੋਂ ਨਾ ਜੜ੍ਹਾਂ ਤੋਂ ਦੂਰ।
ਜਾਗ ਨਿੱਕਿਆਂ ਨੂੰ ਲਾ ਲਿਆ
ਭੰਗੜਾ ਪਾਊ ਹੁਣ ਨਵਾਂ ਪੂਰ।
*-ਦਵਿੰਦਰ ਕੌਰ*

---

ਨੀਲੀਆਂ-ਕਾਲੀਆਂ ਤੇੜ ਚਾਦਰਾਂ
ਤੁਰਲੇ ਵਾਲੀਆਂ ਸਿਰ 'ਤੇ ਪੱਗਾਂ।
ਮੇਲਵੀਆਂ ਗਲ ਪਾਈਆਂ ਜੈਕਟਾਂ
ਵਿਚ ਪਿੜ ਦੇ ਨਾ ਕਰਦੇ ਸੰਗਾਂ।
ਖਿਰਕਣ ਢੋਲ ਦੀ ਤਾਲ ਦੇ ਉਤੇ
ਪਾਉਂਦੇ ਭੜਥੂ ਲਾਉਂਦੇ ਅੱਗਾਂ।
ਨਵੀਂ ਪਨੀਰੀ ਪੁੰਗਰਨ ਲੱਗੀ
ਸ਼ਾਲਾ! ਜੀਵਣ ਰੱਬ ਦੀਆਂ ਰੱਖਾਂ।
*-ਸੇਵਾ ਸਿੰਘ ਨੂਰਪੁਰੀ, ਸੈਨ ਹੋਜੇ*

---

ਆ ਬਈ ਯਾਰਾ ਭੰਗੜਾ ਪਾਈਏ
ਵਿਸਾਖੀ ਦੇ ਜਸ਼ਨ ਮਨਾਈਏ।
ਨਾਨਕਿਆਂ ਤੇ ਦਾਦਕਿਆਂ ਦਾ
ਵਿਚ ਪਰਦੇਸਾਂ ਮਾਣ ਵਧਾਈਏ।
ਪੰਜਾਬੀ ਬੋਲੀ ਭੁੱਲ ਨਾ ਜਾਈਏ
ਵਿਚ ਪਰਦੇਸਾਂ ਸ਼ਾਨ ਵਧਾਈਏ।
*-ਠਾਕਰ ਸਿੰਘ ਬਸਾਤੀ, ਸ਼ਿਕਾਗੋ*

---

ਭੰਗੜਾ ਪਾਉਣਾ ਸ਼ੌਕ ਪੰਜਾਬੀ
ਭੰਗੜੇ ਦੇ ਦੀਵਾਨੇ ਲੋਕ ਪੰਜਾਬੀ।
ਸ਼ਾਨਾਂ ਮੱਤਾ ਵਿਰਸਾ ਪੰਜਾਬ ਦਾ
ਦੁਨੀਆਂ ਵਿਚ ਵੱਖਰੀ ਟੌਰ੍ਹ ਪੰਜਾਬੀ।
ਬੇਮਿਸਾਲੀ ਸ਼ਾਨ ਦੇ ਮਾਲਕ
ਜਿੱਥੇ ਵੀ ਰਹਿੰਦੇ ਲੋਕ ਪੰਜਾਬੀ।
*-ਪੋਰਿੰਦਰ ਸਿੰਗਲਾ ਢਪਾਲੀ, ਬਠਿੰਡਾ*

---

ਲੁੱਡੀਆਂ ਪਾਉਂਦੇ ਬਚਪਨ ਨੂੰ
ਮੈਂ ਕਿੰਜ ਸਮਝਾਵਾਂ।
ਵਿਸਾਖੀ ਮੇਲਾ ਆਮ ਨਹੀਂ
ਇਹ ਇੱਕ ਅਹਿਦਨਾਵਾਂ।
ਦਸਮ ਪਿਤਾ ਗੋਬਿੰਦ ਦੇ
ਤੁਸੀਂ ਰਾਜ ਦੁਲਾਰੇ।
ਜ਼ੁਲਮ ਦੀ ਹਨੇਰੀ ਰੋਕਣੀ
ਅੱਜ ਵਕਤ ਪੁਕਾਰੇ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ*

---

ਵਿਸਾਖੀ ਦੀਆਂ ਉਠੀਆਂ ਲਹਿਰਾਂ
ਫੈਲੀਆਂ ਵਿਚ ਪੂਰੇ ਸੰਸਾਰ।
ਸਦਕੇ ਜਾਵਾਂ ਸੁਹਿਰਦ ਮਾਂਵਾਂ ਦੇ
ਜਿਉਂਦਾ ਰੱਖਿਆ ਸਭਿਆਚਾਰ।
ਰਹਿਣ ਸਦਾ ਚੜ੍ਹਦੀ ਕਲਾ 'ਚ
ਭੰਗੜੇ ਲਈ ਹਰਦਮ ਤਿਆਰ।
*-ਅਮਰਜੀਤ ਸਿੰਘ ਤੂਰ*

---

ਨੱਚ-ਟੱਪ ਲਓ, ਭੰਗੜਾ ਪਾ ਲਓ
ਗਿੱਧਾ ਪਾ ਲਓ, ਆਈ ਵਿਸਾਖੀ।
ਕਿਸਾਨਾਂ ਦੇ ਚਿਹਰਿਆਂ 'ਤੇ ਨੂਰ
ਕਣਕਾਂ ਪਾਲੀਆਂ ਕਰ ਕੇ ਰਾਖੀ।
ਭਾਵੇਂ ਬਦਲ ਰਿਹਾ ਸਭ ਕੁਝ
ਖਾਲਸੇ ਦਾ ਜਨਮ ਦਿਨ ਵਿਸਾਖੀ।
ਪਿਰਤਾਂ ਪਈਆਂ, ਸੋਹਲੇ ਗਾਉਂਦੀ
ਗੁਰੂ ਗੋਬਿੰਦ ਸਿੰਘ ਦੀ ਸਾਖੀ।
*-ਜਗਜੀਤ ਕੌਰ ਤੂਰ, ਚੰਡੀਗੜ੍ਹ।*

---

ਆਉਂਦਾ ਮੌਸਮੀ ਮੇਲਾ ਵਿਸਾਖੀ
ਝੂਮਦਾ ਸਾਰਾ ਬ੍ਰਹਿਮੰਡ।
ਨਵੀਆਂ ਕਰੂੰਬਲਾਂ ਫੁੱਟਦੀਆਂ
ਨਵੇਂ ਸਗੂਫੇ ਖੋਲ੍ਹਦੇ ਘੁੰਡ।
ਵਿਰਸਾ ਸਾਡਾ ਰਾਹ ਦਰਸਾਊ
ਸੁਨਹਿਰੀ ਕਣਕਾਂ ਦੀ ਕਟਾਈ।
ਨੱਚਦਾ ਸਾਡਾ ਸਭਿਆਚਾਰ
ਨਹੀਂ ਰੀਸ ਹੈ ਇਸ ਦੀ ਕਾਈ।
*-ਦਰਸ਼ਨਪਾਲ ਦੋਸਾਂਝ*

---

ਜੋੜੀ ਰਹੇ ਸਲਾਮਤ ਇਹ
ਪਾਉਣੀਆਂ ਭੰਗੜੇ ਵਿਚ ਧਮਾਲਾਂ।
ਜਿਉਂਦੇ ਰਹਿਣ ਮਾਪੇ ਉਹ
ਦੇਣ ਖਾਲਸੇ ਦੀਆਂ ਮਿਸਾਲਾਂ।
ਝੂਲਦੇ ਰਹਿਣ ਅੰਬਰੀਂ ਨਿਸ਼ਾਨ।
ਉਚਾ ਰਹੇ ਸਿੱਖੀ ਦਾ ਮੁਕਾਮ।
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਅੰਮ੍ਰਿਤਸਰ ਤੋਂ ਬਰਮਿੰਘਮ ਉਡਾਣਾਂ ਵਿਚ ਵਾਧਾ

**ਅੰਮ੍ਰਿਤਸਰ:** ਅੰਮ੍ਰਿਤਸਰ ਤੋਂ ਬਰਮਿੰਘਮ ਲਈ ਸ਼ੁਰੂ ਹੋਈ ਸਿੱਧੀ ਉਡਾਣ ਨੂੰ ਯਾਤਰੀਆਂ ਦੇ ਲਗਾਤਾਰ ਮਿਲ ਰਹੇ ਭਾਰੀ ਸਹਿਯੋਗ ਸਦਕਾ ਇਸ ਉਡਾਣ ਨੂੰ ਹਫਤੇ ਵਿਚ 2 ਦਿਨ ਦੀ ਬਜਾਏ ਮਈ ਮਹੀਨੇ ਤੋਂ ਹਫਤੇ ਵਿਚ 3 ਦਿਨ ਚਲਾਇਆ ਜਾ ਰਿਹਾ ਹੈ ਅਤੇ ਇਸ ਦੀ ਟਿਕਟ ਬੁਕਿੰਗ ਸ਼ੁਰੂ ਹੋ ਗਈ ਹੈ।

ਅੰਮ੍ਰਿਤਸਰ ਵਿਕਾਸ ਮੰਚ ਦੇ ਕਾਰਜਕਾਰੀ ਮੈਂਬਰ ਯੋਗੇਸ਼ ਕਾਮਰਾ ਨੇ ਦੱਸਿਆ ਕਿ ਨਵੀਂ ਸ਼ੁਰੂ ਹੋ ਰਹੀ ਇਹ ਤੀਜੀ ਉਡਾਣ 787 ਡ੍ਰੀਮਲੈਂਡ ਹਰ ਸਨਿਚਰਵਾਰ ਨੂੰ ਸਵੇਰੇ 1:55 'ਤੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ ਤੋਂ ਰਵਾਨਾ ਹੋਵੇਗੀ ਜੋ ਅਗਲੇ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਬਰਮਿੰਘਮ ਤੋਂ ਵਾਪਸ ਅੰਮ੍ਰਿਤਸਰ ਦੇ ਹਵਾਈ ਅੱਡੇ ਉਤੇ ਪੁੱਜੇਗੀ।

ਏਅਰ ਇੰਡੀਆ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਉਡਾਣ ਹਫਤੇ ਵਿਚ 2 ਦਿਨ ਅੰਮ੍ਰਿਤਸਰ ਤੋਂ ਬਰਮਿੰਘਮ ਦਰਮਿਆਨ ਸਿੱਧੀ ਚੱਲਦੀ ਹੈ ਅਤੇ ਇਹ ਦੋਵੇਂ ਦਿਨ ਇਥੋਂ ਭਰੀ ਜਾਂਦੀ ਹੈ। ਖਾਸ ਕਰ ਕੇ ਵਪਾਰਕ ਸ਼੍ਰੇਣੀ 'ਚ ਇਸ ਦੀਆਂ ਸੀਟਾਂ ਪੂਰੀ ਤਰ੍ਹਾਂ ਭਰੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਇਸ ਉਡਾਣ ਨੂੰ ਹਫਤੇ ਵਿਚ 7 ਦਿਨ ਕਰਨ ਲਈ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਕੋਲ ਮੰਗ ਰੱਖੀ ਗਈ ਹੈ। ਜੇਕਰ ਇਹ ਉਡਾਣ ਹਫਤੇ ਵਿਚ ਸੱਤ ਦਿਨ ਚੱਲਦੀ ਹੈ ਤਾਂ ਇਥੋਂ ਫਲ, ਸਬਜ਼ੀਆਂ ਅਤੇ ਫੁੱਲ ਵੀ ਇਸ ਉਡਾਣ ਰਾਹੀਂ ਜਾ ਸਕਦੇ ਹਨ ਜਿਸ ਨਾਲ ਪੰਜਾਬ ਤੋਂ ਇਲਾਵਾ ਇਸ ਦੇ ਨਾਲ ਲੱਗਦੇ ਸੂਬਿਆਂ ਦੇ ਵਪਾਰ ਨੂੰ ਹੁਲਾਰਾ ਮਿਲੇਗਾ ਅਤੇ ਕਾਰਗੋ ਤੋਂ ਹੋਣ ਵਾਲੀ ਆਮਦਨ ਨਾਲ ਅੰਮ੍ਰਿਤਸਰ ਦਾ ਇਸ ਹਵਾਈ ਅੱਡੇ ਦੇ ਵਿੱਤੀ ਨੁਕਸਾਨ 'ਚ ਕਮੀ ਆਏਗੀ।

# ਪਾਕਿਸਤਾਨ 'ਚ ਵਿਸਾਖੀ ਮਨਾ ਕੇ ਵਤਨ ਪਰਤਿਆ ਸਿੱਖ ਜਥਾ

**ਅਟਾਰੀ:** ਪਾਕਿਸਤਾਨ ਸਥਿਤ ਗੁਰਦੁਆਰਾ ਪੰਜਾ ਸਾਹਿਬ (ਹਸਨ ਅਬਦਾਲ) ਵਿਖੇ ਵਿਸਾਖੀ ਮਨਾਉਣ ਅਤੇ ਗੁਰਧਾਮਾਂ ਦੀ ਯਾਤਰਾ ਉਤੇ ਗਿਆ ਭਾਰਤੀ ਸ਼ਰਧਾਲੂਆਂ ਦਾ ਜਥਾ ਵਤਨ ਪਰਤ ਆਇਆ। ਸਿੱਖ ਸ਼ਰਧਾਲੂਆਂ ਦਾ 1795 ਮੈਂਬਰੀ ਜਥਾ ਲਾਹੌਰ ਤੋਂ ਵਿਸ਼ੇਸ਼ ਰੇਲ ਗੱਡੀਆਂ ਰਾਹੀਂ ਵਤਨ ਪਰਤਿਆ। ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ ਨੇ ਕਿਹਾ ਕਿ ਪੰਜਾ ਸਾਹਿਬ ਵਿਖੇ 14 ਅਪਰੈਲ ਨੂੰ ਕਰਵਾਏ ਸਮਾਗਮ ਦੌਰਾਨ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਭਾਰਤੀ ਸਿੱਖ ਸ਼ਰਧਾਲੂਆਂ ਨੂੰ ਵੱਧ ਤੋਂ ਵੱਧ ਵੀਜ਼ੇ ਦੇਣ ਦੇਣ ਦੀ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਉਤਸਵ ਵੱਡੇ ਪੱਧਰ 'ਤੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਔਕਾਫ ਬੋਰਡ, ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਦੇ ਘੱਟ ਗਿਣਤੀਆਂ ਨਾਲ ਸਬੰਧਤ ਮੰਤਰੀ ਅਤੇ ਐਮ.ਐਨ.ਏ. (ਮੈਂਬਰ ਨੈਸ਼ਨਲ ਅਸੈਂਬਲੀ) ਰਮੇਸ਼ ਸਿੰਘ ਅਰੋੜਾ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਭਾਰਤ ਆਉਣ ਦਾ ਸੱਦਾ ਦਿੱਤਾ ਹੈ।

ਦਿੱਲੀ ਵਾਸੀ ਇਕ ਸ਼ਰਧਾਲੂ ਨੇ ਦੱਸਿਆ ਕਿ ਗੁਰਦੁਆਰਾ ਪੰਜਾ ਸਾਹਿਬ ਅਤੇ ਡੇਹਰਾ ਸਾਹਿਬ ਵਿਖੇ ਮਨਾਏ ਗਏ ਸਮਾਗਮਾਂ ਮੌਕੇ ਅਮਰੀਕੀ ਸਿੱਖ ਆਗੂ ਪ੍ਰਿਤਪਾਲ ਸਿੰਘ, ਅਵਤਾਰ ਸਿੰਘ ਸੰਘੇੜਾ ਅਤੇ ਪਾਕਿਸਤਾਨ ਕਮੇਟੀ ਦੇ ਆਗੂ ਗੋਪਾਲ ਸਿੰਘ ਚਾਵਲਾ ਦੀ ਅਗਵਾਈ ਹੇਠ ਸਟੇਜ ਉਤੇ ਕਬਜ਼ਾ ਕਰ ਕੇ 'ਰਾਇਸ਼ੁਮਾਰੀ-2020 ਸਬੰਧੀ ਪ੍ਰਚਾਰ ਕੀਤਾ, ਖਾਲਿਸਤਾਨ ਦੇ ਨਾਅਰੇ ਲਗਾਏ ਤੇ ਪ੍ਰਚਾਰ ਸਮੱਗਰੀ ਵੰਡੀ।

# ਅਕਾਲੀ ਆਗੂ ਪਵਿੰਦਰ ਸਿੰਘ ਜੌਹਲ ਸੁਰਗਵਾਸ

**ਕੈਂਟ, ਵਾਸ਼ਿੰਗਟਨ (ਬਿਊਰੋ):** ਉਘੇ ਅਕਾਲੀ ਆਗੂ ਪਵਿੰਦਰ ਸਿੰਘ ਜੌਹਲ ਦਾ ਇਥੇ ਲੰਘੇ ਦਿਨੀਂ ਦਿਹਾਂਤ ਹੋ ਗਿਆ। ਕਰੀਬ 71 ਸਾਲਾ ਸ. ਜੌਹਲ ਪਿੰਡ ਕਰੀਹਾ, ਜਿਲ੍ਹਾ ਨਵਾਂ ਸ਼ਹਿਰ ਤੋਂ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮਾਰਲਟ ਫਿਊਨਰਲ ਹੋਮ, ਕੈਂਟ ਸਿਟੀ ਵਿਖੇ ਹੋਇਆ ਜਿਥੇ ਉਨ੍ਹਾਂ ਦਾ ਪਰਿਵਾਰ, ਰਿਸ਼ਤੇਦਾਰ, ਦੋਸਤ-ਮਿੱਤਰ ਲੋਕਲ ਭਾਈਚਾਰਾ ਤੇ ਹਮਦਰਦ ਵੱਡੀ ਗਿਣਤੀ ਵਿਚ ਪਹੁੰਚੇ।



ਸਵਰਗੀ ਜੌਹਲ ਸਾਬਕਾ ਵਿਧਾਇਕ ਸ. ਜਤਿੰਦਰ ਸਿੰਘ ਕਰੀਹਾ ਦੀ ਸੱਜੀ ਬਾਂਹ ਸਮਝੇ ਜਾਂਦੇ ਸਨ। ਉਹ ਦੋਆਬਾ ਮਿਲਕ ਪਲਾਂਟ ਸੰਸਥਾ ਦੇ ਡਾਇਰੈਕਟਰ ਅਤੇ ਨਵਾਂ ਸ਼ਹਿਰ ਮਾਰਕੀਟ ਕਮੇਟੀ ਦੇ ਪ੍ਰਧਾਨ ਵੀ ਰਹੇ। ਉਹ 1980 ਤੋਂ 2015 ਤੱਕ ਯੂਬਾ ਸਿਟੀ (ਕੈਲੀਫੋਰਨੀਆ) ਰਹੇ ਅਤੇ ਕੁਝ ਸਮਾਂ ਇੱਥੋਂ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਵੀ ਰਹੇ।

ਫਿਊਨਰਲ ਹੋਮ ਵਿਚ ਸ਼ਰਧਾਂਜਲੀਆਂ ਭੇਟ ਕਰਨ ਵਾਲਿਆਂ 'ਚ ਉਨ੍ਹਾਂ ਦੇ ਨਜ਼ਦੀਕੀ ਸਾਥੀ ਹਰਜਿੰਦਰ ਸਿੰਘ ਨਗੋਕੇ ਅਤੇ ਸਰਵਣ ਸਿੰਘ ਕੈਲੀਫੋਰਨੀਆ ਨੇ ਉਨ੍ਹਾਂ ਦੇ ਜੀਵਨ ਅਤੇ ਪ੍ਰਾਪਤੀਆਂ 'ਤੇ ਪੰਛੀ ਝਾਤ ਪਾਈ। ਅੰਤਿਮ ਅਰਦਾਸ ਗੁਰਦੁਆਰਾ ਸੱਚਾ ਮਾਰਗ, ਔਬਰਨ ਵਿਖੇ ਹੋਈ ਜਿਥੇ ਭਾਈ ਕੁਲਵਿੰਦਰ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ।

ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ. ਹਰਸ਼ਿੰਦਰ ਸਿੰਘ ਸੰਧੂ ਨੇ ਕਿਹਾ ਕਿ ਸ. ਪਵਿੰਦਰ ਸਿੰਘ ਜੌਹਲ ਬਹੁਤ ਹੀ ਮਿਹਨਤੀ, ਨੇਕ, ਜਿੰਦਾ ਦਿਲ ਅਤੇ ਮਾਣਮੱਤੇ ਇਨਸਾਨ ਸਨ। ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਦੇ ਸਪੁੱਤਰ ਹਰਜੀਤ ਸਿੰਘ ਕਰੀਹਾ ਦੀ ਦਸਤਾਰਬੰਦੀ ਦੀ ਰਸਮ ਵੀ ਕੀਤੀ ਗਈ। ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਵਲੋਂ ਭੇਜਿਆ ਸੁਨੇਹਾ ਪੜ੍ਹ ਕੇ ਸੁਣਾਇਆ ਗਿਆ।


## Michigan Truck Driving School

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



## TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:

ਫੋਨ: 832-512-7172

580-447-9366



## Friends Of Punjab Foundation




ਤੁਹਾਡੇ ਬਚਪਨ ਦੀਆਂ ਯਾਦਾਂ ਸਾਂਭੀ ਬੈਠੇ ਪਿੰਡ ਦੇ ਗਰੀਬ ਲੋਕ ਮਦਦ ਲਈ ਤੁਹਾਡੇ ਵੱਲ ਝਾਕ ਰਹੇ ਹਨ

ਮੇਰਾ ਪਿੰਡ

ਸਾਡੇ ਪਿੰਡਾਂ (ਮੇਰਾ ਪਿੰਡ) ਦੇ ਜ਼ਿੰਦਗੀ ਨਾਲ ਜੂਝ ਰਹੇ ਗਰੀਬ ਪਰਿਵਾਰਾਂ ਲਈ ਤੁਹਾਡੀ ਮਦਦ ਕੀ ਕਰ ਸਕਦੀ ਹੈ?

*ਹੁਸ਼ਿਆਰ ਬੱਚਿਆਂ ਲਈ ਉਚੇਰੀ ਸਿੱਖਿਆ
*ਵਿਧਵਾ ਔਰਤਾਂ, ਜਿਨ੍ਹਾਂ ਨੂੰ ਦਿਹਾੜੀ ਕਰਨ ਅਤੇ ਛੋਟੇ ਛੋਟੇ ਬਾਲਾਂ ਦੀ ਸੰਭਾਲ ਵਿਚੋਂ ਇਕ ਨੂੰ ਚੁਣਨਾ ਪੈਂਦਾ ਹੈ, ਲਈ ਮਾਲੀ ਮਦਦ
*ਤਰਸ ਦਾ ਪਾਤਰ ਬਣੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਕਾਰਾ ਲੋਕਾਂ ਲਈ ਮਦਦ
*ਮਾੜੀ ਸਿਹਤ ਤੇ ਪੈਸੇ ਦੀ ਤੰਗੀ ਨਾਲ ਜੂਝ ਰਹੇ ਸੰਤਾਨਹੀਣ ਬਜ਼ੁਰਗਾਂ ਲਈ ਆਸਰਾ
*ਉਨ੍ਹਾਂ ਛੋਟੇ ਕਿਸਾਨਾਂ ਲਈ ਮਦਦ, ਜੋ ਆਪਣੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਅਤੇ ਜ਼ਿੰਦਗੀ ਨੂੰ ਅੱਗੇ ਤੋਰਨ ਦੇ ਅਸਮਰਥ ਹਨ।

ਕੁਝ ਪਿੰਡਾਂ ਦੇ ਕਈ ਅਜਿਹੇ ਪਰਿਵਾਰ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਆਪਣੇ ਪਿੰਡ ਦੇ ਪਰਵਾਸੀਆਂ ਤੋਂ ਮਦਦ ਮਿਲ ਰਹੀ ਹੈ। ਹੋਰ ਕਈਆਂ ਨੂੰ ਜਲਦ ਹੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਮਿਲਣ ਲੱਗੇਗੀ।

ਆਪਣਾ ਪਿੰਡ ਅਪਨਾਓ, ਅਸੀਸਾਂ ਪਾਓ।

ਫਾਊਂਡੇਸ਼ਨ ਆਪ ਪੈਸੇ ਨਹੀਂ ਉਗਰਾਹੁੰਦੀ, ਸਿਰਫ ਸਹੀ ਤਰੀਕੇ ਨਾਲ ਮਦਦ ਪਹੁੰਚਾਉਣ ਵਿਚ ਸਹਾਈ ਹੁੰਦੀ ਹੈ।

ਜ਼ਿੰਦਗੀ ਨਾਲ ਜੂਝ ਰਹੇ ਪਰਿਵਾਰਾਂ ਲਈ ਤੁਹਾਡੀ ਮਦਦ ਛੋਟੀ ਹੋਵੇ ਜਾਂ ਵੱਡੀ, ਸਭ ਤੋਂ ਕਾਰਗਰ ਤਰੀਕੇ ਨਾਲ ਅਜਿਹਾ ਕਰਨਾ ਹੇਠ ਦਿੱਤੇ ਫੋਨ ਨੰਬਰ ਰਾਹੀਂ ਸੰਪਰਕ ਕਰੋ

ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179

www.friendsofpunjabfoundation.org

# ਇਰਾਕ: ਆਈ.ਐਸ. ਹਮਾਇਤੀਆਂ ਖਿਲਾਫ ਕਾਨੂੰਨੀ ਜੰਗ

**ਨਿਊ ਯਾਰਕ:** ਅਖਬਾਰ 'ਨਿਊ ਯਾਰਕ ਟਾਈਮਜ਼' ਮੁਤਾਬਕ ਇਰਾਕ ਵਿਚ ਚੱਲ ਰਹੀ ਕਾਰਵਾਈ ਵਿਚ ਅਦਾਲਤ 10 ਮਿੰਟ ਅੰਦਰ ਇਕ ਫਾਂਸੀ ਦੀ ਸਜ਼ਾ ਸੁਣਾ ਰਹੀ ਹੈ। ਦੇਸ਼ ਵਿਚੋਂ ਆਈ.ਐਸ. ਅਤਿਵਾਦੀਆਂ ਦੇ ਸਫਾਏ ਪਿਛੋਂ ਇਸ ਸੰਗਠਨ ਦੇ ਸਮਰਥਕਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ। ਅਖਬਾਰ ਮੁਤਾਬਕ ਇਕ 42 ਸਾਲਾ ਅਮੀਨਾ ਨਾਂ ਦੀ ਮਹਿਲਾ ਨੂੰ ਵੀ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਨੇ ਵੱਖ-ਵੱਖ ਮੂਲ ਦੀਆਂ 14 ਮਹਿਲਾਵਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਫਾਂਸੀ ਦੀ ਸਜ਼ਾ ਦਾ ਇਹ ਸਿਲਸਲਾ ਇਰਾਕ 'ਚ ਆਈ.ਐਸ. ਉਤੇ ਫਤਿਹ ਤੋਂ ਬਾਅਦ ਦਾ ਚੱਲ ਰਿਹਾ ਹੈ। ਇਸ ਜਿੱਤ ਪਿੱਛੋਂ ਇਰਾਕ ਨੇ ਆਈ.ਐਸ. ਦੇ ਹਜ਼ਾਰਾਂ ਲੜਾਕਿਆਂ ਤੇ ਉਸ ਲਈ ਕੰਮ ਕਰਨ ਵਾਲਿਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਫੜਿਆ ਸੀ ਜਿਨ੍ਹਾਂ 'ਤੇ ਆਈ.ਐਸ. ਦੇ 3 ਸਾਲਾਂ ਦੇ ਰਾਜ ਦੌਰਾਨ ਉਸ ਦੇ ਹਮਾਇਤੀ ਹੋਣ ਦਾ ਦੋਸ਼ ਹੈ।

ਦੇਸ਼ ਨੂੰ ਆਈ.ਐਸ. ਤੋਂ ਬਚਾਉਣ ਲਈ ਪ੍ਰਧਾਨ ਮੰਤਰੀ ਹੈਦਰ ਅਲ ਆਬਾਦੀ ਨੂੰ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ। ਇਸੇ ਲਈ ਸਰਕਾਰ ਅਦਾਲਤ ਦੇ ਸਹਾਰੇ ਤੇਜ਼ੀ ਨਾਲ ਦੋਸ਼ੀਆਂ ਨੂੰ ਫਾਂਸੀ ਦੇ ਤਖਤੇ ਉਤੇ ਭੇਜ ਰਹੀ ਹੈ। ਇਰਾਕੀ ਜੁਆਇੰਟ ਉਪਰੇਸ਼ਨ ਕਮਾਂਡ ਦੇ ਬੁਲਾਰੇ ਯਹੀਆ ਰਸੂਲ ਨੇ ਕਿਹਾ ਕਿ ਆਈ.ਐਸ. ਵੱਲੋਂ ਮਾਰੇ ਬੇਕਸੂਰਾਂ ਨੂੰ ਇਨਸਾਫ ਦਿਵਾਉਣ ਲਈ ਦੋਸ਼ੀਆਂ ਨੂੰ ਫਾਂਸੀ ਦੇਣਾ ਜ਼ਰੂਰੀ ਹੈ। ਅਜਿਹਾ ਕਰਨ ਨਾਲ ਹੀ ਇਹ ਅੱਗੇ ਤੋਂ ਗੁਨਾਹ ਕਰਨੋਂ ਡਰਨਗੇ। ਹਿਊਮਨ ਰਾਈਟਸ ਮੁਤਾਬਕ ਦਸੰਬਰ ਤੱਕ ਆਈ.ਐਸ. ਨਾਲ ਸਬੰਧਤ ਮਾਮਲਿਆਂ ਵਿਚ 20 ਹਜ਼ਾਰ ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਲੋਕਾਂ ਵਿਚੋਂ 1.350 ਵਿਦੇਸ਼ੀ ਮਹਿਲਾਵਾਂ ਤੇ 580 ਬੱਚੇ ਵੀ ਸ਼ਾਮਲ ਹਨ।



### ਹਰ 10 ਮਿੰਟ ਬਾਅਦ ਇਕ ਲੜਾਕੂ ਨੂੰ ਮੌਤ ਦੀ ਸਜ਼ਾ

### ਕਾਨੂੰਨੀ ਕਾਰਵਾਈ ਦੀ ਆਲੋਚਨਾ

ਅਲੋਚਕਾਂ ਦਾ ਕਹਿਣਾ ਹੈ ਕਿ ਸਜ਼ਾ ਦੇਣ ਦੀ ਇਸ ਪ੍ਰਕਿਰਿਆ ਵਿਚ ਲੜਾਕੂਆਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ। ਇਸ ਲਈ ਇਹ ਸਜ਼ਾ ਤੋਂ ਵੱਧ ਬਦਲਾ ਲੈਣ ਜਿਹਾ ਲੱਗ ਰਿਹਾ ਹੈ। ਯੂ.ਐਨ. ਹਾਈ ਕਮਿਸ਼ਨ ਫਾਰ ਹਿਊਮਨ ਰਾਈਟਸ ਦਾ ਕਹਿਣਾ ਹੈ ਕਿ ਅਜਿਹੀ ਕਾਰਵਾਈ ਨਾਲ ਨਿਆਇਕ ਪ੍ਰਕਿਰਿਆ ਨੂੰ ਹਾਨੀ ਪੁੱਜਣ ਦਾ ਖਦਸ਼ਾ ਹੈ। ਹਿਊਮਨ ਰਾਈਟਸ ਵਾਚ ਨੇ ਵੀ ਇਹੀ ਬਿਆਨ ਜਾਰੀ ਕੀਤਾ ਹੈ।

## ਹੋਟਲ 'ਚ ਗੋਲੀਬਾਰੀ, 3 ਹਲਾਕ

**ਵਾਸ਼ਿੰਗਟਨ:** ਅਮਰੀਕਾ ਦੇ ਦੱਖਣ-ਪੂਰਬੀ ਉਪ ਨਗਰ ਨਸ਼ਵਿਲੇ ਦੇ ਬਾਹਰਵਾਰ ਪੈਂਦੇ ਐਂਟੋਚ ਸਥਿਤ ਵੱਫਲ ਹਾਊਸ ਰੈਸਟੋਰੈਂਟ ਵਿਚ ਇਕ ਨਿਰਵਸਤਰ ਬੰਦੂਕਧਾਰੀ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ 3 ਲੋਕ ਮਾਰੇ ਗਏ ਤੇ 4 ਹੋਰ ਜ਼ਖਮੀ ਹੋ ਗਏ ਹਨ। ਮੈਟਰੋਪਾਲੀਟਨ ਨਸ਼ਵਿਲੇ ਪੁਲਿਸ ਨੇ ਦੱਸਿਆ ਕਿ ਗੋਲੀਬਾਰੀ ਤੋਂ ਬਾਅਦ ਇਕ ਨਿਰਵਸਤਰ ਗੋਰੇ ਹਮਲਾਵਰ ਨੂੰ ਰਾਈਫਲ ਸਮੇਤ ਹਿਰਾਸਤ 'ਚ ਲਿਆ ਗਿਆ ਹੈ। ਪੁਲਿਸ ਨੇ ਇਸ ਸ਼ੱਕੀ ਹਮਲਾਵਰ ਦੀ ਪਛਾਣ ਮੋਰਟੋਨ ਦੇ ਇਲਾਨੋਇਸ ਦੇ ਰਹਿਣ ਵਾਲੇ ਟਰਾਵਿਸ ਰੇਇੰਕਿੰਗ (29) ਵਜੋਂ ਦੱਸੀ।

ਜ਼ਿਕਰਯੋਗ ਹੈ ਕਿ ਇਸ ਹਮਲਾਵਰ ਕੋਲ ਵੀ ਅਜਿਹੀ ਹੀ ਬੰਦੂਕ ਸੀ ਜਿਨ੍ਹਾਂ ਨਾਲ ਅਮਰੀਕਾ 'ਚ ਬੀਤੇ ਮਹੀਨਿਆਂ ਵਿਚ ਕਈ ਥਾਂਵਾਂ ਉਤੇ ਹਮਲੇ ਹੋ ਚੁੱਕੇ ਹਨ ਤੇ ਲੋਕਾਂ ਵੱਲੋਂ ਖੁੱਲ੍ਹੇਆਮ ਮਿਲਣ ਵਾਲੇ ਅਜਿਹੇ ਹਥਿਆਰਾਂ ਉਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਜਾ ਰਹੀ ਹੈ।

## ਨੋਟਬੰਦੀ ਦੌਰਾਨ ਵੱਡੇ ਪੱਧਰ ਉਤੇ ਹੋਇਆ ਸ਼ੱਕੀ ਲੈਣ ਦੇਣ

**ਨਵੀਂ ਦਿੱਲੀ:** ਸਾਲ 2016 ਵਿਚ ਨੋਟਬੰਦੀ ਦੇ ਫੈਸਲੇ ਮਗਰੋਂ ਪੁਰਾਣੀ ਕਰੰਸੀ ਦੇ ਰੂਪ ਵਿਚ ਮੁਲਕ ਦੇ ਵੱਖ-ਵੱਖ ਬੈਂਕਾਂ ਵਿਚ ਜਿਹੜੀ ਰਾਸ਼ੀ ਜਮ੍ਹਾਂ ਕਰਾਈ ਗਈ, ਉਨ੍ਹਾਂ ਵਿਚ ਵੱਡੀ ਗਿਣਤੀ ਜਾਅਲੀ ਨੋਟਾਂ ਦੀ ਵੀ ਸੀ। ਇਹ ਪਹਿਲੀ ਵਾਰ ਸੀ ਜਦੋਂ ਇੰਨੇ ਵੱਡੇ ਪੱਧਰ ਉਤੇ ਬੈਂਕਾਂ ਵਿਚ ਜਾਅਲੀ ਕਰੰਸੀ ਜਮ੍ਹਾਂ ਹੋਈ। ਇਹੀ ਨਹੀਂ ਨੋਟਬੰਦੀ ਮਗਰੋਂ ਸ਼ੱਕੀ ਲੈਣ-ਦੇਣ ਵਿਚ 480 ਫੀਸਦੀ ਦਾ ਇਜ਼ਾਫ਼ਾ ਵੇਖਣ ਨੂੰ ਮਿਲਿਆ ਹੈ। ਇਹ ਖੁਲਾਸਾ ਨੋਟਬੰਦੀ ਦੌਰਾਨ ਬੈਂਕਾਂ ਵਿਚ ਜਮ੍ਹਾਂ ਸ਼ੱਕੀ ਰਾਸ਼ੀ ਬਾਬਤ ਆਪਣੀ ਤਰ੍ਹਾਂ ਦੀ ਪਹਿਲੀ ਰਿਪੋਰਟ ਤੋਂ ਹੋਇਆ ਹੈ। ਰਿਪੋਰਟ ਮੁਤਾਬਕ ਸਰਕਾਰੀ, ਨਿੱਜੀ ਤੇ ਸਹਿਕਾਰੀ ਬੈਂਕਾਂ ਤੇ ਹੋਰਨਾਂ ਵਿੱਤੀ ਸੰਸਥਾਵਾਂ ਵਿਚ ਕੁੱਲ ਮਿਲਾ ਕੇ ਸਾਂਝੇ ਤੌਰ ਉਤੇ 400 ਫੀਸਦੀ ਵਧ (ਲਗਭਗ 4.73 ਲੱਖ) ਸ਼ੱਕੀ ਲੈਣ ਦੇਣ ਦੀਆਂ ਰਿਪੋਰਟਾਂ (ਐਸ.ਟੀ.ਆਰਜ਼.) ਹਨ।

ਅਤਿਵਾਦ ਲਈ ਫੰਡਿੰਗ ਤੇ ਕਾਲੇ ਧਨ ਨੂੰ ਸਫੈਦ ਕਰਨ ਦੀ ਨੁਕਤਾ ਨਿਗ੍ਹਾ ਤੋਂ ਇਸ ਸ਼ੱਕੀ ਵਿੱਤੀ ਲੈਣ ਦੇਣ ਦੀ ਸਮੀਖਿਆ ਕਰਨ ਵਾਲੇ ਵਿੱਤੀ ਇੰਟੈਲੀਜੈਂਸ ਯੂਨਿਟ (ਐਫ.ਆਈ.ਯੂ.) ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਲ 2016-17 ਵਿਚ ਪਿਛਲੇ ਸਾਲ ਦੀ ਨਿਸਬਤ ਬੈਂਕਿੰਗ ਤੇ ਹੋਰਨਾਂ ਆਰਥਿਕ ਚੈਨਲਾਂ ਜ਼ਰੀਏ ਜਾਅਲੀ ਕਰੰਸੀ ਦੇ ਰੂਪ ਵਿਚ ਲੈਣ ਦੇਣ ਦੀਆਂ 3.22 ਲੱਖ ਘਟਨਾਵਾਂ ਵੱਧ ਵਾਪਰੀਆਂ।

## ਨੀਰਵ ਮੋਦੀ ਖਿਲਾਫ਼ ਹਾਂਗਕਾਂਗ ਦੀ ਅਦਾਲਤ 'ਚ ਪੁੱਜਾ ਪੀ.ਐਨ.ਬੀ.


**ਨਵੀਂ ਦਿੱਲੀ:** ਹਜ਼ਾਰਾਂ ਕਰੋੜ ਰੁਪਏ ਦੇ ਪੀ.ਐਨ.ਬੀ. ਘੁਟਾਲੇ ਦੇ ਮੁੱਖ ਸਾਜ਼ਿਸ਼ਕਾਰ ਨੀਰਵ ਮੋਦੀ ਖਿਲਾਫ਼ ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.) ਨੇ ਹਾਂਗਕਾਂਗ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਇਸ ਤੋਂ ਇਲਾਵਾ ਬੈਂਕ ਨੇ ਉਨ੍ਹਾਂ ਸਾਰੇ ਦੇਸ਼ਾਂ 'ਚ ਅਦਾਲਤੀ ਕਾਰਵਾਈ ਸ਼ੁਰੂ ਕੀਤੀ ਹੈ ਜਿਥੇ ਨੀਰਵ ਮੋਦੀ ਤੇ ਮੇਹੁਲ ਚੋਕਸੀ ਦੀਆਂ ਸੰਪਤੀਆਂ ਤੇ ਕਾਰੋਬਾਰ ਹਨ।

ਇਸ ਅਰਜ਼ੀ 'ਚ ਨੀਰਵ ਖਿਲਾਫ਼ 50 ਲੱਖ ਡਾਲਰ ਦੀ ਵਸੂਲੀ 'ਚ ਮਦਦ ਦੀ ਮੰਗ ਕੀਤੀ ਗਈ ਹੈ। ਨੀਰਵ ਦੀ ਕੰਪਨੀ ਫਾਇਰਸਟਾਰ ਡਾਇਮੰਡ ਇੰਟਰਨੈਸ਼ਨਲ ਖਿਲਾਫ਼ ਇਹ ਅਰਜ਼ੀ ਦਾਖਲ ਕੀਤੀ ਗਈ ਹੈ।

ਕੁਝ ਖਬਰਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਨੀਰਵ ਮੋਦੀ ਆਪਣੇ ਪਰਿਵਾਰ ਦੇ ਨਾਲ ਹਾਂਗਕਾਂਗ ਵਿਚ ਰਹਿ ਰਿਹਾ ਹੈ ਅਤੇ ਉਥੋਂ ਆਪਣਾ ਕਾਰੋਬਾਰ ਵੀ ਚਲਾ ਰਿਹਾ ਹੈ।

## ਦਲਾਈਲਾਮਾ ਵੱਲੋਂ ਪੁਰਾਤਨ ਰਵਾਇਤਾਂ ਦੀ ਮੁੜ ਸੁਰਜੀਤੀ ਦਾ ਸੱਦਾ

**ਨਵੀਂ ਦਿੱਲੀ:** ਤਿੱਬਤੀਆਂ ਦੇ ਧਾਰਮਿਕ ਆਗੂ ਦਲਾਈਲਾਮਾ ਨੇ ਸੱਦਾ ਦਿੱਤਾ ਹੈ ਕਿ ਭਾਰਤ ਦੀਆਂ ਪੁਰਾਤਨ ਰਵਾਇਤਾਂ ਨੂੰ ਮੁੜ ਸੁਰਜੀਤ ਕਰਨ ਲਈ ਇਨ੍ਹਾਂ ਨੂੰ ਆਧੁਨਿਕ ਸਿੱਖਿਆ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਵਿਸ਼ਵੀ ਤਪਸ਼ ਅਤੇ ਹੋਰ ਚੁਣੌਤੀਆਂ ਵਿਰੁੱਧ ਜੰਗ ਵਰਗੀ ਸਥਿਤੀ ਵਿਚ ਸਹਾਇਤਾ ਮਿਲੇਗੀ। ਸ੍ਰੀ ਦਲਾਈਲਾਮਾ (82) ਨਵੀਂ ਦਿੱਲੀ ਵਿਚ 'ਵਿਸ਼ਵ ਸ਼ਾਂਤੀ ਅਤੇ ਇਕਜੁਟਤਾ ਨੂੰ ਵਿਕਸਤ ਕਰਨ ਲਈ ਰਵਾਇਤਾਂ ਅਤੇ ਸਭਿਆਚਾਰ ਦਾ ਰੋਲ' ਵਿਸ਼ੇ ਉਤੇ ਭਾਸ਼ਨ ਦੇ ਰਹੇ ਸਨ।



ਇਹ ਸਮਾਗਮ ਨਹਿਰੂ ਮੈਮੋਰੀਅਲ ਮਿਊਜ਼ੀਅਮ ਅਤੇ ਲਾਇਬਰੇਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਪ੍ਰੀਸ਼ਦ ਵੱਲੋਂ ਕਰਵਾਇਆ ਗਿਆ। ਇਨ੍ਹਾਂ ਸੰਸਥਾਵਾਂ ਦਾ ਉਦੇਸ਼ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦੀ ਸੰਭਾਲ ਕਰਨੀ ਅਤੇ ਵਿਸ਼ਵ ਭਰ ਦੇ ਲੋਕਾਂ ਵਿਚ ਨੇੜਿਉਂ ਸੰਵਾਦ ਰਚਾਉਣਾ ਹੈ। ਇਸ ਮੌਕੇ ਵਿਸ਼ਵ ਪ੍ਰਸਿੱਧ ਧਾਰਮਿਕ ਆਗੂ ਨੇ ਕਿਹਾ ਕਿ ਭਾਰਤ ਵਿਚ ਆਧੁਨਿਕ ਸਿੱਖਿਆ ਅਤੇ ਪੁਰਾਤਨ ਰਸਮੋ ਰਿਵਾਜਾਂ ਦੇ ਸੁਮੇਲ ਦੀ ਸਮਰੱਥਾ ਹੈ ਅਤੇ ਇਸ ਦੇ ਨਾਲ ਵਿਸ਼ਵ ਦੀਆਂ ਸਮੱਸਿਆਵਾਂ ਦਾ ਹੱਲ ਹੋ ਸਕਦਾ ਹੈ। ਇਸ ਲਈ ਗੰਭੀਰ ਵਿਚਾਰ ਵਟਾਂਦਰਾ ਸ਼ੁਰੂ ਹੋਣਾ ਚਾਹੀਦਾ ਹੈ।

## ਯੂ.ਏ.ਈ. ਵਿਚ ਸਜ਼ਾ ਮੁਆਫੀ ਮਗਰੋਂ ਚਾਰ ਪੰਜਾਬੀ ਵਤਨ ਪਰਤੇ

**ਪਟਿਆਲਾ:** ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੇ ਸ਼ਾਰਜਾਹ ਵਿਚ ਫਾਂਸੀ ਦੀ ਸਜ਼ਾ ਮੁਆਫ ਹੋਣ ਮਗਰੋਂ ਚਾਰ ਪੰਜਾਬੀਆਂ ਸਮੇਤ ਪੰਜ ਭਾਰਤੀ ਨੌਜਵਾਨ ਵਤਨ ਪਰਤ ਆਏ ਹਨ। ਇਨ੍ਹਾਂ ਨੌਜਵਾਨਾਂ ਦੀ ਸਜ਼ਾ ਮੁਆਫੀ ਸਬੰਧੀ 'ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ' ਵੱਲੋਂ ਡਾ. ਐਸ.ਪੀ ਸਿੰਘ ਓਬਰਾਏ ਨੇ ਸ਼ਾਰਜਾਹ ਅਦਾਲਤ ਵਿਚ ਚਾਰਾਜੋਈ ਕੀਤੀ ਸੀ। ਉਥੋਂ ਦੇ ਕਾਨੂੰਨ ਮੁਤਾਬਕ ਇਸ ਮੁਆਫੀਨਾਮੇ ਤਹਿਤ ਉਨ੍ਹਾਂ ਦੀ ਫਾਂਸੀ ਦੀ ਸਜ਼ਾ ਤਾਂ ਭਾਵੇਂ ਮੁਆਫ ਹੋ ਗਈ ਸੀ, ਪਰ ਨਿਰਧਾਰਤ ਕਾਨੂੰਨ ਮੁਤਾਬਕ ਇਨ੍ਹਾਂ ਭਾਰਤੀਆਂ ਨੂੰ ਅਦਾਲਤ ਵੱਲੋਂ ਤਿੰਨ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ, ਪਰ ਇਹ ਸਾਰੇ ਭਾਰਤੀ ਛੇ ਸਾਲ ਤੋਂ ਦੁਬਈ ਦੀ ਜੇਲ੍ਹ ਵਿਚ ਸਨ।

ਜ਼ਿਕਰਯੋਗ ਹੈ ਕਿ ਦੁਬਈ ਵਿਚ ਨਵੰਬਰ 2011 ਨੂੰ ਕੁਝ ਭਾਰਤੀ ਨੌਜਵਾਨਾਂ ਵਿਚਕਾਰ ਝਗੜਾ ਹੋ ਗਿਆ ਸੀ। ਇਸ ਦੌਰਾਨ 38 ਸਾਲਾ ਵਰਿੰਦਰ ਚੌਹਾਨ ਮੂਲ ਵਾਸੀ ਪਿੰਡ ਸ਼ੇਖੂਪੁਰਾ, ਜ਼ਿਲ੍ਹਾ ਆਜ਼ਮਗੜ੍ਹ (ਉਤਰ ਪ੍ਰਦੇਸ਼) ਦਾ ਕਤਲ ਹੋ ਗਿਆ ਸੀ।

ਇਸ ਮਾਮਲੇ ਵਿਚ ਪਟਿਆਲਾ ਦੇ ਜੱਸੋਮਾਜਰਾ ਪਿੰਡ ਦੇ ਸੁੱਚਾ ਸਿੰਘ ਸਮੇਤ ਅਜਨਾਲਾ ਦੇ ਹਰਵਿੰਦਰ ਸਿੰਘ, ਹੁਸ਼ਿਆਰਪੁਰ ਦੇ ਦਲਵਿੰਦਰ ਸਿੰਘ, ਨਵਾਂ ਸ਼ਹਿਰ ਦੇ ਰਣਜੀਤ ਰਾਮ ਤੇ ਬਿਹਾਰ ਦੇ ਛਪਰਾ ਜ਼ਿਲੇ ਦੇ ਧਰਮਿੰਦਰ ਨੂੰ ਸ਼ਾਰਜਾਹ ਦੀ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸ੍ਰੀ ਓਬਰਾਏ ਦਾ ਕਹਿਣਾ ਸੀ ਕਿ ਮੁਲਜ਼ਮਾਂ ਦੇ ਮਾਪਿਆਂ ਵੱਲੋਂ ਉਨ੍ਹਾਂ ਨਾਲ ਰਾਬਤਾ ਬਣਾਉਣ ਉਤੇ ਮ੍ਰਿਤਕ ਵਰਿੰਦਰ ਚੌਹਾਨ ਦੇ ਪਰਿਵਾਰਕ ਮੈਂਬਰਾਂ ਨਾਲ ਵੀਹ ਲੱਖ ਵਿਚ ਬਲੱਡ ਮਨੀ ਤਹਿਤ ਹੋਏ ਸਮਝੌਤੇ ਉਪਰੰਤ ਮੁਆਫੀ ਸੰਭਵ ਹੋ ਸਕੀ ਹੈ। ਦੋ ਲੜਕੇ 19 ਅਪਰੈਲ ਅਤੇ ਤਿੰਨ ਜਣੇ 20 ਅਪਰੈਲ ਨੂੰ ਦੁਬਈ ਤੋਂ ਦਿੱਲੀ ਪੁੱਜੇ ਹਨ।

## ਕੈਨੇਡਾ ਵੱਲੋਂ ਅਪਾਹਜਾਂ ਲਈ ਆਵਾਸ ਕਾਨੂੰਨ 'ਚ ਢਿੱਲ

**ਟੋਰਾਂਟੋ:** ਕੈਨੇਡਾ ਸਰਕਾਰ ਵੱਲੋਂ ਹੁਣ ਮਾਨਸਿਕ ਅਤੇ ਸਰੀਰਕ ਤੌਰ ਉਤੇ ਅਪਾਹਜ ਲੋਕਾਂ ਵਾਸਤੇ ਆਵਾਸ ਦੇ ਕਾਨੂੰਨ ਢਿੱਲੇ ਕਰ ਦਿੱਤੇ ਗਏ ਹਨ। ਮੁਲਕ ਦੇ ਆਵਾਸ ਮੰਤਰੀ ਅਹਿਮਦ ਹੁਸੈਨ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਮੁਲਕ ਦੇ 40 ਸਾਲ ਪੁਰਾਣੇ ਉਸ ਕਾਨੂੰਨ 'ਚ ਸੋਧ ਕਰ ਦਿੱਤੀ ਹੈ, ਜਿਸ ਤਹਿਤ ਸਰੀਰਕ ਜਾਂ ਮਾਨਸਿਕ ਅਪੰਗਤਾ ਕਾਰਨ ਪੀ ਆਰ (ਪਰਮਾਨੈਂਟ ਰੈਜ਼ੀਡੈਂਸ) ਦੀ ਦਰਖਾਸਤ ਨਕਾਰ ਦਿੱਤੀ ਜਾਂਦੀ ਸੀ।

ਉਨ੍ਹਾਂ ਕਿਹਾ ਕਿ ਜਿਹੜੇ ਲੋਕ ਮਿਹਨਤ ਕਰ ਕੇ ਇਸ ਮੁਲਕ ਦੀ ਆਰਥਿਕਤਾ ਵਿਚ ਹਿੱਸਾ ਪਾਉਂਦੇ ਹਨ, ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਦੀ ਅਪਾਹਜਤਾ ਉਨ੍ਹਾਂ ਦੀ ਅਰਜ਼ੀ ਵਿਚ ਅੜਿੱਕਾ ਬਣ ਜਾਂਦੀ ਸੀ। ਇਸ ਕਾਨੂੰਨ ਵਿਚ ਸੋਧ ਲਈ ਆਵਾਸ ਵਿਭਾਗ ਨੇ ਕਈ ਕੇਸਾਂ ਨੂੰ ਆਧਾਰ ਬਣਾਇਆ ਹੈ।

## ਕਾਬੁਲ ਦੇ ਰਜਿਸਟਰੇਸ਼ਨ ਸੈਂਟਰ 'ਤੇ ਫਿਦਾਈਨ ਹਮਲਾ; 57 ਹਲਾਕ

**ਕਾਬੁਲ:** ਇਸਲਾਮਿਕ ਸਟੇਟ ਦੇ ਫਿਦਾਈਨ ਵੱਲੋਂ ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਵੋਟਰ ਰਜਿਸਟਰੇਸ਼ਨ ਸੈਂਟਰ 'ਤੇ ਕੀਤੇ ਗਏ ਹਮਲੇ ਦੌਰਾਨ ਮਹਿਲਾਵਾਂ ਅਤੇ ਬੱਚਿਆਂ ਸਮੇਤ 57 ਲੋਕ ਹਲਾਕ ਹੋ ਗਏ। ਹਮਲੇ 'ਚ 100 ਵਿਅਕਤੀ ਜ਼ਖ਼ਮੀ ਹੋਏ ਹਨ। ਚੋਣਾਂ ਦੀ ਤਿਆਰੀ ਦੌਰਾਨ ਦਹਿਸ਼ਤਗਰਦਾਂ ਵੱਲੋਂ ਕੀਤਾ ਗਿਆ ਇਹ ਵੱਡਾ ਹਮਲਾ ਹੈ। ਵਿਧਾਨਕ ਚੋਣਾਂ 20 ਅਕਤੂਬਰ ਨੂੰ ਹੋਣੀਆਂ ਹਨ ਜਿਸ ਕਰ ਕੇ ਸੁਰੱਖਿਆ ਨੂੰ ਲੈ ਕੇ ਵਧ ਰਹੇ ਖਦਸ਼ਿਆਂ ਉਤੇ ਚਿੰਤਾ ਜਤਾਈ ਜਾ ਰਹੀ ਹੈ। ਇਨ੍ਹਾਂ ਚੋਣਾਂ ਨੂੰ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਦੀ ਅਜ਼ਮਾਇਸ਼ ਮੰਨਿਆ ਜਾ ਰਿਹਾ ਹੈ। ਕਾਬੁਲ ਦੇ ਪੁਲਿਸ ਮੁਖੀ ਦਾਊਦ ਅਮੀਨ ਨੇ ਦੱਸਿਆ ਕਿ ਸੈਂਟਰ ਦੇ ਦਾਖਲਾ ਗੇਟ ਮੂਹਰੇ ਇਹ ਫਿਦਾਈਨ ਹਮਲਾ ਹੋਇਆ।

ਇਹ ਸੈਂਟਰ ਸ਼ੀਆ ਆਬਾਦੀ ਵਾਲੇ ਇਲਾਕੇ ਨੇੜੇ ਪੈਂਦਾ ਹੈ ਅਤੇ ਲੋਕ ਕੌਮੀ ਸ਼ਨਾਖਤ ਸਰਟੀਫਿਕੇਟ ਬਣਾਉਣ ਲਈ ਇਥੇ ਆਉਂਦੇ ਹਨ। ਧਮਾਕੇ ਵਾਲੀ ਥਾਂ 'ਤੇ ਕਾਗਜ਼, ਟੁੱਟੇ ਹੋਏ ਸ਼ੀਸ਼ੇ ਅਤੇ ਪਾਸਪੋਰਟ ਸਾਈਜ਼ ਤਸਵੀਰਾਂ ਖਿੰਡੀਆਂ ਹੋਈਆਂ ਸਨ। ਇਸ ਦੇ ਨਾਲ ਸੜਕ ਉਤੇ ਕਈ ਕਾਰਾਂ ਨੁਕਸਾਨੀਆਂ ਗਈਆਂ।

## ਯਸ਼ਵੰਤ ਸਿਨਹਾ ਵੱਲੋਂ ਭਾਜਪਾ ਨੂੰ ਅਲਵਿਦਾ

**ਨਵੀਂ ਦਿੱਲੀ:** ਭਾਜਪਾ ਦੀ ਮੌਜੂਦਾ ਲੀਡਰਸ਼ਿਪ ਅਤੇ ਸਰਕਾਰ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਸਾਬਕਾ ਕੇਂਦਰੀ ਮੰਤਰੀ ਯਸ਼ਵੰਤ ਸਿਨਹਾ (80) ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਮੌਜੂਦਾ ਹਕੂਮਤ ਹੇਠ ਲੋਕਤੰਤਰ ਖਤਰੇ ਵਿਚ ਹੈ ਜਿਸ ਨੂੰ ਬਚਾਉਣ ਲਈ ਉਹ ਅੰਦੋਲਨ ਚਲਾਉਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਕਿਸੇ ਹੋਰ ਪਾਰਟੀ 'ਚ ਸ਼ਾਮਲ ਨਹੀਂ ਹੋਣਗੇ ਅਤੇ ਸਿਆਸਤ ਤੋਂ ਸੰਨਿਆਸ ਲੈ ਰਹੇ ਹਨ ਪਰ ਹੁਣ ਉਹ ਮੁਲਕ ਵਿਚ ਲੋਕਤੰਤਰ ਨੂੰ ਬਚਾਉਣ ਲਈ ਕੰਮ ਕਰਨਗੇ।



ਇਥੇ ਕਾਂਗਰਸ ਤੇ ਆਰ.ਜੇ.ਡੀ. ਦੇ ਆਗੂਆਂ ਅਤੇ ਭਾਜਪਾ ਦੇ ਨਾਰਾਜ਼ ਸੰਸਦ ਮੈਂਬਰ ਸ਼ਤਰੂਘਨ ਸਿਨਹਾ ਨਾਲ ਬੈਠਕ ਦੌਰਾਨ ਸ੍ਰੀ ਸਿਨਹਾ ਨੇ ਪਾਰਟੀ ਤੋਂ ਅਸਤੀਫੇ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਅਟਲ ਬਿਹਾਰੀ ਵਾਜਪਈ ਸਰਕਾਰ ਸਮੇਂ ਵਿੱਤ ਅਤੇ ਵਿਦੇਸ਼ ਮੰਤਰੀ ਰਹੇ ਸਿਨਹਾ ਨੂੰ ਨਰੇਂਦਰ ਮੋਦੀ ਅਤੇ ਅਮਿਤ ਸ਼ਾਹ ਵੱਲੋਂ ਭਾਜਪਾ ਦੀ ਕਮਾਨ ਸੰਭਾਲੇ ਜਾਣ ਮਗਰੋਂ ਖੂੰਡੇ ਲਗਾ ਦਿੱਤਾ ਗਿਆ ਸੀ।

## ਭਾਰਤੀ-ਅਮਰੀਕੀ ਨੇ ਇਕ ਲੱਖ ਡਾਲਰ ਦਾ ਕੁਇਜ਼ ਸ਼ੋਅ ਜਿੱਤਿਆ

**ਨਿਊ ਯਾਰਕ:** ਇਕ ਭਾਰਤੀ-ਅਮਰੀਕੀ ਵਿਦਿਆਰਥੀ ਨੇ ਜਿਓਪਾਰਡੀ ਕਾਲਜ ਚੈਂਪੀਅਨਸ਼ਿਪ ਦਾ ਇਕ ਲੱਖ ਡਾਲਰ ਦਾ ਵਕਾਰੀ ਕੁਇਜ਼ ਸ਼ੋਅ ਜਿੱਤ ਲਿਆ ਹੈ ਜੋ ਦੇਸ਼ ਭਰ ਵਿਚ ਟੈਲੀਵਿਜ਼ਨ ਉਤੇ ਦਿਖਾਇਆ ਜਾਂਦਾ ਹੈ।

ਆਇਵੀ ਲੀਗ ਬ੍ਰਾਊਨ ਯੂਨੀਵਰਸਿਟੀ ਦੇ ਪਹਿਲੇ ਸਾਲ ਦੇ ਵਿਦਿਆਰਥੀ ਧਰੁਵ ਗੌੜ ਨੇ ਇਸ ਮੁਕਾਬਲੇ ਵਿਚ 14 ਵਿਦਿਆਰਥੀਆਂ ਨੂੰ ਪਛਾੜ ਕੇ ਪਹਿਲਾ ਇਨਾਮ ਜਿੱਤਿਆ। ਜਨ ਸਿਹਤ ਤੇ ਅਰਥਸ਼ਾਸਤਰ ਦੀ ਪੜ੍ਹਾਈ ਕਰ ਰਿਹਾ ਧਰੁਵ ਹੁਣ ਟੂਰਨਾਮੈਂਟ ਆਫ ਚੈਂਪੀਅਨਸ਼ਿਪ ਵਿਚ ਹਿੱਸਾ ਲਵੇਗਾ।

## ਆਈ.ਆਈ.ਟੀ. ਮਾਹਿਰਾਂ ਨੇ ਨੌਕਰੀ ਛੱਡ ਕੇ ਬਣਾਈ ਸਿਆਸੀ ਪਾਰਟੀ

**ਨਵੀਂ ਦਿੱਲੀ:** ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਅਤੇ ਹੋਰਨਾਂ ਪੱਛੜੇ ਵਰਗਾਂ ਦੇ ਹੱਕਾਂ ਲਈ ਲੜਨ ਖਾਤਰ ਮੁਲਕ ਦੇ ਵੱਖ-ਵੱਖ ਮਸ਼ਹੂਰ ਇੰਡੀਅਨ ਇੰਸਟੀਚਿਊਟਸ ਆਫ ਟੈਕਨਾਲੋਜੀ (ਆਈ.ਆਈ.ਟੀਜ਼.) ਦੇ 50 ਮਾਹਿਰਾਂ ਨੇ ਸਿਆਸੀ ਪਾਰਟੀ ਦੇ ਗਠਨ ਲਈ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਹਨ। ਉਨ੍ਹਾਂ 'ਬਹੁਜਨ ਆਜ਼ਾਦ ਪਾਰਟੀ' ਬਣਾਈ ਹੈ ਅਤੇ ਚੋਣ ਕਮਿਸ਼ਨ ਤੋਂ ਪਾਰਟੀ ਦੀ ਰਜਿਸਟਰੇਸ਼ਨ ਲਈ ਪ੍ਰਵਾਨਗੀ ਦੀ ਉਡੀਕ ਕੀਤੀ ਜਾ ਰਹੀ ਹੈ।

ਗਰੁੱਪ ਦੀ ਅਗਵਾਈ ਕਰ ਰਹੇ 2015 ਬੈਚ ਦੇ ਦਿੱਲੀ ਆਈ.ਆਈ.ਟੀ. ਤੋਂ ਗਰੈਜੂਏਟ ਨਵੀਨ ਕੁਮਾਰ ਨੇ ਕਿਹਾ, ''ਅਸੀਂ ਵੱਖ-ਵੱਖ ਆਈ.ਆਈ.ਟੀਜ਼. ਤੋਂ ਪੜ੍ਹੇ 50 ਜਣੇ ਹਾਂ ਅਤੇ ਪਾਰਟੀ ਲਈ ਕੰਮ ਕਰਨ ਵਾਸਤੇ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਹਨ। ਅਸੀਂ ਚੋਣ ਕਮਿਸ਼ਨ ਤੋਂ ਪ੍ਰਵਾਨਗੀ ਲਈ ਅਰਜ਼ੀ ਦਿੱਤੀ ਹੈ ਅਤੇ ਇਸ ਦੌਰਾਨ ਮੁਢਲੇ ਪੱਧਰ ਉਤੇ ਕੰਮ ਕੀਤਾ ਜਾ ਰਿਹਾ ਹੈ।''

ਪਾਰਟੀ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦਾ ਨਿਸ਼ਾਨਾ 2019 ਦੀਆਂ ਲੋਕ ਸਭਾ ਚੋਣਾਂ ਨਹੀਂ ਹਨ। 'ਅਸੀਂ ਕਾਹਲੀ ਵਿਚ ਕੋਈ ਕੰਮ ਨਹੀਂ ਕਰਨਾ ਚਾਹੁੰਦੇ ਅਤੇ ਵੱਡੀਆਂ ਖਾਹਿਸ਼ਾਂ ਨਾਲ ਛੋਟੀਆਂ ਸਿਆਸੀ ਪਾਰਟੀਆਂ ਵਾਂਗ ਨਹੀਂ ਵਿਚਰਨਾ ਚਾਹੁੰਦੇ।' ਸ੍ਰੀ ਕੁਮਾਰ ਨੇ ਕਿਹਾ ਕਿ ਉਹ 2020 'ਚ ਬਿਹਾਰ ਵਿਧਾਨ ਸਭਾ ਚੋਣਾਂ ਲੜਨਗੇ ਅਤੇ ਫਿਰ ਅਗਲੀਆਂ ਲੋਕ ਸਭਾ ਚੋਣਾਂ ਲੜੀਆਂ ਜਾਣਗੀਆਂ। ਗਰੁੱਪ 'ਚ ਜ਼ਿਆਦਾਤਰ ਮੈਂਬਰ ਐਸਸੀ/ਐਸਟੀ ਅਤੇ ਓਬੀਸੀ ਭਾਈਚਾਰਿਆਂ ਨਾਲ ਸਬੰਧਤ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਪੱਛੜੇ ਵਰਗਾਂ ਨੂੰ ਸਿੱਖਿਆ ਅਤੇ ਰੁਜ਼ਗਾਰੀ 'ਚ ਬਣਦਾ ਯੋਗਦਾਨ ਨਹੀਂ ਮਿਲਿਆ ਹੈ।

# ਪੰਜਾਬ ਦਾ ਇਤਿਹਾਸ ਅਤੇ ਖੈਬਰ ਦੱਰਾ

***ਦੱਰਾ ਖੈਬਰ ਦਾ ਆਪਣਾ ਇਤਿਹਾਸ ਹੈ। ਭਾਰਤ ਵਿਚ ਹਰ ਹਮਲਾਵਰ ਇਹ ਦੱਰਾ ਪਾਰ ਕਰ ਕੇ ਹੀ ਆਇਆ। ਮਹਾਰਾਜਾ ਰਣਜੀਤ ਸਿੰਘ ਨੇ ਜਮਰੌਦ ਅਤੇ ਪੇਸ਼ਾਵਰ ਦੇ ਕਿਲੇ ਜਿੱਤ ਕੇ ਹਮਲਾਵਰਾਂ ਲਈ ਇਹ ਲਾਂਘਾ ਬੰਦ ਕਰ ਦਿੱਤਾ। ਅੱਜ ਕੱਲ੍ਹ ਇਹ ਦੱਰਾ ਹਥਿਆਰ ਬਣਾਉਣ ਅਤੇ ਸੰਸਾਰ ਭਰ ਵਿਚ ਇਨ੍ਹਾਂ ਦੀ ਸਪਲਾਈ ਲਈ ਮਸ਼ਹੂਰ ਹੈ। ਇਸ ਦੱਰੇ ਬਾਰੇ ਬਲਰਾਜ ਸਿੰਘ ਸਿੱਧੂ ਦਾ ਲਿਖਿਆ ਜਾਣਕਾਰੀ ਭਰਪੂਰ ਇਹ ਲੇਖ ਹਾਜ਼ਰ ਹੈ। -ਸੰਪਾਦਕ***

ਦੁਨੀਆਂ ਦੇ ਕਿਸੇ ਖਿੱਤੇ ਦੇ ਇਤਿਹਾਸ 'ਤੇ ਭੂਗੋਲਿਕ ਵਿਸ਼ੇਸ਼ਤਾ ਨੇ ਇੰਨਾ ਪ੍ਰਭਾਵ ਨਹੀਂ ਪਾਇਆ ਹੋਵੇਗਾ, ਜਿੰਨਾ ਪੰਜਾਬ ਦੇ ਇਤਿਹਾਸ ਉਤੇ ਦੱਰਾ ਖੈਬਰ ਨੇ ਪਾਇਆ ਹੈ। ਅਸਲ ਵਿਚ ਪੰਜਾਬ ਦਾ ਇਤਿਹਾਸ ਲਿਖਿਆ ਹੀ ਦੱਰਾ ਖੈਬਰ ਨੇ ਹੈ। ਇਸ ਕਾਰਨ ਕਈ ਸਲਤਨਤਾਂ ਬਣੀਆਂ ਤੇ ਕਈ ਤਬਾਹ ਹੋਈਆਂ। ਦੱਰਾ ਖੈਬਰ ਰਾਹੀਂ ਭਾਰਤ 'ਤੇ ਹਮਲਾ ਕਰਨ ਵਾਲੇ ਸਭ ਤੋਂ ਪਹਿਲੇ ਵਿਦੇਸ਼ੀ ਹਮਲਾਵਰ ਸਨ, ਆਰੀਆ ਕਬੀਲੇ। ਉਨ੍ਹਾਂ ਨੇ 3300 ਸਾਲ ਪਹਿਲਾਂ 1500 ਬੀ. ਸੀ. ਵਿਚ ਖੈਬਰ ਦੱਰਾ ਪਾਰ ਕੀਤਾ। ਉਨ੍ਹਾਂ ਅਤਿ ਆਧੁਨਿਕ ਸਿੰਧ ਘਾਟੀ ਦੀ ਸਭਿਅਤਾ ਤਬਾਹ ਕਰ ਕੇ ਸਾਰੇ ਉਤਰੀ ਤੇ ਮੱਧ ਭਾਰਤ 'ਤੇ ਕਬਜ਼ਾ ਜਮਾ ਲਿਆ ਅਤੇ ਭਾਰਤ ਵਿਚ ਹਿੰਦੂ ਧਰਮ ਦੀ ਨੀਂਹ ਰੱਖੀ।

ਬਲਰਾਜ ਸਿੰਘ ਸਿੱਧੂ


ਆਰੀਆਂ ਤੋਂ ਬਾਅਦ ਇਰਾਨ ਦੇ ਬਾਦਸ਼ਾਹ ਡੇਰੀਅਸ ਪਹਿਲੇ ਨੇ 516 ਬੀ. ਸੀ. ਅਤੇ ਯੂਨਾਨ ਦੇ ਪ੍ਰਸਿਧ ਸਮਰਾਟ ਸਿਕੰਦਰ ਮਹਾਨ ਨੇ 326 ਬੀ. ਸੀ. (ਅੱਜ ਤੋਂ 2344 ਸਾਲ ਪਹਿਲਾਂ) ਦੱਰਾ ਖੈਬਰ ਪਾਰ ਕੀਤਾ। ਡੇਰੀਅਸ ਨੇ ਤਾਂ ਸਿੰਧ ਅਤੇ ਪੰਜਾਬ 'ਤੇ ਕਬਜ਼ਾ ਕਰ ਲਿਆ ਪਰ ਸਿਕੰਦਰ ਬਹੁਤਾ ਅੱਗੇ ਨਾ ਵਧ ਸਕਿਆ। ਉਹ ਪੋਰਸ ਸਮੇਤ ਪੰਜਾਬ ਦੇ ਕੁਝ ਛੋਟੇ-ਮੋਟੇ ਰਾਜਿਆਂ ਨੂੰ ਹਰਾ ਕੇ 19 ਮਹੀਨਿਆਂ ਬਾਅਦ ਵਾਪਸ ਚਲਾ ਗਿਆ।

ਜਦੋਂ ਵੀ ਪੰਜਾਬ ਅਤੇ ਭਾਰਤ ਵਿਚ ਕਮਜ਼ੋਰ ਅਤੇ ਅੱਯਾਸ਼ ਰਾਜੇ ਤਖਤ 'ਤੇ ਬੈਠਦੇ, ਵਿਦੇਸ਼ੀ ਹਮਲਾਵਰ ਆ ਧਮਕਦੇ। ਸਿਕੰਦਰ ਤੋਂ ਬਾਅਦ ਕੁਸ਼ਾਨ, ਸ਼ੱਕ, ਪਾਰਥੀਅਨ, ਮਹਿਮੂਦ ਗਜ਼ਨਵੀ (1050 ਤੋਂ 1070), ਮੁਹੰਮਦ ਗੌਰੀ (1191), ਮੰਗੋਲ (1309 ਤੋਂ 1315), ਤੈਮੂਰ ਲੰਗ (1398), ਬਾਬਰ (1525), ਨਾਦਰ ਸ਼ਾਹ (1739) ਅਤੇ ਅਹਿਮਦ ਸ਼ਾਹ ਅਬਦਾਲੀ (1748 ਤੋਂ 1767)-ਸਭ ਖੈਬਰ ਦੇ ਰਸਤੇ ਹੀ ਆਏ। ਹਰ ਹਮਲੇ ਵਿਚ ਸਭ ਤੋਂ ਵੱਧ ਜਾਨੀ-ਮਾਲੀ ਨੁਕਸਾਨ ਪੰਜਾਬ ਦਾ ਹੁੰਦਾ, ਕਿਉਂਕਿ ਦਿੱਲੀ ਦੇ ਰਸਤੇ ਵਿਚ ਸਭ ਤੋਂ ਰੱਜਿਆ-ਪੁੱਜਿਆ ਇਲਾਕਾ ਇਹੋ ਸੀ। ਹਮਲਾਵਰ ਦਿੱਲੀ ਵੱਲ ਚੜ੍ਹਾਈ ਕਰਨ ਤੋਂ ਪਹਿਲਾਂ ਪੰਜਾਬ ਵਿਚ ਬੈਠ ਕੇ ਜੰਗੀ ਤਿਆਰੀ ਕਰਦੇ। ਅਖੀਰ ਸਿੱਖ ਮਿਸਲਾਂ ਤੇ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਹ ਵਰਤਾਰਾ ਹਮੇਸ਼ਾ ਲਈ ਬੰਦ ਕਰ ਦਿੱਤਾ। ਪੇਸ਼ਾਵਰ ਅਤੇ ਜਮਰੌਦ ਦੇ ਕਿਲ੍ਹਿਆਂ 'ਤੇ ਕਬਜ਼ੇ ਜਮਾ ਕੇ ਵਿਦੇਸ਼ੀ ਹਮਲਾਵਰਾਂ ਦੇ ਸਿਰ 'ਤੇ ਖਾਲਸਾ ਫੌਜ ਬਿਠਾ ਦਿੱਤੀ ਗਈ। ਖਾਲਸਾ ਫੌਜ ਨੇ 1834 ਵਿਚ ਖੈਬਰ 'ਤੇ ਕਬਜ਼ਾ ਕਰ ਲਿਆ। ਹਰੀ ਸਿੰਘ ਨਲਵਾ ਇਥੋਂ ਦਾ ਸਭ ਤੋਂ ਪ੍ਰਸਿਧ ਗਵਰਨਰ ਮੰਨਿਆ ਜਾਂਦਾ ਹੈ।



ਖੈਬਰ ਦਾ ਅਰਥ ਹੈ, ਕਿਲ੍ਹਾ। ਇਹ ਪਾਕਿਸਤਾਨ ਦੇ ਸੂਬਾ ਸਰਹੱਦ ਦੇ ਸਫੈਦ ਕੋਹ-ਸਪਿਨ ਘਾਰ ਪਰਬਤਾਂ ਵਿਚ 3510 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਸ ਦੀ ਕੁੱਲ ਚੌੜਾਈ 5 ਕਿਲੋਮੀਟਰ ਹੈ। ਇਥੇ ਸਾਰਾ ਸਾਲ ਮੌਸਮ ਠੰਢਾ ਰਹਿੰਦਾ ਹੈ ਤੇ ਕਾਫੀ ਬਰਸਾਤ ਹੁੰਦੀ ਹੈ। ਇਸ ਦੇ ਇਕ ਪਾਸੇ ਪਾਕਿਸਤਾਨ ਤੇ ਦੂਜੇ ਪਾਸੇ ਅਫਗਾਨਿਸਤਾਨ ਹੈ। ਇਹ ਪੁਰਾਣੇ ਸਿਲਕ ਰੂਟ ਦਾ ਮੁੱਖ ਲਾਂਘਾ ਸੀ ਤੇ ਦੁਨੀਆਂ ਦੇ ਪ੍ਰਾਚੀਨ ਦੱਰਿਆਂ ਵਿਚ ਆਉਂਦਾ ਹੈ। ਇਸ ਨੇ ਪੰਜਾਬ 'ਤੇ ਜ਼ਬਰਦਸਤ ਇਤਿਹਾਸਕ, ਸਮਾਜਕ, ਆਰਥਕ, ਰਾਜਨੀਤਕ ਅਤੇ ਧਾਰਮਿਕ ਪ੍ਰਭਾਵ ਪਾਇਆ। ਹੁਣ ਤੱਕ ਇਹ ਭਾਰਤ ਅਤੇ ਮੱਧ ਏਸ਼ੀਆ ਦਰਮਿਆਨ ਅਹਿਮ ਵਪਾਰਕ ਅਤੇ ਫੌਜੀ ਰਸਤਾ ਰਿਹਾ ਹੈ। ਹੁਣ ਇਹ ਪਾਕਿਸਤਾਨ ਦੇ ਅਰਧ ਅਜ਼ਾਦ ਪਖਤੂਨ ਕਬਾਇਲੀ ਫਾਟਾ (ਫੈਡਰਲੀ ਐਡਮਿਨਿਸਟਰਡ ਟਰਾਈਬਲ ਏਰੀਆ) ਇਲਾਕੇ ਦਾ ਹਿੱਸਾ ਹੈ।

ਖੈਬਰ ਦੱਰੇ ਦੇ ਉੱਤਰ ਵੱਲ ਮਲਾਗੋਰੀ ਅਤੇ ਦੱਖਣ ਵੱਲ ਅਫਰੀਦੀ ਕਬੀਲੇ ਦਾ ਕਬਜ਼ਾ ਹੈ। ਅਫਰੀਦੀ ਇਸ ਦੱਰੇ ਨੂੰ ਆਪਣੀ ਮਾਲਕੀ ਸਮਝਦੇ ਤੇ ਇਥੋਂ ਗੁਜ਼ਰਨ ਵਾਲੇ ਵਪਾਰੀਆਂ ਤੋਂ ਟੈਕਸ



*ਖੈਬਰ ਦੱਰੇ ਦੀ ਇਕ ਝਲਕ।*

ਵਸੂਲਦੇ ਸਨ। ਇਸ ਦੇ ਰਣਨੀਤਕ ਮਹੱਤਵ ਨੂੰ ਸਮਝਦਿਆਂ ਅੰਗਰੇਜ਼ਾਂ ਨੇ 1925 ਵਿਚ ਜਮਰੌਦ ਤੋਂ ਲੈ ਕੇ ਲੰਡੀ ਕੋਤਲ ਤੱਕ ਰੇਲਵੇ ਲਾਈਨ ਵਿਛਾ ਦਿੱਤੀ। ਇਹ ਲਾਈਨ ਇੰਜੀਨੀਅਰਿੰਗ ਦਾ ਬਿਹਤਰੀਨ ਨਮੂਨਾ ਸਮਝੀ ਜਾਂਦੀ ਹੈ।

ਅਫਗਾਨ ਸੰਕਟ ਵੇਲੇ ਇਸ ਦੱਰੇ ਦਾ ਨਾਂ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਗਿਆ।

ਜਦੋਂ ਰੂਸ ਨੇ ਅਫਗਾਨਿਸਤਾਨ 'ਤੇ ਸਾਲ 1979 ਵਿਚ ਖੁਦ ਦਖਲ ਦਿੱਤਾ ਤਾਂ ਅਮਰੀਕਾ ਦੁਆਰਾ ਇਸ ਰਸਤੇ ਰਾਹੀਂ ਗੋਲੀ ਸਿੱਕਾ ਮੁਜਾਹਿਦੀਨ ਕੋਲ ਪਹੁੰਚਾਇਆ ਜਾਂਦਾ ਸੀ। ਜਦੋਂ ਅਮਰੀਕਾ ਨੇ ਸਾਲ 2001 ਵਿਚ ਤਾਲਿਬਾਨ ਅਤੇ ਅਲ ਕਾਇਦਾ 'ਤੇ ਹਮਲਾ ਕੀਤਾ ਤਾਂ ਨਾਟੋ ਫੌਜਾਂ ਨੂੰ ਵੀ ਸਾਰੀ ਰਸਦ ਅਤੇ ਤੇਲ ਇਸੇ ਰਸਤੇ ਪਹੁੰਚਦਾ ਸੀ। ਪਾਕਿਸਤਾਨ ਇਸ ਸਹੂਲਤ ਬਦਲੇ ਹਰ ਸਾਲ ਅਮਰੀਕਾ ਤੋਂ ਕਰੋੜਾਂ ਡਾਲਰ ਮਦਦ ਪ੍ਰਾਪਤ ਕਰਦਾ ਸੀ। ਤਾਲਿਬਾਨ ਨੇ ਇਨ੍ਹਾਂ ਟਰੱਕ ਕਾਫਲਿਆਂ ਉਤੇ ਹਮਲੇ ਕਰ ਕੇ ਕਈ ਵਾਰ ਸੈਂਕੜੇ ਟਰੱਕ ਸਾੜੇ ਪਰ ਹੁਣ ਇਹ ਇਲਾਕਾ ਸੁਰੱਖਿਅਤ ਹੈ, ਕਿਉਂਕਿ ਪਾਕਿਸਤਾਨ ਸਰਕਾਰ ਰਾਖੀ ਲਈ ਅਫਰੀਦੀ ਕਬੀਲੇ ਨੂੰ ਹਰ ਸਾਲ ਮੋਟਾ ਮੁਆਵਜ਼ਾ ਦਿੰਦੀ ਹੈ।

ਇਸ ਵੇਲੇ ਦੱਰਾ ਖੈਬਰ ਜਿਸ ਕੰਮ ਲਈ ਸਾਰੇ ਸੰਸਾਰ ਵਿਚ ਪ੍ਰਸਿਧ ਹੈ, ਉਹ ਹੈ ਨਕਲੀ ਹਥਿਆਰ ਬਣਾਉਣ ਦੀਆਂ ਸੈਂਕੜੇ ਫੈਕਟਰੀਆਂ। ਦੁਨੀਆਂ ਦੇ ਕਿਸੇ ਵੀ ਹਥਿਆਰ ਜਿਵੇਂ ਏ.ਕੇ. 47, ਊਜ਼ੀ ਮਸ਼ੀਨਗੰਨ, ਐਮ-16, ਕਿਸੇ ਵੀ ਮਾਰਕੇ ਦਾ ਪਿਸਤੌਲ-ਰਿਵਾਲਵਰ ਆਦਿ ਦੀ ਬੇਹੱਦ ਸਟੀਕ, ਕਾਰਗਰ, ਹੂ-ਬ-ਹੂ ਨਕਲ ਇਥੇ ਕੁਝ ਹੀ ਘੰਟਿਆਂ ਵਿਚ ਤਿਆਰ ਕਰ ਕੇ ਦੇ ਦਿੱਤੀ ਜਾਂਦੀ ਹੈ। ਇਹ ਘਰੇਲੂ ਉਦਯੋਗ ਬਿਲਕੁਲ ਕਾਨੂੰਨੀ ਹੈ, ਕਿਉਂਕਿ ਫਾਟਾ ਵਿਚ ਹੋਣ ਕਾਰਨ ਇਥੇ ਪਾਕਿਸਤਾਨੀ ਕਾਨੂੰਨ ਲਾਗੂ ਨਹੀਂ ਹੁੰਦੇ ਤੇ ਟੈਕਸ ਵੀ ਨਾ ਦੇ ਬਰਾਬਰ ਹਨ। ਹਰ ਮਾਰਕੇ ਅਤੇ ਬੋਰ ਦੀਆਂ ਰਾਈਫਲਾਂ, ਬੰਦੂਕਾਂ, ਗੋਲੀਆਂ ਅਤੇ ਕਾਰਤੂਸਾਂ ਨਾਲ ਦੁਕਾਨਾਂ ਤੂੜੀਆਂ ਪਈਆਂ ਹਨ। ਜਿਹੜੇ ਚੀਨੀ ਪਿਸਤੌਲ ਜਾਂ ਅਸਾਲਟਾਂ ਸਾਡੇ ਪੰਜਾਬ ਵਿਚ ਸਮੱਗਲਰਾਂ ਜਾਂ ਗੈਂਗਸਟਰਾਂ ਕੋਲੋਂ ਫੜੀਆਂ ਜਾ ਰਹੀਆਂ ਹਨ, ਉਹ ਜ਼ਿਆਦਾਤਰ ਚੀਨ ਦੀ ਥਾਂ ਖੈਬਰ ਦੱਰੇ ਦੀਆਂ ਬਣੀਆਂ ਹੋਈਆਂ ਹਨ।

ਇਹ ਘਰੇਲੂ ਉਦਯੋਗ 19ਵੀਂ ਸਦੀ ਦੌਰਾਨ ਹੋਂਦ ਵਿਚ ਆਇਆ, ਜਦੋਂ ਬ੍ਰਿਟਿਸ਼ ਫੌਜਾਂ ਨੇ ਅਫਗਾਨਿਸਤਾਨ ਵਿਚ ਫੌਜੀ ਕਾਰਵਾਈਆਂ ਕੀਤੀਆਂ। ਅਫਗਾਨਾਂ ਨੂੰ ਉਸ ਵੇਲੇ ਹਥਿਆਰਾਂ ਦੀ ਸਖਤ ਲੋੜ ਸੀ। ਉਨ੍ਹਾਂ ਦੀ ਲੋੜ ਪੂਰੀ ਕਰਨ ਲਈ ਦੱਰਾ ਖੈਬਰ ਵਿਚ ਕੁਝ ਵਰਕਸ਼ਾਪਾਂ ਖੁੱਲ੍ਹ ਗਈਆਂ। ਉਸ ਵੇਲੇ ਬ੍ਰਿਟਿਸ਼ ਫੌਜ ਦੇ ਹਥਿਆਰਾਂ ਦੀ ਨਕਲ ਤਿਆਰ ਕੀਤੀ ਜਾਂਦੀ ਸੀ। ਅੰਗਰੇਜ਼ਾਂ ਨੇ ਵੀ ਇਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਕਰਨ ਦੀ ਥਾਂ ਇਸ ਨੂੰ ਹੱਲਾਸ਼ੇਰੀ ਹੀ ਦਿੱਤੀ। ਪਹਿਲੇ ਸੰਸਾਰ ਯੁੱਧ ਸਮੇਂ ਸੂਬਾ ਸਰਹੱਦ ਤੋਂ ਭਰਤੀ ਕੀਤੇ ਫੌਜੀਆਂ ਨੂੰ ਦੱਰੇ ਦੇ ਬਣੇ ਹਥਿਆਰ ਹੀ ਦਿੱਤੇ ਗਏ ਸਨ, ਕਿਉਂਕਿ ਬਰਤਾਨਵੀਆਂ ਨੂੰ ਡਰ ਸੀ ਕਿ ਇਹ ਅੱਖੜ ਕਿਸਮ ਦੇ ਫੌਜੀ ਸਰਕਾਰੀ ਰਾਈਫਲਾਂ ਲੈ ਕੇ ਭੱਜ ਜਾਣਗੇ।

ਅਫਗਾਨਿਸਤਾਨ ਸਦੀਆਂ ਤੱਕ ਰੂਸ ਅਤੇ ਇੰਗਲੈਂਡ ਦਰਮਿਆਨ ਝਗੜੇ ਦਾ ਕਾਰਨ ਰਿਹਾ ਹੈ। ਇਸ ਲਈ ਇਨ੍ਹਾਂ ਕਾਰੀਗਰਾਂ ਨੂੰ ਦੋਹਾਂ ਦੇਸ਼ਾਂ ਦੇ ਹਥਿਆਰਾਂ ਦੀਆਂ ਨਕਲਾਂ ਬਣਾਉਣ ਦੀ ਮੁਹਾਰਤ ਹਾਸਲ ਹੋ ਗਈ। ਇਸ ਪਿਛੋਂ ਰੂਸੀ ਦਖਲ ਦੌਰਾਨ ਮੁਜਾਹਿਦੀਨ ਲਈ ਇਥੋਂ ਲੱਖਾਂ ਅਸਾਲਟਾਂ ਬਣ ਕੇ ਗਈਆਂ। ਇਸ ਪਿਛੋਂ ਜਦੋਂ ਅਮਰੀਕਾ ਨੇ ਤਾਲਿਬਾਨ 'ਤੇ ਹਮਲਾ ਕੀਤਾ ਤਾਂ ਇਹ ਤਾਲਿਬਾਨ ਨੂੰ ਹਥਿਆਰ ਸਪਲਾਈ ਕਰਨ ਦਾ ਮੁੱਖ ਜ਼ਰੀਆ ਬਣ ਗਿਆ।

ਪਾਕਿਸਤਾਨ ਵਿਚ ਹਥਿਆਰਾਂ ਦਾ ਲਾਇਸੈਂਸ ਬਹੁਤ ਅਸਾਨੀ ਨਾਲ ਬਣ ਜਾਂਦਾ ਹੈ। ਇਕ ਬੰਦਾ ਜਿੰਨੇ ਚਾਹੇ ਹਥਿਆਰ ਅਤੇ ਗੋਲੀਆਂ ਰੱਖ ਸਕਦਾ ਹੈ। ਕੇਂਦਰੀ ਗ੍ਰਹਿ ਮੰਤਰਾਲਾ ਆਟੋਮੈਟਿਕ ਅਤੇ ਸੂਬਿਆਂ ਦੇ ਗ੍ਰਹਿ ਮੰਤਰਾਲੇ ਸੈਮੀ-ਆਟੋਮੈਟਿਕ ਹਥਿਆਰਾਂ ਲਈ ਲਾਇਸੈਂਸ ਜਾਰੀ ਕਰਦੇ ਹਨ। ਏ.ਕੇ. 47 ਵੀ ਕਾਨੂੰਨਨ ਖਰੀਦੀ ਜਾ ਸਕਦੀ ਹੈ। ਹਥਿਆਰਾਂ ਦੀ ਇਸ ਭਾਰੀ ਮੰਗ ਨੂੰ ਸਿਰਫ ਦੱਰਾ ਖੈਬਰ ਹੀ ਪੂਰੀ ਕਰ ਸਕਦਾ ਹੈ।

ਦੱਰਾ ਖੈਬਰ ਵਿਚ ਅਸਲੇ ਦੀ ਦੁਕਾਨ ਜਾਂ ਫੈਕਟਰੀ ਖੋਲ੍ਹਣੀ ਬਹੁਤ ਅਸਾਨ ਹੈ। ਆਰਾਮ ਨਾਲ ਪਰਮਿਟ ਮਿਲ ਜਾਂਦਾ ਹੈ। ਸਰਕਾਰ ਦਾ ਵੀ ਕੋਈ ਬਹੁਤਾ ਕੰਟਰੋਲ ਨਹੀਂ ਹੈ। ਦੱਰਾ ਖੈਬਰ ਦੇ



*ਖੈਬਰ ਦੱਰੇ ਵਿਚ ਹਥਿਆਰ ਬਣਾਉਣ ਵਾਲੀ ਫੈਕਟਰੀ ਵਿਚ ਕੰਮ ਕਰ ਰਹੇ ਕਾਰੀਗਰ।*

ਵਪਾਰੀਆਂ ਵਲੋਂ ਲਾਇਸੈਂਸਧਾਰੀਆਂ, ਤਾਲਿਬਾਨ, ਕਬੀਲਿਆਂ ਅਤੇ ਗੁੰਡਾ ਗਰੋਹਾਂ ਨੂੰ ਹਥਿਆਰਾਂ ਦੀ ਖੁੱਲ੍ਹੀ ਵਿਕਰੀ ਹੁੰਦੀ ਹੈ। ਹਥਿਆਰ ਬਣਾਉਣ ਲਈ ਲੋਕਲ ਕੱਚੇ ਮਾਲ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਤੌਰ 'ਤੇ ਕੰਡਮ ਗੱਡੀਆਂ ਦੇ ਸਖਤ ਹਿੱਸੇ ਜਿਵੇਂ ਧੁਰਾ, ਕਮਾਨੀਆਂ ਅਤੇ ਕਰੈਂਕ ਸ਼ਾਫਟ ਆਦਿ ਵਰਤੇ ਜਾਂਦੇ ਹਨ ਪਰ ਰੇਲਵੇ ਲਾਈਨਾਂ ਦੇ ਟੁਕੜੇ ਅਤੇ ਰੇਲਵੇ ਇੰਜਣਾਂ ਦੇ ਹਿੱਸੇ ਬੇਹੱਦ ਮਜ਼ਬੂਤ ਹੋਣ ਕਾਰਨ ਜ਼ਿਆਦਾ ਪਸੰਦ ਕੀਤੇ ਜਾਂਦੇ ਹਨ। ਗੋਲੀਆਂ ਦੇ ਜ਼ਿਆਦਾਤਰ ਖੋਲ ਸਟੀਲ ਦੇ ਹੁੰਦੇ ਹਨ, ਜਿਨ੍ਹਾਂ ਨੂੰ ਤਾਂਬੇ ਦੀ ਪਾਲਿਸ਼ ਕਰ ਦਿੱਤੀ ਜਾਂਦੀ ਹੈ। ਬਹੁਤੀਆਂ ਗੋਲੀਆਂ ਨਾਟੋ ਅਤੇ ਪਾਕਿਸਤਾਨੀ ਫੌਜ ਦੇ ਚੱਲੇ ਹੋਏ ਕਾਰਤੂਸਾਂ ਨੂੰ ਦੁਬਾਰਾ ਭਰ ਕੇ ਬਣਾਈਆਂ ਜਾਂਦੀਆਂ ਹਨ।

ਹਥਿਆਰ ਗਾਹਕ ਦੀ ਪਸੰਦ ਮੁਤਾਬਕ ਬੇਹੱਦ ਮਜ਼ਬੂਤ ਅਤੇ ਕਾਰਗਰ ਜਾਂ ਚਾਲੂ ਕਿਸਮ ਦੇ ਬਣਾਏ ਜਾਂਦੇ ਹਨ। ਅੱਜ ਕੱਲ੍ਹ ਜ਼ਿਆਦਾਤਰ ਅਮਰੀਕਨ, ਇੰਗਲਿਸ਼, ਰੂਸੀ, ਜਰਮਨ, ਇਟਾਲੀਅਨ, ਇਜ਼ਰਾਈਲੀ ਅਤੇ ਚੀਨੀ ਹਥਿਆਰਾਂ ਦੀਆਂ ਨਕਲਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹ ਕਾਰੀਗਰ ਖਾਸ ਤੌਰ 'ਤੇ ਏ.ਕੇ. 47 ਅਤੇ ਰਿਵਾਲਵਰ-ਪਿਸਤੌਲ ਬਣਾਉਣ ਦੇ ਬੇਹੱਦ ਮਾਹਿਰ ਹਨ। ਹਥਿਆਰ 'ਤੇ ਮਾਅਰਕਾ ਸਟੈਂਪ ਕਰਨ ਲੱਗਿਆਂ ਜਾਣਬੁੱਝ ਕੇ ਥੋੜ੍ਹਾ-ਬਹੁਤ ਫਰਕ ਪਾ ਦਿੱਤਾ ਜਾਂਦਾ ਹੈ, ਤਾਂ ਜੋ ਪਤਾ ਲੱਗ ਜਾਵੇ ਕਿ ਇਹ ਦੱਰਾ ਖੈਬਰ ਦਾ ਬਣਿਆ ਹੋਇਆ ਹੈ।

ਖੈਬਰ ਵਿਚ ਬਣਨ ਵਾਲੇ ਹਥਿਆਰਾਂ ਦੇ ਆਪਣੇ ਵੀ ਬਰਾਂਡ ਨਾਂ ਹਨ ਜਿਵੇਂ ਬੁਫੈਲੋ, ਡਾਇਮੰਡ, ਡਬਲ ਡਰੈਗਨ, ਡਬਲ ਸਟਾਰ, ਗੁੱਡਲੱਕ, ਗੁਰੀਲਾ ਅਤੇ ਟਾਈਗਰ ਆਦਿ। ਸਾਕਿਬ ਬਰਾਂਡ ਇਥੋਂ ਦਾ ਪ੍ਰਸਿਧ ਬਰਾਂਡ ਹੈ। ਪੰਜਾਬ ਵਿਚ ਅਤਿਵਾਦ ਦੇ ਦਿਨੀਂ ਬਹੁਤੇ ਹਥਿਆਰ ਖੈਬਰ ਦੱਰੇ ਦੇ ਹੀ ਆਉਂਦੇ ਸਨ। ਪੰਜਾਬ ਵਿਚ ਕਿਸੇ ਦਾ ਪਿਸਤੌਲ ਚੈਕ ਕਰਨ ਲੱਗਿਆਂ ਅੱਜ ਵੀ ਜ਼ਰੂਰ ਪੁੱਛਦੇ ਹਨ ਕਿ ਵਲਾਇਤੀ ਆ ਕਿ ਦੱਰੇ ਦਾ ਮਾਲ ਆ? ਪਾਕਿਸਤਾਨ ਸਰਕਾਰ ਜਿੰਨਾ ਮਰਜ਼ੀ ਜ਼ੋਰ ਲਾ ਲਵੇ, ਜਦ ਤੱਕ ਅਫਗਾਨਿਸਤਾਨ ਅਤੇ ਸੂਬਾ ਸਰਹੱਦ ਵਿਚ ਸ਼ਾਂਤੀ ਨਹੀਂ ਹੁੰਦੀ, ਇਹ ਕਾਰੋਬਾਰ ਵਧਦਾ-ਫੁਲਦਾ ਹੀ ਰਹਿਣਾ ਹੈ।

# ਅਜੋਕੇ ਸਮਾਜ ਵਿਚ ਦਮ ਤੋੜਦੇ ਰਿਸ਼ਤੇ

ਪਰਿਵਰਤਨ ਜ਼ਿੰਦਗੀ ਦਾ ਨਿਯਮ ਹੈ। ਇਹ ਸਦੀਆਂ ਤੋਂ ਨਿਰੰਤਰ ਚਲਦਾ ਆ ਰਿਹਾ ਹੈ। ਸਮੇਂ ਦੇ ਬੀਤਣ ਨਾਲ ਲੋਕਾਂ ਦਾ ਰਹਿਣ-ਸਹਿਣ, ਪਹਿਨਣ-ਖਾਣ ਅਤੇ ਇਥੋਂ ਤੱਕ ਕਿ ਵਿਚਾਰ ਵੀ ਬਦਲ ਜਾਂਦੇ ਹਨ। ਵਿਗਿਆਨਕ ਤਰੱਕੀ ਨੇ ਸਮਾਜਕ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਜੀਵਨ ਪਹਿਲਾਂ ਨਾਲੋਂ ਅਰਾਮਦਾਇਕ

ਲਖਵਿੰਦਰ ਕੌਰ, ਪਟਿਆਲਾ
ਫੋਨ: 91-83609-89593

ਤਾਂ ਹੋ ਗਿਆ ਹੈ, ਪਰ ਇਸੇ ਯੁੱਗ ਵਿਚ ਵਿਗਿਆਨ ਦੀ ਕੁੱਛੜ ਚੜ੍ਹ ਕੇ ਅਗਾਂਹਵਧੂ ਹੋਣ ਦਾ ਢੰਡੋਰਾ ਪਿੱਟਣ ਵਾਲਾ ਮਨੁੱਖ ਹੈਰਾਨ, ਪ੍ਰੇਸ਼ਾਨ ਤੇ ਬੇਚੈਨ ਇਸ ਕਰਕੇ ਹੋ ਰਿਹਾ ਹੈ ਕਿ ਉਸ ਦੀ ਲਾਲਸਾ ਦੀ ਚਾਦਰ ਵੱਡੀ ਹੁੰਦੀ ਜਾ ਰਹੀ ਹੈ ਅਤੇ ਉਹ ਰਿਸ਼ਤਿਆਂ ਨਾਲੋਂ ਟੁੱਟਦਾ ਜਾ ਰਿਹਾ ਹੈ।

ਕੋਈ ਸਮਾਂ ਸੀ, ਜਦੋਂ ਮਨੁੱਖੀ ਜੀਵਨ ਦਾ ਆਧਾਰ ਮੰਨੇ ਜਾਂਦੇ ਰਿਸ਼ਤਿਆਂ ਨੂੰ ਬਹੁਤ ਅਹਿਮੀਅਤ ਦਿੱਤੀ ਜਾਂਦੀ ਸੀ। ਭੈਣਾਂ-ਭਰਾਵਾਂ, ਰਿਸ਼ਤੇਦਾਰਾਂ ਨੂੰ ਮਿਲ ਕੇ ਖੁਸ਼ੀ ਮਿਲਦੀ ਸੀ ਪਰ ਪੱਛਮੀ ਸਭਿਅਤਾ ਦੀ ਲਪੇਟ 'ਚ ਆ ਕੇ ਅਸੀਂ ਆਪਣੇ ਫਰਜ਼ਾਂ ਨੂੰ ਭੁੱਲ ਕੇ ਕੁਰਾਹੇ ਪੈ ਰਹੇ ਹਾਂ ਤੇ ਰਿਸ਼ਤੇ-ਨਾਤਿਆਂ ਦੇ ਸਤਿਕਾਰ ਤੋਂ ਬਾਗੀ ਹੋ ਰਹੇ ਹਾਂ। ਸਾਡਾ ਪਦਾਰਥਵਾਦ ਹੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਬਣਦਾ ਜਾ ਰਿਹਾ ਹੈ।

ਮਨੁੱਖੀ ਜੀਵਨ ਦੇ ਗੂੜ੍ਹੇ ਰਿਸ਼ਤੇ ਸਾਡੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਸਨ। ਦੁਨਿਆਵੀ ਜੀਵਨ ਵਿਚ ਇਨ੍ਹਾਂ ਰਿਸ਼ਤਿਆਂ ਨੂੰ ਮਨਫੀ ਕਰਕੇ ਜਿਉਣਾ ਔਖਾ ਹੀ ਨਹੀਂ ਸਗੋਂ ਅਸੰਭਵ ਹੈ। ਸਮਾਜ



ਵਿਚ ਸਭ ਤੋਂ ਪਹਿਲਾ ਰਿਸ਼ਤਾ ਮਾਂ-ਬਾਪ ਦਾ ਆਉਂਦਾ ਹੈ, ਜਿਸ ਨਾਲ ਬਾਕੀ ਦੇ ਰਿਸ਼ਤੇ ਜੁੜਦੇ ਜਾਂਦੇ ਹਨ। ਮਾਂ-ਧੀ, ਪਿਉ-ਪੁੱਤਰ, ਤਾਇਆ-ਚਾਚਾ, ਭੂਆ-ਭਤੀਜਾ, ਦਾਦਾ-ਦਾਦੀ, ਨਾਨਾ-ਨਾਨੀ, ਮਾਮਾ-ਭਾਣਜਾ, ਮਾਸੀ-ਭਾਣਜਾ, ਸੱਸ-ਨੂੰਹ, ਜੇਠ-ਦਿਓਰ, ਨਣਦ-ਭਰਜਾਈ ਆਦਿ। ਪਹਿਲਾਂ ਇਨ੍ਹਾਂ ਰਿਸ਼ਤਿਆਂ ਦਾ ਬਹੁਤ ਮਹੱਤਵ ਸੀ, ਜੋ ਅਜੋਕੇ ਪਦਾਰਥਵਾਦੀ ਯੁਗ ਵਿਚ ਦਮ ਤੋੜਦੇ ਜਾ ਰਹੇ ਹਨ। ਹਰ ਘਰ ਵਿਚ ਨਫਰਤ ਦੀ ਕੰਧ ਉਸਰੀ ਹੋਈ ਜਾਪਦੀ ਹੈ। ਪਰਿਵਾਰਾਂ ਵਿਚ ਆਪਸੀ ਵਿਰੋਧ ਪੈਦਾ ਹੋ ਜਾਣ ਨਾਲ ਭਰਾ ਨੇ ਭਰਾ ਵੱਲ ਪਿੱਠ ਕੀਤੀ ਹੋਈ ਹੈ। ਪਰਿਵਾਰਾਂ ਦੇ ਟੁੱਟ ਜਾਣ ਕਾਰਨ ਬਜ਼ੁਰਗ ਜੀਵਨ ਦਾ ਆਖਰੀ ਪੰਧ ਬਿਰਧ ਘਰਾਂ 'ਚ ਗੁਜ਼ਾਰਨ ਲਈ ਮਜਬੂਰ ਹਨ।

ਸਮੇਂ ਦੇ ਨਾਲ-ਨਾਲ ਰਿਸ਼ਤਿਆਂ ਦੀ ਪਰਿਭਾਸ਼ਾ ਵੀ ਬਦਲਦੀ ਜਾ ਰਹੀ ਹੈ। ਰਿਸ਼ਤੇ ਹੁਣ ਸਿਰਫ ਮਤਲਬ ਦੇ ਰਹਿ ਗਏ ਹਨ। ਇਨ੍ਹਾਂ ਰਿਸ਼ਤਿਆਂ ਵਿਚ ਜੋ ਅਪਣੱਤ ਤੇ ਮਿਠਾਸ ਹੁੰਦੀ ਸੀ, ਉਹ ਹੌਲੀ-ਹੌਲੀ ਖਤਮ ਹੁੰਦੀ ਜਾ ਰਹੀ ਹੈ। ਨਫਰਤ, ਧੋਖੇਬਾਜ਼ੀ, ਸ਼ੱਕ, ਵੈਰ-ਵਿਰੋਧ ਵਧ ਰਿਹਾ ਹੈ। ਹਾਲੇ ਬਹੁਤੀ ਦੇਰ ਦੀ ਗੱਲ ਨਹੀਂ ਜਦੋਂ ਪੇਂਡੂ ਸਭਿਆਚਾਰ ਵਿਚ ਸਾਂਝੇ ਪਰਿਵਾਰਾਂ ਦੀ ਟੌਹਰ ਹੁੰਦੀ ਸੀ। ਚਾਚਿਆਂ-ਤਾਇਆਂ ਨਾਲ ਵੀ ਚਾਰ-ਚਾਰ ਪੀੜ੍ਹੀਆਂ ਇੱਕੋ ਘਰ 'ਚ ਖੁਸ਼ੀ-ਖੁਸ਼ੀ ਜੀਵਨ ਬਤੀਤ ਕਰਦੀਆਂ ਸਨ, ਪਰ ਪਦਾਰਥਵਾਦ ਤੇ ਨਿਜਵਾਦ ਨੇ ਸਾਂਝੇ ਪਰਿਵਾਰਾਂ ਨੂੰ ਨਿਗਲ ਲਿਆ ਹੈ।

ਪਿੰਡ ਦੇ ਹਰ ਬਜ਼ੁਰਗ ਦਾ ਸਤਿਕਾਰ, ਪਿੰਡ ਦੇ ਸਵੈ-ਮਾਣ ਨੂੰ ਆਪਣੀ ਇੱਜਤ ਤੋਂ ਵਧੇਰੇ ਸਮਝਣਾ, ਪਿੰਡ ਦੀ ਧੀ ਧਿਆਣੀ ਨੂੰ ਆਪਣੀ ਧੀ-ਭੈਣ ਸਮਝਣਾ ਪੰਜਾਬੀਆਂ ਦੇ ਵਿਰਾਸਤੀ ਗੁਣ ਸਨ। ਅੱਜ ਲੋੜ ਹੈ, ਇਨ੍ਹਾਂ ਰਿਸ਼ਤਿਆਂ ਨੂੰ ਬਚਾਉਣ ਦੀ, ਨਵੀਂ ਪੀੜ੍ਹੀ ਵਿਚ ਰਿਸ਼ਤਿਆਂ ਪ੍ਰਤੀ ਪਿਆਰ-ਸਤਿਕਾਰ ਤੇ ਸਨੇਹ ਭਰਨ ਦੀ। ਜੇ ਅੱਜ ਅਸੀਂ ਰਿਸ਼ਤਿਆਂ ਦੀ ਸੰਭਾਲ ਪ੍ਰਤੀ ਜਾਗਰੂਕ ਨਾ ਹੋ ਸਕੇ, ਰਿਸ਼ਤੇ ਸੰਭਾਲ ਨਾ ਸਕੇ, ਤਾਂ ਇਕ ਦਿਨ ਪਛਤਾਉਣਾ ਹੀ ਪੈਣਾ ਹੈ।

###

# ਭਾਰਤੀ ਪੁਰਾਤਨ ਸਭਿਅਤਾ ਦੇ ਨੌਂ ਗ੍ਰਹਿਆਂ ਦੀ ਧਰਤੀ ਨਾਲ ਰਿਸ਼ਤੇਦਾਰੀ

***ਭਾਰਤ ਵਿਚ ਪੰਡਿਤ ਲੋਕ ਸਦੀਆਂ ਤੋਂ ਲੋਕਾਂ ਨੂੰ ਗ੍ਰਹਿਆਂ ਦੇ ਸ਼ੁਭ-ਅਸ਼ੁਭ ਹੋਣ ਦੇ ਚੱਕਰ ਵਿਚ ਪਾਉਂਦੇ ਆ ਰਹੇ ਹਨ। ਲੋਕ, ਖਾਸ ਕਰ ਹਿੰਦੂ, ਵੀ ਉਨ੍ਹਾਂ ਦੇ ਆਖੇ ਸਭ ਵਰਤੋਂ ਵਿਹਾਰ ਗ੍ਰਹਿਆਂ ਦੀ ਚਾਲ ਅਨੁਸਾਰ ਕਰਦੇ ਆ ਰਹੇ ਹਨ। ਪਰ ਇਹ ਸਭ ਕੁਝ ਕਿੰਨਾ ਕੁ ਸਹੀ ਹੈ ਅਤੇ ਇਸ ਬਾਰੇ ਵਿਗਿਆਨ ਦੀ ਖੋਜ ਕੀ ਕਹਿੰਦੀ ਹੈ, ਇਨ੍ਹਾਂ ਕੁਝ ਸਵਾਲਾਂ ਦਾ ਜਵਾਬ ਇਸ ਲੇਖ ਵਿਚ ਲੇਖਕਾਂ ਨੇ ਲੱਭਣ ਦੀ ਕੋਸ਼ਿਸ਼ ਕੀਤੀ ਹੈ। -ਸੰਪਾਦਕ***

**ਦਰਸ਼ਨ ਸਿੰਘ ਪਨੂੰ**
**ਕਰਮਜੀਤ ਕੌਰ ਪਨੂੰ**

ਭਾਰਤੀ ਪੁਰਾਤਨ ਸਭਿਅਤਾ ਅਨੁਸਾਰ ਬ੍ਰਹਿਮੰਡ ਵਿਚ 9 ਗ੍ਰਹਿ- ਸੂਰਜ, ਚੰਦਰਮਾ, ਮੰਗਲ, ਬੁੱਧ, ਬ੍ਰਹਿਸਪਤੀ, ਸ਼ੁਕਰ, ਸ਼ਨੀ, ਰਾਹੂ ਅਤੇ ਕੇਤੂ ਮੰਨੇ ਜਾਂਦੇ ਹਨ। ਇਨ੍ਹਾਂ ਨੂੰ ਵੱਖ ਵੱਖ ਢੰਗਾਂ ਨਾਲ ਭਾਰਤ ਵਿਚ ਦੇਵਤੇ ਮੰਨ ਕੇ ਪੂਜਿਆ ਜਾਂਦਾ ਹੈ ਅਤੇ ਹੈਰਾਨੀ ਦੀ ਗੱਲ ਹੈ ਕਿ ਇਹ ਗ੍ਰਹਿ ਧਰਤੀ ਦੇ ਹਰ ਵਿਅਕਤੀ ਤੇ ਉਨ੍ਹਾਂ ਦੇ ਸਭ ਕਾਰਜਾਂ ਦੀ ਭਵਿੱਖਵਾਣੀ ਅਤੇ ਇਨ੍ਹਾਂ ਨੂੰ ਸਿੱਧ ਕਰਨ ਲਈ ਵੀ ਵਰਤੇ ਜਾਂਦੇ ਹਨ। ਇਥੋਂ ਤੱਕ ਕਿ ਪੰਡਿਤ ਇਨ੍ਹਾਂ ਦੀਆਂ ਦਿਸ਼ਾਵਾਂ ਦਾ ਹਿਸਾਬ ਕਿਤਾਬ ਲਾ ਕੇ ਹਰ ਇਕ ਦੀ ਕੁੰਡਲੀ ਬਣਾ ਕੇ ਦਿੰਦੇ ਹਨ ਅਤੇ ਲੋਕ ਸਾਰੀ ਉਮਰ ਉਸ ਨੂੰ ਸੰਭਾਲ ਕੇ ਰੱਖਦੇ ਹਨ। ਇਸ ਨੂੰ ਕੁੰਡਲੀਕਾਰ ਦੇ ਕਿਸੇ ਖਾਸ ਮਸਲੇ ਲਈ ਵੀ ਵਰਤਿਆ ਜਾਂਦਾ ਹੈ। ਘਰ ਦੇ ਹਰ ਖਾਸ ਕੰਮ ਦੀ ਕੁੰਡਲੀ ਦੇ ਹਿਸਾਬ ਨਾਲ ਹੀ ਦਿਨ ਤੈਅ ਕੀਤੇ ਜਾਂਦੇ ਹਨ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸੂਰਜ ਤੇ ਤਾਰਿਆਂ (ਗ੍ਰਹਿਆਂ) ਦਾ ਇਨਸਾਨ ਦੀ ਅੱਗੋਂ ਆਉਣ ਵਾਲੀ ਜ਼ਿੰਦਗੀ ਨਾਲ ਕੀ ਸਬੰਧ ਹੋ ਸਕਦਾ ਹੈ? ਸੂਰਜ ਦੇ ਤਾਂ ਧਰਤੀ ਦੇ ਵਾਸੀ ਪੁਰਾਤਨ ਸਮੇਂ ਤੋਂ ਹੀ ਦੇਣਦਾਰ ਰਹੇ ਹਨ।

ਭਾਰਤ ਵਿਚ ਤਾਂ ਸਵੇਰ-ਸ਼ਾਮ ਸੂਰਜ ਨੂੰ ਪਾਣੀ ਵਾਰ ਕੇ ਹੁਣ ਤੱਕ ਇਸ ਦੀ ਪੂਜਾ ਕਰਦੇ ਆ ਰਹੇ ਹਨ। ਪੁਰਣੇ ਸਮੇਂ ਤੋਂ ਚਲੀ ਆ ਰਹੀ ਇਸ ਰੀਤ ਨੂੰ ਸਹੀ ਸਾਬਤ ਕਰਨ ਲਈ ਇਕ ਵਿਚਾਰਕ ਤੇ ਨੈਤਿਕਤਾ ਇੰਪੋਜ਼ਰ ਨੇ ਗੂਗਲ ਰਾਹੀਂ 2014 'ਚ ਤਰਕ ਦਿੱਤਾ ਸੀ ਕਿ ਸੂਰਜ ਨੂੰ ਸਵੇਰੇ ਪਾਣੀ ਦਿੰਦਿਆਂ ਜਦ ਇਸ ਦੀ ਰੋਸ਼ਨੀ ਰਾਹੀਂ ਪਾਣੀ ਵਿਚੋਂ ਦੀ ਸਤ ਰੰਗ ਦੇਖਦੇ ਹਾਂ ਤਾਂ ਦੇਖਣ ਵਾਲੇ ਦੀਆਂ ਅੱਖਾਂ ਕਦੇ ਖਰਾਬ ਨਹੀਂ ਹੁੰਦੀਆਂ, ਐਨਕਾਂ ਵੀ ਉਤਰ ਜਾਂਦੀਆਂ ਹਨ। ਅਜਿਹਾ ਸਿਧਾਂਤਕ ਪੱਖੋਂ ਠੀਕ ਨਹੀਂ ਜਾਪਦਾ। ਅਸੀਂ ਇਹ ਤਾਂ ਸਪਸ਼ਟ ਰੂਪ ਵਿਚ ਜਾਣਦੇ ਹਾਂ ਕਿ ਸੂਰਜ ਰਾਹੀਂ ਸਾਨੂੰ ਪੌਦੇ ਅਤੇ ਰੁੱਖਾਂ ਦੀ ਫੋਟੋਸਿਨਥੇਸਿਜ ਰਾਹੀਂ ਖੁਰਾਕ, ਦਿਨ ਵੇਲੇ ਰੋਸ਼ਨੀ ਤੇ ਗਰਮੀ, ਸਾਡੀਆਂ ਹੱਡੀਆਂ ਲਈ ਵਿਟਾਮਿਨ ਡੀ, ਬਾਰਿਸ਼ ਅਤੇ ਹੋਰ ਬਹੁਮੁੱਲੀਆਂ ਕਿਰਨਾਂ ਭੀ ਮਿਲਦੀਆਂ ਹਨ।

ਇਸ ਸਭ ਕੁਝ ਦੀ ਗੁੱਥੀ ਖੋਲ੍ਹਣ ਲਈ ਇਹ ਜਾਣਨਾ ਜਰੂਰੀ ਹੈ ਕਿ ਸੂਰਜ ਕਿਸ ਚੀਜ ਦਾ ਬਣਿਆ ਹੈ ਤੇ ਇਸ ਵਿਚ ਕੀ ਹੈ? ਸੂਰਜ ਹੀ ਸਾਰੇ ਗ੍ਰਹਿਆਂ ਦਾ ਧੁਰਾ ਹੈ। ਵਿਗਿਆਨੀਆਂ ਅਨੁਸਾਰ ਇਹ ਧਰਤੀ ਤੋਂ 1494.44 ਲੱਖ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਤੇ ਇਸ ਵਿਚ ਅੱਗ ਹੀ ਅੱਗ ਹੋਵੇਗੀ। ਸਾਨੂੰ ਤਾਂ ਬਸ ਇੰਨਾ ਹੀ ਪਤਾ ਹੈ ਕਿ ਧਰਤੀ ਅਤੇ ਇਸ ਦੇ ਵਾਸੀਆਂ ਨੂੰ ਇਸ ਦੀ ਹਰ ਵੇਲੇ ਤੇ ਹਰ ਪੱਖੋਂ ਲੋੜ ਹੈ।


ਇਹ ਮੰਨ ਲੈਣਾ ਵੀ ਸੁਭਾਵਿਕ ਹੈ ਕਿ ਸੂਰਜ ਸਵੇਰ-ਸ਼ਾਮ ਸਾਨੂੰ ਗੋਲ ਸ਼ਕਲ ਵਿਚ ਹੀ ਨਜ਼ਰ ਆਉਂਦਾ ਹੈ ਅਤੇ ਧਰਤੀ ਤੇ ਚੰਦ ਵਾਂਗ ਠੋਸ ਹੀ ਹੋਵੇਗਾ ਪਰ ਵਿਗਿਆਨ ਦੀ ਖੋਜ ਅਨੁਸਾਰ ਇਹ ਇਕ ਬਹੁਤ ਵੱਡੇ ਆਕਾਰ ਦਾ ਬਹੁਤ ਹੀ ਗਰਮ ਗੈਸਾਂ ਨਾਲ ਭਖਦਾ ਗੋਲਾ ਹੈ, ਜਿਸ ਦਾ ਵਿਆਸ 864,337.3 ਮੀਲ ਹੈ ਜਦਕਿ ਇਸ ਦੇ ਮੁਕਾਬਲੇ ਧਰਤੀ ਦਾ ਵਿਆਸ ਕੁਲ 7,917।5 ਮੀਲ ਹੀ ਹੈ। ਭਾਵ ਸੂਰਜ ਦਾ ਵਿਆਸ ਧਰਤੀ ਨਾਲੋਂ ਇੰਨਾ ਵੱਡਾ ਹੈ ਕਿ ਇਸ ਵਿਚ 13 ਲੱਖ ਧਰਤੀਆਂ ਸਮਾ ਜਾਣ। ਵਿਗਿਆਨੀਆਂ ਨੇ ਇਹ ਭੀ ਖੋਜ ਕਰ ਲਈ ਹੈ ਕਿ ਸੂਰਜ ਧਰਤੀ ਤੋਂ ਕੋਈ 1500 ਲੱਖ ਕਿਲੋਮੀਟਰ ਦੀ ਦੂਰੀ ਹੈ ਅਤੇ ਇਹ ਭੀ ਜਾਣਕਾਰੀ ਦਿੱਤੀ ਗਈ ਹੈ ਕਿ ਸੂਰਜ ਤੋਂ ਲਾਈਟ 1500 ਲੱਖ ਕਿਲੋਮੀਟਰ ਚੱਲ ਕੇ ਧਰਤੀ ਤੇ 8 ਮਿੰਟ 20 ਸੈਕੰਡ ਵਿਚ ਪਹੁੰਚ ਜਾਂਦੀ ਹੈ ਕਿਉਂਕਿ ਲਾਈਟ ਦੀ ਗਤੀ 3 ਲੱਖ ਕਿਲੋਮੀਟਰ ਪ੍ਰਤੀ ਸੈਕੰਡ ਹੈ।

ਹਥਲੇ ਵਿਸ਼ੇ ਦੇ ਸਬੰਧ ਵਿਚ ਇਹ ਜਾਣਨਾ ਜਰੂਰੀ ਹੈ ਕਿ ਸੂਰਜ ਅਤੇ ਬਾਕੀ ਗ੍ਰਹਿਆਂ ਵਿਚ ਦਰਅਸਲ ਹੈ ਕੀ? ਇਹ ਕਿਨ੍ਹਾਂ ਕਿਨ੍ਹਾਂ ਤੱਤਾਂ ਦੇ ਬਣੇ ਹੋਏ ਹਨ। ਉਪਰ ਦਰਸਾਈਆਂ ਖੋਜਾਂ ਦੇ ਸਬੰਧ ਵਿਚ ਇਹ ਤਾਂ ਮੰਨਿਆ ਜਾ ਸਕਦਾ ਹੈ ਕਿ ਇਹ ਖੋਜਾਂ ਸੰਸਾਰ ਦੇ ਵਿਗਿਆਨੀਆਂ ਨੇ ਬਹੁਤ ਸਮੇਂ ਤੋਂ ਬਹੁਤ ਵੱਡੇ ਵੱਡੇ ਟੈਲੀਸਕੋਪਾਂ ਅਤੇ ਹੋਰ ਯੰਤਰਾਂ ਰਾਹੀਂ ਕਰ ਲਈਆਂ ਹੋਣਗੀਆਂ। ਸੰਸਾਰ ਦੇ ਵਿਗਿਆਨੀਆਂ ਵਲੋਂ ਉਪਰ ਦੱਸੀਆਂ ਸੂਰਜ ਅਤੇ ਹੋਰ ਗ੍ਰਹਿਆਂ ਸਬੰਧੀ ਖੋਜਾਂ ਤਾਂ ਬਹੁਤ ਹੀ ਸਮੇਂ ਤੋਂ ਕੀਤੀਆਂ ਜਾ ਰਹੀਆਂ ਹਨ ਕਿਉਂਕਿ ਇਹ ਸਭ ਤਾਂ ਵੱਖ ਵੱਖ ਸਮੇਂ ਅਤੇ ਵੱਖ ਵੱਖ ਦੇਸ਼ਾਂ ਵਿਚ ਵੱਖ ਵੱਖ ਤਰ੍ਹਾਂ ਦੇ ਵੱਡੇ ਵੱਡੇ ਟੈਲੀਸਕੋਪਾਂ ਤੇ ਹੋਰ ਸਬੰਧਤ ਯੰਤਰਾਂ ਦੀ ਮਦਦ ਨਾਲ ਇਨ੍ਹਾਂ ਦੀ ਗਿਣਤੀ ਮਿਣਤੀ ਕੀਤੀ ਗਈ ਹੋਵੇਗੀ ਅਤੇ ਹੋਰ ਭੀ ਕੀਤੀ ਜਾ ਰਹੀ ਹੈ। ਪਰ ਇਹ ਜਾਣਨਾ ਕਿ ਸੂਰਜ ਵਿਚ ਕੀ ਹੈ ਜੋ ਸਾਨੂੰ ਬੇਇੰਤਹਾ ਸਹੂਲਤਾਂ ਦੇ ਰਿਹਾ ਹੈ, ਇਸ ਬਾਰੇ ਖੋਜ ਕਿਵੇਂ ਕੀਤੀ ਜਾ ਸਕਦੀ ਹੈ? ਵਿਗਿਆਨੀਆਂ ਦੀ ਖੋਜ ਅਨੁਸਾਰ ਇਹ ਤਾਂ ਧਰਤੀ ਤੋਂ ਬਹੁਤ ਹੀ ਦੂਰ ਹੈ ਅਤੇ ਉਥੇ 5055 ਡਿਗਰੀ ਸੈਂਟੀਗਰੇਡ ਦਾ ਤਾਪਮਾਨ ਹੈ ਅਰਥਾਤ ਬਹੁਤ ਹੀ ਗਰਮ ਹੈ, ਇਨ੍ਹਾਂ ਹਾਲਤਾਂ ਵਿਚ ਇਹ ਕਿਵੇਂ ਹੋ ਸਕਦਾ ਹੈ ਕਿ ਉਥੇ ਦੀ ਜਾਣਕਾਰੀ ਲਈ ਜਾ ਸਕਦੀ ਹੋਵੇ?

ਸੂਰਜ ਬਾਰੇ ਜਾਣਕਾਰੀ ਲੈਣ ਦਾ ਵੀ ਇਕ ਇਤਿਹਾਸ ਹੈ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਸੂਰਜ ਤੋਂ ਸਾਨੂੰ ਸਿੱਧਿਆਂ ਲਾਈਟ ਦੀਆਂ ਕਿਰਨਾਂ ਤੇ ਗਰਮੀ ਧਰਤੀ 'ਤੇ ਆਮ ਮਿਲਦੀ ਹੈ, ਇਹ ਹੀ ਇਕ ਵੱਡੇ ਤੋਂ ਵੱਡਾ ਸਾਧਨ ਹੈ ਜਿਸ ਦੇ ਸਹਾਰੇ ਅੱਗੋਂ ਵਿਗਿਆਨੀਆਂ ਨੇ ਸੂਰਜ ਬਾਰੇ ਜਾਣਕਾਰੀ ਲਈ ਹੋਵੇਗੀ। ਇਸ ਲਈ ਵਿਗਿਆਨੀਆਂ ਕੋਲ ਸਿਰਫ ਲਾਈਟ ਤੇ ਗਰਮੀ ਦਾ ਹੀ ਇਕ ਹਥਿਆਰ ਹੈ ਜਿਸ ਨਾਲ ਉਹ ਸੂਰਜ ਬਾਰੇ ਕੁਝ ਗਿਆਨ ਹਾਸਲ ਕਰ ਸਕਦੇ ਹਨ। ਇਹ ਤਾਂ ਅਸੀਂ ਹੁਣ ਸਭ ਜਾਣਦੇ ਹਾਂ ਕਿ ਸੂਰਜ ਦੀ ਸਫੈਦ ਲਾਈਟ ਨੂੰ ਜਦ ਸ਼ੀਸ਼ੇ ਦੀ ਪ੍ਰਿਜ਼ਮ ਵਿਚੋਂ ਦੀ ਕੱਢਦੇ ਹਾਂ ਤਾਂ ਉਹ 7 ਰੰਗਾਂ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਉਸ ਦੇ ਪ੍ਰਤੀਬਿੰਬ 'ਤੇ ਸਾਫ 7 ਰੰਗ ਨਜ਼ਰ ਆਉਂਦੇ ਹਨ, ਇਸ ਪ੍ਰਤੀਬਿੰਬ ਨੂੰ ਸੂਰਜ ਦੀ ਲਾਈਟ ਦਾ ਸਪੈਕਟਰਮ ਕਹਿੰਦੇ ਹਨ। ਇਹ ਉਹ ਹੀ ਰੰਗ ਹਨ ਜੋ ਬਾਰਿਸ਼ ਦੇ ਦਿਨਾਂ ਵਿਚ ਸੂਰਜ ਦੀ ਲਾਈਟ ਬੱਦਲਾਂ ਵਿਚੋਂ ਦੀ ਲੰਘ ਕੇ 7 ਰੰਗਾਂ ਦੀ ਸ਼ਕਲ ਵਿਚ ਬਦਲ ਜਾਂਦੀ ਹੈ, ਜਿਸ ਨੂੰ ਅਸੀਂ ਅਕਾਸ਼ ਵਿਚ 7 ਰੰਗੀ ਪੀਂਘ ਕਹਿਦੇ ਹਾਂ। ਇਹ ਉਹ ਹੀ ਰੰਗ ਹਨ ਜੋ ਸਪੈਕਟਰਮ ਵਿਚ ਆਉਂਦੇ ਹਨ।

ਸੂਰਜ ਦੀ ਜਾਣਕਾਰੀ ਸਬੰਧੀ ਸਭ ਤੋਂ ਪਹਿਲਾਂ 1902 ਵਿਚ ਇੰਗਲੈਂਡ ਦੇ ਵਿਗਿਆਨੀ ਵਿਲੀਅਮ ਹਾਈਡ ਵੋਲਾਸਟਰ ਨੇ ਸੂਰਜ ਦੀ ਲਾਈਟ ਤੋਂ ਪੈਦਾ ਹੋਏ ਸਪੈਕਟਰਮ ਨੂੰ ਹੋਰ ਵਿਸਥਾਰ ਨਾਲ ਪਰਖਿਆ ਤੇ ਪਤਾ ਲੱਗਿਆ ਕਿ ਸਪੈਕਟਰਮ ਦੇ ਰੰਗਾਂ ਵਿਚ ਕੁਝ ਕਾਲੀਆਂ ਲਕੀਰਾਂ ਮੌਜੂਦ ਹਨ ਪਰ ਇਸ ਵਿਗਿਆਨੀ ਨੂੰ ਇਹ ਪਤਾ ਨਾ ਲੱਗ ਸਕਿਆ ਕਿ ਇਹ ਲਕੀਰਾਂ ਕਿਸ ਚੀਜ਼ ਨੂੰ ਦਰਸਾਉਂਦੀਆਂ ਹਨ। ਇਸ ਦੇ ਕੁਝ ਸਾਲਾਂ ਪਿੱਛੋਂ ਇਕ ਜਰਮਨ ਸਾਇੰਸਦਾਨ ਫਰਾਨਹੌਵਰ, ਜੋ ਅੱਖਾਂ ਦੀ ਨਜ਼ਰ ਦੇ ਡਾਕਟਰ ਸਨ, ਨੇ ਇਕ ਸਪੈਸ਼ਲ ਯੰਤਰ ਇਜ਼ਾਦ ਕੀਤਾ, ਜਿਸ ਨੂੰ ਸਪੈਕਟੋਮੀਟਰ ਕਹਿੰਦੇ ਹਨ। ਇਸ ਦੀ ਵਰਤੋਂ ਨਾਲ ਸੂਰਜ ਦੀ ਲਾਈਟ ਦੇ ਸਪੈਕਟਰਮ ਦੇ ਰੰਗਾਂ ਵਿਚ ਕਾਲੀਆਂ ਲਕੀਰਾਂ ਸਾਫ ਸਾਫ ਨਜ਼ਰ ਆ ਗਈਆਂ ਜੋ ਆਮ ਸਪੈਕਟਰਮ ਵਿਚ ਨਜ਼ਰ ਨਹੀਂ ਸਨ ਆਉਂਦੀਆਂ। ਇਨ੍ਹਾਂ ਨੂੰ ਹੋਰ ਵਿਸਥਾਰ ਨਾਲ ਜਾਂਚਣ ਤੋਂ ਪਤਾ ਲੱਗਾ ਕਿ ਇਹ ਲਕੀਰਾਂ ਵੱਖ ਵੱਖ ਰੰਗਾਂ ਤੇ ਵਿੱਥ 'ਤੇ ਅਤੇ ਵੱਖ ਵੱਖ ਮੋਟਾਈ ਦੀਆਂ ਹਨ। ਇਨ੍ਹਾਂ ਲਕੀਰਾਂ ਦਾ ਅਜਿਹਾ ਹੋਣ ਦਾ ਇਹ ਸਬੂਤ ਹੈ ਕਿ ਇਹ ਲਕੀਰਾਂ ਸੂਰਜ ਵਿਚਲੇ ਉਨ੍ਹਾਂ ਤੱਤਾਂ ਨੂੰ ਜਾਹਰ ਕਰਦੀਆਂ ਹਨ ਜੋ ਸੂਰਜ ਦੀ ਅਤਿ ਦੀ ਗਰਮੀ ਵਿਚ ਭਸਮ ਹੋ ਜਾਂਦੇ ਹਨ। ਜਿਵੇਂ ਕਿ ਸਪੈਕਟਰਮ ਦੇ ਵਿਚ ਲਾਲ ਰੰਗ ਦੀਆਂ ਲਕੀਰਾਂ ਸੂਰਜ ਵਿਚ ਬਹੁਤ ਮਾਤਰਾ ਵਿਚ ਹਾਈਡਰੋਜਨ ਹੋਣ ਦਾ ਪ੍ਰਮਾਣ ਦਿੰਦੀਆਂ ਹਨ। ਇਸੇ ਤਰ੍ਹਾਂ ਪੀਲੇ ਰੰਗ ਦੀਆਂ ਕੁਝ ਲਕੀਰਾਂ ਉਥੇ ਕਾਰਬਨ ਹੋਣ ਦਾ ਸਬੂਤ ਦਿੰਦੀਆਂ ਹਨ ਤੇ ਨੀਲੇ ਰੰਗ ਦੀਆਂ ਕੁਝ ਲਕੀਰਾਂ ਸੂਰਜ ਵਿਚ ਆਕਸੀਜਨ ਹੋਣ ਦਾ ਸਬੂਤ ਦਿੰਦੀਆਂ ਹਨ। ਇਸੇ ਤਰ੍ਹਾਂ ਵਿਗਿਆਨੀ ਸੂਰਜ ਵਿਚਲੇ 67 ਤੱਤਾਂ ਦੀ ਹੁਣ ਤਕ ਖੋਜ ਕਰ ਚੁਕੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਾਰੇ ਤੱਤ ਧਰਤੀ ਵਿਚ ਵੀ ਮੌਜੂਦ ਹਨ। ਸੂਰਜ ਵਿਚ ਜੋ ਤੱਤ ਜ਼ਿਆਦਾ ਮਾਤਰਾ ਵਿਚ ਮੌਜੂਦ ਹਨ, ਉਹ ਹਨ: ਹਾਈਡਰੋਜਨ 70%, ਹੀਲੀਅਮ 20%, ਕਾਰਬਨ 1.5%, ਬਾਕੀ ਤੱਤ 0.5% ਜਿਨ੍ਹਾਂ ਵਿਚ ਨੀਓਨ, ਲੋਹਾ, ਸਿਲੀਕੌਨ, ਮੈਗਨੀਸ਼ੀਅਮ, ਸਲਫਰ ਅਤੇ ਹੋਰ ਤੱਤ ਆ ਜਾਂਦੇ ਹਨ। ਜਦ ਕਿ ਧਰਤੀ ਵਿਚ ਹੁਣ ਤਕ 118 ਤੱਤਾਂ ਦੀ ਭਾਲ ਹੋ ਚੁਕੀ ਹੈ, ਜਿਨ੍ਹਾਂ ਵਿਚੋਂ 22 ਤੱਤ ਵਿਗਿਆਨੀਆਂ ਨੇ ਆਪਣੇ ਆਪ ਪੈਦਾ ਕੀਤੇ ਹਨ। ਇਸ ਦਾ ਭਾਵ ਹੈ ਕਿ ਧਰਤੀ 96 ਤੱਤਾਂ ਦੀ ਹੀ ਬਣੀ ਹੋਈ ਹੈ।

ਵਿਗਿਆਨੀਆਂ ਅਨੁਸਾਰ ਸੂਰਜ ਤੋਂ ਲਾਈਟ ਤੇ ਗਰਮੀ ਤੋਂ ਬਿਨਾ ਬਹੁਤ ਕਿਸਮ ਦੀਆਂ ਇਲੈਕਟ੍ਰੋਮੈਗਨੈਟਿਕ ਤਰੰਗਾਂ ਵੀ ਧਰਤੀ 'ਤੇ ਪਹੁੰਚਦੀਆਂ ਹਨ। ਇਨ੍ਹਾਂ ਦਾ ਇਲੈਕਟ੍ਰੋਮੈਗਨੈਟਿਕ ਸਪੈਕਟਰਮ ਤਿਆਰ ਕੀਤਾ ਗਿਆ ਜਿਸ ਦੇ ਸਹਾਰੇ ਸੂਰਜ ਬਾਰੇ ਬਹੁਤ ਸਾਰੀ ਜਾਣਕਾਰੀ ਮਿਲ ਚੁਕੀ ਹੈ। ਇਨ੍ਹਾਂ ਤਰੰਗਾਂ ਤੋਂ ਖੋਜ ਕੀਤੀ ਗਈ ਕਿ ਸੂਰਜ ਵਿਚ ਬਹੁਤ ਮਾਤਰਾ ਵਿਚ ਰੇਡੀਓਐਕਟਿਵ ਤੱਤ ਮੌਜੂਦ ਹੈ। ਇਸ ਵਿਚ ਹਾਈਡਰੋਜਨ ਹੀਲੀਅਮ ਵਿਚ ਫਿਊਜ਼ ਹੋ ਕੇ ਨਿਊਕਲਰ ਚੇਨ ਰੀਐਕਸ਼ਨ ਹੁੰਦਾ ਰਹਿੰਦਾ ਹੈ ਜਿਸ ਕਰਕੇ ਐਨੀ ਗਰਮੀ ਪੈਦਾ ਹੁੰਦੀ ਹੈ। ਇਹ ਗਰਮੀ ਤੇ ਲਾਈਟ ਚਾਰੇ ਪਾਸੇ ਫੈਲ ਜਾਂਦੀ ਹੈ ਅਤੇ ਧਰਤੀ 'ਤੇ ਵੀ ਪਹੁੰਚਦੀ ਹੈ। ਇਹ ਉਸੇ ਕਿਸਮ ਦੀ ਐਟਾਮਿਕ ਫਿਊਜ਼ਨ ਹੈ




ਜਿਸ ਦੇ ਆਧਾਰ 'ਤੇ ਵਿਗਿਆਨੀਆਂ ਨੇ ਐਟਮ ਬੰਬ ਬਣਾਇਆ ਸੀ।

ਇਸੇ ਤਰ੍ਹਾਂ ਹੀ ਸੰਸਾਰ ਦੇ ਵਿਗਿਆਨੀਆਂ ਨੇ ਬਾਕੀ ਰਹਿੰਦੇ ਗ੍ਰਹਿਆਂ ਵਿਚ ਤੱਤਾਂ ਦੀ ਜਾਣਕਾਰੀ ਵੀ ਪ੍ਰਾਪਤ ਕਰ ਲਈ ਹੈ। ਇਨ੍ਹਾਂ ਗ੍ਰਹਿਆਂ ਦੇ ਤੱਤਾਂ ਦੀ ਜਾਣਕਾਰੀ ਇਨ੍ਹਾਂ ਤੋਂ ਆਉਂਦੀ ਲਾਈਟ ਵਗੈਰਾ ਤੋਂ ਤਾਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਸੀ ਕਿਉਂਕਿ ਇਨ੍ਹਾਂ ਗ੍ਰਹਿਆਂ ਵਿਚ ਤਾਂ ਆਪਣੀ ਲਾਈਟ ਹੁੰਦੀ ਹੀ ਨਹੀਂ, ਇਹ ਤਾਂ ਸੂਰਜ ਦੀ ਲਾਈਟ ਨਾਲ ਹੀ ਚਮਕਦੇ ਹਨ। ਇਹ ਜਾਣਕਾਰੀ ਜ਼ਿਆਦਾਤਰ ਉਥੋਂ ਦੇ ਪੱਥਰ ਲਿਆ ਕੇ ਜਾਂ ਰਿਮੋਟ ਸੈਂਸਿੰਗ ਰਾਹੀਂ ਹੀ ਲਈ ਹੋਵੇਗੀ। ਵਿਗਿਆਨੀਆਂ ਵਲੋਂ ਪ੍ਰਾਪਤ ਇਨ੍ਹਾਂ ਗ੍ਰਹਿਆਂ ਦੇ ਸਬੰਧਤ ਤੱਤਾਂ ਬਾਰੇ ਤੇ ਹੋਰ ਜਾਣਕਾਰੀ ਦੀ ਸੰਖੇਪ ਖੋਜ ਹੇਠ ਲਿਖੇ ਅਨੁਸਾਰ ਹੈ:

**1. ਸੂਰਜ ਗ੍ਰਹਿ:** ਇਸ ਦੀ ਵਿਸਥਾਰ ਵਿਚ ਖੋਜ ਅਤੇ ਤੱਤਾਂ ਸਬੰਧੀ ਜਾਣਕਾਰੀ ਉਪਰ ਦਿੱਤੀ ਜਾ ਚੁਕੀ ਹੈ।

**2. ਚੰਦਰਮਾ ਗ੍ਰਹਿ:** ਇਸ ਦਾ ਵਿਆਸ 3475 ਕਿਲੋਮੀਟਰ ਹੈ, ਜੋ ਧਰਤੀ ਦਾ ਚੌਥਾ ਹਿੱਸਾ ਹੀ ਹੈ। ਅੰਦਰੂਨੀ ਹਿੱਸੇ ਵਿਚ ਬਹੁਤਾ ਲੋਹਾ ਹੋਣ ਦੀ ਹੀ ਸੰਭਾਵਨਾ ਹੈ। ਇਸ ਤੋਂ ਅੱਗੇ 1330 ਕਿਲੋਮੀਟਰ ਦੇ ਘੇਰੇ ਵਿਚ ਸਖਤ ਚੱਟਾਨਾਂ ਹਨ ਜਿਸ ਵਿਚ ਬਹੁਤਾ ਲੋਹਾ ਤੇ ਮੈਗਨੀਸ਼ੀਅਮ ਹੈ ਅਤੇ ਇਸ ਦੀ ਬਾਹਰਲੀ ਤਹਿ ਟੁੱਟੀਆਂ ਚੱਟਾਨਾਂ ਦੀ ਹੈ। ਇਸ ਵਿਚ ਕਰੀਬ 43% ਆਕਸੀਜਨ, 20% ਸਿਲੀਕੌਨ, 15% ਮੈਗਨੀਸ਼ੀਅਮ, 10% ਲੋਹਾ, 3% ਐਲਮੀਨੀਅਮ, 0.42% ਕ੍ਰੋਮੀਅਮ, 0.18% ਟਾਈਟੋਨੀਅਮ ਅਤੇ 0.12% ਮੈਗਨੀਜ਼ ਆਦਿ ਤੱਤ ਮੌਜੂਦ ਹਨ।

**3. ਮੰਗਲ ਗ੍ਰਹਿ:** ਮੰਗਲ ਗ੍ਰਹਿ ਦੇ ਚੁਫੇਰੇ ਇਕ ਟੈਲਕਮ ਪਾਊਡਰ ਵਰਗੀ ਧੂੜ ਮੌਜੂਦ ਹੈ, ਜਿਸ ਨੂੰ ਲਾਲ ਤਾਰਾ ਵੀ ਕਹਿੰਦੇ ਹਨ ਕਿਉਂਕਿ ਇਸ ਵਿਚ ਠੋਸ ਲੋਹੇ ਦਾ ਆਕਸਾਈਡ ਹੈ ਜਿਸ ਦਾ ਰੰਗ ਲਾਲ ਹੁੰਦਾ ਹੈ। ਇਸ ਤੋਂ ਅੱਗੇ ਅੰਦਰ ਨੂੰ 50 ਕਿਲੋਮੀਟਰ ਦੀ ਦੂਰੀ ਤਕ ਮਿੱਟੀ ਦੀ ਤਰ੍ਹਾਂ ਸੋਡੀਅਮ ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ, ਐਲਮੀਨੀਅਮ, ਟਾਈਟੇਨੀਅਮ, ਕ੍ਰੋਮੀਅਮ, ਸਲਫਰ ਅਤੇ ਫਾਸਫੋਰਸ ਆਦਿ ਤੱਤਾਂ ਦੀ ਤਹਿ ਮੌਜੂਦ ਹੈ।

**4. ਬੁੱਧ ਗ੍ਰਹਿ:** ਵਿਗਿਆਨੀਆਂ ਦਾ ਯਕੀਨ ਹੈ ਕਿ ਇਸ ਦੇ ਅੰਦਰਲੇ ਹਿੱਸੇ ਵਿਚ ਧਾਤਾਂ ਹਨ, ਇਸ ਤੋਂ ਅੱਗੇ ਬਾਹਰ ਨੂੰ ਟੁੱਟੀਆਂ ਚੱਟਾਨਾਂ ਹਨ, ਜਿਨ੍ਹਾਂ ਵਿਚ ਬਹੁਤਾ ਲੋਹਾ ਮੌਜੂਦ ਹੈ। ਸੋਡੀਅਮ, ਪੋਟਾਸ਼ੀਅਮ, ਆਕਸੀਜਨ, ਕੈਲਸ਼ੀਅਮ, ਹਾਈਡਰੋਆਕਸਾਈਡ ਅਤੇ ਸਿਲੀਕੌਨ ਆਦਿ ਤੱਤ ਵੀ ਮੌਜੂਦ ਹਨ।

**5. ਬ੍ਰਹਿਸਪਤੀ ਗ੍ਰਹਿ:** ਇਹ ਸੋਲਰ ਸਿਸਟਮ ਵਿਚ ਆਕਾਰ ਪੱਖੋਂ ਸਭ ਤੋਂ ਵੱਡਾ ਗ੍ਰਹਿ ਹੈ। ਜੇ ਸਾਰੇ ਗ੍ਰਹਿਆਂ ਨੂੰ ਰਲਾ ਕੇ ਭੀ ਇਹ ਉਨ੍ਹਾਂ ਤੋਂ ਢਾਈ ਗੁਣਾ ਵੱਡਾ ਹੈ। ਇੰਨਾ ਵੱਡਾ ਕਿ ਇਸ ਵਿਚ 318 ਧਰਤੀਆਂ ਸਮਾ ਜਾਣ। ਫਿਰ ਭੀ ਇਸ ਨੂੰ ਛੋਟਾ ਤਾਰਾ ਹੀ ਕਹਿੰਦੇ ਹਨ ਕਿਉਂਕਿ ਇਸ ਵਿਚ ਸਭ ਤੱਤ ਗੈਸਾਂ ਦੀ ਸ਼ਕਲ ਵਿਚ ਹੀ ਹਨ, ਜ਼ਿਆਦਾਤਰ ਉਥੇ ਵੀ ਸੂਰਜ ਦੀ ਤਰ੍ਹਾਂ ਹੀਲੀਅਮ ਤੇ ਹਾਈਡਰੋਜਨ ਗੈਸ ਹੀ ਹੈ। ਇਸ 'ਤੇ 192-400 ਮੀਲ ਪ੍ਰਤੀ ਘੰਟੇ ਦੀ ਸਪੀਡ ਨਾਲ ਹਵਾਵਾਂ ਚਲਦੀਆਂ ਹਨ।

**6. ਸ਼ੁੱਕਰ ਗ੍ਰਹਿ:** ਇਸ ਦੇ ਅੰਦਰਲੇ ਹਿੱਸੇ 'ਚ ਲੋਹਾ ਹੈ ਅਤੇ ਬਾਹਰੋਂ ਜਮੀਨ ਵਾਂਗ ਪਥਰੀਲਾ ਹੈ। ਬਾਹਰਲੇ ਚੌਗਿਰਦੇ ਵਿਚ 93% ਕਾਰਬਨ ਡਾਈਆਕਸਾਈਡ, 3% ਨਾਈਟਰੋਜਨ ਤੇ ਥੋੜੀਆਂ ਥੋੜੀਆਂ ਹੋਰ ਗੈਸਾਂ ਹਨ।

**7. ਸ਼ਨੀ ਗ੍ਰਹਿ:** ਇਸ ਦੇ ਭੀ ਅੰਦਰੂਨੀ ਹਿੱਸੇ ਵਿਚ ਗਰਮ ਠੋਸ ਲੋਹਾ ਹੈ। ਇਸ ਦੀ ਉਪਰਲੀ ਤਹਿ ਧਰਤੀ ਵਾਂਗ ਚੱਟਾਨਾਂ ਦੀ ਹੈ ਜਦਕਿ ਬਾਹਰਲੀ ਤਹਿ ਵਿਚ ਤਰਲ ਹਾਈਡਰੋਜਨ ਹੈ ਅਤੇ ਇਸ ਦੇ ਕੁਝ ਹਿਸਿਆਂ ਵਿਚ ਹਾਈਡਰੋਜਨ ਤੇ ਹੀਲੀਅਮ ਹੈ।

**8. ਰਾਹੂ ਤੇ ਕੇਤੂ:** ਇਨ੍ਹਾਂ ਦੋਹਾਂ ਗ੍ਰਹਿਆਂ ਦੀ ਹੋਂਦ ਬ੍ਰਹਿਮੰਡ ਨਹੀਂ ਹੈ। ਫਰਜੀ ਹੀ ਹਨ।

ਉਪਰ ਦਰਸਾਏ ਸਾਡੇ ਪੁਰਾਤਨ ਸਭਿਅਤਾ ਦੇ ਨਵਗ੍ਰਹਿ, ਸੂਰਜ ਸਮੇਤ (ਰਾਹੂ ਤੇ ਕੇਤੂ ਤੋਂ ਬਿਨਾ) ਦੀ ਵਿਗਿਆਨ ਪੱਖੋਂ ਪੜਤਾਲ ਕਰਨ ਪਿਛੋਂ ਜਾਣਕਾਰੀ ਮਿਲ ਚੁਕੀ ਹੈ ਕਿ ਸਾਡੀ ਪੁਰਾਤਨ ਸਭਿਅਤਾ ਦੇ ਸਾਰੇ ਗ੍ਰਹਿ ਕਿਸ ਕਿਸ ਪਦਾਰਥ ਦੇ ਬਣੇ ਹਨ ਅਰਥਾਤ ਇਨ੍ਹਾਂ ਵਿਚ ਕਿਹੜੇ ਕਿਹੜੇ ਤੱਤ ਮੌਜੂਦ ਹਨ। ਧਰਤੀ ਵਿਚ ਵੀ ਇਸੇ ਤਰ੍ਹਾਂ ਦੇ ਤੱਤ ਮੌਜੂਦ ਹਨ ਜਿਸ ਤਰ੍ਹਾਂ ਦੇ ਇਨ੍ਹਾਂ ਗ੍ਰਹਿਆਂ ਵਿਚ ਹਨ। ਸਿਰਫ ਉਨ੍ਹਾਂ ਦੀ ਮਿਕਦਾਰ ਅਤੇ ਹਾਲਾਤ ਵਿਚ ਫਰਕ ਹੈ ਅਰਥਾਤ ਇਨ੍ਹਾਂ ਦੀ ਹੋਂਦ ਇਕ ਹੀ ਹੈ। ਇਸ ਲਈ ਇਨ੍ਹਾਂ ਗ੍ਰਹਿਆਂ ਦਾ ਧਰਤੀ 'ਤੇ ਵਸਦੇ ਇਨਸਾਨਾਂ ਦੀ ਜ਼ਿੰਦਗੀ ਨਾਲ ਕਿਸੇ ਪੱਖੋਂ ਵੀ ਸਬੰਧ ਨਹੀਂ ਹੋ ਸਕਦਾ ਅਰਥਾਤ ਇਨ੍ਹਾਂ ਦੀ ਫਰਜੀ ਭੰਨ ਤੋੜ ਨਾਲ ਬਣਾਈਆਂ ਕੁੰਡਲੀਆਂ ਪੂਰਨ ਤੌਰ 'ਤੇ ਅੰਧਵਿਸ਼ਵਾਸੀ ਹਨ। ਇਹ ਅੰਧਵਿਸ਼ਵਾਸ ਪੂਰਨ ਅਗਿਆਨ ਦਾ ਪ੍ਰਤੀਕ ਹੈ, ਜੋ ਸਾਡੀ ਸਭਿਅਤਾ ਵਿਚ ਘੁਸ ਚੁਕਾ ਹੈ। ਇਸ ਨੂੰ ਜੜ੍ਹੋਂ ਪੁੱਟਣਾ ਸਮੇਂ ਦੀ ਮੰਗ ਹੈ ਤਾਂ ਜੋ ਸਾਡੀਆਂ ਅਗਲੀਆਂ ਪੀੜ੍ਹੀਆਂ ਅੰਧਵਿਸ਼ਵਾਸ ਰਹਿਤ ਹੋਣ ਅਤੇ ਉਨ੍ਹਾਂ ਦਾ ਸਮੁੱਚਾ ਆਤਮਕ ਵਿਕਾਸ ਵਿਗਿਆਨਕ ਤੱਥਾਂ ਦੇ ਆਧਾਰ 'ਤੇ ਹੋ ਸਕੇ।

## ਚਿੱਠੀ ਰਿਸ਼ਤਿਆਂ ਦੀ

ਇਕ ਖਬਰ ਖੁਸ਼ੀ ਦੀ ਆਈ ਸੀ।
ਘਰ ਵਿਚ ਵੱਜੀ ਸ਼ਹਿਨਾਈ ਸੀ।
ਸਭ ਦੀਆਂ ਖੁਸ਼ੀਆਂ ਤੇ ਚਾਅਵਾਂ ਵਿਚ
ਨਿੱਕੀ ਜਿੰਦ ਨੇ ਲਈ ਅੰਗੜਾਈ ਸੀ।

ਹੁਣ ਸਮਾਂ ਸੁਲੱਖਣਾ ਆਇਆ ਸੀ।
ਪਰ ਵੇਖ ਕੁੜੀ ਦਾ ਮੂੰਹ
ਸਭ ਦਾ ਦਿਲ ਮੁਰਝਾਇਆ ਸੀ।
ਨਾ ਦਿੱਤਾ ਕਿਸੇ ਨੇ ਪਿਆਰ
ਨਾ ਚੁੱਕ ਸੀਨੇ ਨਾਲ ਲਾਇਆ ਸੀ।
ਪਰ ਮਾਂ ਦਾ ਦਿਲ ਤਾਂ ਮਾਂ ਦਾ ਸੀ
ਆਪ ਗਿੱਲੇ 'ਤੇ ਪੈ
ਉਸ ਨੂੰ ਚੁੱਕ ਸੁੱਕੇ 'ਤੇ ਪਾਇਆ ਸੀ।

ਪਿਤਾ ਵੀ ਉਸ ਦਾ ਦੇਖ ਨਾ ਸਕਿਆ
ਸਭ ਰਿਸ਼ਤਿਆਂ ਦਾ ਵਿਦਰੋਹ।
ਆਪ ਹੀ ਉਹ ਕਿੰਜ ਕਰ ਦਿੰਦਾ
ਆਪਣੀ ਧੀ ਨਾਲ ਧ੍ਰੋਹ।
ਕੌੜਾ ਘੁੱਟ ਜ਼ਹਿਰ ਦਾ ਪੀ ਕੇ
ਛੱਡ ਦਿੱਤਾ ਸਭ ਦਾ ਮੋਹ।

ਫਿਰ ਦੋਹਾਂ ਨੇ ਮਿਲ ਕੇ ਕੀਤਾ
ਘੱਟ ਦੇ ਵਿਚ ਗੁਜ਼ਾਰਾ।
ਧੀ ਰਾਣੀ ਨੂੰ ਪੀਂਘ ਬਿਠਾ
ਦਿੱਤਾ ਵਿੱਦਿਆ ਦਾ ਹੁਲਾਰਾ।
ਵਿੱਦਿਆ ਦਿੱਤੀ, ਸਿੱਖਿਆ ਦਿੱਤੀ
ਦਿੱਤੇ ਸਨ ਸੰਸਕਾਰ।
ਮੁੰਡਿਆਂ ਦੇ ਬਰਾਬਰ
ਪੂਰੇ ਦਿੱਤੇ ਸਨ ਅਧਿਕਾਰ।

ਕਰ ਪੜ੍ਹਾਈ ਉਸ ਨੇ ਜਦ
ਜਾ ਮੱਲੀ ਦਫਤਰ ਦੀ ਕੁਰਸੀ।
ਮਾਂ ਨੇ ਦੱਸਿਆ ਹੱਲ ਜ਼ਿੰਗਦੀ ਦਾ,
ਜੋ ਬਹੁਤ ਹੀ ਖੁਸ਼ ਸੀ।
"ਜੇ ਕੋਈ ਛੇੜੇ, ਜੇ ਕੋਈ ਵੇਖੇ
ਰਤਾ ਨਾ ਘਬਰਾਈਂ,
ਘੂਰੀ ਵੱਟ ਕੇ, ਹੌਸਲਾ ਰੱਖ ਕੇ
ਠਾਣੇ ਬੰਦ ਕਾਰਵਾਈਂ।
ਮਾਈ ਭਾਗੋ, ਰਾਣੀ ਝਾਂਸੀ
ਮਨੋ ਨਾ ਵਿਸਰਾਈਂ
ਚੰਦ ਚਾਂਦੀ ਦੇ ਟੁਕੜਿਆਂ ਪਿੱਛੇ
ਗਿਰ ਨਾ ਜ਼ਮੀਰ ਤੋਂ ਜਾਈਂ।"

ਹੁਣ ਸੀ ਵੇਲਾ ਔਖਾ ਆਇਆ
ਮਾਂ ਨੇ ਹਿਕ ਨਾਲ ਲਾ ਸਮਝਾਇਆ।
ਵਿਚ ਦੁੱਖ-ਸੁੱਖ ਖੜੀਂ ਹਮੇਸ਼ਾ
ਜੋ ਹੈ ਦੂਜੀ ਮਾਂ ਦਾ ਜਾਇਆ।
ਧਰਮ ਕਰਮ ਨਾਲ ਪੂਰੀ ਉਤਰੀ
ਸਬਰ ਨੇ ਜੀਵਨ ਸਫਲ ਬਣਾਇਆ।

ਮਾਂ ਦੀਆਂ ਅੱਖਾਂ ਵਿਚ ਵਹਿੰਦਾ ਸੀ ਨੀਰ
ਅੰਤ ਦੀਆਂ ਕੁਝ ਗੱਲਾਂ
ਗਈਆਂ ਧੀ ਦਾ ਸੀਨਾ ਚੀਰ।
"ਤੂੰ ਇਕ ਧੀ ਸੀ, ਹੁਣ ਇਕ ਪਤਨੀ
ਬਣ ਜਾਣਾ ਤੂੰ ਇਕ ਮਾਂ,
ਦੁਨੀਆਂ ਦੇ ਪ੍ਰਭਾਵ 'ਚ ਆ ਕੇ
ਸੁੱਟ ਦੇਵੀਂ ਨਾ ਆਪਣੀ ਧੀ ਨੂੰ ਗਾਹਾਂ।"

ਧੀ ਨੇ ਦਿੱਤਾ ਜਵਾਬ
ਸੁਣ ਕੇ ਮਾਂ ਦੀ ਹੱਲਾਸ਼ੇਰੀ
"ਧੰਨਵਾਦ ਹੈ ਮਾਂ ਤੇਰਾ,
ਰੁੱਖ ਬਣ ਕੇ ਦਿੱਤੀ ਛਾਂ ਘਨੇਰੀ।
ਤੇਰੇ ਹੀ ਹਨ ਕਰਮ
ਹੁਣ ਬਣ ਗਈ ਪਰਛਾਈ ਤੇਰੀ
ਧੀ ਮੇਰੀ ਵੀ ਤੇਰੇ ਵਾਂਗ
ਕਰੂ ਰੁਸ਼ਨਾਈ ਚੁਫੇਰੀਂ।"

*-ਗੁਰਪ੍ਰੀਤ ਕੌਰ ਪਨੇਸਰ*
*ਫੋਨ: 469-925-4767*

# ਅੱਸੂ ਪੁੱਤ ਸਿਆਲੇ ਦਾ

## ਬਾਰਹਮਾਹ

**ਦੇਸੀ ਸਾਲ ਦੇ ਪਸੀਨੇ ਛੁਡਾ ਦੇਣ ਵਾਲੇ ਹੁੰਮਸ ਭਰੇ ਮਹੀਨੇ ਭਾਦੋਂ ਬਾਅਦ ਸੁਹਾਵਣੇ ਮੌਸਮ ਵਾਲਾ ਮਹੀਨਾ ਅੱਸੂ ਆਉਂਦਾ ਹੈ। ਇਸ ਮਹੀਨੇ ਫਸਲਾਂ ਦਾ ਰੰਗ ਵੀ ਗੂੜ੍ਹਾ ਹਰਾ ਹੋ ਜਾਂਦਾ ਹੈ। ਦਰਿਆਵਾਂ, ਨਦੀਆਂ, ਵੇਈਆਂ, ਛੱਪੜਾਂ, ਛੰਭਾਂ ਦੇ ਕੰਢਿਆਂ 'ਤੇ ਕਈ ਕਿਸਮਾਂ ਦੇ ਜੰਗਲੀ ਤੇ ਅਵਾਰਾ ਜਿਹੇ ਬੂਟੇ ਭਰ ਜੋਬਨ 'ਤੇ ਹੁੰਦੇ ਹਨ, ਚਾਹੇ ਉਹ ਕਾਨੇ ਹੋਣ ਜਾਂ ਕਾਈ। ਸੁਹਾਵਣੇ ਮੌਸਮ ਕਰ ਕੇ ਵਿਆਹ-ਸ਼ਾਦੀ ਅਤੇ ਹੋਰ ਜਸ਼ਨਾਂ ਦਾ ਦੌਰ ਵੀ ਚੱਲ ਪੈਂਦਾ ਹੈ। ਅੱਸੂ ਮਹੀਨੇ ਦਾ ਇਹੋ ਨਜ਼ਾਰਾ ਹੈ ਜੋ ਇਸ ਲੇਖ ਵਿਚ ਆਸਾ ਸਿੰਘ ਘੁਮਾਣ ਨੇ ਬੜੀ ਬਾਰੀਕੀ ਨਾਲ ਚਿਤਰਿਆ ਹੈ। -ਸੰਪਾਦਕ**

ਅੱਸੂ ਦੇਸੀ ਸਾਲ ਦਾ ਸੱਤਵਾਂ ਮਹੀਨਾ ਹੈ, ਭਾਵ ਇਸ ਨਾਲ ਸਾਲ ਦੇ ਦੂਸਰੇ ਹਿੱਸੇ ਦਾ ਆਗਾਜ਼ ਹੋ ਜਾਂਦਾ ਹੈ। ਅੱਸੂ-ਕੱਤਕ ਸਰਦ ਰੁੱਤ ਦੇ ਸ਼ੁਰੂਆਤੀ ਮਹੀਨੇ ਕਹੇ ਜਾ ਸਕਦੇ ਹਨ। ਗੁਰੂ ਅਰਜਨ ਦੇਵ ਅਨੁਸਾਰ

ਰੁਤਿ ਸਰਦ ਅਡੰਬਰੋ
ਅਸੂ ਕਤਕੇ ਹਰਿ ਪਿਆਸ ਜੀਉ॥

ਆਮ ਅਖਾਣ ਹੈ, ਅੱਸੂ ਪੁੱਤ ਸਿਆਲੇ ਦਾ। ਬਾਰਹਮਾਹ ਤੁਖਾਰੀ ਵਿਚ ਗੁਰੂ ਨਾਨਕ ਦੇਵ ਇਸ ਮਹੀਨੇ ਬਾਰੇ ਬਚਨ ਹੈ, "ਅਗੈ ਘਾਮ ਪਿਛੈ ਰੁਤ ਜਾਡਾ।" ਭਾਵ ਗਰਮੀ ਨਿਕਲ ਗਈ ਹੈ ਅਤੇ ਸਰਦੀ ਅੱਗੇ ਆ ਰਹੀ ਹੈ। ਇਸ ਮਹੀਨੇ ਵਿਚ ਨਾ ਗਰਮੀ ਹੁੰਦੀ ਹੈ, ਨਾ ਸਰਦੀ। ਖਾਸ ਤੌਰ 'ਤੇ ਸਵੇਰ ਤੇ ਸ਼ਾਮ ਸਮੇਂ ਮੌਸਮ ਬੜਾ ਸੁਹਾਵਣਾ ਅਤੇ ਸੁਖਾਵਾਂ ਹੋਣ ਲਗਦਾ ਹੈ। ਇਸ ਦੇ ਠੰਡੇ-ਮਿੱਠੇ ਸੁਭਾਅ ਕਰਕੇ ਆਮ ਕਿਹਾ ਜਾਂਦਾ ਹੈ, ਅਸੂ ਮਾਹ ਨਿਰਾਲਾ, ਦਿਹੁੰ ਧੁੱਪ ਤੇ ਰਾਤੀਂ ਪਾਲਾ।

ਇਸ ਮਹੀਨੇ ਦੇ ਸ਼ੁਰੂ ਹੋਣ ਤੱਕ ਆਮ ਤੌਰ 'ਤੇ ਬਰਸਾਤ ਦਾ ਖਾਤਮਾ ਹੋ ਚੁਕਾ ਹੁੰਦਾ ਹੈ।

**ਆਸਾ ਸਿੰਘ ਘੁਮਾਣ**
**ਫੋਨ: 91-98152-53245**

ਅਸਮਾਨ ਵਿਚ ਕਿਤੇ ਕਿਤੇ ਕੋਈ ਬਦਲੀ ਰਮਤੇ ਰਮਤੇ ਏਧਰ-ਓਧਰ ਸੈਰ ਕਰਦੀ ਨਜ਼ਰ ਆਉਂਦੀ ਹੈ। ਨਦੀਆਂ ਵੀ ਠਰੰਮੇ ਵਿਚ ਆ ਜਾਂਦੀਆਂ ਹਨ ਅਤੇ ਨਿਓਂ ਕੇ ਵਗਦੀਆਂ ਹਨ। ਬਰਸਾਤ ਤੋਂ ਬਾਅਦ ਘੱਟਾ-ਮਿੱਟੀ ਬੈਠ ਜਾਂਦਾ ਹੈ। ਮੱਛਰ-ਮੱਖੀ ਘਟਣ ਲੱਗਦਾ ਹੈ। ਪੰਛੀ ਖੁਸ਼ੀ ਦੇ ਆਲਮ ਵਿਚ ਸਵੇਰੇ-ਸ਼ਾਮ ਚੁੰਘੀਆਂ ਭਰਦੇ ਨਜ਼ਰ ਆਉਂਦੇ ਹਨ। ਸਾਫ-ਸੁਥਰੇ ਨੀਲੀ ਭਾਅ ਮਾਰਦੇ ਅਸਮਾਨ ਵਿਚ ਉਡਦੇ ਇਹ ਪੰਛੀ ਕਾਦਰ ਦੀ ਕੁਦਰਤ ਦਾ ਅਤਿ ਸੁੰਦਰ ਸੰਸਾਰ ਸਿਰਜਦੇ ਹਨ।

ਬਾਹਰ ਖੇਤਾਂ ਵਿਚ ਪੂਰੀ ਹਰਿਆਵਲ ਹੁੰਦੀ ਹੈ। ਉਹ ਹਰਿਆਵਲ ਹੁਣ ਪੱਕੇ ਹਰੇ ਰੰਗ ਦੀ ਹੁੰਦੀ ਹੈ। ਕੁਝ ਖਾਸ ਕਿਸਮ ਦੇ ਪੌਦਿਆਂ 'ਤੇ ਫੁੱਲ ਵੀ ਹਾਜ਼ਰੀ ਭਰ ਰਹੇ ਹੁੰਦੇ ਹਨ। ਦਰਿਆਵਾਂ, ਨਦੀਆਂ, ਵੇਈਆਂ, ਛੱਪੜਾਂ, ਛੰਭਾਂ ਦੇ ਕੰਢਿਆਂ 'ਤੇ ਕਈ ਕਿਸਮਾਂ ਦੇ ਜੰਗਲੀ ਤੇ ਅਵਾਰਾ ਜਿਹੇ ਬੂਟੇ ਭਰ ਜੋਬਨ 'ਤੇ ਹੁੰਦੇ ਹਨ, ਚਾਹੇ ਉਹ ਕਾਨੇ ਹੋਣ ਜਾਂ ਕਾਈ। ਕਿਤੇ ਕਿਤੇ ਉਪਜਾਊ ਧਰਤੀ ਦੇ ਨਾਲ ਲਗਦੇ ਛੱਪੜਾਂ ਵਿਚ ਕੰਮੀਆਂ ਦੇ ਚਿੱਟੇ ਫੁੱਲ ਸ਼ਰਮਾਕਲ ਸੋਹਣੀਆਂ ਮੁਟਿਆਰਾਂ ਵਾਂਗੂ ਝਾਤੀਆਂ ਮਾਰ ਰਹੇ ਨਜ਼ਰ ਆਉਂਦੇ ਹਨ। ਹਰੀਆਂ ਕਚੂਰ ਕੇਲੀਆਂ ਨੂੰ ਵੀ ਲਾਲ-ਪੀਲੇ ਫੁੱਲ ਭਾਗ ਭਾਰੀਆਂ ਬਣਾ ਰਹੇ ਹੁੰਦੇ ਹਨ।

ਕਿਹਾ ਜਾਂਦਾ ਹੈ ਕਿ ਅੱਸੂ ਦੇ ਮਹੀਨੇ ਵਿਚ ਹੀ ਕ੍ਰਿਸ਼ਨ ਮਹਾਰਾਜ ਨੇ ਆਪਣੀ ਰੁਕਮਣੀ ਦੀ ਖੁਸ਼ੀ ਲਈ ਪਾਰਜਾਤ ਦਾ ਦੈਵੀ ਰੁੱਖ ਇੰਦਰ ਦੇ ਬਾਗ ਵਿਚੋਂ ਧਰਤੀ ਉਤੇ ਲਿਆਂਦਾ ਸੀ। ਇਸ ਦੈਵੀ ਕਰਮ ਸਦਕਾ ਇਨ੍ਹੀਂ ਦਿਨੀਂ ਮੌਸਮ ਉਤੇ ਦੈਵੀ ਜੋਬਨ ਸਹਿਜ ਰੂਪ ਵਿਚ ਹੀ ਛਾ ਜਾਂਦਾ ਹੈ। ਇਕ ਵਿਸ਼ਵਾਸ ਅਨੁਸਾਰ ਅੱਸੂ ਦੇ ਮਹੀਨੇ ਦਾ ਪਾਣੀ ਸ਼ੁਭ ਅਤੇ ਗੁਣਕਾਰੀ ਹੁੰਦਾ ਹੈ। ਧਨ ਪੋਠੋਹਾਰ ਵਿਚ ਜੇ ਕਿਸੇ ਗਰਭਵਤੀ ਨੂੰ ਕੱਤਕ ਦੇ ਮਹੀਨੇ ਬੱਚਾ ਹੋਣ ਦੀ ਆਸ ਹੋਵੇ ਤਾਂ ਉਹ ਅੱਸੂ ਦੇ ਮਹੀਨੇ ਹੀ ਪਾਣੀ ਦੇ ਘੜੇ ਭਰ ਕੇ ਆਪਣੇ ਪੀਣ ਲਈ ਰਾਖਵੇਂ ਰੱਖ ਲੈਂਦੀ ਹੈ। ਅੱਸੂ ਦਾ ਪਾਣੀ ਮਿੱਠਾ ਅਤੇ ਸਿਹਤਮੰਦ ਹੁੰਦਾ ਹੈ,

ਰੱਬਾ! ਇਕ ਵਾਰ ਜੀਆਂ
ਤੇ ਅੱਸੂ ਦਾ ਪਾਣੀ ਪੀਆਂ।

ਅਜਿਹੇ ਮਿੱਠੇ ਪਿਆਰੇ ਮੌਸਮ ਬਾਰੇ ਅਤੇ ਇਸ ਮੌਸਮ ਵਿਚ ਪਿੰਡਾਂ ਵਿਚ ਚਲਦੇ ਕਾਰ-ਵਿਹਾਰ ਦਾ ਕੇਸ਼ਵ ਦਾਸ ਇੰਜ ਉਲੇਖ ਕਰਦਾ ਹੈ, "ਪਾਰਜਾਤ ਦਾ ਦੈਵੀ ਰੁੱਖ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਕ੍ਰਿਸ਼ਨ ਮਹਾਰਾਜ ਨੇ ਆਪਣੀ ਰੁਕਮਣੀ ਦੀ ਖੁਸ਼ੀ ਲਈ ਇੰਦਰ ਦੇ ਬਾਗ ਵਿਚੋਂ ਧਰਤੀ ਉਤੇ ਲਿਆਂਦਾ ਸੀ, ਅੱਸੂ-ਕੱਤੇ ਵਿਚ ਮਹਾਨ ਖੁਸ਼ੀਆਂ ਪ੍ਰਦਾਨ ਕਰਦਾ ਹੈ। ਰਾਤ ਵੇਲੇ ਇਸ ਦੇ ਖਿੜਦੇ ਫੁੱਲਾਂ ਦੀ ਸੁਗੰਧੀ ਨਾਲ ਵਾਤਾਵਰਣ ਭਰ ਜਾਂਦਾ ਹੈ। ਮੁਟਿਆਰਾਂ ਹੱਥ ਵਿਚ ਨਵੇਂ ਅੰਨ ਦੇ ਸਿੱਟੇ ਚੁੱਕੀ ਨਦੀ-ਦੇਵੀ ਦੀ ਉਪਾਸਨਾ ਕਰਦੀਆਂ ਹਨ। ਕਿਸਾਨ ਧਾਨ ਦੀ ਵਾਢੀ ਕਰ ਰਹੇ ਹਨ ਤੇ ਉਨ੍ਹਾਂ ਦੇ ਘਰਾਂ ਦੀਆਂ ਛੱਤਾਂ ਉਤੇ ਮੱਕਈ ਦੀਆਂ ਛੱਲੀਆਂ ਦੇ ਸੁਨਹਿਰੀ ਢੇਰ ਲੱਗ ਗਏ ਹਨ। ਰਾਤ ਚਾਂਦੀ ਰੰਗੀ ਚਾਨਣੀ ਨਾਲ ਭਰ ਜਾਂਦੀ ਹੈ। ਮੀਂਹ ਮੁੱਕ ਗਏ ਹਨ। ਵਾਤਾਵਰਣ ਮਿੱਟੀ-ਘੱਟੇ ਤੋਂ ਸਾਫ ਹੋ ਗਿਆ ਹੈ। ਨੀਲੇ ਆਕਾਸ਼ ਵਿਚ ਪਾਣੀ ਤੋਂ ਸੱਖਣੇ ਚਿੱਟੇ ਬੱਦਲਾਂ ਦੇ ਦਲ ਤਰਦੇ ਹਨ ਜਿਵੇਂ ਕਿਸੇ ਪੇਂਜੇ ਦੀ ਖੁਣਖੁਣੀ ਨੇ ਰੂੰ ਦੇ ਗੋਹੜੇ ਪਿੰਜ ਕੇ ਉਡਾ ਦਿੱਤੇ ਹੋਣ।"

ਅੱਸੂ ਕੱਤਕ ਦੇ ਮੌਸਮ ਦਾ ਜ਼ਿਕਰ ਕਰਦਿਆਂ ਕਾਲੀਦਾਸ ਵੀ ਧਾਨ ਦੇ ਖੇਤਾਂ ਦਾ, ਸੁਰਮਈ ਸ਼ਾਮਾਂ ਦਾ, ਬੱਦਲ-ਰਹਿਤ ਅਸਮਾਨ ਆਦਿ ਦਾ ਉਚੇਚਾ ਵਰਣਨ ਕਰਦਾ ਹੈ, "ਚਿੱਟੀ-ਕਾਹੀ ਦੀ ਪੁਸ਼ਾਕ ਵਾਲੀ, ਖਿੜੇ ਹੋਏ ਕੌਲ ਵਰਗੇ ਮੁਖੜੇ ਵਾਲੀ, ਮਸਤ-ਹੰਸਾਂ ਦੀ ਗੂੰਜ ਵਰਗੀ ਝਾਂਜਰ ਪਹਿਨੀਂ, ਪੱਕੇ ਹੋਏ ਧਾਨਾਂ ਵਾਂਗ ਝੂਲੇ ਖਾਂਦੀ ਹੋਈ ਸਰਦ ਰੁੱਤ ਨਵੀਂ ਵਹੁਟੀ ਵਾਂਗ ਬਣ-ਤਣ ਕੇ ਆ ਰਹੀ ਹੈ। ਨਵੀਂ ਨਵੇਲੀ ਮੁਟਿਆਰ ਵਰਗੀ ਅੱਜ ਕੱਲ ਦੀ ਰਾਤ, ਬੱਦਲਾਂ ਤੋਂ ਖਾਲੀ, ਚੰਨ ਜਿਹੇ ਮੁਖੜੇ ਵਾਲੀ, ਤਾਰਿਆਂ ਦੇ ਗਹਿਣਿਆਂ ਨਾਲ ਲੱਦੀ, ਚੰਨ ਚਾਨਣੀ ਦੀ ਚਿੱਟੀ ਸਾੜੀ ਵਾਲੀ, ਦਿਨ-ਬ-ਦਿਨ ਵਧ ਹੀ ਰਹੀ ਹੈ। ਧਾਨ ਦੀਆਂ ਬੱਲੀਆਂ ਨੂੰ ਝੁਲਾਉਂਦਾ ਹੋਇਆ ਪੌਣ ਦੇਵਤਾ ਗੱਭਰੂਆਂ ਦੇ ਦਿਲਾਂ ਨੂੰ ਝੁਲਾ ਰਿਹਾ ਹੈ।"

ਅੱਸੂ ਪ੍ਰੇਮ ਉਮਾਹੜਾ ਦਾ ਮਹੀਨਾ ਹੈ। ਇਹ ਮਹੀਨਾ ਵਿਆਹ-ਸ਼ਾਦੀਆਂ ਲਈ ਸ਼ੁਭ ਸਮਝਿਆ ਜਾਂਦਾ ਹੈ। ਸ਼ੁਭ ਮੰਨੇ ਜਾਣ ਦਾ ਵਿਗਿਆਨਕ ਕਾਰਨ ਇਹੀ ਹੈ ਕਿ ਇਹ ਠੰਡੀ ਮਿੱਠੀ ਤੇ ਸਮਾਗਮੀ ਰੁੱਤ ਹੈ। ਇਨ੍ਹੀਂ ਦਿਨੀਂ ਵਿਆਹ-ਸ਼ਾਦੀ ਰਚਾਉਣ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਅੱਸੂ ਵਿਚ ਨਾ ਬਹੁਤ ਗਰਮੀ ਹੁੰਦੀ ਹੈ, ਨਾ ਸਰਦੀ, ਜਿਸ ਕਰਕੇ ਖਾਣ-ਪੀਣ ਦੀਆਂ ਚੀਜ਼ਾਂ ਖਰਾਬ ਹੋਣ ਦਾ ਡਰ ਨਹੀਂ ਹੁੰਦਾ। ਤਾਂ ਹੀ ਤਾਂ ਇਕ ਪੰਜਾਬਣ ਧੀ ਆਪਣੇ ਬਾਬਲ ਨੂੰ ਨੇਕ ਸਲਾਹ ਦਿੰਦੀ ਹੈ,

ਮੈਂ ਤੈਨੂੰ ਆਖਦੀ ਬਾਬਲਾ
ਮੇਰਾ ਅੱਸੂ ਦਾ ਕਾਜ ਰਚਾ
ਤੇਰਾ ਅੰਨ ਨਾ ਤਰੱਕੇ ਕੋਠੜੀ
ਤੇਰਾ ਦਹੀਂ ਨਾ ਅਮਲਾ ਜਾ
ਬਾਬਲ ਮੈਂ ਬੇਟੀ ਪਰਨਾ
ਵੇ ਧਰਮੀ ਬਾਬਲਾ।

ਇਹ ਉਹੀ ਰੁੱਤ ਹੈ, ਜਿਸ ਬਾਰੇ ਸ਼ਿਵ ਕੁਮਾਰ ਬਟਾਲਵੀ ਕਹਿੰਦਾ ਹੈ,

ਜਦ ਪੈਣ ਕਪਾਹੀ ਫੁੱਲ ਵੇ
ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ
ਧਰਮੀ ਬਾਬਲਾ।

ਅੱਸੂ ਆਸਾਂ ਪੁੱਗਣ ਦਾ ਮਹੀਨਾ ਹੈ। ਜਿਥੇ ਇਹ ਵਿਆਹ-ਸ਼ਾਦੀਆਂ ਲਈ ਸ਼ੁਭ ਹੈ, ਉਥੇ ਇਹ ਪੂਜਾ-ਪਾਠ ਲਈ ਵੀ ਕਲਿਆਣਕਾਰੀ ਹੈ। ਇਹ ਮਹੀਨਾ ਕਿਸਾਨਾਂ ਲਈ ਵੀ ਸ਼ੁਭ ਹੈ: ਕੁਝ ਫਸਲਾਂ ਪੱਕ ਚੁੱਕੀਆਂ ਹੁੰਦੀਆਂ ਹਨ ਅਤੇ ਕੁਝ ਪੱਕਣ ਦੀ ਤਿਆਰੀ ਵਿਚ ਹੁੰਦੀਆਂ ਹਨ। ਗਿਆਨੀ ਗੁਰਦਿੱਤ ਸਿੰਘ ਇਸ ਮਹੀਨੇ ਬਾਰੇ ਲਿਖਦੇ ਹਨ,

ਅੱਸੂ ਆਸਾਂ ਦਾ ਮਹੀਨਾ
ਇੰਜ ਛੜੀਦਾ ਹੋ ਚੀਨਾ
ਅਸੀਂ ਬਕਲੀਆਂ ਧਰੀਆਂ
ਪੱਟ ਚੁਪੀਆਂ ਵੀ ਚਰੀਆਂ
ਸਾਡੇ ਖੇਤੀ ਸਿੱਟੇ ਪੱਕੇ
ਤੇ ਕਪਾਹ ਪਈ ਹੱਸੇ
ਮੱਕੀਆਂ ਨੇ ਕੱਢੇ ਬਾਬੂ
ਹੋਇਆ ਜੋਬਨ ਬੇ-ਕਾਬੂ
ਹਰ ਟਾਹਣੀ ਮੂੰਹ ਚੁੱਕ
ਜਿਵੇਂ ਹਰੀ ਭਰੀ ਕੁੱਖ
ਵਾਂਗ ਫਨੀਅਰ ਮੇਲੇ
ਪਏ ਘੂਕਣ ਗਲੇਲੇ
ਨਿੱਕਾ ਮੋਟਾ ਬਾਜਰਾ
ਹੇ...ਹੋ...ਹਾ...। ਹੇ...ਹੋ...ਹਾ।
ਰਾਖੀ ਚੱਲੀਆਂ ਰਿੰਨਦਿਆਂ ਢੋਲਾ
ਹੇ...ਹੋ...ਹਾ...। ਹੇ...ਹੋ...ਹਾ।

ਪੰਜਾਬ ਵਿਚ ਗਰਮੀ ਤੋਂ ਬਾਅਦ ਅੱਸੂ-ਕੱਤੇ ਅਤੇ ਸਰਦੀ ਤੋਂ ਬਾਅਦ ਫੱਗਣ-ਚੇਤਰ ਬੜੇ ਖੁਸ਼ਗਵਾਰ ਮਹੀਨੇ ਹੁੰਦੇ ਹਨ। ਇਨ੍ਹਾਂ ਮਹੀਨਿਆਂ ਵਿਚ ਪਿੰਡਾਂ ਵਿਚ ਸ਼ਾਮ ਸਮੇਂ ਵਿਹਲ ਹੁੰਦੀ ਹੈ। ਇਹ ਮਹੀਨੇ ਖੇਡਣ ਲਈ ਅਤੇ ਕਸਰਤ ਲਈ ਬੜੇ ਅਨੁਕੂਲ ਗਿਣੇ ਜਾਂਦੇ ਹਨ।



ਅੱਸੂ ਦਾ ਮਹੀਨਾ ਤ੍ਰੇਲ ਪੈਣ ਦਾ ਮਹੀਨਾ ਹੈ। ਤ੍ਰੇਲ ਪੈਣ ਕਰਕੇ ਰਾਤ ਨੂੰ ਬਰਾਂਡਿਆਂ ਵਿਚ ਸੌਣਾ ਚੰਗਾ ਲੱਗਣ ਲਗਦਾ ਹੈ। ਉਂਜ ਵੀ ਤ੍ਰੇਲ ਕੁਦਰਤ ਦੀ ਖੁਸ਼ਨੁਮਾ ਅਤੇ ਰਹੱਸਮਈ ਪ੍ਰਕ੍ਰਿਆ ਹੈ। ਬਨਸਪਤੀ ਤੇ ਪਈ ਤ੍ਰੇਲ ਕੁਦਰਤ ਦੀ ਰਹੱਸਮਈ ਰਚਨਾ ਹੈ। ਇਸ ਨੂੰ ਵੇਖ ਕੇ ਸੰਵੇਦਨਸ਼ੀਲ ਮਨ ਤ੍ਰਿਪਤ ਹੁੰਦੇ ਹਨ। ਕਈ ਕਾਵਿਕ ਮਨਾਂ ਨੂੰ ਇਹ ਤ੍ਰੇਲ ਦੇ ਤੁਪਕੇ ਸ਼ਬਨਮ ਦੇ ਹੰਝੂ ਮਹਿਸੂਸ ਹੁੰਦੇ ਹਨ। ਸਵੇਰ ਨੂੰ ਤਰੇਲੇ ਘਾਹ 'ਤੇ ਤੁਰਨਾ ਤਨ, ਮਨ ਅਤੇ ਰੂਹ ਨੂੰ ਤਰੋ-ਤਾਜ਼ਾ ਤੇ ਨਰੋਆ ਕਰ ਦਿੰਦਾ ਹੈ। ਫੁੱਲਾਂ ਦੀਆਂ ਪੱਤੀਆਂ 'ਤੇ ਪਏ ਤ੍ਰੇਲ ਦੇ ਤੁਪਕੇ ਬਹੁਤ ਹੁਸੀਨ ਲੱਗਦੇ ਹਨ।

ਅੱਸੂ ਦੇ ਮਹੀਨੇ ਹੀ ਰਾਮ ਲੀਲਾ ਆਉਂਦੀ ਹੈ। ਵੱਡੇ ਕਸਬਿਆਂ ਅਤੇ ਸ਼ਹਿਰਾਂ ਵਿਚ ਇਹ ਦਸ-ਬਾਰਾਂ ਦਿਨਾਂ ਲਈ ਵਾਹਵਾ ਰੌਣਕ ਦਾ ਸਬੱਬ ਬਣਦੀ ਹੈ। ਇਹ ਦੁਸ਼ਹਿਰੇ ਤੱਕ ਚੱਲਦੀ ਹੈ। ਦੁਸ਼ਹਿਰੇ ਤੋਂ ਵੀਹਵੇਂ ਦਿਨ ਦੀਵਾਲੀ ਆਉਂਦੀ ਹੈ। ਰਾਮ ਲੀਲਾ ਆਪਣੇ ਆਪ ਵਿਚ ਕਈ ਸੰਸਕਾਰਾਂ ਦਾ ਸਮੂਹ ਹੈ। ਸੰਯੋਗ-ਵਿਯੋਗ ਦੇ ਕਈ ਦ੍ਰਿਸ਼ਾਂ ਨਾਲ ਭਰਪੂਰ ਇਹ ਗਾਥਾ ਆਪਣੇ ਅੰਦਰ ਕਈ ਸੰਦੇਸ਼ ਅਤੇ ਉਪਦੇਸ਼ ਸਮੋਈ ਬੈਠੀ ਹੈ। ਰਾਮ ਲੀਲਾ ਵਿਚ ਇਕ ਚਲਾਕ ਔਰਤ ਦਾ ਪੁੱਤਰ-ਮੋਹ ਵਿਚ ਆ ਕੇ ਮੱਕਾਰ ਹੋ ਜਾਣਾ, ਪਿਤਾ ਦਾ ਪੁੱਤਰ ਦੇ ਵਿਛੋੜੇ ਵਿਚ ਮਰ ਜਾਣਾ, ਇਕ ਸੁਹਿਰਦ ਪਤਨੀ ਦਾ ਇਕ ਦੁਸ਼ਟ ਹੱਥੋਂ ਅਪਹਰਣ ਹੋਣਾ, ਇਕ ਆਦਰਸ਼ ਭਰਾ ਦਾ ਦੁਸ਼ਮਣ ਦੇ ਹੱਥੋਂ ਮਾਰੇ ਜਾਣਾ, ਚੌਦਾਂ ਸਾਲਾਂ ਬਾਅਦ ਭਰਾਤਾ ਮਿਲਾਪ ਆਦਿ ਕਲਾਕਾਰਾਂ ਵੱਲੋਂ ਬੜੇ ਕਰੁਣਾਮਈ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਕਮਾਲ ਦੀ ਉਪਦੇਸ਼ਾਤਮਕ ਕਹਾਣੀ ਵਿਚ ਰਿਸ਼ਤਿਆਂ ਦੀ ਟੁੱਟ-ਭੱਜ, ਦੂਈ-ਦਵੈਤ, ਤੋੜ ਨਿਭਾਉਣ ਦੀ ਪ੍ਰਤੀਬੱਧਤਾ, ਧੋਖਾ-ਫਰੇਬ ਆਦਿ ਕਿੰਨਾ ਕੁਝ ਸ਼ਾਮਲ ਹੈ। ਇਸ ਕਹਾਣੀ ਦੇ ਨਾਇਕ ਸੀਤਾ-ਰਾਮ-ਲਛਮਣ ਹਨ। ਆਮ ਤੌਰ 'ਤੇ ਰਾਵਣ ਬਦੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਪਰ ਇਸ ਦਾ ਪੁਨਰ-ਮੁਲਾਂਕਣ ਕਰਨ ਵਾਲੇ ਰਾਵਣ ਨੂੰ ਬਹੁਤ ਹੱਦ ਤੱਕ ਨਾਇਕ ਹੀ ਮੰਨਦੇ ਹਨ। ਉਹ ਜਿੱਥੇ ਵੇਦਾਂ ਦਾ ਗਿਆਤਾ ਮੰਨਿਆ ਗਿਆ ਹੈ, ਉਥੇ ਉਹ ਅਲੌਕਾਰੀ ਸੰਸਕਾਰੀ ਵਿਅਕਤੀ ਸਾਬਤ ਹੁੰਦਾ ਹੈ, ਜੋ ਏਨੇ ਲੰਬੇ ਸਮੇਂ ਦੀ ਕੈਦ ਵਿਚ ਸੀਤਾ ਦਾ ਸਤ ਭੰਗ ਨਹੀਂ ਕਰਦਾ। ਹਾਂ, ਉਹ ਬਦੀ ਨਾਲੋਂ ਜ਼ਿਆਦਾ ਹਉਮੈ ਦਾ ਸ਼ਿਕਾਰ ਵਿਅਕਤੀ ਮਹਿਸੂਸ ਹੁੰਦਾ ਹੈ। ਉਸ ਨੂੰ ਬਦੀ ਦਾ ਪ੍ਰਤੀਕ ਬਣਾ ਕੇ ਹਰ ਸਾਲ ਸਾੜਨਾ ਕਈ ਲੋਕਾਂ ਨੂੰ ਬਹੁਤ ਬੁਰਾ ਲੱਗਦਾ ਹੈ।

ਇਹ ਮਹੀਨਾ ਬੜੇ ਸੁਖਦ ਅਹਿਸਾਸ ਦੀ ਆਮਦ ਵਾਲਾ ਹੈ, ਫਸਲਾਂ ਪੱਕਣ ਦੇ ਨਜ਼ਦੀਕ ਹੁੰਦੀਆਂ ਹਨ ਜਦੋਂ ਕਿ ਮੰਗੇਤਰ ਜੋੜੇ ਮਿਲਾਪ ਦੀ ਉਮੀਦ ਵਿਚ ਗੁਦਗੁਦੇ ਅਹਿਸਾਸਾਂ ਦੇ ਅੰਗ ਸੰਗ ਵਿਚਰਦੇ ਹਨ। ਸ਼ੁਭ ਘੜੀਆਂ ਨਜ਼ਦੀਕ ਆ ਰਹੀਆਂ ਹੁੰਦੀਆਂ ਹਨ। ਐਵੇਂ ਕੈਵੇਂ ਦੇ ਜੰਗਲੀ ਕੱਖਾਂ-ਕਾਨਿਆਂ ਨੂੰ ਵੀ ਬੁੰਬਲ ਖਿੜ ਪੈਂਦੇ ਹਨ, ਪਰ ਬਾਰਹ-ਮਾਹ ਦੀ ਜਗਿਆਸੂ ਨਾਇਕਾ ਅਜੇ ਵੀ ਮਿਲਾਪ ਦੀ ਮੰਜ਼ਲ ਤੋਂ ਬਹੁਤ ਦੂਰ ਹੈ। ਉਹ ਤਾਂ ਅਧਵਾਟੇ ਖੜੀ ਹੈ, ਅਾਗੈ ਘਾਮ ਪਿਛੈ ਰੁਤ ਜਾੜਾ।

ਇਸ ਅਵਸਥਾ ਦਾ ਹੀ ਜ਼ਿਕਰ 'ਅਸੁਨਿ' ਵਿਚ ਗੁਰੂ ਨਾਨਕ ਦੇਵ ਇਸ ਤਰ੍ਹਾਂ ਕਰਦੇ ਹਨ,

ਅਸੁਨਿ ਆਉ ਪਿਰਾ
ਸਾ ਧਨ ਝੂਰਿ ਮੁਈ॥
ਤਾ ਮਿਲੀਐ ਪ੍ਰਭ ਮੇਲੇ
ਦੂਜੈ ਭਾਇ ਖੁਈ॥
ਝੂਠਿ ਵਿਗੁਤੀ ਤਾ ਪਿਰ ਮੁਤੀ
ਕੁਕਹ ਕਾਹ ਸਿ ਫੁਲੇ॥

ਅਗੈ ਘਾਮ ਪਿਛੈ ਰੁਤ ਜਾਡਾ
ਦੇਖਿ ਚਲਤ ਮਨ ਡੋਲੇ॥
ਦਹਦਿਸਿ ਸਾਖ ਹਰੀ ਹਰੀਆਵਲ
ਸਹਜਿ ਪਕੈ ਸੋ ਮੀਠਾ॥
ਨਾਨਕ ਅਸੁਨਿ ਮਿਲਹੁ ਪਿਆਰੇ
ਸਤਿਗੁਰ ਭਏ ਬਸੀਠਾ॥

ਸਭਨਾਂ ਦਿਸ਼ਾਵਾਂ ਵਿਚ ਹਰਿਆਵਲ ਹੈ। ਦਸ ਦਿਸ਼ਾਵਾਂ ਮੰਨੀਆਂ ਗਈਆਂ ਹਨ: ਪੂਰਬ, ਪੱਛਮ, ਉਤਰ ਤੇ ਦੱਖਣ; ਦੋ-ਦੋ ਦੀ ਅੰਦਰਲੀ ਦਿਸ਼ਾ-ਜਿਵੇਂ ਉਤਰ ਤੇ ਪੂਰਬ ਦੇ ਵਿਚਕਾਰ ਉਤਰ-ਪੂਰਬ, ਪੂਰਬ ਅਤੇ ਦੱਖਣ ਦੇ ਵਿਚਕਾਰ ਦੱਖਣ-ਪੂਰਬ; ਪੱਛਮ ਅਤੇ ਉਤਰ ਦੇ ਵਿਚਕਾਰ ਪੱਛਮ-ਉਤਰ ਅਤੇ ਇਸੇ ਤਰ੍ਹਾਂ ਪੱਛਮ ਤੇ ਦੱਖਣ ਵਿਚ ਪੱਛਮ-ਦੱਖਣ। ਇਨ੍ਹਾਂ ਅੱਠਾਂ ਤੋਂ ਬਿਨਾ ਉਤਲੀ ਅਤੇ ਹੇਠਲੀ ਦਿਸ਼ਾ ਮਿਲਾ ਕੇ ਦਹਦਿਸ (ਦਸ ਦਿਸ਼ਾਵਾਂ) ਬਣ ਜਾਂਦੀਆਂ ਹਨ। ਆਲੇ-ਦੁਆਲੇ ਸਭ ਦਿਸ਼ਾਵਾਂ ਵਿਚ ਨਜ਼ਰ ਆ ਰਹੀ ਇਹ ਹਰਿਆਵਲ ਇਹ ਫੁੱਲ, ਇਹ ਫਲ, ਅਚਾਨਕ ਨਹੀਂ ਇਸ ਅਵਸਥਾ ਵਿਚ ਪਹੁੰਚ ਜਾਂਦੇ। ਇਕ ਇਕ ਪਲ, ਇਕ ਇਕ ਦਿਨ ਕਰਕੇ ਇਹ ਅਵਸਥਾ ਪ੍ਰਾਪਤ ਹੁੰਦੀ ਹੈ। ਇਹੀ ਸੱਚ ਦੁਨਿਆਵੀ ਕਾਮਯਾਬੀ ਅਤੇ ਪ੍ਰਾਪਤੀ ਦੀ ਹੁੰਦੀ ਹੈ, ਸਹਿਜ ਪਕੇ ਸੋ ਮੀਠਾ ਹੋਵੇ।

ਗੁਰੂ ਨਾਨਕ ਦੇਵ ਦੀ ਕਲਾ ਦੀ ਪ੍ਰਬੀਨਤਾ ਹੈ ਕਿ ਇਸ ਮਹੀਨੇ ਦਾ ਕੁਦਰਤ ਚਿਤਰਣ ਕਰਦੇ ਕਰਦੇ ਅਤੇ ਪਰਮਾਰਥ ਦੀ ਰਮਜ਼ ਸਮਝਾਂਦੇ ਸਮਝਾਂਦੇ ਇਸ ਛੋਟੀ ਜਿਹੀ ਰਚਨਾ ਵਿਚ ਉਨ੍ਹਾਂ ਦੋ ਮੁਹਾਵਰੇ ਰਚ ਦਿੱਤੇ ਹਨ,

-ਅਗੈ ਘਾਮ ਪਿਛੈ ਰੁਤ ਜਾੜਾ...।
-ਸਹਿਜ ਪਕੇ ਸੋ ਮੀਠਾ...।

ਅੱਸੂ ਦਾ ਮਹੀਨਾ ਭਾਵੇਂ ਮਿੱਠੀ-ਪਿਆਰੀ ਰੁੱਤ ਹੈ, ਪਰ ਇਸ ਵਿਚ ਕੋਈ ਖਾਸ ਸਰਗਰਮੀਆਂ ਜਾਂ ਉਤਸਵਾਂ ਦੀ ਘਾਟ ਹੀ ਰਹਿੰਦੀ ਹੈ। ਬੱਸ, ਫਸਲ ਸਾਂਭਣ ਉਪਰੰਤ ਵਿਆਹ-ਸ਼ਾਦੀਆਂ ਹੀ ਇਸ ਦਾ ਮੁੱਖ ਆਕਰਸ਼ਣ ਹੈ। ਪਹਿਲੇ ਸਮਿਆਂ ਵਿਚ ਨਰਾਤਿਆਂ ਦੇ ਦਿਨਾਂ ਵਿਚ ਕੰਜਕਾਂ ਬਿਠਾਈਆਂ ਜਾਂਦੀਆਂ ਸਨ, ਇਹ ਨਰਾਤੇ ਭਾਦੋਂ ਦੀ ਮੱਸਿਆ ਤੋਂ ਸ਼ੁਰੂ ਹੋ ਕੇ ਅੱਸੂ ਦੀ ਚਾਨਣੀ ਨੌਵੀਂ ਤੱਕ ਦਸ ਦਿਨ ਲਈ ਚਲਦੇ ਸਨ। ਕੰਜਕ ਨੂੰ ਦੇਵੀ ਸਰੂਪ ਮੰਨ ਕੇ ਹਿੰਦੂ ਲੋਕ ਇਨ੍ਹੀਂ ਦਿਨੀਂ ਕੰਜਕਾਂ ਦੀ ਪੂਜਾ ਕਰਦੇ ਸਨ। ਕੰਜਕ ਲਫਜ਼ 'ਕੰਜ' ਤੋਂ ਬਣਿਆ ਹੈ। ਇਸ ਦੇ ਲਫਜ਼ੀ ਅਰਥ ਹਨ, ਪਾਣੀ 'ਚੋਂ ਪੈਦਾ ਹੋਣ ਵਾਲਾ ਕੰਵਲ ਫੁੱਲ। ਜਦੋਂ ਤੱਕ ਲੜਕੀਆਂ ਨੂੰ ਮਾਹਵਾਰੀ ਨਹੀਂ ਆਉਂਦੀ, ਉਹ ਕੰਜਕਾਂ ਹੀ ਰਹਿੰਦੀਆਂ ਹਨ, ਭਾਵ ਦੇਵੀ-ਸਰੂਪ ਮੰਨੀਆਂ ਜਾਂਦੀਆਂ ਹਨ। ਕੰਜਕਾਂ ਪੂਜਣ ਲਈ ਮਹੱਲੇ ਦੀਆਂ ਬਾਲੜੀਆਂ ਬੁਲਾ ਕੇ ਉਨ੍ਹਾਂ ਨੂੰ ਲਾਲ ਰੰਗ ਦੀਆਂ ਨਿੱਕੀਆਂ ਨਿੱਕੀਆਂ ਚੁੰਨੀਆਂ ਬੰਨ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਨੂੰ ਇਕ ਪਾਲ ਵਿਚ ਬਿਠਾ ਕੇ ਉਨ੍ਹਾਂ ਦੀ ਆਰਤੀ ਉਤਾਰੀ ਜਾਂਦੀ ਹੈ ਅਤੇ ਕੜਾਹ-ਪੂੜੀਆਂ ਦਾ ਪ੍ਰਸ਼ਾਦ ਛਕਾਇਆ ਜਾਂਦਾ ਹੈ। ਅੱਸੂ ਦੇ ਮਹੀਨੇ ਫਸਲਾਂ ਵੇਚਣ ਨਾਲ ਕਿਸਾਨਾਂ ਕੋਲ ਪੈਸਾ ਆਇਆ ਹੁੰਦਾ ਹੈ, ਜੋ ਲੁੱਟਣ ਲਈ ਦੀਵਾਲੀ ਦਾ ਮੌਕਾ ਇਸ ਤਰ੍ਹਾਂ ਦਾ ਸਿਰਜ ਦਿੱਤਾ ਗਿਆ ਹੈ, ਜਿਸ ਮੌਕੇ 'ਤੇ ਬੱਚੇ ਤੋਂ ਬੁੱਢੇ ਤੱਕ ਸਾਰੇ ਪੈਸੇ ਖਰਚਣਾ ਜ਼ਰੂਰੀ ਸਮਝਦੇ ਹਨ। ਜਿੱਥੇ ਦੁਸਹਿਰਾ ਸਿਰਫ ਵੇਖਿਆ ਜਾਂਦਾ ਹੈ, ਦੀਵਾਲੀ ਵੇਖੀ ਵੀ ਜਾਂਦੀ ਹੈ, ਮਨਾਈ ਵੀ ਜਾਂਦੀ ਹੈ ਅਤੇ ਮਾਣੀ ਵੀ ਜਾਂਦੀ ਹੈ। ਦੀਵਾਲੀ ਕਿਉਂਕਿ ਕੱਤਕ ਮਹੀਨੇ ਦਾ ਪ੍ਰਮੁੱਖ ਤਿਉਹਾਰ ਹੈ। ਇਸ ਲਈ ਸਭ ਨੂੰ ਕੱਤੇ ਦੀ ਉਡੀਕ ਹੁੰਦੀ ਹੈ।

# ਇਸਲਾਮ ਤੋਂ ਬੇਮੁਖ ਹੋ ਰਹੀ ਨਵੀਂ ਪੀੜ੍ਹੀ

## ਸੰਪਾਦਕ ਦੀ ਡਾਕ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 14 ਅਪਰੈਲ ਦੇ ਅੰਕ ਵਿਚ ਜਨਾਬ ਹਸਨ ਸਰੂਰ ਦਾ ਇਸਲਾਮ ਤੋਂ ਬੇਮੁੱਖ ਹੋ ਰਹੀ ਨੌਜਵਾਨ ਪੀੜ੍ਹੀ ਬਾਰੇ ਲੇਖ ਪੜ੍ਹਿਆ ਜੋ ਕਿ ਹਰ ਉਸ ਧਰਮ 'ਤੇ ਸਹੀ ਢੁਕਦਾ ਹੈ, ਜਿਸ ਦੇ ਪੈਰੋਕਾਰ ਧਾਰਮਿਕ ਕੱਟੜਤਾ ਨੂੰ ਜੱਫਾ ਮਾਰੀ ਬੈਠੇ ਹਨ। ਅਮਰੀਕਾ, ਕੈਨੇਡਾ ਅਤੇ ਪੱਛਮੀ ਦੇਸ਼ਾਂ ਦੇ ਲੋਕ ਇਸਾਈ ਧਰਮ ਜਿਹੇ ਮੋਕਲੇ ਧਰਮ ਤੋਂ ਵੀ ਦੂਰ ਜਾ ਰਹੇ ਹਨ। ਇਸ ਨੁਕਤੇ ਨਿਗਾਹ ਨੂੰ ਸ਼ਾਇਦ ਇਸਲਾਮ ਹੀ ਨਹੀਂ, ਸਿੱਖ ਧਰਮ ਦੇ ਧਾਰਮਿਕ ਆਗੂ ਵੀ ਨਹੀਂ ਮੰਨ ਰਹੇ। ਸਿੱਖ ਧਰਮ ਵੀ ਵਾਧੇ ਵਾਲੇ ਪਾਸੇ ਤਾਂ ਨਹੀਂ ਜਾ ਰਿਹਾ ਪਰ ਹਾਂ ਖੋਰੇ ਵੱਲ ਨੂੰ ਜ਼ਰੂਰ ਜਾ ਰਿਹਾ ਹੈ। ਮੇਰਾ ਨਿਜੀ ਖਿਆਲ ਹੈ ਕਿ ਸੰਸਾਰ ਵਿਚ ਜਨਮ ਲੈਣ ਵਾਲੇ ਸਾਰੇ ਪੈਗੰਬਰਾਂ ਵਿਚੋਂ ਗੁਰੂ ਨਾਨਕ ਸਾਹਿਬ ਆਪਣੀ ਮਿਸਾਲ ਆਪ ਹੀ ਹਨ। ਕੋਈ ਹੋਰ ਪੈਗੰਬਰ ਰਹਿਬਰੀ ਜਾਂ ਬ੍ਰਹਿਮੰਡ ਦੇ ਗਿਆਨ ਪੱਖੋਂ ਗੁਰੂ ਨਾਨਕ ਸਾਹਿਬ ਦਾ ਸਾਨੀ ਨਹੀਂ ਹੋ ਸਕਦਾ। ਸਾਡੇ ਧਾਰਮਿਕ ਆਗੂ ਗੁਰੂ ਨਾਨਕ ਦੇਵ ਜਿਹੇ ਇਸ਼ਟ ਪ੍ਰਾਪਤ ਹੋਣ ਦੇ ਬਾਵਜੂਦ ਸਿੱਖ ਧਰਮ ਨੂੰ ਸੰਸਾਰ ਦਾ ਧਰਮ ਬਣਾਉਣ ਦੀ ਥਾਂ ਸੌੜੇ ਅਤੇ ਸੜੇ ਹੋਏ ਖਿੱਤੇ ਵਿਚ ਸਮੋਈ ਰੱਖਣ ਲਈ ਬਜ਼ਿਦ ਹਨ।

**-ਅਮਰਜੀਤ ਸਿੰਘ ਮੁਲਤਾਨੀ**

# ਸਿਦਕ ਤੇ ਸਿਰੜ ਦਾ ਮੁਜੱਸਮਾ ਸੀ ਸਟੀਫਨ ਹਾਕਿੰਗ

*ਜੇ ਕਿਹਾ ਜਾਵੇ ਕਿ ਮਹਾਨ ਸਾਇੰਸਦਾਨ, ਪ੍ਰੋਫੈਸਰ ਤੇ ਲੇਖਕ ਸਟੀਫਨ ਹਾਕਿੰਗ ਸਿਦਕ ਅਤੇ ਸਿਰੜ ਦਾ ਮੁਜੱਸਮਾ ਸੀ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਉਹ 20 ਸਾਲ ਦਾ ਸੀ ਜਦੋਂ ਲਾਇਲਾਜ਼ ਰੋਗ ਮੋਟਰ ਨਿਓਰੋਨ ਡਿਜ਼ੀਜ਼ (ਏ ਐਲ ਐਸ) ਦੇ ਮੁਢਲੇ ਲੱਛਣ ਸਾਹਮਣੇ ਆਉਣ ਲੱਗੇ। ਉਹ 21 ਸਾਲ ਦਾ ਸੀ ਜਦੋਂ ਡਾਕਟਰਾਂ ਨੇ ਉਸ ਦਾ ਤਫਸੀਲ ਵਿਚ ਮੁਆਇਨਾ ਅਤੇ ਟੈਸਟ ਵਗੈਰਾ ਕਰਨ ਪਿਛੋਂ ਕਿਹਾ ਕਿ ਉਹ ਢਾਈ-ਤਿੰਨ ਸਾਲ ਤੋਂ ਵੱਧ ਜੀਅ ਨਹੀਂ ਸਕੇਗਾ। ਸ਼ੁਰੂ ਵਿਚ ਇਹ ਜਾਣ ਕੇ ਹਾਕਿੰਗ ਨੂੰ ਸਦਮਾ ਲੱਗਾ ਪਰ ਛੇਤੀ ਹੀ ਉਹ ਸੰਭਲ ਗਿਆ। ਸਰੀਰ ਵਿਚ ਕਾਫੀ ਕਮਜੋਰੀ ਆ ਜਾਣ ਕਰਕੇ ਅਗਲੇ ਦੋ ਸਾਲਾਂ ਵਿਚ ਹੀ ਉਸ ਨੂੰ ਵ੍ਹੀਲ ਚੇਅਰ ਵਿਚ ਜਾਣਾ ਪਿਆ, ਪਰ ਹਾਕਿੰਗ ਨੇ ਦਿਲ ਛਡਣ ਦੀ ਥਾਂ ਸਰੀਰ ਦੀਆਂ ਕਮਜੋਰੀਆਂ ਤੋਂ ਧਿਆਨ ਪਾਸੇ ਹਟਾ ਕੇ ਆਪਣੇ ਦਿਮਾਗ ਨੂੰ ਹੀ ਆਪਣੀ ਤਾਕਤ ਬਣਾ ਲਿਆ। ਜਲਦੀ ਹੀ ਉਸ ਦੀ ਬੋਲਣ ਸ਼ਕਤੀ ਵੀ ਜਾਂਦੀ ਰਹੀ, ਇਸ ਦੇ ਬਾਵਜੂਦ ਉਸ ਨੇ ਉਹ ਕੁਝ ਕਰ ਵਿਖਾਇਆ ਜੋ ਚੰਗਾ-ਭਲਾ ਬੰਦਾ ਵੀ ਨਹੀਂ ਕਰ ਸਕਦਾ। ਇਸੇ ਕਰਕੇ ਹਾਕਿੰਗ ਮੇਰਾ ਰੋਲ ਮਾਡਲ ਵੀ ਹੈ ਤੇ ਪ੍ਰੇਰਣਾ ਸ੍ਰੋਤ ਵੀ। ਕਾਰਨ, ਮੈਨੂੰ ਵੀ ਉਹ ਹੀ ਰੋਗ ਯਾਨਿ ਏ ਐਲ ਐਸ ਹੈ, ਜੋ ਹਾਕਿੰਗ ਨੂੰ ਸੀ। ਮੈਂ ਵੀ ਉਦੋਂ 20 ਸਾਲ ਦਾ ਸਾਂ, ਜਦੋਂ ਏ ਐਲ ਐਸ ਦੇ ਮੁਢਲੇ ਲੱਛਣ ਸਾਹਮਣੇ ਆਉਣ ਲੱਗੇ ਸਨ। ਹਾਕਿੰਗ ਤਾਂ ਦੋ-ਤਿੰਨ ਸਾਲ ਵਿਚ ਹੀ ਸਰੀਰਕ ਪੱਖੋਂ ਨਕਾਰਾ ਹੋ ਗਿਆ ਸੀ, ਪਰ ਮੇਰੇ ਮਾਮਲੇ ਵਿਚ ਰੋਗ ਦੀ ਗਤੀ ਬਹੁਤ ਧੀਮੀ ਰਹੀ ਅਤੇ 30 ਸਾਲ ਪਿਛੋਂ ਵੀ ਮੈਂ ਚਲ-ਫਿਰ ਸਕਦਾ ਸਾਂ। ਫਿਰ ਬੀਮਾਰੀ ਬਹੁਤ ਤੇਜੀ ਨਾਲ ਵਧੀ ਅਤੇ ਦੋ ਸਾਲਾਂ ਵਿਚ ਹੀ ਮੈਨੂੰ ਵ੍ਹੀਲ ਚੇਅਰ ਵਿਚ ਜਾਣਾ ਪਿਆ। 2014 ਵਿਚ ਫੇਫੜੇ ਕਮਜੋਰ ਹੋ ਜਾਣ ਕਰਕੇ ਟਰੈਕਿਓਸਟੋਮੀ ਪਾਉਣੀ ਪਈ ਅਤੇ ਉਦੋਂ ਤੋਂ ਹੀ ਮੈਂ ਵੈਂਟੀਲੇਟਰ 'ਤੇ ਹਾਂ। ਜਦੋਂ ਕਦੇ ਰੋਗ ਕਰਕੇ ਮਨ ਥੋੜਾ ਢਹਿੰਦੀ ਕਲਾ ਵਲ ਜਾਣ ਲਗਦਾ ਹੈ ਤਾਂ ਮੈਂ ਆਪਣੇ ਆਪ ਨੂੰ ਸਮਝਾਉਂਦਾ ਹਾਂ ਕਿ ਸਟੀਫਨ ਹਾਕਿੰਗ ਇਨਾ ਲੰਮਾਂ ਸਮਾਂ ਸਿਰੜ ਦਿਖਾ ਸਕਿਆ ਤਾਂ ਮੈਨੂੰ ਵੀ ਉਸ ਤੋਂ ਕੁਝ ਸਿੱਖਣਾ ਚਾਹੀਦਾ ਹੈ ਤੇ ਮੇਰਾ ਮਨ ਝੱਟ ਹੀ ਚੜ੍ਹਦੀ ਕਲਾ ਵਿਚ ਆ ਜਾਂਦਾ ਹੈ। ਸਟੀਫਨ ਹਾਕਿੰਗ ਤੋਂ ਪ੍ਰੇਰਣਾ ਲੈ ਕੇ ਹੀ ਧਿਆਨ ਪੰਜਾਬ ਟਾਈਮਜ਼ ਵਿਚ ਲਾਈ ਰਖਦਾ ਹਾਂ ਤੇ ਮੈਨੂੰ ਆਪਣਾ ਰੋਗ ਭੁਲ ਹੀ ਜਾਂਦਾ ਹੈ।-ਅਮੋਲਕ ਸਿੰਘ (ਸੰਪਾਦਕ)*

***ਮਹਾਨ ਵਿਗਿਆਨੀ ਸਟੀਫਨ ਵਿਲੀਅਮ ਹਾਕਿੰਗ (8 ਜਨਵਰੀ 1942-14 ਮਾਰਚ 2018) ਮਹਾਨ ਵਿਗਿਆਨੀ ਗੈਲੀਲੀਓ ਦੀ ਮੌਤ (8 ਜਨਵਰੀ 1642) ਤੋਂ 300 ਸਾਲ ਬਾਅਦ ਇਸ ਧਰਤ ਉਤੇ ਆਇਆ। ਇਹ ਮਹਿਜ਼ ਇਤਫਾਕ ਹੀ ਹੈ ਪਰ ਉਸ ਨੇ ਗੈਲੀਲੀਓ ਵਾਂਗ ਬ੍ਰਹਿਮੰਡ ਬਾਰੇ ਅਜਿਹੀਆਂ ਖੋਜਾਂ ਕੀਤੀਆਂ ਜਿਸ ਨੇ ਪਹਿਲਾਂ ਵਾਲੀਆਂ ਧਾਰਨਾਵਾਂ ਨੂੰ ਪੁੱਠਾ ਲਟਕਾ ਦਿੱਤਾ। ਇਨ੍ਹਾਂ ਅਹਿਮ ਖੋਜਾਂ ਦਾ ਕਾਰਜ ਉਸ ਨੇ ਅਤਿਅੰਤ ਬਿਮਾਰ ਹੋਣ ਦੀ ਸੂਰਤ ਵਿਚ ਕੀਤਾ। ਉਸ ਦੀਆਂ ਖੋਜਾਂ ਅਤੇ ਉਸ ਦਾ ਹਠ ਆਪਣੀ ਮਿਸਾਲ ਆਪ ਹਨ। ਉਹ ਜਿੰਨਾ ਚਿਰ ਵੀ ਜੀਵਿਆ, ਇਸ ਅਭੇਤ ਬ੍ਰਹਿਮੰਡ ਦੇ ਭੇਤ ਲੱਭਣ ਲਈ ਸਰਗਰਮ ਰਿਹਾ।***

**ਡਾ. ਕੁਲਦੀਪ ਸਿੰਘ ਧੀਰ**
**ਫੋਨ: +91-98722-60550**

ਅਸੀਂ ਤਰੀਕ, ਮਹੀਨਾ ਦੱਸਣ ਵੇਲੇ ਤਰੀਕ ਪਹਿਲਾਂ ਤੇ ਮਹੀਨਾ ਪਿਛੋਂ ਦੱਸਦੇ ਹਾਂ। ਇੰਗਲੈਂਡ, ਅਮਰੀਕਾ ਵਿਚ ਮਹੀਨਾ ਪਹਿਲਾਂ ਤੇ ਤਰੀਕ ਪਿਛੋਂ। ਮਾਰਚ ਦੀ 14 ਤਰੀਕ ਨੂੰ ਜਦੋਂ ਸਾਡੇ ਸਮਿਆਂ ਦੇ ਬਹੁਚਰਚਿਤ ਤੇ ਵਿਚਿਤਰ ਸਿਧਾਂਤਕ ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਦੀ ਮੌਤ ਦੀ ਖਬਰ ਆਈ ਤਾਂ ਪੱਛਮ ਦੇ ਵਿਗਿਆਨੀਆਂ ਨੇ ਇਸ ਨੂੰ 'ਪਾਈ ਡੇਅ' ਕਿਹਾ। ਪਾਈ ਚੱਕਰ ਦੇ ਖੇਤਰਫਲ/ਘੇਰੇ ਤੇ ਅਰਧ-ਵਿਆਸ ਦਾ ਸਬੰਧ ਜੋੜਨ ਵਾਲਾ ਸਥਿਰ ਅੰਕ (3.14) ਹੈ, ਯਾਨਿ ਇਸ ਵਿਚਿਤਰ ਵਿਗਿਆਨੀ ਦੀ ਮੌਤ ਵੀ ਵਿਚਿਤਰ ਅੰਕ ਨਾਲ ਜੁੜ ਗਈ। ਉਂਜ, ਉਸ ਦੀ ਮੌਤ 76 ਸਾਲ ਦੀ ਉਮਰ ਵਿਚ ਪਾਈ ਡੇਅ ਉਤੇ ਹੋਈ ਹੈ। ਵੀਹਵੀਂ ਸਦੀ ਦੇ ਵੱਡੇ ਵਿਗਿਆਨੀ ਆਈਨਸਟਾਈਨ ਦੀ ਮੌਤ ਵੀ 76 ਸਾਲ ਦੀ ਉਮਰੇ ਪਾਈ ਡੇਅ ਨੂੰ ਹੀ ਹੋਈ ਸੀ। ਇਕ ਹੋਰ ਮਜ਼ੇਦਾਰ ਗੱਲ ਦੇਖੋ। ਸਟੀਫਨ ਹਾਕਿੰਗ ਦਾ ਜਨਮ 8 ਜਨਵਰੀ 1942 ਨੂੰ ਹੋਇਆ। ਉਸ ਤੋਂ ਠੀਕ ਤਿੰਨ ਸੌ ਸਾਲ ਪਹਿਲਾਂ ਮਹਾਨ ਵਿਗਿਆਨੀ ਗੈਲੀਲੀਓ ਦੀ ਮੌਤ 8 ਜਨਵਰੀ 1642 ਨੂੰ ਹੋਈ। ਕਮਾਲ ਦੀ ਗੱਲ ਇਹ ਹੈ ਕਿ 1642 ਦੀ ਕ੍ਰਿਸਮਸ ਵਾਲੇ ਦਿਨ ਹੀ ਇਕ ਹੋਰ ਵੱਡੇ ਵਿਗਿਆਨੀ ਨਿਊਟਨ ਦਾ ਜਨਮ ਹੋਇਆ। ਇਹ ਕੁਦਰਤ ਦਾ ਕ੍ਰਿਸ਼ਮਾ ਕਹੋ, ਤੇ ਭਾਵੇਂ ਇਤਫਾਕ, ਇੰਨਾ ਜ਼ਰੂਰ ਹੈ ਕਿ ਨਿਊਟਨ, ਗੈਲੀਲੀਓ, ਆਈਨਸਟਾਈਨ ਅਤੇ ਸਟੀਫਨ ਹਾਕਿੰਗ ਤਰੀਕਾਂ, ਮਹੀਨਿਆਂ ਤੇ ਸਾਲਾਂ ਜ਼ਰੀਏ ਵਿਚਿਤਰ ਤਰੀਕੇ ਨਾਲ ਇਕ ਦੂਜੇ ਨਾਲ ਜੁੜੇ ਹੋਏ ਹਨ। ਕਿਸੇ ਸਮੇਂ ਜਦੋਂ ਸਟੀਫਨ ਹਾਕਿੰਗ ਚਰਚਾ ਦਾ ਬਿੰਦੂ ਬਣਿਆ ਸੀ, ਉਸ ਦੇ ਜਨਮ ਦੀ ਮਿਤੀ ਨੇ ਇਸ ਗੱਲ ਵੱਲ ਧਿਆਨ ਖਿਚਿਆ। ਉਸ ਦੀ ਮੌਤ ਨੇ ਇਕ ਵਾਰ ਮੁੜ ਇਸ ਤੱਥ ਵੱਲ ਧਿਆਨ ਦਿਵਾਇਆ ਹੈ। ਚਲੋ, ਇਸ ਵਿਚਿੱਤਰ ਵਿਗਿਆਨੀ ਦੇ ਜੀਵਨ ਅਤੇ ਪ੍ਰਾਪਤੀਆਂ ਉਤੇ ਰਤਾ ਝਾਤੀ ਮਾਰੀਏ।

8 ਜਨਵਰੀ 1942 ਨੂੰ ਇੰਗਲੈਂਡ ਦੇ ਸ਼ਹਿਰ ਆਕਸਫੋਰਡ ਵਿਚ ਰਹਿੰਦੇ ਫਰੈਂਕ ਹਾਕਿੰਗ ਅਤੇ ਇਸਾਬੈਲ ਹਾਕਿੰਗ ਦੇ ਘਰ ਸਟੀਫਨ ਹਾਕਿੰਗ ਦਾ ਜਨਮ ਹੋਇਆ। ਮਾਂ ਗਲਾਸਗੋ (ਸਕਾਟਲੈਂਡ) ਦੇ ਡਾਕਟਰਾਂ ਦੇ ਪਰਿਵਾਰ ਵਿਚੋਂ ਸੀ। ਪੜਦਾਦੇ ਦਾ ਸਬੰਧ ਯਾਰਕਸ਼ਾਇਰ ਦੇ ਕਹਿੰਦੇ-ਕਹਾਉਂਦੇ ਅਮੀਰ ਜ਼ਿਮੀਂਦਾਰ ਪਰਿਵਾਰ ਨਾਲ ਸੀ, ਪਰ ਪਿਛੋਂ ਜਾ ਕੇ ਉਹ ਦੀਵਾਲੀਆ ਹੋ ਗਿਆ। ਉਸ ਵੇਲੇ ਨਾਨਕੇ ਬਹੁੜੇ। ਉਨ੍ਹਾਂ ਹਾਕਿੰਗ ਪਰਿਵਾਰ ਦੇ ਘਰ ਇਕ ਸਕੂਲ ਬਣਵਾ ਕੇ ਫਰੈਂਕ ਤੇ ਇਸਾਬੈਲ ਦਾ ਹੱਥ ਸੌਖਾ ਕਰ ਦਿੱਤਾ। ਦੋਵੇਂ ਆਕਸਫੋਰਡ ਪੜ੍ਹੇ। ਫਰੈਂਕ ਨੇ ਮੈਡੀਸਨ ਪੜ੍ਹੀ ਅਤੇ ਇਸਾਬੈਲ ਨੇ ਫਿਲਾਸਫੀ, ਇਕਨਾਮਿਕਸ ਤੇ ਪੁਲੀਟੀਕਲ ਸਾਇੰਸ। ਸਟੀਫਨ ਦੀਆਂ ਦੋ ਨਿੱਕੀਆਂ ਭੈਣਾਂ ਫਿਲਿਪਾ ਤੇ ਮੇਰੀ ਸਨ। ਉਸ ਦੇ ਮਾਪਿਆਂ ਨੇ ਐਡਵਰਡ ਫਰੈਂਕ ਡੇਵਿਡ ਨੂੰ ਗੋਦ ਲੈ ਕੇ ਪਾਲਿਆ। 1950 'ਚ ਫਰੈਂਕ ਨੈਸ਼ਨਲ ਇੰਸਟੀਚਿਊਟ ਫਾਰ ਮੈਡੀਕਲ ਰਿਸਰਚ ਦੇ ਪੈਰਾਸਾਈਟਾਲੋਜੀ ਵਿਭਾਗ ਦਾ ਮੁਖੀ ਬਣਿਆ ਤਾਂ ਸਾਰਾ ਪਰਿਵਾਰ ਸੇਂਟ ਐਲਬੈਨਜ਼ ਹਰਟਫੋਰਡਸ਼ਾਇਰ ਚਲਾ ਗਿਆ। ਉਨ੍ਹਾਂ ਦੇ ਗੁਆਂਢੀ ਇਸ ਪਰਿਵਾਰ ਨੂੰ ਵਾਹਵਾ ਸਿਆਣੇ, ਪਰ ਅਜੀਬ ਸਮਝਦੇ। ਹਰ ਸਮੇਂ ਕਿਤਾਬਾਂ ਪੜ੍ਹਨ ਦੇ ਖਬਤੀ।

ਸਟੀਫਨ ਹਾਕਿੰਗ ਦੂਜੀ ਸੰਸਾਰ ਜੰਗ ਦੇ ਦਿਨਾਂ ਵਿਚ ਜੰਮਿਆ। ਉਨ੍ਹੀਂ ਦਿਨੀਂ ਆਕਸਫੋਰਡ ਉਤੇ ਬੰਬਾਰੀ ਦਾ ਖਤਰਾ ਵੱਧ ਸੀ, ਇਸ ਲਈ ਹਾਕਿੰਗ ਪਰਿਵਾਰ ਲੰਡਨ ਚਲਾ ਗਿਆ। ਉਥੇ ਹੀ ਸਟੀਫਨ ਦੀ ਸਕੂਲੀ ਪੜ੍ਹਾਈ ਸ਼ੁਰੂ ਹੋਈ। ਅੱਠ ਸਾਲ ਦਾ ਹੋ ਕੇ ਉਹ ਕੁਝ ਮਹੀਨੇ ਲਈ ਸੇਂਟ ਐਲਬਨਜ਼ ਦੇ ਗਰਲਜ਼ ਸਕੂਲ ਵਿਚ ਦਾਖਲ ਹੋਇਆ। ਫਿਰ ਉਹ ਸੇਂਟ ਐਲਬਨਜ਼ ਦੇ ਲੜਕਿਆਂ ਦੇ ਸਕੂਲ ਤੇ ਰੈਡਲੈਟ ਸਕੂਲ ਵਿਚ ਪੜ੍ਹਿਆ। ਸਕੂਲ ਵਿਚ ਸਟੀਫਨ ਦੇ ਜਮਾਤੀ ਭਾਵੇਂ ਉਸ ਨੂੰ ਆਈਨਸਟਾਈਨ ਆਖਦੇ, ਪਰ ਪੜ੍ਹਾਈ-ਲਿਖਾਈ ਵਿਚ ਉਹ ਬਹੁਤਾ ਤੇਜ਼ ਨਹੀਂ ਸੀ। ਉਸ ਦਾ ਗਣਿਤ ਦਾ ਪ੍ਰੋਫੈਸਰ ਚਾਹੁੰਦਾ ਸੀ ਕਿ ਉਹ ਗਣਿਤ ਦੀ ਉਚੇਰੀ ਪੜ੍ਹਾਈ ਕਰੇ ਤੇ ਪਿਤਾ ਚਾਹੁੰਦਾ ਸੀ ਕਿ ਉਹ ਮੈਡੀਸਨ ਦੇ ਖੇਤਰ ਵਿਚ ਪਵੇ। ਪਿਤਾ ਆਪਣੇ ਵਾਂਗ ਉਸ ਨੂੰ ਆਕਸਫੋਰਡ ਭੇਜਣਾ ਚਾਹੁੰਦਾ ਸੀ। ਮੈਡੀਸਨ ਵਿਚ ਸਟੀਫਨ ਦੀ ਰੁਚੀ ਨਹੀਂ ਸੀ। ਗਣਿਤ ਦੀ ਉਚੇਰੀ ਪੜ੍ਹਾਈ ਦਾ ਪ੍ਰਬੰਧ ਉਦੋਂ ਆਕਸਫੋਰਡ ਵਿਚ ਨਹੀਂ ਸੀ। ਇਸ ਲਈ ਸਟੀਫਨ ਨੇ ਫਿਜ਼ਿਕਸ ਤੇ ਕੈਮਿਸਟਰੀ ਹੀ ਪੜ੍ਹਨੀ ਸ਼ੁਰੂ ਕਰ ਦਿੱਤੀ। ਇਹ 1959 ਦੀ ਗੱਲ ਹੈ।

ਪਹਿਲੇ ਅਠਾਰਾਂ ਮਹੀਨੇ ਉਸ ਨੂੰ ਆਕਸਫੋਰਡ ਦੀ ਪੜ੍ਹਾਈ ਬੋਰਿੰਗ, ਪਰ ਅਤਿ ਸੌਖੀ ਲੱਗੀ। ਇਸ ਉਪਰੰਤ ਉਸ ਨੇ ਪੜ੍ਹਾਈ ਦੇ ਨਾਲ ਨਾਲ ਸੰਗੀਤ ਤੇ ਹੋਰ ਸਰਗਰਮੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਸ ਨੇ ਕਾਲਜ ਦਾ ਬੋਟ ਕਲੱਬ ਜਾਇਨ ਕਰ ਲਿਆ ਤੇ ਬੋਟਿੰਗ ਵੇਲੇ ਖਤਰੇ ਮੁੱਲ ਲੈਣ ਵਿਚ ਅਨੰਦ ਲੈਂਦਾ।

ਸਟੀਫਨ ਹਾਕਿੰਗ ਦੇ ਆਪਣੇ ਕਹੇ ਅਨੁਸਾਰ ਆਕਸਫੋਰਡ ਦੇ ਤਿੰਨ ਸਾਲਾਂ ਵਿਚ ਕੇਵਲ ਇਕ ਹਜ਼ਾਰ ਘੰਟੇ ਪੜ੍ਹਨ ਵਿਚ ਲਾਏ, ਬਾਕੀ ਮੌਜ-ਮਸਤੀ ਕੀਤੀ। ਇੰਨੇ ਨਾਲ ਆਕਸਫੋਰਡ ਦੀ ਅੰਤਿਮ ਪ੍ਰੀਖਿਆ ਪਾਸ ਕਰਨੀ ਸੌਖੀ ਨਹੀਂ ਸੀ। ਉਸ ਨੇ ਫੈਸਲਾ ਕੀਤਾ ਕਿ ਕੇਵਲ ਸਿਧਾਂਤਕ ਭੌਤਿਕ ਵਿਗਿਆਨ ਦੇ ਪ੍ਰਸ਼ਨਾਂ ਦਾ ਉਤਰ ਦੇਵੇ, ਬਾਕੀ ਗੱਲਾਂ ਉਸ ਦੇ ਵੱਸ ਨਹੀਂ। ਕੈਂਬਰਿਜ ਵਿਚ ਦਾਖਲੇ ਲਈ ਇਥੋਂ ਫਸਟ ਕਲਾਸ ਜ਼ਰੂਰੀ ਸੀ। ਕੈਂਬਰਿਜ ਵਿਚ ਉਸ ਨੇ ਕੌਸਮੋਲੋਜੀ (ਬ੍ਰਹਿਮੰਡ ਵਿਗਿਆਨ) ਪੜ੍ਹਨੀ ਸੀ। ਉਸ ਨੇ ਰਾਤਾਂ ਜਾਗ ਜਾਗ ਪੜ੍ਹਾਈ ਕੀਤੀ ਤੇ ਔਖੇ-ਸੌਖੇ ਦਾਖਲੇ ਲਈ ਨੰਬਰ ਬਣਾ ਲਏ। ਬੱਸ, ਉਸ ਲਈ ਮੌਖਿਕ ਪ੍ਰੀਖਿਆ ਦੀ ਸ਼ਰਤ ਲਾ ਦਿੱਤੀ ਗਈ। ਉਥੋਂ ਵੀ ਉਹ ਕਿਵੇਂ ਨਾ ਕਿਵੇਂ ਪਾਰ ਹੋ ਗਿਆ। ਅਕਤੂਬਰ 1962 ਵਿਚ ਉਹ ਕੈਂਬਰਿਜ ਪਹੁੰਚ ਗਿਆ। ਫਰੈਡ ਹਾਇਲ ਦੀ ਥਾਂ ਡਾਕਟਰੇਟ ਲਈ ਉਸ ਦਾ ਸੁਪਰਵਾਈਜ਼ਰ ਡੈਨਿਸ ਸਕਿਆਮਾ ਲਾਇਆ ਗਿਆ ਤਾਂ ਉਸ ਨੂੰ ਕੁਝ ਨਿਰਾਸ਼ਾ ਹੋਈ। 1963 ਦੇ ਅੰਤ ਵਿਚ 21 ਸਾਲ ਦੀ ਉਮਰੇ ਉਸ ਦੇ ਏ.ਐਲ.ਐਸ. ਨਾਂ ਦੀ ਤਿਲ ਤਿਲ ਕਰ ਕੇ ਖਤਮ ਕਰਨ ਵਾਲੀ ਮੋਟਰ ਨਿਊਰੋਨ ਬਿਮਾਰੀ ਤੋਂ ਪੀੜਤ ਹੋਣ ਦਾ ਪਤਾ ਲੱਗਾ। ਉਸ ਨੂੰ ਇਹ ਵੀ ਦੱਸਿਆ ਗਿਆ ਕਿ ਉਸ ਦੀ ਜ਼ਿੰਦਗੀ ਮਸਾਂ ਢਾਈ-ਤਿੰਨ ਸਾਲ ਦੀ ਹੀ ਬਚੀ ਹੈ। ਉਹ ਕੁਝ ਸਮਾਂ ਡਿਪਰੈਸ਼ਨ ਦਾ ਸ਼ਿਕਾਰ ਹੋਇਆ ਪਰ ਪ੍ਰੇਮਿਕਾ ਜੇਨ ਦੇ ਪ੍ਰੇਮ ਭਰੇ ਸਾਥ ਨਾਲ ਉਹ ਮੁੜ ਸੰਭਲ ਗਿਆ।



*ਸਟੀਫਨ ਹਾਕਿੰਗ*

ਇਕ ਤਰ੍ਹਾਂ ਨਾਲ ਹਾਕਿੰਗ ਦੀ ਬਿਮਾਰੀ ਨੇ ਉਸ ਨੂੰ ਮਹਾਨ ਵਿਗਿਆਨੀ ਬਣਨ ਵਿਚ ਮਦਦ ਹੀ ਕੀਤੀ। ਇਸ ਬਿਮਾਰੀ ਦਾ ਪਤਾ ਲੱਗਣ ਤੋਂ ਪਹਿਲਾਂ ਕਦੀ ਵੀ ਉਹ ਆਪਣੀ ਪੜ੍ਹਾਈ ਵੱਲ ਬਹੁਤਾ ਧਿਆਨ ਨਹੀਂ ਸੀ ਦੇ ਸਕਿਆ। 1969 ਵਿਚ ਜਦੋਂ ਉਹ ਵ੍ਹੀਲਚੇਅਰ ਵਿਚ ਆ ਗਿਆ ਤਾਂ ਉਸ ਨੇ ਆਪਣਾ ਸਾਰਾ ਸਮਾਂ ਦਿਮਾਗ 'ਤੇ ਹੀ ਕੇਂਦ੍ਰਿਤ ਕਰ ਲਿਆ।

ਸਕਿਆਮਾ ਦੇ ਮਾਰਗਦਰਸ਼ਨ ਹੇਠ ਸਟੀਫਨ ਨੇ ਹਾਇਲ ਅਤੇ ਉਸ ਦੇ ਭਾਰਤੀ ਸ਼ਾਗਿਰਦ ਨਾਰਲੀਕਰ ਦੀਆਂ ਧਾਰਨਾਵਾਂ ਨੂੰ 1964 ਵਿਚ ਇਕ ਲੈਕਚਰ ਵਿਚ ਖੁੱਲ੍ਹੇਆਮ ਵੰਗਾਰਿਆ। ਉਨ੍ਹਾਂ ਦਿਨਾਂ ਵਿਚ ਬਿੱਗ ਬੈਂਗ ਤੇ ਸਟੈਡੀ ਸਟੇਟ ਥਿਊਰੀਆਂ ਬਾਰੇ ਵਿਵਾਦ ਜ਼ੋਰਾਂ ਉਤੇ ਸੀ। ਰੋਜਰ ਪੈਨਰੋਜ਼ ਨੇ ਬਲੈਕ ਹੋਲਾਂ ਦੇ ਕੇਂਦਰ ਵਿਚ ਦੇਸ਼/ਕਾਲ ਦੀ ਸਿੰਗੂਲੈਰਿਟੀ (ਇਕੋ ਬਿੰਦੂ ਵਿਚ ਸੀਮਿਤ ਹੋਣ) ਦਾ ਸੰਕਲਪ ਦਿੱਤਾ ਸੀ। ਸਟੀਫਨ ਨੇ ਇਸ ਨੂੰ ਬ੍ਰਹਿਮੰਡ ਦੇ ਜਨਮ ਉਤੇ ਲਾਗੂ ਕਰ ਕੇ ਆਪਣਾ ਥੀਸਿਜ਼ ਲਿਖਿਆ ਜੋ 1966 'ਚ ਪ੍ਰਵਾਨ ਹੋਇਆ।

ਉਸ ਦੀ ਇਸ ਪ੍ਰਾਪਤੀ ਪਿੱਛੇ ਉਸ ਦੀ ਪਤਨੀ ਜੇਨ ਦਾ ਵੱਡਾ ਹੱਥ ਸੀ। 1963 ਦੇ ਆਖਰੀ ਮਹੀਨਿਆਂ ਵਿਚ ਹਾਕਿੰਗ ਦੀ ਬਿਮਾਰੀ (ਏ.ਐਲ.ਐਸ.) ਦਾ ਪਤਾ ਲੱਗਾ। ਉਨ੍ਹੀਂ ਦਿਨੀਂ ਹੀ ਉਸ ਦਾ ਪ੍ਰੇਮ ਆਪਣੀ ਭੈਣ ਦੀ ਸਹੇਲੀ ਜੇਨ ਨਾਲ ਸ਼ੁਰੂ ਹੀ ਹੋਇਆ ਸੀ। ਜੇਨ ਚਾਹੁੰਦੀ ਤਾਂ ਪਿੱਛੇ ਹਟ ਸਕਦੀ ਸੀ, ਪਰ ਉਸ ਨੇ ਪਰਖ ਦੀ ਇਸ ਘੜੀ ਸੱਚੇ ਸਮਰਪਿਤ ਪ੍ਰੇਮ ਦਾ ਆਦਰਸ਼ ਪੇਸ਼ ਕਰਦਿਆਂ ਸਟੀਫਨ ਦਾ ਸਾਥ ਦੇਣ ਦਾ ਫੈਸਲਾ ਕੀਤਾ। ਜੁਲਾਈ 1965 ਵਿਚ ਦੋਵਾਂ ਦੀ ਸ਼ਾਦੀ ਹੋ ਗਈ। ਉਸ ਨੇ ਹਰ ਔਖੇ ਸਮੇਂ ਉਸ ਨੂੰ ਡੋਲਣ ਤੋਂ ਬਚਾਇਆ। 1965 ਵਿਚ ਸਟੀਫਨ ਦਾ ਥੀਸਿਜ਼ ਪੂਰਾ ਹੋ ਗਿਆ ਤੇ 1966 ਵਿਚ ਪੀਐਚ. ਡੀ. ਡਿਗਰੀ ਵੀ ਮਿਲ ਗਈ। ਮਈ 1967 ਵਿਚ ਉਨ੍ਹਾਂ ਦੇ ਘਰ ਪਹਿਲੇ ਬੇਟੇ ਰੌਬਰਟ, 1970 ਵਿਚ ਬੇਟੀ ਲੂਸੀ ਅਤੇ 1979 ਵਿਚ ਬੇਟੇ ਟਿਮੋਥੀ ਦਾ ਜਨਮ ਹੋਇਆ। ਜੇਨ ਕਦੇ ਸਟੀਫਨ ਨੂੰ ਉਸ ਦੀ ਬਿਮਾਰੀ ਕਾਰਨ ਪੈਦਾ ਹੋਈਆਂ ਸੀਮਾਵਾਂ ਦਾ ਅਹਿਸਾਸ ਨਾ ਹੋਣ ਦਿੰਦੀ। ਉਸ ਦੀ ਹਰ ਪ੍ਰੇਸ਼ਾਨੀ ਤੇ ਸਮੱਸਿਆ ਦਾ ਭਾਰ ਆਪ ਝੱਲ ਕੇ ਉਸ ਨੂੰ ਪੜ੍ਹਨ-ਲਿਖਣ ਤੇ ਖੋਜ ਕਰਨ ਲਈ ਹਰ ਪ੍ਰਕਾਰ ਦੇ ਸੁਖ-ਸਹੂਲਤ ਦਾ ਮਾਹੌਲ ਸਿਰਜੀ ਰੱਖਦੀ। ਸਟੀਫਨ ਨੂੰ ਗੋਨਵਿਲ ਤੇ ਕੇਅਸ ਕਾਲਜ ਕੈਂਬਰਿਜ ਵਿਚ ਰਿਸਰਚ ਫੈਲੋਸ਼ਿਪ ਮਿਲੀ। ਉਸ ਦੇ ਥੀਸਿਜ਼ ਨੂੰ 1966 ਦੇ ਐਡਮਜ਼ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਡਾਕਟਰੇਟ ਉਸ ਨੇ ਪੈਨਰੋਜ਼ ਦੇ ਸਿੰਗੂਲੈਰਿਟੀ ਸਿਧਾਂਤ ਨੂੰ ਅੱਗੇ ਤੋਰ ਕੇ ਲਈ ਸੀ। ਉਸ ਨੇ ਡਾਕਟਰੇਟ ਉਪਰੰਤ ਵੀ ਇਸੇ ਸਿਧਾਂਤ ਉਤੇ ਅੱਗੇ ਕੰਮ ਜਾਰੀ ਰੱਖਿਆ। ਪੈਨਰੋਜ਼ ਨੂੰ ਮਿਲ ਕੇ ਉਸ ਨੇ ਇਹ ਧਾਰਨਾ ਪੇਸ਼ ਕੀਤੀ ਕਿ ਬ੍ਰਹਿਮੰਡ ਦੀ ਉਤਪਤੀ ਦੇਸ਼ ਕਾਲ ਦੀ ਇਸੇ ਸਿੰਗੂਲੈਰਿਟੀ ਵਿਚੋਂ ਹੋਈ, ਯਾਨਿ ਉਸ ਸਮੇਂ ਦੇਸ਼ ਕਾਲ ਇਕੋ ਬਿੰਦੂ ਵਿਚ ਸੰਗਠਿਤ ਸਨ। ਇਹ ਗੱਲ ਉਨ੍ਹਾਂ 1968 ਤੇ 1970 ਵਿਚ ਵਾਰ ਵਾਰ ਜ਼ੋਰ ਦੇ ਕੇ ਸਥਾਪਿਤ ਕੀਤੀ। 1970 ਵਿਚ ਹਾਕਿੰਗ ਨੇ ਬਲੈਕ ਹੋਲ ਉਤੇ ਕੰਮ ਸ਼ੁਰੂ ਕੀਤਾ। ਉਸ ਨੇ ਇਹ ਨੋਟ ਕੀਤਾ ਕਿ ਬਲੈਕ ਹੋਲ ਕਿਉਂ ਜੁ ਆਪਣੇ ਪ੍ਰਭਾਵ ਖੇਤਰ (ਈਵੈਂਟ ਹੋਰਾਈਜ਼ਨ) ਤਕ ਪੁੱਜਣ ਵਾਲੀ ਕਿਸੇ ਵੀ ਸ਼ੈਅ ਨੂੰ ਹੜੱਪ ਕਰ ਜਾਂਦੀ ਹੈ, ਇਸ ਲਈ ਇਸ ਦਾ ਘੇਰਾ ਕਦੇ ਛੋਟਾ ਨਹੀਂ ਹੁੰਦਾ। ਐਂਟਰਾਪੀ ਦੇ ਨਿਰੰਤਰ ਵਾਧੇ ਤੇ ਤਾਪਮਾਨ/ਭਾਰ/ਐਂਟਰਾਪੀ/ਰੇਡੀਏਸ਼ਨ ਦੇ ਆਪਸੀ ਰਿਸ਼ਤੇ ਨੂੰ ਬਾਰੀਕੀ ਨਾਲ ਘੋਖ ਕੇ ਉਸ ਨੇ ਅੰਤ ਬਲੈਕ ਹੋਲਾਂ ਵਿਚੋਂ ਕੁਝ ਵੀ ਕਦੇ ਬਾਹਰ ਨਾ ਨਿਕਲਣ ਦੀ ਧਾਰਨਾ ਉਤੇ ਸਵਾਲੀਆ ਨਿਸ਼ਾਨ ਲਾਇਆ।

ਸਟੀਫਨ ਨੇ ਕਿਹਾ ਕਿ ਬਲੈਕ ਹੋਲ ਦੀ ਵਧੀਕ ਐਂਟਰਾਪੀ ਤੇ ਤਾਪਮਾਨ ਕਾਰਨ ਇਨ੍ਹਾਂ ਵਿਚੋਂ ਰੇਡੀਏਸ਼ਨ ਨਿਕਲਣੀ ਲਾਜ਼ਮੀ ਹੈ। ਰੇਡੀਏਸ਼ਨ ਊਰਜਾ ਬਲੈਕ ਹੋਲ ਦੇ ਪਦਾਰਥ ਦੇ ਖੋਰੇ ਨਾਲ ਹੀ ਪੈਦਾ ਹੁੰਦੀ ਹੈ। ਇਸ ਨਾਲ ਬਲੈਕ ਹੋਲ ਦਾ ਭਾਰ (ਪੁੰਜ) ਨਿਰੰਤਰ ਘਟਦਾ ਹੈ। ਜਿਉਂ ਜਿਉਂ ਭਾਰ ਘਟਦਾ ਹੈ, ਤਿਉਂ ਤਿਉਂ ਬਲੈਕ ਹੋਲ ਦਾ ਤਾਪਮਾਨ ਵਧੀ ਜਾਂਦਾ ਹੈ।

ਰੇਡੀਏਸ਼ਨ ਵਧੀ ਜਾਂਦੀ ਹੈ; ਯਾਨਿ ਸਮੇਂ ਦੇ ਬੀਤਣ ਨਾਲ ਬਲੈਕ ਹੋਲ ਦੇ ਖੋਰੇ 'ਚ ਤੇਜ਼ੀ ਆਉਂਦੀ ਹੈ। ਸਿਧਾਂਤਕ ਤੌਰ 'ਤੇ ਬਲੈਕ ਹੋਲ ਇਕ ਦਿਨ ਖੁਰ ਕੇ ਮੁੱਕ ਸਕਦੀ ਹੈ। ਇਸ ਧਾਰਨਾ ਨੇ ਬਲੈਕ ਹੋਲ ਦੀ ਅਨੰਤਤਾ/ਸਦੀਵਤਾ ਦੀ ਮਿੱਥ ਨੂੰ ਤੋੜ ਕੇ ਰੱਖ ਦਿੱਤਾ। ਇਸ ਨਾਲ ਸਟੀਫਨ ਹਾਕਿੰਗ ਦੀ ਸ਼ੋਹਰਤ ਤੇਜ਼ੀ ਨਾਲ ਫੈਲੀ।

ਬੜਾ ਕੁਝ ਤੇਜ਼ੀ ਨਾਲ ਹੋਇਆ ਇਨ੍ਹਾਂ ਸਾਲਾਂ ਵਿਚ। ਇਕ ਪਾਸੇ ਉਸ ਦੀ ਵਧ ਰਹੀ ਬਿਮਾਰੀ, ਦੂਜੇ ਪਾਸੇ ਉਸ ਦੀਆਂ ਖੋਜ ਸਰਗਰਮੀਆਂ। 1973 ਵਿਚ ਜਾਰਜ ਐਲਿਸ ਨਾਲ ਰਲ ਕੇ ਲਿਖੀ ਉਸ ਦੀ ਕਿਤਾਬ 'ਲਾਰਜ ਸਕੇਲ ਸਟ੍ਰਕਚਰ ਆਫ ਦਿ ਯੂਨੀਵਰਸ' ਛਪ ਗਈ। ਇਸੇ ਵਰ੍ਹੇ ਉਹ ਮਾਸਕੋ ਗਿਆ ਜਿਥੇ ਜੈਲਦੋਵਿਚ ਤੇ ਸਤਾਰੋਬਿੰਸਕੀ ਨਾਲ ਵਿਚਾਰ ਵਟਾਂਦਰੇ ਨੇ ਉਸ ਨੂੰ ਹਾਕਿੰਗ ਰੇਡੀਏਸ਼ਨ ਦੇ ਆਪਣੇ ਸੰਕਲਪਾਂ ਨੂੰ ਨਿਖਾਰਨ ਤੇ ਅੰਤਿਮ ਰੂਪ ਦੇਣ ਦੇ ਰਾਹ ਪਇਆ। 1974 ਵਿਚ ਉਸ ਨੂੰ ਇਸ ਖੋਜ ਲਈ ਰਾਇਲ ਸੁਸਾਇਟੀ ਦੀ ਫੈਲੋਸ਼ਿਪ ਦਿੱਤੀ ਗਈ। ਇਸ ਤੋਂ ਵੀ ਪਹਿਲਾਂ ਉਸ ਨੂੰ 1970 ਵਿਚ ਹੀ ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਵੱਲੋਂ ਵਿਜ਼ਿਟਿੰਗ ਪ੍ਰੋਫੈਸਰੀ ਮਿਲੀ। ਉਥੋਂ ਉਹ 1975 ਵਿਚ ਕੈਂਬਰਿਜ ਪਰਤਿਆ।

1975 ਵਿਚ ਉਸ ਨੂੰ ਐਡਿੰਗਟਨ ਮੈਡਲ ਤੇ ਪਾਇਸ ਅਲੈਵਨ ਗੋਲਡ ਮੈਡਲ ਮਿਲੇ। 1976 ਵਿਚ ਡੈਨੀ ਹੇਨਮੈਨ ਪ੍ਰਾਈਜ਼, ਮੈਕਸਵੈਲ ਪ੍ਰਾਈਜ਼ ਤੇ ਹਫ਼ਜ਼ ਮੈਡਲ ਮਿਲੇ। 1977 ਵਿਚ ਉਸ ਨੂੰ ਤਰੱਕੀ ਦੇ ਕੇ ਪ੍ਰੋਫੈਸਰ ਬਣਾ ਦਿੱਤਾ ਗਿਆ। ਅਗਲੇ ਵਰ੍ਹੇ ਉਸ ਨੂੰ ਆਈਨਸਟਾਈਨ ਮੈਡਲ ਵੀ ਮਿਲਿਆ ਅਤੇ ਆਕਸਫੋਰਡ ਯੂਨੀਵਰਸਿਟੀ ਤੋਂ ਆਨਰੇਰੀ ਡਾਕਟਰੇਟ ਵੀ। 1979 ਵਿਚ ਕੈਂਬਰਿਜ ਨੇ ਉਸ ਨੂੰ ਲੂਕਾਸ਼ੀਅਨ ਪ੍ਰੋਫੈਸਰ ਆਫ

**(ਬਾਕੀ ਅਗਲੇ ਸਫੇ 'ਤੇ)**

ਮੈਥੇਮੈਟਿਕਸ ਬਣਾਇਆ।

ਤੇਜ਼ੀ ਨਾਲ ਵਧ ਰਹੀ ਪ੍ਰਸਿਧੀ ਤੇ ਪ੍ਰਾਪਤੀਆਂ ਦੌਰਾਨ ਉਸ ਦੀ ਸਿਹਤ ਨਿਰੰਤਰ ਖਰਾਬ ਹੁੰਦੀ ਗਈ। ਜੇਨ ਉਤੇ ਭਾਰ ਨਿਰੰਤਰ ਵਧਦਾ ਗਿਆ ਤੇ ਉਹ ਕਈ ਵਾਰ ਨਿਰਾਸ਼ ਹੋ ਕੇ ਮਰਨ ਦੀ ਵੀ ਸੋਚਦੀ। ਹਾਕਿੰਗ ਨੂੰ ਇਕੱਲਿਆਂ ਸਾਂਭਣਾ ਉਸ ਲਈ ਔਖਾ ਹੋ ਗਿਆ ਤੇ ਉਸ ਲਈ ਨਰਸਾਂ ਦਾ ਪ੍ਰਬੰਧ ਕਰਨਾ ਪਿਆ। ਉਹ ਖੋਜ ਕਾਰਜਾਂ ਵਿਚ ਦਿਨੋ-ਦਿਨ ਵਧੇਰੇ ਸਿਧਾਂਤਕ ਖੇਤਰ ਵੱਲ ਮੁੜਨ ਲੱਗਾ। 1980 ਤੋਂ 1983 ਤਕ ਬ੍ਰਹਿਮੰਡ ਦੇ ਮੂਲ/ਦੇਸ਼ ਕਾਲ/ਇਨਫਲੇਸ਼ਨ ਬਾਰੇ ਉਸ ਨੇ ਕਈ ਕਾਨਫਰੰਸਾਂ, ਬਹਿਸਾਂ ਵਿਚ ਭਾਗ ਲਿਆ ਤੇ ਬ੍ਰਹਿਮੰਡ ਦੇ ਅਰੰਭ ਨਾਲ ਹੀ ਦੇਸ਼/ਕਾਲ ਦੇ ਅਰੰਭ ਦਾ ਨੁਕਤਾ ਸਪਸ਼ਟਤਾ 'ਤੇ ਜ਼ੋਰ ਨਾਲ ਪੇਸ਼ ਕੀਤਾ।

1981 ਵਿਚ ਉਸ ਨੂੰ ਫਰੈਂਕਲਿਨ ਮੈਡਲ ਤੇ 1982 ਵਿਚ ਸੀ.ਬੀ.ਈ. (ਕਮਾਂਡਰ ਆਫ ਬ੍ਰਿਟਿਸ਼ ਐਂਪਾਇਰ) ਦਾ ਸਨਮਾਨ ਮਿਲਿਆ। 1982 ਵਿਚ ਉਸ ਨੇ ਆਪਣੀ ਹਰਮਨ ਪਿਆਰੀ ਪੁਸਤਕ 'ਏ ਬਰੀਫ ਹਿਸਟਰੀ ਆਫ ਟਾਈਮ' ਲਿਖਣ ਦਾ ਫੈਸਲਾ ਕੀਤਾ ਅਤੇ ਇਸ ਨੂੰ 1988 ਵਿਚ ਪ੍ਰਕਾਸ਼ਿਤ ਕਰਵਾ ਦਿੱਤਾ, ਜੋ ਖੂਬ ਵਿਕੀ ਤੇ ਬਹੁਚਰਚਿਤ ਹੋ ਕੇ ਚਾਲੀ ਤੋਂ ਵੱਧ ਜ਼ੁਬਾਨਾਂ ਵਿਚ ਛਪੀ। 1237 ਹਫਤੇ ਦੀ ਬੈਸਟ ਸੈਲਰ ਇਸ ਕਿਤਾਬ ਦੀਆਂ ਕਰੀਬ ਇਕ ਕਰੋੜ ਕਾਪੀਆਂ ਵਿਕ ਚੁੱਕੀਆਂ ਹਨ। ਇਸੇ ਦੌਰਾਨ ਮਾਣ-ਸਨਮਾਨ ਆਉਂਦੇ ਰਹੇ। ਰਾਇਲ ਐਸਟਰੋਨੋਮੀਕਲ ਸੁਸਾਇਟੀ ਦਾ ਗੋਲਡ ਮੈਡਲ (1985), ਪਾਲ ਡੀਰਾਕ ਮੈਡਲ (1987), ਵੁਲਫ ਪ੍ਰਾਈਜ਼ (1988) ਆਦਿ।

1993 ਵਿਚ ਸਟੀਫਨ ਹਾਕਿੰਗ ਨੇ ਗੈਰੀ ਗਿਬਨਜ਼ ਨਾਲ ਰਲ ਕੇ 'ਯੂਕਲੀਡੀਅਨ ਕੁਆਂਟਮ ਗਰੈਵਿਟੀ' ਪੁਸਤਕ ਸੰਪਾਦਿਤ ਕੀਤੀ। 1996 ਵਿਚ ਉਸ ਨੇ ਪੈਨਰੋਜ਼ ਨਾਲ ਰਲ ਕੇ ਕੈਂਬਰਿਜ ਵਿਚ ਛੇ ਲੈਕਚਰ ਦਿੱਤੇ। 1997 ਵਿਚ ਇਹ 'ਦਿ ਨੇਚਰ ਆਫ ਸਪੇਸ ਐਂਡ ਟਾਈਮ' ਪੁਸਤਕ ਵਿਚ ਪ੍ਰਕਾਸ਼ਿਤ ਹੋਏ। ਉਸ ਦੇ ਪ੍ਰਸਿਧ ਭਾਸ਼ਣਾਂ ਤੇ ਲੇਖਾਂ ਦਾ ਇਕ ਹੋਰ ਸੰਗ੍ਰਿਹ 'ਬਲੈਕ ਹੋਲਜ਼ ਐਂਡ ਬੇਬੀ ਯੂਨੀਵਰਸਿਟੀਜ਼' ਇਸੇ ਦੌਰਾਨ ਛਪਿਆ। 2001 ਵਿਚ ਉਸ ਦੀ ਕਿਤਾਬ 'ਦਿ ਯੂਨੀਵਰਸ ਇਨ ਏ ਨਟਸ਼ੈਲ' ਛਪੀ। 2006 ਵਿਚ 'ਏ ਬਰੀਫਰ ਹਿਸਟਰੀ ਆਫ ਟਾਈਮ' ਛਪੀ। ਇਸ ਵਰ੍ਹੇ 'ਗੌਡ ਕਰੀਏਟਿਡ ਦਿ ਇੰਟੀਜਰਜ਼' ਛਪੀ। ਬੀਤੇ ਚਾਰ ਦਹਾਕਿਆਂ ਦੀ ਉਸ ਦੀ ਤੂਫਾਨੀ ਜ਼ਿੰਦਗੀ ਵਿਚ ਬੜਾ ਕੁਝ ਵਾਪਰ ਗਿਆ ਸੀ। ਵਿਗਿਆਨਕ ਖੇਤਰ ਵਿਚ ਉਸ ਦੀਆਂ ਪ੍ਰਾਪਤੀਆਂ ਪੱਖੋਂ ਵੀ ਤੇ ਨਿੱਜੀ ਜ਼ਿੰਦਗੀ ਵਿਚ ਪਰਿਵਾਰਕ ਪੱਖੋਂ ਵੀ। ਬਿਮਾਰੀ ਦੌਰਾਨ ਕਦੇ ਕਦੇ ਦੋਵੇਂ ਜੀਅ ਘਬਰਾ ਜਾਂਦੇ ਕਿ ਜੇ ਸਟੀਫਨ ਦੀ ਬੇਵਕਤ ਮੌਤ ਹੋ ਗਈ ਤਾਂ ਬੱਚਿਆਂ ਤੇ ਜੇਨ ਦਾ ਕੀ ਬਣੇਗਾ। ਜੇਨ ਗੀਤ, ਸੰਗੀਤ ਤੇ ਧਾਰਮਿਕ ਰੁਚੀਆਂ ਵਾਲੀ ਸੰਵੇਦਨਸ਼ੀਲ ਸੁਭਾਅ ਵਾਲੀ ਸੀ। ਸਪੈਨਿਸ਼ ਕਵਿਤਾ ਉਤੇ ਉਸ ਨੇ ਡਾਕਟਰੇਟ ਕਰ ਕੇ ਕੈਂਬਰਿਜ ਵਿਚ ਆਪਣੀ ਵੱਖਰੀ ਪਛਾਣ ਬਣਾ ਰੱਖੀ ਸੀ। ਜਦੋਂ ਵੀ ਉਹ ਡੋਲਦੀ,



ਸਟੀਫਨ ਹਾਕਿੰਗ ਆਪਣੀ ਪਤਨੀ ਜੇਨ ਵਾਈਲਡ ਨਾਲ।

ਧਾਰਮਿਕ ਰੁਚੀਆਂ ਕਾਰਨ ਸੇਵਾ, ਪ੍ਰੇਮ ਤੇ ਪਰਮਾਤਮਾ ਵਿਚ ਦ੍ਰਿੜ੍ਹ ਵਿਸ਼ਵਾਸ ਦੇ ਈਸਾਈਅਤ ਦੇ ਸੰਕਲਪ ਉਸ ਨੂੰ ਤਾਕਤ ਦਿੰਦੇ।

ਸਟੀਫਨ ਦੀ ਬਿਮਾਰੀ ਵਿਚ ਮਦਦ ਲਈ 1974 ਤੋਂ ਹੀ ਉਸ ਨਾਲ ਉਸ ਦਾ ਕੋਈ ਪੀ.ਜੀ. ਵਿਦਿਆਰਥੀ ਰਹਿੰਦਾ। ਦਸੰਬਰ 1977 ਵਿਚ ਜੇਨ ਨੂੰ ਸੰਗੀਤਕਾਰ ਤੇ ਚਰਚ ਵਿਚ ਪ੍ਰਾਰਥਨਾ ਗੀਤ ਗਾਉਣ ਵਾਲਾ ਜੋਨਾਥਨ ਹੈਲੀਅਰ ਮਿਲਿਆ ਜੋ ਹੌਲੀ ਹੌਲੀ ਹਾਕਿੰਗ ਪਰਿਵਾਰ ਦਾ ਨਿਕਟ ਮਦਦਗਾਰ ਤੇ ਹਮਦਰਦ ਬਣ ਗਿਆ। ਉਹ ਉਨ੍ਹਾਂ ਦੇ ਘਰ ਹੀ ਰਹਿਣ ਲੱਗ ਪਿਆ। 1980 ਦੇ ਆਸ-ਪਾਸ ਜੇਨ ਪ੍ਰਤੀ ਜੋਨਾਥਨ ਦੀ ਹਮਦਰਦੀ ਪ੍ਰੇਮ ਦਾ ਰੰਗ ਲੈਣ ਲੱਗੀ। ਜੇਨ ਨੇ ਜੋਨਾਥਨ ਨੂੰ ਸਮਝਾਇਆ ਕਿ ਮੈਂ ਸਟੀਫਨ ਨੂੰ ਛੱਡਣਾ ਨਹੀਂ ਚਾਹੁੰਦੀ। ਜੋਨਾਥਨ ਦਾ ਜੇਨ ਪ੍ਰਤੀ ਆਦਰਸ਼ਕ ਪ੍ਰੇਮ ਫਿਰ ਵੀ ਜਾਰੀ ਰਿਹਾ। ਇਸੇ ਦੌਰਾਨ ਧਰਮ/ਪਰਮਾਤਮਾ ਪ੍ਰਤੀ ਸਟੀਫਨ ਅਤੇ ਜੇਨ ਦੇ ਵਿਚਾਰਾਂ ਦਾ ਟਕਰਾਅ ਵਧਦੇ ਕਦੇ ਬਦਮਜ਼ਗੀ ਪੈਦਾ ਕਰਦਾ।

ਅੱਠਵੇਂ ਦਹਾਕੇ ਦੇ ਅੱਧ ਜਿਹੇ ਵਿਚ ਹਾਕਿੰਗ ਆਪਣੀ ਨਵੀਂ ਨਰਸ ਈਲੇਨ ਮੇਸਨ ਦੇ ਪ੍ਰੇਮ ਵਿਚ ਉਲਝਣ ਲੱਗਾ। ਮੇਸਨ ਵਿਆਹੀ ਵਰੀ ਸੀ। ਉਸ ਦੇ ਪਤੀ ਡੇਵਿਡ ਨੇ ਹਾਕਿੰਗ ਲਈ ਉਹ ਕੰਪਿਊਟਰ ਸੌਫਟਵੇਅਰ ਬਣਾ ਕੇ ਦਿੱਤਾ ਸੀ ਜਿਸ ਨਾਲ ਉਹ ਆਪਣੇ ਵਿਚਾਰਾਂ ਨੂੰ ਲਿਖ/ਬੋਲ ਕੇ ਦੱਸਦਾ ਸੀ। ਇਸ ਵਿਚ ਹਾਕਿੰਗ ਵੱਲੋਂ ਆਮ ਵਰਤੇ ਜਾਂਦੇ ਤਿੰਨ ਹਜ਼ਾਰ ਦੇ ਕਰੀਬ ਸ਼ਬਦ ਸਨ। ਵੀਲ੍ਹਚੇਅਰ ਉਤੇ ਬਟਨ ਦਬਾ ਦਬਾ ਕੇ ਉਹ ਇਨ੍ਹਾਂ ਵਿਚੋਂ ਲੋੜੀਂਦੇ ਸ਼ਬਦ, ਵਾਕਾਂਸ਼, ਕਿਰਿਆਵਾਂ ਚੁਣ ਕੇ ਫਿਕਰੇ ਬਣਾਉਂਦਾ ਜੋ ਲਿਖੇ ਵੀ ਤੇ ਬੋਲੇ ਵੀ ਜਾਂਦੇ। ਸਮਾਂ ਪਾ ਕੇ ਜਦੋਂ ਹੱਥ ਨਾਲ ਬਟਨ ਦਬਾਉਣਾ ਵੀ ਅਸੰਭਵ ਹੋ ਗਿਆ ਤਾਂ ਉਹ ਗੱਲ੍ਹ ਨਾਲ ਹੀ ਉਸ ਬਟਨ ਨੂੰ ਦਬਾਉਂਦਾ।

ਖੈਰ! ਸਟੀਫਨ ਤੇ ਈਲੇਨ ਦੋਵਾਂ ਦਾ ਪ੍ਰੇਮ ਤੇਜ਼ੀ ਨਾਲ ਵਧਿਆ। ਉਹ ਉਸ ਦੀ ਦਿਨ-ਰਾਤ ਦੀ ਸਾਥਣ ਬਣ ਗਈ। ਅਫਵਾਹਾਂ ਉਡਣ ਲੱਗੀਆਂ। 1990 ਵਿਚ ਸਟੀਫਨ ਨੇ ਜੇਨ ਨੂੰ ਛੱਡ ਕੇ ਈਲੇਨ ਨਾਲ ਸ਼ਾਦੀ ਕਰ ਲਈ। ਜੇਨ ਨੇ ਸਟੀਫਨ ਦੇ ਸਾਂਝਾ ਘਰ ਛੱਡ ਕੇ ਜਾਣ ਦੇ ਬਾਵਜੂਦ ਕੁਝ ਵਰ੍ਹੇ ਰਿਸ਼ਤਾ ਤੋੜਨ ਤੋਂ ਗੁਰੇਜ਼ ਕੀਤਾ। ਜੂਨ 1995 ਵਿਚ ਆਖਰ ਸਟੀਫਨ ਨੇ ਜੇਨ ਨੂੰ ਤਲਾਕ ਦੇ ਦਿੱਤਾ। ਸਤੰਬਰ 1995 ਵਿਚ ਉਸ ਨੇ ਈਲੇਨ ਨਾਲ ਸ਼ਾਦੀ ਕਰ ਲਈ। 1997 ਵਿਚ ਜੇਨ ਨੇ ਵੀ ਜੋਨਾਥਨ ਹੈਲੀਅਰ ਨਾਲ ਸ਼ਾਦੀ ਕਰ ਲਈ।

ਸਟੀਫਨ ਨੇ ਈਲੇਨ ਨਾਲ ਪ੍ਰੇਮ ਵਿਆਹ ਨੂੰ ਮਨਪਸੰਦ ਔਰਤ ਦੀ ਪ੍ਰਾਪਤੀ ਅਤੇ ਪੈਸ਼ਨੇਟ ਰੋਮਾਂਸ ਕਿਹਾ। ਸਟੀਫਨ ਦੇ ਬੱਚੇ ਤੇ ਉਸ ਦੀਆਂ ਨਰਸਾਂ ਈਲੇਨ ਉਤੇ ਦੋਸ਼ ਲਾਉਣ ਲੱਗੇ ਕਿ ਉਹ ਸਟੀਫਨ ਨੂੰ ਛੁਰੀ-ਚਾਕੂ ਮਾਰ ਕੇ ਹਨੇਰੇ-ਸਵੇਰੇ ਜ਼ਖ਼ਮੀ ਕਰਦੀ ਹੈ। ਉਸ ਦੀ ਵੀਲ੍ਹਚੇਅਰ ਕੰਧ ਵਿਚ ਮਾਰਦੀ ਹੈ। ਉਸ ਨੂੰ ਧੁੱਪੇ ਇਕੱਲਾ ਛੱਡ ਜਾਂਦੀ ਹੈ। ਨਹਾਉਂਦੇ ਵੇਲੇ ਬਾਥ ਟੱਬ ਵਿਚ ਗੋਤੇ ਦਿੰਦੀ ਹੈ। ਇਸ ਉਤੇ ਪੁਲੀਸ ਨੂੰ ਸ਼ਿਕਾਇਤਾਂ ਹੋਈਆਂ। ਪੁੱਛਗਿੱਛ ਹੋਈ। ਕੇਸ ਚੱਲਿਆ। ਸਟੀਫਨ ਨੇ ਉਸ ਵਿਰੁਧ ਕੋਈ ਗਵਾਹੀ ਨਾ ਦਿੱਤੀ। ਸਰੀਰ ਉਤੇ ਜ਼ਖ਼ਮਾਂ ਦਾ ਉਚਿਤ ਜਵਾਬ ਕਿਸੇ ਕੋਲ ਨਹੀਂ ਸੀ। ਈਲੇਨ ਬਰੀ ਹੋ ਗਈ। ਸਟੀਫਨ ਨੇ 2006 ਵਿਚ ਉਸ ਨੂੰ ਚੁੱਪ-ਚਾਪ ਤਲਾਕ ਦੇ ਦਿੱਤਾ। ਲੋਕ ਕਹਿੰਦੇ ਸਨ ਕਿ ਈਲੇਨ ਨੇ ਸਟੀਫਨ ਨਾਲ ਸ਼ਾਦੀ ਪੈਸੇ ਪਿੱਛੇ ਕੀਤੀ ਹੈ। ਤਲਾਕ ਪਿਛੋਂ ਈਲੇਨ ਨੂੰ ਵੱਡੀ ਰਕਮ ਮਿਲਣ 'ਤੇ ਇਨ੍ਹਾਂ ਅਫਵਾਹਾਂ ਨੂੰ ਹੋਰ ਬਲ ਮਿਲਿਆ। ਤਲਾਕ ਉਪਰੰਤ ਜੇਨ ਮੁੜ ਸਟੀਫਨ ਦੀ ਦੇਖਭਾਲ ਲਈ ਬਹੁੜੀ। ਉਸ ਨੇ ਆਪਣੇ ਪਤੀ ਤੋਂ ਤਲਾਕ ਤਾਂ ਨਾ ਲਿਆ, ਪਰ ਸਟੀਫਨ ਦੇ ਘਰ ਤੋਂ ਦਸ ਮਿੰਟ ਦੀ ਵਿਥ 'ਤੇ ਰਹਿ ਕੇ ਉਸ ਦੇ ਦੁਖ ਸੁਖ ਦੀ ਭਾਈਵਾਲੀ ਉਸ ਨੇ ਕਦੇ ਵੀ ਨਾ ਛੱਡੀ।

ਚਲੋ, ਹੁਣ ਹਾਕਿੰਗ ਵੱਲ ਪਰਤੀਏ ਜਿਸ ਨੂੰ ਕਿਸੇ ਪੁੱਛਿਆ ਕਿ ਬਲੈਕ ਹੋਲਾਂ ਤੇ ਖੰਡਾਂ-ਬ੍ਰਹਿਮੰਡਾਂ ਦੇ ਰਹੱਸ ਫੋਲਦਿਆਂ ਕਿਹੜੀ ਚੀਜ਼ ਸਮਝਣੀ ਸਭ ਤੋਂ ਵੱਧ ਔਖੀ ਲੱਗੀ ਹੈ। ਉਸ ਦਾ ਉਤਰ ਸੀ: ਔਰਤ।

ਸਰੀਰ ਨਕਾਰਾ ਹੋ ਜਾਣ ਨਾਲ ਉਸ ਦੇ ਕੰਮ ਕਰਨ ਉਤੇ ਵੀ ਮਾੜਾ ਅਸਰ ਪਿਆ। ਕੈਲੀਫੋਰਨੀਆ ਦਾ ਇਕ ਕੰਪਿਊਟਰ ਪ੍ਰੋਗਰਾਮਰ ਉਸ ਦੀ ਮਦਦ ਲਈ ਬਹੁੜਿਆ। ਉਸ ਨੇ ਕੰਪਿਊਟਰ ਰਾਹੀਂ ਇਕ ਅਜਿਹਾ ਪ੍ਰੋਗਰਾਮ ਤਿਆਰ ਕੀਤਾ ਜੋ ਸਟੀਫਨ ਦੇ ਅੱਖ ਝਪਕਣ ਤੇ ਸਿਰ ਦੀ ਹਰਕਤ ਨੂੰ ਪੜ੍ਹ ਲੈਂਦਾ ਅਤੇ ਆਵਾਜ਼ ਰਾਹੀਂ ਪਰਗਟ ਕਰਦਾ। ਇਸ ਰਾਹੀਂ ਹਾਕਿੰਗ ਸਕਰੀਨ 'ਤੇ ਕੁਝ ਸ਼ਬਦ ਚੁਣਦਾ ਜੋ ਸਪੀਚ ਸਿੰਥੇਆਈਜ਼ਰ ਰਾਹੀਂ ਬੋਲਾਂ ਵਿਚ ਵਟ ਜਾਂਦੇ। ਇਹੋ ਤਕਨੀਕ ਵਿਕਸਿਤ ਕਰ ਕੇ ਫਿਰ ਹਾਕਿੰਗ ਦੀਆਂ ਗੱਲਾਂ ਦੀ ਹਰਕਤ ਫੜ੍ਹ ਕੇ ਆਵਾਜ਼ ਵਿਚ ਬਦਲਣ ਲੱਗੀ।

ਸਟੀਫਨ ਹਾਕਿੰਗ ਨੇ ਇਹ ਵਿਚਾਰ ਜ਼ੋਰ ਦੇ ਕੇ ਪੇਸ਼ ਕੀਤਾ ਕਿ ਧਰਤੀ ਉਤੇ ਜਿਸ ਤੇਜ਼ੀ ਨਾਲ ਪ੍ਰਦੂਸ਼ਣ ਫੈਲ ਰਿਹਾ ਹੈ, ਇਹ ਧਰਤੀ ਕੁਝ ਸਦੀਆਂ ਵਿਚ ਹੀ ਇਨਸਾਨ ਦੇ ਰਹਿਣ ਯੋਗ ਸਹੀ ਥਾਂ ਨਹੀਂ ਰਹੇਗੀ। ਸੋ, ਬਿਹਤਰ ਹੈ ਕਿ ਪਹਿਲਾਂ ਹੀ ਹੋਰ ਗ੍ਰਹਿਆਂ 'ਤੇ ਰਹਿਣ ਲਈ ਥਾਂ ਲੱਭੀ ਜਾਵੇ। ਉਸ ਦਾ ਵਿਚਾਰ ਸੀ ਕਿ ਹੋਰ ਗ੍ਰਹਿਆਂ 'ਤੇ ਵੀ ਧਰਤੀ ਵਾਂਗ ਜੀਵਨ ਸੰਭਵ ਹੈ ਅਤੇ ਉਥੇ ਵੱਖ ਵੱਖ ਤਰ੍ਹਾਂ ਦੇ ਜੀਵ ਰਹਿੰਦੇ ਹੋ ਸਕਦੇ ਹਨ। ਵਿਗਿਆਨ ਦੇ ਰਹੱਸਾਂ ਨੂੰ ਸਿਧਾਂਤਕ ਸਮੀਕਰਨਾਂ ਤੇ ਤਰਕਾਂ ਨਾਲ ਖੋਲ੍ਹਦਾ ਉਹ ਸੰਸਾਰ ਦੇ ਵਿਭਿੰਨ ਦੇਸ਼ਾਂ ਦੀ ਯਾਤਰਾ ਕਰਦਾ ਰਹਿੰਦਾ। ਅਮਰੀਕਾ, ਅਫ਼ਰੀਕਾ, ਸਪੇਨ, ਰੂਸ, ਚਿੱਲੀ, ਭਾਰਤ ਆਦਿ ਦੇਸ਼ਾਂ ਦੀ ਉਸ ਨੇ ਯਾਤਰਾ ਕਈ ਵਾਰ ਕੀਤੀ। ਭਾਰਤ ਵਿਚ ਉਹ ਦੋ ਵਾਰ ਆਇਆ। ਪਹਿਲਾਂ 1959 ਵਿਚ ਤੇ ਫਿਰ 2001 ਵਿਚ। 2011 ਤਕ ਆਉਂਦੇ-ਆਉਂਦੇ ਉਹ ਇਹ ਯਾਤਰਾਵਾਂ ਪ੍ਰਾਈਵੇਟ ਜੈਟ ਰਾਹੀਂ ਕਰਨ ਲਈ ਮਜਬੂਰ ਹੋ ਗਿਆ।



ਸਟੀਫਨ ਹਾਕਿੰਗ ਆਪਣੀ ਪਤਨੀ ਜੇਨ ਵਾਈਲਡ ਅਤੇ ਬੱਚਿਆਂ ਨਾਲ।

ਹਾਕਿੰਗ ਨੂੰ ਹਿੱਗਜ਼ ਬੋਸੋਨ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਸੀ। ਉਸ ਨੇ ਪੀਟਰਜ਼ ਹਿੱਗਜ਼ ਨਾਲ ਬਹਿਸਾਂ ਵਿਚ 2002 ਤੇ 2008 ਵਿਚ ਇਸ ਦੀ ਹੋਂਦ ਰੱਦ ਕੀਤੀ ਅਤੇ ਅਖੀਰ ਤਕ ਇਸ ਉਤੇ ਅੜਿਆ ਰਿਹਾ। 2012 ਵਿਚ ਸਰਨ ਕੇਂਦਰ ਵਿਚ ਇਸ ਕਣ ਦੀ ਖੋਜ ਉਤੇ ਉਸ ਨੇ ਆਪਣੀ ਹਾਰ ਮੰਨੀ ਤੇ ਕਿਹਾ ਕਿ ਇਸ ਕਣ ਦੀ ਕਲਪਨਾ ਲਈ ਹਿੱਗਜ਼ ਨੋਬੇਲ ਪੁਰਸਕਾਰ ਦਾ ਹੱਕਦਾਰ ਹੈ।

ਹਾਕਿੰਗ ਨੇ ਆਪਣੀ ਧੀ ਲੂਸੀ ਨਾਲ ਰਲ ਕੇ ਬੱਚਿਆਂ ਲਈ ਇਕ ਪੁਸਤਕ ਲੜੀ 'ਜਾਰਜਜ਼ ਸੀਕਰੇਟ ਕੀ ਟੂ ਯੂਨੀਵਰਸ' ਲਿਖੀ ਜਿਸ ਦੇ ਵੱਖ ਵੱਖ ਭਾਗ 2007, 2009, 2011, 2014 ਤੇ 2016 ਵਿਚ ਛਪੇ। ਭਾਂਤ ਭਾਂਤ ਦੇ ਪੁਰਸਕਾਰ ਤੇ ਆਨਰੇਰੀ ਡਿਗਰੀਆਂ ਉਮਰ ਭਰ ਉਸ ਦੀ ਝੋਲੀ ਪੈਂਦੇ ਰਹੇ। 39 ਡਾਕਟਰੇਟ ਖੋਜ ਵਿਦਿਆਰਥੀਆਂ ਦਾ ਮਾਰਗਦਰਸ਼ਨ ਉਸ ਨੇ ਕੀਤਾ। ਉਸ ਦਾ ਯਕੀਨ ਸੀ ਕਿ ਬ੍ਰਹਿਮੰਡ ਵਿਚ ਹੋਰ ਧਰਤੀਆਂ ਉਤੇ ਜੀਵਨ ਹੈ, ਏਲੀਅਨ ਹਨ। ਜੁਲਾਈ 2015 ਵਿਚ ਉਸ ਨੇ ਇਨ੍ਹਾਂ ਦੀ ਤਲਾਸ਼ ਲਈ ਬਰੇਕ ਥਰੂ ਇਨੀਸ਼ੀਏਟਿਵਜ਼ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਵਾਈ। ਉਸ ਦਾ ਇਹ ਵੀ ਕਹਿਣਾ ਸੀ ਕਿ ਆਪਣੇ ਨਾਲੋਂ ਵਿਕਸਿਤ ਏਲੀਅਨਾਂ ਨਾਲ ਸਾਡਾ ਸੰਪਰਕ ਖਤਰਨਾਕ ਹੋ ਸਕਦਾ ਹੈ। ਜੁਲਾਈ 2017 ਨੂੰ ਇੰਪੀਰੀਅਲ ਕਾਲਜ, ਲੰਡਨ ਵੱਲੋਂ ਮਿਲੀ ਆਨਰੇਰੀ ਡਾਕਟਰੇਟ ਸ਼ਾਇਦ ਉਸ ਦੀ ਅੰਤਿਮ ਮਾਨਾਰਥ ਡਿਗਰੀ ਸੀ।

ਹਾਕਿੰਗ ਪੁਲਾੜ ਯਾਤਰਾ ਲਈ ਸਦਾ ਉਤਸੁਕ ਰਿਹਾ। 2006 ਵਿਚ ਬੀ.ਬੀ.ਸੀ. ਨਾਲ ਇੰਟਰਵਿਊ ਵਿਚ ਵੀ ਉਸ ਨੇ ਇਹ ਇੱਛਾ ਦੱਸੀ। ਵਰਜਿਨ ਗੈਲੈਕਟਿਕ ਦੇ ਰਿਚਰਡ ਬਰੈਨਸਨ ਨੇ ਉਸ ਲਈ ਮੁਫਤ ਪੁਲਾੜ ਉਡਾਰੀ ਦੀ ਪੇਸ਼ਕਸ਼ ਕੀਤੀ ਤੇ ਅਪਰੈਲ 2007 ਵਿਚ ਉਸ ਨੇ ਇਸ ਦਾ ਅਨੰਦ ਵੀ ਮਾਣ ਲਿਆ। ਪੁਲਾੜ ਉਡਾਰੀ 'ਤੇ ਜ਼ੀਰੋ ਗੁਰੂਤਾ ਨੇ ਉਸ ਦੀ ਸਿਹਤ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚਾਇਆ।

ਸ਼ੁਹਰਤ ਦੀ ਸਿਖਰ ਉਤੇ ਹੀ 14 ਮਾਰਚ 2018 ਨੂੰ ਕੈਂਬਰਿਜ ਵਿਚ ਉਸ ਦੇ ਦੇਹਾਂਤ ਦੀ ਖਬਰ ਆਈ। ਉਸ ਨੂੰ ਨਿਊਟਨ ਤੇ ਡਾਰਵਿਨ ਦੇ ਨੇੜੇ ਦਫਨਾਉਣ ਦਾ ਫੈਸਲਾ ਉਸ ਦੇ ਪਰਿਵਾਰ ਦਾ ਹੈ। ਹਾਂ, ਆਪਣੀ ਕਬਰ ਉਤੇ ਲਿਖੀ ਜਾਣ ਲਈ ਇਬਾਰਤ ਉਸ ਨੇ ਵਰ੍ਹਿਆਂ ਪਹਿਲਾਂ ਆਪੇ ਮਿਥੀ ਸੀ। ਇਹ ਬੇਕਨਸਟੇਨ ਹਾਕਿੰਗ ਐਂਡਰਾਪੀ ਇਕੂਏਸ਼ਨ ਹੈ। ਉਚੇਰੇ ਭੌਤਿਕ ਵਿਗਿਆਨ ਦੇ ਖੇਤਰ ਵਿਚ ਉਸ ਦੀ ਅੰਤਿਮ ਚਰਚਿਤ ਪੁਸਤਕ 'ਦਿ ਗਰੈਂਡ ਡਿਜ਼ਾਈਨ' ਹੈ ਜੋ ਉਸ ਨੇ ਲੀਓਨਾਰਡ ਮਲਾਦੀਨੋਵ ਨਾਲ ਰਲ ਕੇ ਲਿਖੀ। ਇਸ ਵਿਚ ਸਟਰਿੰਗ ਥਿਊਰੀ, ਐਮ-ਥਿਊਰੀ ਤੇ ਮਲਟੀਵਰਸਿਜ਼ ਜਿਹੇ ਕਈ ਵਿਸ਼ੇ ਹਨ। ਉਹ ਕਹਿੰਦਾ ਹੈ ਕਿ ਬ੍ਰਹਿਮੰਡ ਦਾ ਜਨਮ ਸੁੰਨ (ਸਿੰਗੂਲੈਰਿਟੀ) ਵਿਚੋਂ ਹੋਇਆ। ਬ੍ਰਹਿਮੰਡ ਤਿੰਨ ਦਿਸ਼ਾਵਾਂ ਦੀ ਥਾਂ ਬਹੁਦਿਸ਼ਾਵੀ ਹੋ ਸਕਦਾ ਹੈ ਜਿਸ ਵਿਚ ਦਿਸ਼ਾਵਾਂ ਇਕ ਦੂਜੀ ਵਿਚ ਰੋਲਰ ਵਾਂਗ ਲਿਪਟੀਆਂ ਹੋਣ। ਬ੍ਰਹਿਮੰਡ ਇਕ ਨਹੀਂ, ਅਨੇਕ ਹਨ। ਇਹ ਸਾਬਣ ਦੇ ਘੋਲ ਵਿਚ ਫੂਕ ਨਾਲ ਬਣਦੇ ਬੁਲਬਲਿਆਂ ਵਾਂਗ ਪੈਦਾ ਹੁੰਦੇ ਹਨ। ਬਿਨਸਦੇ ਵੀ ਰਹਿੰਦੇ ਹਨ। ਬ੍ਰਹਿਮੰਡ ਦੇ ਕਣਾਂ, ਨੇਮਾਂ, ਸਥਿਰਾਂਕਾਂ ਨੂੰ ਵੇਖੀਏ ਤਾਂ ਬਾਰੀਕੀ ਨਾਲ ਬਣਾਏ ਕਮਾਲ ਦੇ ਸੋਚੇ-ਸਮਝੇ ਡਿਜ਼ਾਈਨ ਦਾ ਅਹਿਸਾਸ ਹੁੰਦਾ ਹੈ। ਸਟੀਫਨ ਹਾਕਿੰਗ ਬ੍ਰਹਿਮੰਡ ਦੇ ਕਮਾਲ ਦੇ ਡਿਜ਼ਾਇਨ ਨੂੰ ਤਾਂ ਮੰਨਦਾ ਹੈ, ਪਰ ਇਸ ਦੇ ਡਿਜ਼ਾਇਨਰ ਬਾਰੇ ਗੱਲ ਨਹੀਂ ਕਰਦਾ। ਆਈਨਸਟਾਈਨ ਤੇ ਵੀਹਵੀਂ ਸਦੀ ਦੇ ਹੋਰ ਵੱਡੇ ਵਿਗਿਆਨੀਆਂ ਵਾਂਗ ਉਹ ਵੀ ਕੁਆਂਟਮ ਥਿਊਰੀ ਤੇ ਰੈਲੇਟੀਵਿਟੀ ਥਿਊਰੀ ਦੇ ਜੋੜ-ਮੇਲ ਲਈ ਯਤਨਸ਼ੀਲ ਰਿਹਾ। ਮੂਲ ਬਲਾਂ ਦੇ ਏਕੀਕਰਨ ਦੀ ਜਨਰਲ ਯੂਨੀਫਾਈਡ ਥਿਊਰੀ ਲੱਭਣ ਲਈ ਕੋਸ਼ਿਸ਼ ਕਰਦਾ ਰਿਹਾ, ਪਰ ਉਨ੍ਹਾਂ ਵਾਂਗ ਹੀ ਇਹ ਕਾਰਜ ਅਧੂਰਾ ਛੱਡ ਕੇ ਸਾਨੂੰ ਆਖਰੀ ਸਲਾਮ ਕਹਿ ਗਿਆ।

# ਕੀ ਹੈ ਏ. ਐਲ. ਐਸ.?

ਏ. ਐਲ. ਐਸ. ਜਾਂ ਅਮਾਇਓਟਰੋਫਿਕ ਲੇਟਰਲ ਸਕਲੇਰੋਸਿਸ (amyotrophic lateral sclerosis) ਮਾਸਪੇਸ਼ੀਆਂ ਦੇ ਹੌਲੀ ਹੌਲੀ ਕਮਜ਼ੋਰ ਹੋਈ ਜਾਣ ਦਾ ਰੋਗ ਹੈ, ਜੋ ਦਿਮਾਗ ਅਤੇ ਰੀੜ ਦੀ ਹੱਡੀ ਵਿਚਲੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਅਖੀਰ ਮਰੀਜ਼ ਰੱਬ ਨੂੰ ਪਿਆਰਾ ਹੋ ਜਾਂਦਾ ਹੈ। A-myo-trophic ਗਰੀਕ ਭਾਸ਼ਾ ਦਾ ਸ਼ਬਦ ਹੈ, ਜਿਸ ਵਿਚ A ਦਾ ਅਰਥ ਹੈ ਨਾ ਅਤੇ Myo ਦਾ ਮਤਲਬ ਹੈ, ਮਾਸਪੇਸ਼ੀਆਂ (ਮੱਸਲ) ਅਤੇ Trophic ਦਾ ਮਤਲਬ ਹੈ, ਪੋਸ਼ਣ-ਮੱਸਲ ਦਾ ਪੋਸ਼ਣ ਨਾ ਹੋਣਾ। ਜਦੋਂ ਮੱਸਲ ਦਾ ਪੋਸ਼ਣ ਨਹੀਂ ਹੁੰਦਾ ਅਰਥਾਤ ਉਸ ਨੂੰ ਖੁਰਾਕ ਨਹੀਂ ਮਿਲਦੀ ਤਾਂ atrophies ਯਾਨਿ ਇਹ ਖਤਮ ਹੋ ਜਾਂਦਾ ਹੈ। Lateral ਰੀੜ੍ਹ ਦੀ ਹੱਡੀ ਦੇ ਉਨ੍ਹਾਂ ਥਾਂਵਾਂ ਦੀ ਪਛਾਣ ਕਰਦਾ ਹੈ ਜਿਥੇ ਮੱਸਲ ਨੂੰ ਸੰਕੇਤ ਦੇਣ ਅਤੇ ਕੰਟਰੋਲ ਕਰਨ ਵਾਲੇ ਨਾੜਾਂ ਦੇ ਸੈਲ ਹੁੰਦੇ ਹਨ। ਜਿਉਂ ਜਿਉਂ ਇਹ ਜਗ੍ਹਾ ਕਮਜ਼ੋਰ ਹੁੰਦੀ ਜਾਂਦੀ ਹੈ, ਇਹ ਥਾਂ ਸਖਤ ਹੋਈ ਜਾਂਦੀ ਹੈ। ਮੋਟਰ ਨਿਊਰੋਨ ਦਿਮਾਗ ਤੋਂ ਰੀੜ੍ਹ ਦੀ ਹੱਡੀ ਵਿਚ ਪਹੁੰਚਦੇ ਹਨ, ਜਿਥੋਂ ਉਹ ਸਰੀਰ ਦੀਆਂ ਸਭ ਮਾਸਪੇਸ਼ੀਆਂ ਤਕ ਜਾਂਦੇ ਹਨ। ਮੋਟਰ ਨਿਊਰੋਨ ਦੇ ਨਿਰੰਤਰ ਕਮਜ਼ੋਰ ਹੋਈ ਜਾਣ ਨਾਲ ਅਖੀਰ ਉਹ ਖਤਮ ਹੋ ਜਾਂਦੇ ਹਨ। ਜਦੋਂ ਮੋਟਰ ਨਿਊਰੋਨ ਖਤਮ ਹੋ ਜਾਂਦੇ ਹਨ ਤਾਂ ਮਾਸਪੇਸ਼ੀਆਂ ਨੂੰ ਕੰਟਰੋਲ ਕਰਨ ਅਤੇ ਦਿਮਾਗ ਵਿਚ ਉਨ੍ਹਾਂ ਨੂੰ ਹਰਕਤ ਵਿਚ ਲਿਆਉਣ ਦੀ ਸਮਰੱਥਾ ਘਟਦੀ ਜਾਂਦੀ ਹੈ। ਮਾਸਪੇਸ਼ੀਆਂ ਦੇ ਖੁਦ ਹਰਕਤ ਵਿਚ ਆਉਣ ਦੀ ਸਮਰੱਥਾ ਘਟਦੇ ਜਾਣ ਨਾਲ ਮਰੀਜ਼ ਦੇ ਖਾਣ-ਪੀਣ, ਤੁਰਨ-ਫਿਰਨ ਅਤੇ ਸਾਹ ਲੈਣ ਵਿਚ ਮੁਸ਼ਕਿਲ ਵਧਦੀ ਜਾਂਦੀ ਹੈ। ਏ. ਐਲ. ਐਸ. ਦੀਆਂ ਮੋਟਰ ਨਾੜੀਆਂ ਕਮਜ਼ੋਰ ਹੋ ਜਾਂਦੀਆਂ ਹਨ ਜੋ ਕਿ ਮਾਸਪੇਸ਼ੀਆਂ ਦੇ ਖੁਦ ਹਰਕਤ ਵਿਚ ਆਉਣ ਅਤੇ ਇਨ੍ਹਾਂ ਉਪਰ ਕੰਟਰੋਲ ਕਰਦੀਆਂ ਹਨ। ਇਸ ਕਰਕੇ ਮਰੀਜ਼ ਲਈ ਕੋਈ ਚੀਜ਼ ਫੜ੍ਹਨਾ ਔਖਾ ਹੋ ਜਾਂਦਾ ਹੈ ਅਤੇ ਉਸ ਦੇ ਪੈਰ ਵੀ ਥਿੜਕਣ ਲਗਦੇ ਹਨ ਕਿਉਂਕਿ ਹੱਥਾਂ ਅਤੇ ਲੱਤਾਂ ਦੀਆਂ ਮਾਸਪੇਸ਼ੀਆਂ ਹੀ ਇਨ੍ਹਾਂ ਵਿਚ ਹਰਕਤ ਨੂੰ ਕੰਟਰੋਲ ਕਰਦੀਆਂ ਹਨ।

ਏ. ਐਲ. ਐਸ. ਦੀਆਂ ਦੋ ਵੱਖ ਵੱਖ ਕਿਸਮਾਂ ਹਨ। ਪੁਸ਼ਤੈਨੀ ਅਤੇ ਵਿਕੋਲਿਤਰੀ। ਅਮਰੀਕਾ ਵਿਚ ਬਹੁਤਾ ਵਿਕੋਲਿਤਰੀ ਕਿਸਮ ਹੀ ਹੈ। 90 ਤੋਂ 95 ਫੀਸਦੀ ਮਾਮਲੇ ਇਸੇ ਤਰ੍ਹਾਂ ਦੇ ਹਨ। ਇਹ ਕਿਸੇ ਨੂੰ ਵੀ ਹੋ ਸਕਦੀ ਹੈ ਅਤੇ ਕਿਤੇ ਵੀ ਅਸਰ ਕਰ ਸਕਦੀ ਹੈ। ਅਮਰੀਕਾ ਵਿਚ ਪੁਸ਼ਤੈਨੀ ਏ. ਐਲ. ਐਸ. ਦੇ ਸਾਰੇ ਕੇਸਾਂ ਦਾ 5 ਤੋਂ 10% ਹੀ ਹਨ। ਪੁਸ਼ਤੈਨੀ ਏ. ਐਲ. ਐਸ. ਦਾ ਮਤਲਬ ਹੈ ਕਿ ਰੋਗ ਪੁਸ਼ਤ ਦਰ ਪੁਸ਼ਤ ਚਲਦਾ ਆ ਰਿਹਾ ਹੈ। ਇਨ੍ਹਾਂ ਪਰਿਵਾਰਾਂ ਵਿਚ ਅਗਲੀ ਪੀੜ੍ਹੀ ਦੇ ਇਸ ਰੋਗ ਦਾ ਸ਼ਿਕਾਰ ਹੋਣ ਦੇ ਚਾਂਸ 50% ਤੋਂ ਵੱਧ ਨਹੀਂ ਹਨ। ਇਸ ਰੋਗ ਦਾ ਪਹਿਲੀ ਵਾਰ ਪਤਾ 1869 ਵਿਚ ਫਰਾਂਸੀਸੀ ਨਿਊਰੋਲੋਜਿਸਟ ਨੇ ਲਾਇਆ ਸੀ।

ਪਿਛਲੇ ਕੁਝ ਸਾਲਾਂ ਅੰਦਰ ਇਸ ਰੋਗ ਨੂੰ ਸਮਝਣ ਲਈ ਸਰੀਰ ਵਿਗਿਆਨ ਵਿਚ ਨਵੀਆਂ ਖੋਜਾਂ ਹੋਈਆਂ ਹਨ ਪਰ ਅਜੇ ਤੱਕ ਇਸ ਦਾ ਇਲਾਜ ਨਹੀਂ ਲੱਭਾ। ਸਰੀਰ ਵਿਗਿਆਨੀਆਂ ਅਨੁਸਾਰ ਇਹ ਰੋਗ ਇਕ ਖਾਸ ਕਿਸਮ ਦੇ ਪ੍ਰੋਟੀਨ ਦੀ ਕਮੀ ਕਰਕੇ ਹੁੰਦਾ ਹੈ ਪਰ ਇਸ ਕਮੀ ਦਾ ਕਾਰਨ ਕੀ ਹੈ, ਇਸ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ।

ਵੈਸੇ ਸੁਪੋਰਟ ਗਰੁੱਪਾਂ ਦੀ ਮਦਦ ਨਾਲ ਏ. ਐਲ. ਐਸ. ਮਰੀਜ਼ਾਂ ਨੂੰ ਇਸ ਰੋਗ ਦਾ ਸਾਹਮਣਾ ਕਰਨ ਲਈ ਕਾਫੀ ਮਦਦ ਮਿਲਣ ਲੱਗੀ ਹੈ ਜਿਸ ਨਾਲ ਮਰੀਜ਼ ਦੀ ਉਮਰ ਵਧਣ ਦੀ ਸੰਭਾਵਨਾ ਵਧ ਜਾਂਦੀ ਹੈ।

ਏ. ਐਲ. ਐਸ. ਆਮ ਕਰਕੇ 40 ਤੋਂ 70 ਸਾਲ ਦੀ ਉਮਰ ਵਿਚ ਹੁੰਦੀ ਹੈ। ਵੈਸੇ ਛੋਟੀ ਉਮਰ ਵਿਚ ਵੀ ਹੋ ਸਕਦੀ ਹੈ। ਅੰਕੜਿਆਂ ਅਨੁਸਾਰ 90% ਮਰੀਜ਼ 5 ਸਾਲ ਤੋਂ ਵੱਧ ਘੱਟ ਹੀ ਜਿਊਂਦੇ ਹਨ। ਅੰਦਾਜ਼ਾ ਹੈ ਕਿ ਕਿਸੇ ਵੀ ਮਿਥੇ ਸਮੇਂ ਅਮਰੀਕਾ ਵਿਚ 20,000 ਤੋਂ ਵੱਧ ਏ. ਐਲ. ਐਸ. ਮਰੀਜ਼ ਹੁੰਦੇ ਹਨ, ਹਾਲਾਂਕਿ ਇਹ ਗਿਣਤੀ ਵਧਦੀ-ਘਟਦੀ ਰਹਿੰਦੀ ਹੈ। ਇਸ ਰੋਗ ਦਾ ਸ਼ਿਕਾਰ ਹੋਈਆਂ ਨਾਮੀ ਸ਼ਖ਼ਸੀਅਤਾਂ ਵਿਚ ਬੇਸਬਾਲ ਖੇਡ ਦਾ ਮਹਾਨ ਖਿਡਾਰੀ ਲੂ ਗੈਰਿਗ ਵੀ ਸ਼ਾਮਲ ਹੈ। ਅਮਰੀਕਾ ਵਿਚ ਉਸ ਦੇ ਨਾਂ ਕਰਕੇ ਏ. ਐਲ. ਐਸ. ਨੂੰ ਲੂ ਗੈਰਿਗ ਡਿਜ਼ੀਜ਼ ਵੀ ਕਿਹਾ ਜਾਂਦਾ ਹੈ। ਲੰਘੀ 14 ਮਾਰਚ ਨੂੰ ਸਵਰਗਵਾਸ ਹੋਇਆ ਮਹਾਨ ਬ੍ਰਹਿਮੰਡ ਵਿਗਿਆਨੀ, ਪ੍ਰੋਫੈਸਰ ਤੇ ਲੇਖਕ ਸਟੀਫਨ ਹਾਕਿੰਗ ਵੀ ਇਸੇ ਰੋਗ ਦਾ ਸ਼ਿਕਾਰ ਸੀ। ਰੋਗ ਦਾ ਪਤਾ ਉਦੋਂ ਲੱਗਾ ਜਦੋਂ ਉਹ ਅਜੇ 21 ਸਾਲ ਦਾ ਸੀ। ਉਹ 56 ਸਾਲ ਇਸ ਰੋਗ ਨਾਲ ਘੁਲਦਾ ਰਿਹਾ। ਉਂਜ ਬਹੁਤ ਘੱਟ ਮਰੀਜ਼ ਇੰਨਾ ਲੰਮਾ ਸਮਾਂ ਜਿਊਂਦੇ ਰਹਿੰਦੇ ਹਨ। ਇਸ ਰੋਗ ਦਾ ਸ਼ਿਕਾਰ ਹੋਈਆਂ ਹੋਰ ਸ਼ਖ਼ਸੀਅਤਾਂ ਵਿਚ ਸੈਨੇਟਰ ਜੈਕਬ ਜੇਵਿਟਸ, ਐਕਟਰ ਡੇਵਿਡ ਨਿਵੇਨ, ਬਾਕਸਿੰਗ ਚੈਂਪੀਅਨ ਐਜ਼ਰਡ ਚਾਰਲਸ, ਐਨ. ਬੀ. ਏ. ਬਾਸਕਟਬਾਲ ਖਿਡਾਰੀ ਜਾਰਜ ਯਾਰਡਲੀ, ਅਮਰੀਕੀ ਵਾਈਸ ਪ੍ਰੈਜ਼ੀਡੈਂਟ ਹੈਨਰੀ ਵੈਲੇਸ ਅਤੇ ਯੂ. ਐਸ. ਆਰਮੀ ਜਨਰਲ ਮੈਕਸਵੈਲ ਟੇਲਰ ਵੀ ਸ਼ਾਮਲ ਹਨ।

ਕਹਾਣੀ

# ਮਾਮਲਾ

***ਨਾਮੀ ਲਿਖਾਰੀ ਮਰਹੂਮ ਸੰਤੋਖ ਸਿੰਘ ਧੀਰ ਦੀ ਕਹਾਣੀ 'ਮਾਮਲਾ' ਪਾਠਕ ਨੂੰ ਕਈ ਦਹਾਕੇ ਪਿਛਾਂਹ ਲੈ ਤੁਰਦੀ ਹੈ। ਕਹਾਣੀ ਜਿਉਂ ਜਿਉਂ ਅਗਾਂਹ ਤੁਰਦੀ ਹੈ, ਮੁੱਖ ਪਾਤਰ ਵਾਂਗ ਪਾਠਕ ਦੇ ਦਿਲ ਦੀ ਠੱਕ ਠੱਕ ਵੀ ਉਚੀ ਹੋਈ ਜਾਂਦੀ ਹੈ। ਲਿਖਾਰੀ ਨੇ ਨਿਤਾਣਿਆਂ ਦੀ ਬੇਵਸੀ ਨੂੰ ਆਪਣੀ ਇਸ ਰਚਨਾ ਵਿਚ ਬਹੁਤ ਬਾਰੀਕੀ ਨਾਲ ਪੇਸ਼ ਕੀਤਾ ਹੈ। -ਸੰਪਾਦਕ***

ਸਵੇਰ ਸਾਰ ਜੈਮਲ ਸਿੰਘ ਨੇ ਦਰਾਂ 'ਚ ਆ ਕੇ ਹਾਕ ਮਾਰੀ, "ਘਰੇ ਐਂ ਦਲੀਪ ਸਿਆਂ?"

ਜੈਮਲ ਸਿੰਘ ਦੇ ਬੋਲ ਪਛਾਣ ਕੇ ਦਲੀਪੇ ਦਾ ਸਾਹ ਸੁੱਕ ਗਿਆ, "ਆਹੋ ਘਰੇ... ਆਂ...।" ਉਹਨੇ ਮਸੀਂ ਆਖਿਆ।

ਦਲੀਪਾ ਚੁੱਲ੍ਹੇ ਅੱਗੇ ਬੈਠਾ ਅੱਗ ਸੇਕਦਾ ਸੀ। ਉਹਦੀ ਵਹੁਟੀ ਕਰਤਾਰੋ ਰੋਟੀਆਂ ਪਕਾ ਰਹੀ ਸੀ। ਦਲੀਪਾ ਉਠ ਕੇ ਬੂਹੇ ਵੱਲ ਗਿਆ। ਤਵੇ ਉਤੇ ਪਾਉਣ ਵਾਲੀ ਮੱਕੀ ਦੀ ਰੋਟੀ ਕਰਤਾਰੋ ਦੇ ਹੱਥ ਉਤੇ ਰੁਕ ਗਈ।

ਜੈਮਲ ਸਿੰਘ ਨੇ ਮੱਥੇ ਵਿਚ ਕੋਰੇਪਣ ਦੀਆਂ ਤਿਊੜੀਆਂ ਪਾ ਕੇ ਕਿਹਾ, "ਰੁਪਈਏ ਤਾਂ ਅਪੜਦੇ ਕਰੇ ਈ ਨਾ ਚਰ੍ਹੀ ਆਲੇ?"

"ਦਊਂਗਾ ਤਾਏ...।"

"ਉਏਂ ਦਏਂਗਾ ਕਦ? ਮੇਰੀ ਤਾਂ ਗਰਜ ਖੜ੍ਹੀ ਐ। ਢਾਲ ਸਿਰ 'ਤੇ ਆ'ਗੀ, ਲੋਹੜੀ ਗਈ ਨੂੰ ਵੀ ਡੂਢ ਮਹੀਨਾ ਹੋ ਗਿਆ।" ਜੈਮਲ ਸਿੰਘ ਉਚੀ ਉਚੀ ਬੋਲਣ ਲੱਗਾ।

ਦਲੀਪੇ ਨੇ ਮਿੰਨਤ ਨਾਲ ਆਖਿਆ, "ਕੋਈ ਨ੍ਹੀਂ ਤਾਇਆ ਪੰਜ ਚਾਰ ਦਿਨ ਹੋਰ ਸਮਾਈ ਕਰ, ਮੇਰਾ ਹੱਥ ਜਾਦੇ ਈ ਤੰਗ ਐ, ਕੋਈ ਹੀਲਾ ਕਰ

## ਸੰਤੋਖ ਸਿੰਘ ਧੀਰ

ਕੇ ਤੇਰੇ ਘਰ ਅਪੜਦੇ ਕਰੂੰਗਾ ਰੁਪਈਏ। ਤੂੰ ਭਖ ਨਾ, ਮੈਨੂੰ ਤਾਂ ਆਪ ਸੋਚ ਐ।"

ਜੈਮਲ ਸਿੰਘ ਦੇ ਮੱਥੇ 'ਤੇ ਅਜੇ ਵੀ ਤਿਊੜੀਆਂ ਸਨ। ਬਰਾਂਡੀ ਦੀਆਂ ਜੇਬਾਂ ਵਿਚ ਹੱਥ ਪਾਈ ਉਹ ਧਰਤੀ ਵੱਲ ਝਾਕਦਾ ਕਹਿਣ ਲੱਗਾ, "ਢਾਲ ਦੇਹ ਬਈ, ਇਹ ਨ੍ਹੀਂ ਗੱਲ ਪੁੱਗਣੀ, ਕੋਈ ਮਸ਼ਕਰੀ ਐ? ਮੈਂ ਤਾਂ ਆਪ ਮਾਮਲਾ ਤਾਰਨ ਤੋਂ ਬੈਠਾਂ, ਲੰਬੜਦਾਰ ਨਿੱਤ ਟੋਕਦੈ।"

ਦਲੀਪਾ ਚੁੱਪ-ਚਾਪ ਖੜ੍ਹਾ ਰਿਹਾ, ਤੇ ਜੈਮਲ ਸਿੰਘ ਉਹਦੇ ਵੱਲ ਝਾਕੇ ਬਿਨਾ ਤੁਰ ਗਿਆ।

ਹੀਣਾ ਜਿਹਾ ਹੋ ਕੇ ਦਲੀਪਾ ਅੰਦਰ ਆਇਆ। ਚੁਲ੍ਹੇ ਅੱਗੋਂ ਉਹਦੀ ਨਿੱਕੀ ਜਿਹੀ ਧੀ ਜੀਤੋ ਨੇ ਹੱਠ ਕੀਤਾ, "ਮੈਂ ਤਾਂ ਚੋਪੜ ਕੇ ਰੋਟੀ ਖਾਣੀ ਐ...।" ਦਲੀਪੇ ਨੇ ਕੁੜੀ ਵੱਲ ਅੱਖਾਂ ਕੱਢ ਕੇ ਦੇਖਿਆ। ਕੁੜੀ ਡਰ ਨਾਲ ਸ਼ਹਿ ਗਈ।

ਦਲੀਪੇ ਕੋਲ ਦੋ ਗਊਆਂ ਸਨ। ਇਕ ਪਿਛਲੇ ਵਰ੍ਹੇ ਉਨ੍ਹਾਂ ਸੌ ਰੁਪਏ ਨੂੰ ਮੁੱਲ ਲਈ ਸੀ। "ਘਰ ਦੇ ਲਵੇਰੇ ਬਿਨਾ ਨਿਆਣੇ ਨ੍ਹੀਂ ਪਲਦੇ। ਮੁੱਲ ਦਾ ਦੁੱਧ ਤਾਂ ਫਿੱਟੇ ਮੂੰਹ ਦਾ ਕੰਮ ਐ...।" ਕਰਤਾਰੋ ਸਦਾ ਕਹਿੰਦੀ ਸੀ। ਦਲੀਪੇ ਨੇ ਏਧਰੋਂ ਔਧਰੋਂ ਫੜ ਫੜਾ ਕੇ ਇਕ ਦੁੱਧ ਦਿੰਦੀ ਗਾਂ ਆਪਣੇ ਕਿੱਲੇ ਬੰਨ੍ਹ ਲਈ। ਪਰ ਗਾਂ ਬੜੀ ਕੌੜ ਨਿਕਲੀ। ਦੋ ਮਹੀਨੇ ਦੁੱਧ ਦੇ ਕੇ ਨੱਠ ਗਈ। ਦੂਜੀ ਵਹਿੜੀ ਕੱਖਾਂ ਦੀ ਥੁੜ ਕਰ ਕੇ ਉਹਦੇ ਸਹੁਰਿਆਂ ਨੇ ਕਰਤਾਰੋ ਨੂੰ ਪੁੰਨ ਵਜੋਂ ਦਿੱਤੀ ਸੀ। ਵਹਿੜੀ ਦੋ ਮਹੀਨੇ ਦੀ ਨਵੀਂ ਸੀ। ਦਲੀਪੇ ਨੇ ਸੋਚਿਆ, ਜਾਣੋ ਛੇ ਮਹੀਨੇ ਖੁਰ ਵਢਾ ਲਾਂਗੇ, ਓੜਕ ਵਹਿੜੀ ਤਾਂ ਭਲੂਣ ਐ, ਪੰਜ ਸੱਤ ਸੂਏ ਤਾਂ ਸਹਿਜੇ ਪਿਆ ਦੂ।

ਪਰ ਦਲੀਪੇ ਨੂੰ ਦੋਹਾਂ ਗਊਆਂ ਦੀ ਖੇਚਲ ਝੱਲਣੀ ਔਖੀ ਹੋ ਗਈ। ਲਵੇਰਾ ਤਾਂ ਜੱਟ ਦੇ ਈ ਘਰ ਪਲ ਸਕਦੈ, ਮੁੱਲ ਦੇ ਕੱਖਾਂ ਨਾਲ ਪਸੂ ਦਾ ਢਿੱਡ ਨ੍ਹੀਂ ਭਰਦਾ। ਇਹ ਉਹਨੂੰ ਸੱਚ ਜਾਪਣ ਲੱਗਾ। ਸਾਰਾ ਦਿਨ ਕੱਪੜੇ ਸਿਉਂ ਕੇ ਜਿੰਨੀ ਕੁ ਮਜੂਰੀ ਉਹਨੂੰ ਬਣਦੀ ਸੀ, ਉਹਦੇ ਨਾਲ ਤਾਂ ਇਸ ਮਹਿੰਗਾਈ ਦੇ ਅੱਕਰੇ ਸਮੇਂ ਵਿਚ ਟੱਬਰ ਦਾ ਹੀ ਤੋਰਾ ਨਹੀਂ ਸੀ ਤੁਰਦਾ। ਏਨਾ ਵੀ ਚੰਗਾ, ਉਹਨੇ ਕਿਸੇ ਉਸਤਾਦ ਦੇ ਭਾਂਡੇ ਮਾਂਜ ਕੇ ਦਰਜੀ ਦਾ ਕੰਮ ਸਿੱਖ ਲਿਆ ਸੀ, ਨਹੀਂ ਤਾਂ ਸਾਰੀ ਉਮਰ ਪਾਣੀ ਭਰਦਿਆਂ ਬੀਤਣੀ ਸੀ।

ਕਰਤਾਰੋ ਵੀ ਖੁਰਪੀ ਲੈ ਕੇ ਸ਼ਾਮਲਾਤ ਦੇ ਤੱਪੜਾਂ ਵੱਲ ਜਾਂਦੀ। ਪਰ ਦੋ ਗਊਆਂ ਦਾ ਰੱਜ ਉਹਦੇ ਕੋਲੋਂ ਕਿਥੇ ਖੋਤ ਹੁੰਦਾ ਸੀ। ਕਿਸੇ ਖਾਲ ਦੀ ਵੱਟ ਉਤੇ ਝਿਊਰ ਝੋਕਿਆਂ ਨੂੰ ਕੋਈ ਉਂਜੇ ਨਹੀਂ ਖੁਰਪਾ ਲਾਉਣ ਦਿੰਦਾ। ਜੱਟ ਕੋਲ ਭਾਵੇਂ ਡੂਢ ਕਿਆਰਾ ਭੋਂ ਹੋਵੇ, ਉਹਨੂੰ ਕੋਈ ਨਹੀਂ ਬੋਲਦਾ, ਕਮੀਣ ਨੂੰ ਤਾਂ ਖੇਤ ਕੋਲੋਂ ਲੰਘਦਾ ਦੇਖ, ਜਣਾ ਖਣਾ ਲਲਕਾਰਾ ਮਾਰ ਦਿੰਦੈ।

ਭੁੱਖ ਨਾਲ ਲਵੇਰੀਆਂ ਦੇ ਲੱਕੇ ਲੱਗ ਗਏ। ਕਈ ਵਾਰ ਦਲੀਪੇ ਦੇ ਚਿਤ ਵਿਚ ਆਉਂਦਾ, ਗਊਆਂ ਵੇਚ ਦਿਆਂ। ਬੇਜ਼ਬਾਨਾਂ ਦਾ ਤਰਸਾ ਨ੍ਹੀਂ ਦੇਖ ਹੁੰਦਾ, ਉਨ੍ਹਾਂ ਕਿਹੜਾ ਬੋਲ ਕੇ ਫਰਿਆਦ ਕਰਨੀ ਐ ਪਰ, ਉਦੋਂ ਹੀ ਉਹਦੇ ਮਨ ਮੈਂ ਜਿਹੀ ਫੁੱਟ ਪੈਂਦੀ- ਕਿਵੇਂ ਵੀ ਹੋਵੇ, ਇਕ ਵਾਰ ਦੋਹਾਂ ਗਾਈਆਂ ਨੂੰ ਕੱਠਿਆਂ ਚੋ ਕੇ ਜ਼ਰੂਰ ਦੇਖਣੈ। ਲੋਕਾਂ ਦੇ ਚਾਰ ਚਾਰ ਲਵੇਰੇ ਨੇ, ਤੰਗੀ ਤੁਰਸ਼ੀ ਵੀ ਸਰੀਰਾਂ ਦੇ ਨਾਲ ਈ ਹੁੰਦੀ ਐ। ਸਦਾ ਇਕੋ ਜਿਹੇ ਦਿਨ ਤਾਂ ਨ੍ਹੀਂ ਰਹਿੰਦੇ। ਆਪਣੇ ਘਰ ਦੀ ਤਾਂ ਛਾਹ ਵੀ ਮਾਣ ਨ੍ਹੀਂ। ਕੋਈ ਦਹੀਂ ਖਾਵੇ, ਕੋਈ ਦੁੱਧ ਪੀਵੇ, ਮਧਾਣੀ ਤਾਂ ਨ੍ਹੀਂ ਕੀਲੇ ਉਤੇ ਟੰਗੀ ਰਹੂ ਤੇ ਐਤਕੀਂ ਉਹਨੇ ਚਕੋਤੇ ਉਤੇ ਭੋਂ ਲੈ ਕੇ ਚਰ੍ਹੀ ਬਿਜਾਉਣ ਦੀ ਪੱਕੀ ਸੋਚ ਲਈ। ਜੇ ਮੌਕੇ ਸਿਰ ਮੀਂਹ ਪੈ ਜਾਵੇ ਤਾਂ ਸੈਂਕੜੇ ਦੇ ਹਿਸਾਬ ਪੂਲੀਆਂ ਮੁੱਲ ਲੈਣ ਨਾਲੋਂ ਆਪ ਚਰ੍ਹੀ ਬਿਜਾਉਣੀ ਕਿਤੇ ਚੰਗੀ ਰਹਿੰਦੀ ਐ। ਮੁੱਲ ਦੀਆਂ ਪੂਲੀਆਂ 'ਚ ਉਹ ਬਰਕਤ ਕਿਥੇ।

ਜੈਮਲ ਸਿੰਘ ਨਾਲ ਭੋਂ ਦਾ ਸੌਦਾ ਹੋ ਗਿਆ। ਵੀਹ ਰੁਪਏ ਵਿਘੇ ਨੂੰ ਪੰਜ ਵਿਘੇ ਧਰਤੀ ਲੈ ਲਈ। ਪੰਜ ਵਿਘੇ ਤੋਂ ਘੱਟ ਦੋ ਗਊਆਂ ਦਾ ਸਰਨਾ ਵੀ ਨਹੀਂ ਸੀ। ਲੋਹੜੀ ਉਤੇ ਮਾਮਲੇ ਦਾ ਸੌ ਰੁਪਿਆ ਤਾਰਨ ਦਾ ਇਕਰਾਰ ਹੋਇਆ। ਹਾੜ੍ਹ ਦੇ ਪਿਛਲੇ ਪੱਖ ਮੀਂਹ ਵਰ੍ਹ ਗਿਆ। ਦਲੀਪੇ ਨੇ ਭਾੜੇ ਉਤੇ ਹਲ ਦੀ ਦੋਹਰ ਕਰਵਾ ਕੇ ਜੁਆਰ ਦਾ ਛੱਟਾ ਦੁਆ ਦਿੱਤਾ।

ਪੰਜ ਸੱਤ ਚੰਗੀਆਂ ਝੜੀਆਂ ਸਾਉਣ ਭਾਦੋਂ ਵਿਚ ਲੱਗ ਗਈਆਂ। ਮਾਰੂਆਂ ਤੋਂ ਚੰਗੀ ਆਸ ਹੋ



ਗਈ। ਦਲੀਪੇ ਦੀ ਚਰ੍ਹੀ ਭਰ ਕੇ ਨਿੱਸਰੀ ਸੀ। ਭਾਦੋਂ ਦੇ ਪਿਛਲੇ ਪੱਖ ਤੋਂ ਹੀ ਖੜ੍ਹੀ ਚਰ੍ਹੀ ਚਾਰਨੀ ਸ਼ੁਰੂ ਕਰ ਦਿੱਤੀ। ਗਊਆਂ ਉਤੇ ਪਾਣੀ ਫਿਰ ਆਇਆ। ਚੜ੍ਹਦੇ ਕੱਤਕ ਉਨ੍ਹਾਂ ਚਰ੍ਹੀ ਖੋਤਣੀ ਸ਼ੁਰੂ ਕਰ ਦਿੱਤੀ। ਪੰਜ ਸੱਤ ਦਿਨ ਬੜੀ ਮਿਹਨਤ ਕੀਤੀ। ਸਾਰਾ ਟੱਬਰ ਖੇਤ ਵਿਚ ਜਾਂਦਾ। ਦਲੀਪਾ, ਕਰਤਾਰੋ, ਦਲੀਪੇ ਦੀ ਛੋਟੀ ਭੈਣ ਤੇ ਇਕ ਭਰਾ ਚਰ੍ਹੀ ਨੂੰ ਖੋਤ ਖੋਤ ਪੂਲੀਆਂ ਬੰਨ੍ਹਦੇ। ਜੀਤੋ ਪੂਲੀਆਂ ਦੀ ਕੁੱਲੀ ਵਿਚ ਖੇਡਦੀ ਰਹਿੰਦੀ। ਬੁੱਢੀ ਮਾਂ ਵੱਢ ਵਿਚ ਟੱਬਰ ਦੀ ਰੋਟੀ ਲੈ ਕੇ ਜਾਂਦੀ। ਸਾਰੀ ਚਰ੍ਹੀ ਖੋਤ ਕੇ ਘਰ ਲੈ ਆਂਦੀ। ਚਾਰ ਸੌ ਪੂਲੀ ਹੋਈ। ਕੋਠੇ ਉਤੇ ਚਰ੍ਹੀ ਦਾ ਤਕੜਾ ਛੌਰ ਗੁੰਦਿਆ ਗਿਆ। ਛੌਰ ਨੂੰ ਦੇਖ ਕੇ ਦਲੀਪਾ ਫੁਲ ਜਾਂਦਾ, "ਕੱਖਾਂ ਦੇ ਦੁੱਖੋਂ ਨ੍ਹੀਂ ਹੁਣ ਮੈਂ ਗਾਈਆਂ ਨੂੰ ਜਾਣ ਦਿੰਦਾ।"

ਕੱਤਕ ਲੰਘਿਆ, ਮੱਘਰ ਬੀਤਿਆ, ਛੇਕੜ ਪੋਹ ਮੁੱਕਣ 'ਤੇ ਆ ਗਿਆ। ਚਰ੍ਹੀ ਵੀ ਅੱਧ ਨੂੰ ਚਲੀ ਗਈ। ਛੌਰ ਖੁੱਲ੍ਹਣ ਲੱਗਾ। ਜਿਥੇ ਛੇ ਛੇ ਪੂਲੀਆਂ ਨਿਤ ਕੁਤਰੀਆਂ ਜਾਣ, ਉਤੇ ਮਹੀਨੇ ਪਿੱਛੋਂ ਕਿੰਨਾ ਖੱਪਾ ਪੈਣਾ ਹੋਇਆ? ਪਹਿਲੀ ਗਾਂ ਦਾ ਵੱਛਾ ਵੀ ਹੁਣ ਤਕੜਾ ਸੀ, ਪੂਲੀ ਜਵਾਰ ਤਾਂ ਰਾਤੋ ਰਾਤ ਉਹੀ ਚਰ ਜਾਂਦਾ।

ਖੈਰ, ਕੱਖਾਂ ਦਾ ਖਰਚ ਤਾਂ ਜੋ ਸੀ, ਉਹੀ ਸੀ, ਮਾਮਲੇ ਦਾ ਕੋਈ ਹੀਲਾ ਬਣਦਾ ਨਹੀਂ ਸੀ ਦਿਸਦਾ। ਲੋਹੜੀ ਨੇੜੇ ਆ ਗਈ, ਮਾਘੀ ਦੀ ਸੰਗਰਾਂਦ ਨੂੰ ਅਗਲੇ ਨੇ ਮੰਗਣ ਦੇ ਸਿਰ ਹੋ ਜਾਣਾ ਸੀ।

ਦਲੀਪੇ ਨੇ ਤਾਂ ਸੋਚਿਆ ਸੀ, ਛੇ ਮਹੀਨੇ ਪਏ ਨੇ ਮਾਮਲਾ ਦੇਣ ਵਿਚ, ਮਹੀਨੇ ਦੇ ਪੰਦਰਾਂ ਰੁਪਏ ਨਹੀਂ ਬੈਠਦੇ। ਜੇ ਹੋਰ ਜ਼ਰਾ ਮੱਚ ਮਾਰ ਕੇ ਕੰਮ ਕਰਾਂ ਤਾਂ ਮਾਮਲਾ ਤਾਂ ਨ੍ਹੀਂ ਅਟਕ ਸਕਦਾ। ਉਹਦੇ ਘਰ ਕੀ ਘਾਟਾ ਏ, ਕਦ ਰਿਜ਼ਕ ਦੀ ਛੱਲ ਦੇ ਦਏ ਪਰ ਜੋ ਦਲੀਪੇ ਨੇ ਸੋਚਿਆ, ਉਹ ਬਣਿਆ ਨਾ।

ਕੱਤਕ ਜਾਂਦੇ ਨੂੰ ਕਰਤਾਰੋ ਦੇ ਕੁੜੀ ਜੰਮ ਪਈ। ਵੀਹ, ਤੀਹ ਰੁਪਏ ਦਾ ਖਰਚ ਆ ਪਿਆ। ਜੇ ਦੋ ਸੇਰ ਥਿੰਦਾ ਜੱਚਾ ਦੇ ਢਿੱਡ ਵਿਚ ਨਾ ਪਏ ਤਾਂ ਉਹ ਮੰਜੇ ਤੋਂ ਕਿਵੇਂ ਉਠ ਸਕਦੀ ਐ? ਛਿਲਾ ਸਾਂਭ ਹੋਇਆ ਤਾਂ ਮੱਘਰ ਵਿਚ ਦਲੀਪੇ ਨੂੰ ਤਾਪ ਆਉਣ ਲੱਗ ਪਿਆ।

ਪੰਦਰਾਂ ਵੀਹ ਦਿਨ ਤਾਪ ਨੇ ਖਹਿੜਾ ਨਾ ਛੱਡਿਆ। ਮਜੂਰ ਆਦਮੀ ਨੂੰ ਤਾਂ ਬਿਮਾਰ ਹੋਣ ਵੀ ਔਖਾ ਏ। ਜੇ ਉਹ ਕੰਮ ਕਰਦੈ ਤਾਂ ਰੋਟੀ ਪੱਕਦੀ ਐ, ਨਹੀਂ ਤਾਂ ਟੱਬਰ ਦੇ ਭਾਂਡੇ ਮੂਧੇ ਨੇ।

ਫਸਲ ਵਿਚ ਜਿੰਨੀ ਕਣਕ ਦਲੀਪੇ ਨੇ ਲਈ ਸੀ, ਉਹ ਕੱਤਕ ਤਕ ਮਸੀਂ ਚੱਲੀ। ਵਰ੍ਹੇ ਜੋਗੇ ਦਾਣੇ ਲੈ ਰੱਖਣ ਦੀ ਉਹਦੀ ਪਰੋਖੋਂ ਨਹੀਂ ਸੀ। ਕਣਕ ਹੁਣ ਪਹਿਲੇ ਭਾ ਨਾਲੋਂ ਦੂਣੀ ਹੋ ਗਈ ਸੀ, ਤੇ ਸਗੋਂ ਬਾਈ ਬਾਈ, ਤੇਈ ਤੇਈ ਰੁਪਏ ਮਣ ਦੇ ਭਾ ਨੂੰ ਵੀ ਕੋਈ ਹਾਂ ਨਹੀਂ ਸੀ ਕਰਦਾ। ਨਾਲੋ ਨਾਲ ਉਹਨੂੰ ਦਾਣੇ ਲੈਂਦੇ ਪੈਂਦੇ ਸਨ, ਤੇ ਜਿੰਨਾ ਉਹ ਕੰਮ ਕਰਦਾ ਸੀ, ਉਹਦੇ ਨਾਲ ਦਾਣੇ ਤੇ ਹੋਰ ਕਬੀਲਦਾਰੀ ਦਾ ਧੰਦਾ ਹੀ ਮਸਾਂ ਚੱਲਦਾ ਸੀ।

ਅਖੀਰ ਲੋਹੜੀ ਆ ਗਈ। ਮਾਮਲੇ ਦਾ ਕੁਝ ਨਾ ਬਣਿਆ। ਛੋਟੀ ਵਹਿੜੀ ਦਸ ਵੀਹ ਦਿਨਾਂ ਵਿਚ ਸੂਣ ਵਾਲੀ ਸੀ। ਵੱਡੀ ਕੌੜ ਦੇ ਨਵੇਂ ਦੁੱਧ ਹੋਣ ਬਾਰੇ ਵੀ ਕੋਈ ਪੱਕ ਨਾ ਸੀ। ਦਲੀਪੇ ਨੇ ਸੋਚਿਆ, ਚਲੋ ਸਾਰੀ ਨਾ ਖਾਧੀ, ਅੱਧੀ ਸਹੀ, ਆਈ ਚਲਾਈ ਤਾਂ ਹੋ ਜੂ, ਵੱਡੀ ਗਾਂ ਹੀ ਵੇਚ ਦਿਆਂ। ਕਿਤੇ ਅੰਦਰ ਬਾਹਰ ਮਿਲਦਿਆਂ ਇਕ ਵਾਰ ਜੈਮਲ ਸਿੰਘ ਨੇ ਮਲਵੀਂ ਜੀਭ ਨਾਲ ਦਲੀਪੇ ਨੂੰ ਮਾਮਲੇ ਲਈ ਟੋਕ ਵੀ ਦਿੱਤਾ। ਦਲੀਪੇ ਨੂੰ ਗਾਂ ਵੇਚਣ ਦੀ ਕਾਹਲ ਪੈ ਗਈ। ਫੰਡਰ ਲਵੇਰੇ ਦਾ ਗਾਹਕ ਵੀ ਸੌਖਾ ਨਹੀਂ ਉਠਦਾ ਪਰ ਦਲੀਪਾ ਤਾਂ ਜੋ ਮਿਲੇ, ਸੋਈ ਵੱਟਣ ਨੂੰ ਤਿਆਰ ਸੀ।

ਓੜਕ ਦੱਸ ਪੁੱਛ ਨਾਲ ਪਿੰਡ ਵਿਚੋਂ ਹੀ ਇਕ ਗਾਹਕ ਉਠ ਖੜੋਤਾ। ਪਿੰਡ ਵਿਚ ਇਸ ਗਾਂ ਦੀ ਪੜਤ ਚੰਗੀ ਨਹੀਂ ਸੀ। ਮਾੜੇ ਦੇ ਪਸੂ ਨੂੰ ਵੀ ਹਰ ਕੋਈ ਵਗੋਂਦਾ ਏ। ਸਕੇ ਕਹਿਣ, "ਗੈਂ ਤਾਂ ਪੁੜੇ ਹੱਥ ਨ੍ਹੀਂ ਲੌਣ ਦਿੰਦੀ...।" ਦਲੀਪੇ ਨੇ ਜੋ ਵੱਟਿਆ, ਸੋ ਖੱਟਿਆ ਜਾਣ ਕੇ ਪੰਜਾਹ ਰੁਪਏ ਨੂੰ ਗਾਂ ਛੱਡ ਦਿੱਤੀ।

ਪੰਜਾਹ ਰੁਪਏ ਲੈਂਦਿਆਂ ਜੈਮਲ ਸਿੰਘ ਨੇ ਤਕਰਾਰ ਜਿਹੀ ਵੀ ਕੀਤੀ, "ਬਈ ਮੇਰੀ ਤਾਂ ਰਕਮ ਖੁਰਦੀ ਐ ਏਕਣ। ਮੈਨੂੰ ਤਾਂ ਸੌ 'ਕੱਠਾ ਈ ਦੇਣਾ ਸੀ।" ਬਾਕੀ ਪੰਜਾਹ ਮਹੀਨੇ ਦੇ ਅੰਦਰ ਅੰਦਰ ਦੇਣ ਦਾ ਦਲੀਪੇ ਨੇ ਜੈਮਲ ਸਿੰਘ ਨੂੰ ਇਕਰਾਰ ਕਰ ਦਿੱਤਾ।

ਵੀਹ ਕੁ ਦਿਨਾਂ ਮਗਰੋਂ ਵਹਿੜੀ ਸੂ ਪਈ। ਦੁੱਧ ਵਰਗਾ ਵੱਛਾ ਵਿਹੜੇ ਵਿਚ ਟਪੂਸੀਆਂ ਮਾਰਨ ਲੱਗਾ। ਜੀਤੋ ਵੱਛੇ ਨੂੰ ਦੇਖ ਸਾਰਾ ਦਿਨ ਪਰਚਦੀ, ਉਹਨੇ ਲਾਡ ਨਾਲ ਵੱਛੇ ਦੇ ਗਲ ਵਿਚ ਨੀਲੇ ਮਣਕੇ ਤੇ ਇਕ ਘੁੰਗਰੂ ਪਾਇਆ। ਸਾਰਾ ਦਿਨ ਵਿਹੜੇ ਵਿਚ ਘੁੰਗਰੂ ਵਜਦਾ ਰਹਿੰਦਾ।

ਦਲੀਪੇ ਨੂੰ ਮਾਮਲੇ ਦਾ ਫਿਕਰ ਤੋੜ ਤੋੜ ਖਾ ਰਿਹਾ ਸੀ। ਉਹ ਬੈਠਾ ਸੋਚਦਾ, "ਪੰਜਾਹ ਰੁਪਏ ਕਿਵੇਂ 'ਕੱਠੇ ਹੋਣਗੇ!" ਕਰਤਾਰੋ ਨੇ ਪਲ ਵਿਚ ਉਹਦੇ ਫਿਕਰ ਨੂੰ ਝੂਠ ਕਰਨ ਲਈ ਐਵੇਂ ਕੇਵੇਂ ਦਾ ਹੁੱਬ ਕੇ ਆਖਿਆ, "ਰੱਬ ਨੇ ਧੌਲੀ ਧਾਰ ਦਖਾਈ ਐ ਸੁੱਖ ਨਾਲ, ਤੂੰ ਫਿਕਰ ਨਾ ਕਰ।"

"ਫਿਕਰ ਕਿਵੇਂ ਨਾ ਕਰਾਂ?" ਦਲੀਪੇ ਨੇ ਮਨ ਵਿਚ ਆਖਿਆ ਪਰ ਉਹਨੇ ਕਰਤਾਰੋ ਨੂੰ ਕਿਹਾ, "ਨਹੀਂ, ਮੈਂ ਫਿਕਰ ਤਾਂ ਨ੍ਹੀਂ ਕਰਦਾ।"

ਮਹੀਨਾ ਪੂਰਾ, ਓੜਕ ਸਵਾ ਬੀਤ ਗਿਆ। ਦਲੀਪੇ ਨੂੰ ਇਹੋ ਧੁੜਕੂ ਲੱਗਾ ਰਹਿੰਦਾ ਕਿ ਜੈਮਲ ਸਿੰਘ ਹੁਣ ਮਿਲਿਆ, ਘੜੀ ਮਿਲਿਆ। ਅੰਦਰ, ਬਾਹਰ, ਗਲੀ, ਪਰ੍ਹੇ ਉਹ ਲੁਕ ਲੁਕ ਲੰਘਦਾ। ਉਹਨੂੰ ਡਰ ਸੀ ਕਿ ਹੁਣ ਤੱਕ ਲਾਰੇ ਲੱਪੇ ਲਗਦੇ ਰਹੇ ਪਰ ਹੁਣ ਕੀ ਜਵਾਬ ਦਿਆਂਗਾ? ਜੱਟ ਦਾ ਕੁਹਾੜੇ ਪਾਟਿਆ ਮੂੰਹ ਹੁੰਦੈ, ਨਾ ਜਾਣੀਏਂ ਕਦ ਹੇਠੀ ਕਰ ਦੇਵੇ। ਜਦ ਵੱਟ ਬੰਨੇ ਕਿਤੇ ਦਲੀਪਾ ਜੈਮਲ ਸਿੰਘ ਨੂੰ ਨਾ ਟੱਕਰਿਆ ਤਾਂ ਹਾਰ ਕੇ ਉਹ ਦਲੀਪੇ ਦੇ ਦਰਾਂ ਵਿਚ ਹੀ ਆ ਧਮਕਿਆ।

ਪੰਜ ਚਾਰ ਦਿਨ ਹੋਰ ਵੀ ਲੰਘ ਗਏ। ਜੈਮਲ ਸਿੰਘ ਨੇ ਹੋਰ ਸਮਾਈ ਕਰ ਦੇਖੀ ਪਰ ਹੁਣ ਹੋਰ ਉਹਦੀ ਬੇ-ਵਾਹ ਸੀ। ਸਾਰੇ ਪਿੰਡ ਦੀ ਢਾਲ ਪੈ ਚੁੱਕੀ ਸੀ। ਕੁਲ ਇਕ ਦੋ ਸਾਮੀਆਂ ਅੜੀਆਂ ਰਹਿੰਦੀਆਂ ਸਨ।

ਇਕ ਦਿਨ, ਆਥਣੇ, ਫੁਲਾਹੀਆਂ ਵਾਲੇ ਖੂਹ ਦੇ ਰਾਹ ਵਿਚ ਦਲੀਪੇ ਨੂੰ ਜੈਮਲ ਸਿੰਘ ਟੱਕਰ ਗਿਆ। ਗਲ ਵਿਚ ਭੂਰੀ ਬਰਾਂਡੀ, ਹੱਥ ਬਰਾਂਡੀ ਦੀਆਂ ਜੇਬਾਂ ਵਿਚ, ਗਲ ਦੁਆਲੇ ਖੱਦਰ ਦਾ ਪਰਨਾ ਤੇ ਨੱਕ ਤੀਕ ਪਰਨੇ ਨਾਲ ਮੂੰਹ ਕੱਜਿਆ ਹੋਇਆ। ਲਿਹਾਜ਼ ਨੂੰ ਖੂਹ ਵਿਚ ਸੁੱਟ, ਜੈਮਲ ਸਿੰਘ ਨੇ ਰਾਹ ਘੇਰ ਕੇ ਆਖਿਆ, "ਓਏ ਝਿਊਰਾ, ਹਿਓਂ ਤਾਂ ਨ੍ਹੀਂ ਆਉਂਦਾ? ਇਹ ਭਲੇਮਾਣਸੀ ਐ? ਤੇਰੀ ਜਬਾਨ ਐ ਕੀ ਐ? ਫੇਰ ਕੁਪੱਤ ਕਰਾ ਕੇ ਈ ਰਹੇਂਗਾ ਚਾਰ ਬੰਦਿਆਂ 'ਚ?"

ਦਲੀਪੇ ਦੇ ਪੈਰ ਉਖੜ ਗਏ। ਕੀ ਕਹੇ, ਕੀ ਨਾ ਕਹੇ। ਹੁਣ ਤਾਂ ਨਾ ਕੋਈ ਟਾਲ ਹੋ ਸਕਦੀ ਸੀ, ਨਾ ਮਿੰਨਤ, ਨਾ ਮੁਹਲਤ। ਜੈਮਲ ਸਿੰਘ ਦੀਆਂ ਅੱਖਾਂ ਤੋਂ ਦਲੀਪੇ ਨੂੰ ਡਰ ਆਉਣ ਲੱਗਾ। ਨੀਵੀਂ ਪਾ ਕੇ ਉਸੇ ਥਾਂ ਖੜ੍ਹਦਾ ਬੋਲਿਆ, "ਕੀ ਦੱਸਾਂ...।"

"ਉਏ ਮੈਨੂੰ ਜਾਮਨੀ ਐਂ ਐਸ ਗੱਲ ਦੀ? ਕਹਿੰਦੈ ਕੀ ਦੱਸਾਂ, 'ਜਿਮੇਂ ਨੀਤ ਏ ਨ੍ਹੀਂ ਦੇਣ ਦੀ, ਚਰ੍ਹੀ ਚਾਰ ਕੇ ਤਾਂ ਚੌਣਾਂ ਰਾਜੀ ਕਰ ਲਿਆ, ਦੱਸ ਫੇਰ ਰੁਪਈਏ ਦੇਣੇ ਕਿ ਨਹੀਂ।"

"ਦੇਣੇ ਖਰੇ ਨੇ ਤਾਏ...।"

"ਰੱਖ ਫੇਰ ਐਥੇ, ਮੈਂ ਤਾਂ ਹੁਣੇ ਲੈਣੇ ਨੇ।" ਜੈਮਲ ਸਿੰਘ ਨੇ ਧਰਤੀ ਉਤੇ ਜੁੱਤੀ ਦੀ ਨੋਕ ਛੁਹਾ ਕੇ ਕਿਹਾ।

ਜਾਨ ਕੁੜਿਕੀ ਵਿਚ ਫਸ ਗਈ। ਜੱਟ ਨੂੰ ਕਿਵੇਂ ਆਖੇ ਕਿ ਮੇਰੇ ਟੱਬਰ ਨੂੰ ਤਾਂ ਰੋਟੀ ਦਾ ਵੀ ਸੰਸਾ ਏ? ਉਹ ਕਦ ਮੰਨਣ ਲੱਗਾ? ਦੋ ਕੁ ਪਲ ਚੁਪ ਰਹਿ ਕੇ ਦਲੀਪੇ ਨੇ ਤਰਲੇ ਨਾਲ ਆਖਿਆ, "ਬਈ ਤਾਇਆ, ਜਿਥੇ ਤੈਂ ਐਨਾ ਸਬਰ ਕੀਤੈ, ਉਥੇ ਦੋ ਦਿਨ ਹੋਰ ਲੰਘਾ। ਕੋਈ ਹੀਲਾ ਕਰ ਕੇ ਜਾਂ ਤਾਂ ਰੁਪਈਏ ਦੇ ਦਊਂ, ਨਹੀਂ ਤੂੰ ਬਸ਼ੱਕ ਵਹਿੜੀ...।" ਦਲੀਪੇ ਦੀ ਵਾਜ ਥਿੜਕ ਗਈ।

ਸੱਜਰ-ਸੂਈ ਵਹਿੜੀ ਦਾ ਖਿਆਲ ਜੈਮਲ ਸਿੰਘ ਦੀ ਹਿੱਕ ਵਿਚ ਮਹਿਕਣ ਲੱਗਾ। "ਚੰਗਾ, ਅਈਂ ਸਹੀ, ਪਰ ਦੋ ਦਿਨਾਂ ਤੋਂ ਵੱਧ ਨ੍ਹੀਂ ਮੇਰੀ ਪਹੁੰਚ ਅਟਕਣ ਦੀ।" ਤੇ ਉਹ ਰਾਹ ਛੱਡ ਕੇ ਇਕ ਪਾਸੇ ਤੁਰ ਪਿਆ।

ਦੋ ਦਿਨਾਂ ਵਿਚ ਵੀ ਦਲੀਪੇ ਤੋਂ ਰੁਪਈਏ ਤਿਆਰ ਨਾ ਹੋ ਸਕੇ। ਚੌਥੇ ਦਿਨ ਸਵੇਰੇ ਹੀ ਵਹਿੜੀ ਲੈਣ ਲਈ ਜੈਮਲ ਸਿੰਘ ਦਲੀਪੇ ਦੇ ਘਰ ਆ ਗਿਆ।

ਵਿਹੜੇ ਵਿਚ ਮਿੱਠੀ ਮਿੱਠੀ ਧੁੱਪ ਸੀ। ਟਾਟਕੇ ਖੜ੍ਹੀ ਵਹਿੜੀ ਖੁਰਲੀ ਉਤੇ ਚਰ ਰਹੀ ਸੀ, ਕੋਲ ਹੀ ਛੋਟੀ ਕਿੱਲੀ ਨਾਲ ਬੰਨ੍ਹਿਆ ਵੱਛਾ ਮਾਂ ਦੇ ਥਣਾਂ ਵੱਲ ਤਿੰਘੜ ਰਿਹਾ ਸੀ। ਦਲੀਪਾ ਅੰਦਰੋਂ ਉਠ ਕੇ ਵਿਹੜੇ ਵਿਚ ਆ ਗਿਆ। ਸਾਗ ਵਿਚ ਆਲਣ ਪਾਉਣਾ ਛੱਡ ਕੇ, ਕਾਣਾ ਘੁੰਡ ਕੱਢੀ ਕਰਤਾਰੋ ਵੀ ਗਾਂ ਕੋਲ ਆ ਖੜ੍ਹੀ।

ਜੈਮਲ ਸਿੰਘ ਨੇ ਗਾਂ ਦੀ ਪਿੱਠ ਉਤੇ ਹੱਥ ਫੇਰਿਆ, "ਬਸ ਮੇਰੀਏ ਬੱਗੀਏ...।" ਗਾਂ ਨੇ ਓਪਰੀ ਛੋਹ ਪਛਾਣ ਕੇ ਹੁਰਕਿਆ। ਜੈਮਲ ਸਿੰਘ ਨੇ ਵੱਛੇ ਦੇ ਮੂੰਹ ਨੂੰ ਪੁਚਕਾਰਿਆ। ਵੱਛੇ ਨੇ ਕੰਬ ਕੇ ਟਪੂਸੀ ਮਾਰੀ, ਘੁੰਗਰੂ ਛਣਕਿਆ। ਜੀਤੋ ਛਤਨੇ ਹੇਠ ਗੁੱਡੀਆਂ ਪਟੋਲੇ ਖੇਡਦੀ ਸੀ। ਖੁਰਲੀ ਕੋਲ ਬੋਲ ਬੁਲਾਰਾ ਤੇ ਘੁੰਗਰੂ ਦੀ 'ਵਾਜ ਸੁਣ ਕੇ ਉਹਨੂੰ ਖੇਡ ਭੁੱਲ ਗਈ। ਉਹ ਵੀ ਵਿਹੜੇ ਵਿਚ ਆ ਕੇ ਤੱਕਣ ਲੱਗ ਪਈ।

ਅੱਸੀ ਰੁਪਏ ਗਾਂ ਦਾ ਮੁੱਲ ਪਿਆ।

"ਵਹਿੜਕੀ ਤਾਂ ਹੈ ਨਿਰੀ, ਪਹਿਲੇ ਸੂਏ ਦੁੱਧ ਵੀ ਕੀ ਹੁੰਦੈ? ਖੁਰ ਵਢਾਈ ਐ ਪੱਲੇ...।" ਲਹਿਣੇਦਾਰ ਨੇ ਢੁੱਚਰ ਕੀਤੀ, "ਡੂਢ ਮਣ ਦਾਣੇ ਲੈ ਆਈਂ ਘਰੋਂ, ਪੱਚੀਆਂ ਦੇ ਭਾ ਕਣਕ ਐ।"

ਦਲੀਪਾ ਥੰਮ੍ਹ ਵਾਂਗ ਚੁਪ ਖੜ੍ਹਾ ਰਿਹਾ।

"ਬਾਖਰੂ ਜੀ।" ਜੈਮਲ ਸਿੰਘ ਝੁਕ ਕੇ ਕਿੱਲੇ ਨਾਲੋਂ ਰੱਸਾ ਖੋਲ੍ਹਣ ਲੱਗਾ।

ਕਰਤਾਰੋ ਦੇ ਮਨ ਵਿਚ ਹੂਕ ਉਠੀ, ਅੱਗੇ ਵੀ ਨਿੱਤ ਇਸੇ ਵੇਲੇ ਮੇਰੀ ਵਹਿੜੀ ਦਾ ਰੱਸਾ ਖੁੱਲ੍ਹਦਾ ਸੀ, ਪਰ ਉਹ ਆਥਣੇ ਚੌਣਿਓ ਚਰ ਕੇ ਹੇਜ ਵਿਚ ਰੰਭਦੀ ਤੇ ਪੂਛ ਹਿਲਾਉਂਦੀ ਇਸੇ ਕਿੱਲੇ 'ਤੇ ਆ ਬੱਝਦੀ ਸੀ। ਅੱਜ ਦੀ ਸੈਂਤ ਕੇਹੀ ਚੰਦਰੀ...।

ਤੇ ਉਹਨੇ ਝੋਨੇ ਦੇ ਲੜ ਨਾਲ ਅੱਖਾਂ ਪੂੰਝ ਲਈਆਂ।

ਰੱਸਾ ਫੜ ਕੇ ਜੈਮਲ ਸਿੰਘ ਤੁਰਨ ਲੱਗਾ, "ਚੱਲ ਨੀ ਮੇਰੀਏ ਬੱਗੀਏ, ਸੁਖ ਨਾਲ ਬੁੱਧਵਾਰ ਐ।" ਪਰ ਵਹਿੜੀ ਖੁਰ ਅੜਾ ਕੇ ਖੜ੍ਹ ਗਈ।

ਹੀ...ਹੀ...ਹੀ... ਸਹੁਰੀ ਓਪਰਾ ਕਰਦੀ ਐ ਓਪਰਾ," ਜੈਮਲ ਸਿੰਘ ਨੇ ਦਲੀਪੇ ਵੱਲ ਝਾਕ ਕੇ ਕਿਹਾ।

"ਓ ਜੈਮਲ ਸਿਆਂ, ਐਂ ਨ੍ਹੀਂ ਤੁਰਨਾ ਵਹਿੜੀ ਨੇ।" ਗਲੀ 'ਚੋਂ ਲੰਘੇ ਜਾਂਦੇ ਵਰਿਆਮੇ ਜੱਟ ਨੇ ਦਰਾਂ ਅੱਗੇ ਖੜ੍ਹੋ ਕੇ ਸਲਾਹ ਦਿੱਤੀ, "ਵੱਛਰੂ ਨੂੰ ਗੋਦੀ ਚੁੱਕ ਕੇ ਮੂਹਰੇ ਹੋ ਲੈ, ਆਪੇ ਆਊਗੀ ਮਗਰ ਮਗਰ ਸਾਲੀ।"

ਜੈਮਲ ਸਿੰਘ ਨੇ ਵੱਛੇ ਨੂੰ ਕਲਾਵੇ ਵਿਚ ਚੁੱਕ ਲਿਆ।

"ਮੇਰੀ ਮੀ...ਮੀ...।" ਕਰਤਾਰੋ ਦਾ ਪੱਲਾ ਖਿੱਚ ਕੇ ਜੀਤੋ ਨੇ ਮਸੋਸੇ ਮੂੰਹ ਨਾਲ ਕਿਹਾ।

"ਕਿਉਂ ਕੁੜੇ ਬੀਬੋ, ਕੀ ਕਹਿੰਨੀ ਐਂ? ਘੁੰਗਰੂ ਲੈਣੈ ਆਪਦਾ?" ਜੈਮਲ ਸਿੰਘ ਨੇ ਵੱਛੇ ਦੇ ਗਲੋਂ ਘੁੰਗਰੂ ਵਾਲੀ ਗਾਨੀ ਖੋਲ੍ਹ ਕੇ ਕੁੜੀ ਵਲ ਸੁੱਟ ਦਿੱਤੀ, "ਲੈ ਫੜ।"

ਜੀਤੋ ਘੁੰਗਰੂ ਵੱਲ ਬਿਟ ਬਿਟ ਦੇਖਣ ਲੱਗ ਪਈ, ਤੇ ਗਾਂ ਜੈਮਲ ਸਿੰਘ ਦੇ ਪਿਛੇ ਪਿਛੇ ਗਲੀ ਦਾ ਮੋੜ ਮੁੜ ਗਈ।

ਸਾਰੇ ਪਿੰਡ ਦਾ ਮਾਮਲਾ ਤਰ ਗਿਆ। ਤੀਜੇ ਦਿਨ, ਉਹੀ ਗਾਂ ਜੈਮਲ ਸਿੰਘ ਦੇ ਘਰੋਂ ਖੁੱਲ੍ਹ ਕੇ ਨੰਦੂ ਮੱਲ ਸ਼ਾਹੂਕਾਰ ਦੇ ਕਿੱਲੇ ਉਤੇ ਜਾ ਬੱਝੀ।

## ਗਜ਼ਲ

ਪਵਨ ਵਿਚ ਜੋ ਪ੍ਰੇਮ ਸੁਨੇਹੇ ਭਰਦਾ ਹੈ।
ਪੱਥਰ ਦਿਲ ਨੂੰ ਪਿਘਲਣ ਵਾਲਾ ਕਰਦਾ ਹੈ।
ਦੁਸ਼ਮਣ ਵਲੋਂ ਵਿਛੀ ਸੁਰੰਗ ਬਾਰੂਦੀ 'ਤੇ
ਮੋਮਬੱਤੀਆਂ, ਫੁੱਲ ਪੱਤੀਆਂ ਧਰਦਾ ਹੈ।
ਖੁਦਾ ਅਤੇ ਸਰਕਾਰ ਦੇ ਅੱਗੇ ਫੈਲੀ ਜੋ
ਝੋਲੀ ਵੇਖੋ ਰਿਜ਼ਕ ਕਦੋਂ ਉਹ ਭਰਦਾ ਹੈ।
ਚੜ੍ਹਦਾ ਸੂਰਜ ਵੇਖਣ ਦਾ ਆਦੀ ਹੋਇਆ
ਡੁਬਦੇ ਸੂਰਜ ਵੱਲ ਨਿਗਾਹ ਨਾ ਕਰਦਾ ਹੈ।
ਨੇਤਾ, ਹਾਕਮ ਜਿਹੜੇ ਨੇ ਖੁਦਗਰਜ਼ ਬਣੇ
ਅਕਲ ਇਨ੍ਹਾਂ ਦੀ ਉਤੇ ਪੈ ਗਿਆ ਪਰਦਾ ਹੈ।
ਅਮਰੀਕਾ ਦੀ ਮਿੱਠੀ ਜੇਲ੍ਹ ਦਾ ਕੈਦੀ 'ਗਿੱਲ'
ਯਾਰ ਆਖਦੇ 'ਸਵਰਗਵਾਸ' ਉਹ ਕਰਦਾ ਹੈ।
ਹੋ ਜਾਊ ਅਮਰ ਉਹ ਰਹਿੰਦੀ ਦੁਨੀਆਂ ਵਿਚ
'ਗਿੱਲ' ਜੋ ਉਸ ਕਾਫਿਰ ਬੁੱਤ 'ਤੇ ਮਰਦਾ ਹੈ।

*-ਜੁਗਰਾਜ ਗਿੱਲ, ਯੌਰਕ*
*ਫੋਨ: 704-257-6693*

## ਹਰੀ ਕ੍ਰਾਂਤੀ ਦੀ ਪਟਾਰੀ ਵਿਚੋਂ

ਅੰਨ ਦਾਤਿਆ! ਦੇਸ਼ ਕਰਜਾਈ ਤੇਰਾ!
ਸਵਾ ਅਰਬ ਲਈ ਅੰਨ ਉਪਜਾ ਲਿਆ ਤੂੰ!
ਹਰੀ ਕ੍ਰਾਂਤੀ ਦੀ ਪਟਾਰੀਓਂ ਭੁੜਕ ਡਿੱਗਾ
ਸੱਪ ਕਰਜੇ ਦਾ ਗਲ ਲਟਕਾ ਲਿਆ ਤੂੰ!

ਇਸ ਚੰਦਰੀ ਕ੍ਰਾਂਤੀ ਦਾ ਗੁਲਾਮ ਹੋ ਕੇ
ਜ਼ਹਿਰ ਹਵਾ ਪਾਣੀ ਮਿੱਟੀ 'ਚ ਮਿਲਾ ਲਿਆ ਤੂੰ
ਜਾਲ ਮੱਕੜੀ ਦੇ ਵਿਚ ਮੱਖੀ ਵਾਂਗ ਬੱਧੇ
ਖੂਨ ਘੁੱਟ ਘੁੱਟ ਪੀਂਵਣਾ ਕਰਾ ਲਿਆ ਤੂੰ!

ਚੰਗਾ ਹੁੰਦਾ ਜੇ ਤੂੰ ਯੁੱਧ 'ਚ ਸ਼ਹੀਦ ਹੁੰਦਾ
ਖੁਦਕੁਸ਼ੀ ਦਾ ਕਲੰਕ ਹੀ ਲਗਾ ਲਿਆ ਤੂੰ!
'ਬਾਬਾ ਅੜਬ' ਹੁਣ ਛੁਟੇਂਗਾ ਜਾਲ ਵਿਚੋਂ
ਰਾਜੇ ਸ਼ੀਂਹਾਂ ਨੂੰ ਜਦ ਹੀ ਢਾਹ ਲਿਆ ਤੂੰ!

*-ਕਰਮ ਸਿੰਘ, ਬਾਬਾ ਅੜਬ*
*ਫੋਨ: 91-98784-03131*

# ਦਿਨ-ਦਿਆਨਤਾ

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਕੁਝ ਲੇਖਾਂ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਸੀ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜਾਹਰ ਕੀਤਾ ਸੀ। ਪਿਛਲੇ ਲੇਖ ਵਿਚ ਉਨ੍ਹਾਂ ਮਨ ਦੇ ਅੰਦਰਲੀ ਤੇ ਬਾਹਰਲੀ ਚੁੱਪ ਦੀ ਗੱਲ ਕਰਦਿਆਂ ਕਿਹਾ ਸੀ, "ਅੰਦਰਲੀ ਚੁੱਪ ਮਨੁੱਖ ਨੂੰ ਉਸ ਦੇ ਅੰਦਰ ਨਾਲ ਜੋੜਦੀ ਜਦ ਕਿ ਬਾਹਰਲੀ ਚੁੱਪ ਉਸ ਨੂੰ ਅੰਦਰ ਨਾਲੋਂ ਤੋੜਦੀ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਸੂਰਜ ਦੀਆਂ ਬਖਸ਼ੀਆਂ ਨਿਆਮਤਾਂ ਦੀ ਗੱਲ ਕਰਦਿਆਂ ਲਿਖਿਆ ਹੈ, "ਹਰ ਦਿਨ ਨਵਾਂ, ਨਵੀਂ ਰੌਸ਼ਨੀ, ਨਿਵੇਕਲੀ ਧੁੱਪ, ਨਰੋਈ ਅੰਗੜਾਈ, ਨਵੇਂ-ਨਕੋਰ ਚਾਅ ਅਤੇ ਨਵੀਨਤਮ ਦੁਆ ਲੈ ਕੇ ਦਰੀਂ ਪਾਣੀ ਡੋਲ੍ਹਦਾ। ਪਰ ਇਸ ਨਵੀਨਤਾ ਵਿਚੋਂ ਕੀ ਕੁਝ ਨਵਾਂ ਨਕੋਰ, ਆਪਣੀ ਸੋਚ ਅਤੇ ਕਰਮ-ਸਾਧਨਾ ਦੇ ਨਾਮ ਲਾਉਂਦੇ ਹੋ, ਇਹ ਮਨੁੱਖੀ ਔਕਾਤ 'ਤੇ ਨਿਰਭਰ।" ਕਿੱਡੀ ਸੰਤ ਬਾਣੀ ਜਿਹੀ ਗੱਲ ਹੈ ਜਦੋਂ ਉਹ ਕਹਿੰਦੇ ਹਨ, "ਦਿਨ ਦੀਵੀਂ ਜਦ ਹਨੇਰ ਪਵੇ, ਖੂਨ ਦੀ ਹੋਲੀ ਖੇਡੀ ਜਾਵੇ, ਸਬੰਧਾਂ ਵਿਚ ਖੁਦਗਰਜ਼ੀ ਦਾ ਨਾਚ ਹੋਵੇ, ਰਿਸ਼ਤਿਆਂ ਵਿਚ ਨੀਚਤਾ ਦਨਦਨਾਵੇ, ਚੂੜੀਆਂ-ਕਲੀਰੇ ਤਿੜਕਨ ਲੱਗ ਪੈਣ ਅਤੇ ਸਿਰ ਦੀ ਸੂਹੀ ਚੁੰਨੀ ਨੂੰ ਚਿੱਟੇਪਨ ਦਾ ਰੁਦਨ ਹੰਢਾਉਣਾ ਪਵੇ ਤਾਂ ਦਿਨ ਭੁੱਬੀਂ ਰੋਂਦਾ।" -ਸੰਪਾਦਕ***

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਦਿਨ, ਸੂਰਜ ਦੀ ਦਸਤਕ, ਸਵੇਰ ਦਾ ਸ਼ੁਭ-ਆਗਮਨ, ਘੁਸਮੁਸੇ ਨੂੰ ਅਲਵਿਦਾ ਅਤੇ ਦਰਾਂ 'ਤੇ ਤ੍ਰੇਲ ਚੋਂਦੀਆਂ ਸੁੱਚੀਆਂ ਕਿਰਨਾਂ।

ਦਿਨ, ਚਾਨਣ-ਤਰੌਂਕਾ, ਕੋਸੇ ਕੋਸੇ ਪਹਿਰਾਂ ਦੀ ਪੈੜਚਾਲ, ਨਿੰਘੀਆਂ ਕਿਰਨਾਂ ਦਾ ਬਨੇਰਿਆਂ ਤੋਂ ਲਹਿਣਾ ਅਤੇ ਵਿਹੜਿਆਂ ਵਿਚ ਚਹਿਲ-ਪਹਿਲ ਨੂੰ ਖੁਸ਼ਆਮਦੀਦ ਕਹਿਣਾ।

ਦਿਨ, ਨਿੱਕੇ ਨਿੱਕੇ ਰੁਝੇਵਿਆਂ ਨੂੰ ਸੱਦਾ, ਤਰੋ-ਤਾਜ਼ਗੀ ਨੂੰ ਨਿੱਤਨੇਮ ਦੇ ਨਾਂ ਕਰਨਾ ਅਤੇ ਨਵੇਂ ਹੁਲਾਸ ਤੇ ਉਦਮ ਨਾਲ ਜੀਵਨ-ਰਾਹਾਂ ਨੂੰ ਨਤਮਸਤਕ ਹੋਣਾ।

ਦਿਨ, ਕੁਦਰਤੀ ਕ੍ਰਿਆਵਾਂ ਸੋਧਣਾ, ਸਵੱਛਤਾ ਦਾ ਪਹਿਰਾਵਾ ਓਡਨਾ, ਸਰੀਰਕ ਤੇ ਮਾਨਸਿਕ ਤੰਦਰੁਸਤੀ, ਤਾਜ਼ਗੀ ਅਤੇ ਪਾਕੀਜ਼ਗੀ ਲਈ ਉਚੇਚ।

ਦਿਨ ਚੜ੍ਹਦੇ ਦੀ ਲਾਲੀ ਵਿਚ ਲੰਮੇ ਕਦਮੀਂ ਮੰਜ਼ਲਾਂ ਸਰ ਕਰਦੇ, ਡੂੰਘੇ ਸਾਹੀਂ ਜੀਵਨ ਨੂੰ ਲੰਮੇਰੀ ਉਮਰ ਦਾ ਵਰਦਾਨ ਦਿੰਦੇ ਅਤੇ ਕੁਦਰਤ ਨਾਲ ਗੁਫਤਗੂ ਵਿਚ ਰੁੱਝੇ ਸੁਚੇਤ ਲੋਕ, ਸਵੇਰ ਦਾ ਨਿੱਤਨੇਮੀ ਕਰਮ।

ਦਿਨ, ਨਵੇਂ ਵਿਚਾਰਾਂ, ਖਿਆਲਾਂ, ਸੋਚਾਂ ਤੇ ਸਰੋਕਾਰਾਂ ਸੰਗ ਲਬਰੇਜ਼ ਹੋਣਾ। ਜਦ ਦਿਨ ਦੇ ਮੱਥੇ 'ਤੇ ਨਵੇਂ ਸੁਪਨਿਆਂ, ਸਾਧਨਾਵਾਂ ਅਤੇ ਸਫਲਤਾਵਾਂ ਦਾ ਟਿੱਕਾ ਲਾਉਣ ਦਾ ਮਨ ਵਿਚ ਧਾਰੀਏ ਤਾਂ ਦਿਨ ਦੀ ਸ਼ੁਕਰਗੁਜਾਰੀ ਸਾਡੇ ਨਾਂ ਹੁੰਦੀ।

ਦਿਨ, ਨਵੀਂ ਪਹਿਲ ਕਰਨ, ਨਵੇਂ ਕਦਮ ਪੁੱਟਣ, ਨਵੇਂ ਰਾਹ ਸਿਰਜਣ ਅਤੇ ਨਵੀਆਂ ਮੰਜ਼ਲਾਂ ਪਾਉਣ ਦਾ ਸਭ ਤੋਂ ਉਤਮ ਪੜੁੱਲ।

ਦਿਨ, ਕਦੇ ਖੇਤਾਂ ਵਿਚ ਵਗਦੀਆਂ ਜੋਗਾਂ, ਚਾਟੀ ਵਿਚ ਗੂੰਜਦੀਆਂ ਮਧਾਣੀਆਂ, ਵਗਦੇ ਖੂਹਾਂ 'ਤੇ ਬਲਦਾਂ ਨੂੰ ਮਾਰੇ ਲਲਕਾਰੇ ਅਤੇ ਅੱਧ-ਰਿੜਕਾ ਪੀ ਕੇ ਗੱਭਰੂਆਂ ਦੀਆਂ ਡੰਡ-ਬੈਠਕਾਂ ਨਾਲ ਅਰੰਭ ਹੁੰਦਾ ਸੀ ਜੋ ਹੁਣ ਸਿਰਫ ਬੀਤੇ ਦੀ ਇਕ ਯਾਦ ਬਣ ਕੇ ਰਹਿ ਗਈ ਏ।

ਦਿਨ, ਪੋਲੇ ਪੋਲੇ ਪੱਬੀਂ ਚੁਬਾਰੇ ਤੋਂ ਉਤਰਦੀ ਲੋਅ, ਜੋ ਵਿਹੜੇ ਦੇ ਭਾਗ ਜਗਾਉਂਦੀ, ਚੌਂਕਾ ਸੁੱਚਾ ਕਰਦੀ ਅਤੇ ਪਰਿਵਾਰ ਤੇ ਵੱਸਦੇ ਘਰਾਂ ਦੀ ਸੁੱਖ ਲੋਚਦੀ। ਇਹ ਲੋਚਾ ਹੀ ਕੰਧਾਂ ਨੂੰ ਘਰ ਅਤੇ ਛੱਤਾਂ ਨੂੰ ਅਸੀਸ ਤੇ ਦੁਆ ਦਾ ਰੁਤਬਾ ਦਿੰਦੀ।

ਹਰ ਦਿਨ ਨਵਾਂ, ਨਵੀਂ ਰੌਸ਼ਨੀ, ਨਿਵੇਕਲੀ ਧੁੱਪ, ਨਰੋਈ ਅੰਗੜਾਈ, ਨਵੇਂ-ਨਕੋਰ ਚਾਅ ਅਤੇ ਨਵੀਨਤਮ ਦੁਆ ਲੈ ਕੇ ਦਰੀਂ ਪਾਣੀ ਡੋਲ੍ਹਦਾ। ਪਰ ਇਸ ਨਵੀਨਤਾ ਵਿਚੋਂ ਕੀ ਕੁਝ ਨਵਾਂ ਨਕੋਰ, ਆਪਣੀ ਸੋਚ ਅਤੇ ਕਰਮ-ਸਾਧਨਾ ਦੇ ਨਾਮ ਲਾਉਂਦੇ ਹੋ, ਇਹ ਮਨੁੱਖੀ ਔਕਾਤ 'ਤੇ ਨਿਰਭਰ।

ਦਿਨ ਦੇ ਦੁਆਰ 'ਤੇ ਬਹੁਤ ਕੁਝ ਬਹੁੜਦਾ। ਕੁਝ ਮੰਗਦਾ, ਕੁਝ ਦਿੰਦਾ। ਕੁਝ ਲੋਚਦਾ, ਕੁਝ ਖੋਂਹਦਾ। ਕੁਝ ਦੇਣਦਾਰੀਆਂ, ਕੁਝ ਲੈਣਦਾਰੀਆਂ। ਕੁਝ ਤਮੰਨਾਵਾਂ ਦੀ ਤਹਿਜ਼ੀਬ, ਕੁਝ ਆਸਾਂ ਦੀ ਸਲੀਬ। ਕੁਝ ਮਿਲਾਪ ਦੇ ਪਲ, ਕੁਝ ਵਿਛੋੜੇ ਦੀ ਚਸਕ।

ਕੁਝ ਦਿਨ ਲੋਅ ਵਰਗੇ, ਤੀਆਂ ਦਾ ਨਿਉਂਦਾ। ਕੁਝ ਡੁੱਬਦੇ ਦਿਨ ਦੀ ਗਹਿਰ ਵਰਗੇ, ਜੋ ਉਦਾਸ ਪਲਾਂ ਦੀ ਤ੍ਰਾਸਦੀ ਜੀਵਨ-ਤਲੀ 'ਤੇ ਧਰਦੇ।

ਦਿਨ ਤਾਂ ਦਿਨ ਹੁੰਦਾ। ਦਿਨ ਨੂੰ ਕਿਹੜੇ ਰੰਗ, ਕਿਹੜੀਆਂ ਰੁੱਤਾਂ, ਕਿਹੜੇ ਪਹਿਰ ਅਤੇ ਕਿਹੜੀ ਤਹਿਕੀਆਤ ਵਿਚ ਮਾਣਨਾ ਚਾਹੁੰਦੇ ਹੋ, ਹਰ ਮਨੁੱਖ ਦਾ ਆਪੋ-ਆਪਣਾ ਨਜ਼ਰੀਆ।

ਦਿਨ ਦੀਵੀਂ ਜਦ ਹਨੇਰ ਪਵੇ, ਖੂਨ ਦੀ ਹੋਲੀ ਖੇਡੀ ਜਾਵੇ, ਸਬੰਧਾਂ ਵਿਚ ਖੁਦਗਰਜ਼ੀ ਦਾ ਨਾਚ ਹੋਵੇ, ਰਿਸ਼ਤਿਆਂ ਵਿਚ ਨੀਚਤਾ ਦਨਦਨਾਵੇ, ਚੂੜੀਆਂ-ਕਲੀਰੇ ਤਿੜਕਨ ਲੱਗ ਪੈਣ ਅਤੇ ਸਿਰ ਦੀ ਸੂਹੀ ਚੁੰਨੀ ਨੂੰ ਚਿੱਟੇਪਨ ਦਾ ਰੁਦਨ ਹੰਢਾਉਣਾ ਪਵੇ ਤਾਂ ਦਿਨ ਭੁੱਬੀਂ ਰੋਂਦਾ।


ਜਦ ਵਕਤ ਨੂੰ ਸਰਾਪ ਮਿਲਦਾ ਤਾਂ ਦਿਨ, ਰਾਤ ਦੀ ਜੂਨ ਹੰਢਾਉਣ ਲਈ ਮਜਬੂਰ ਹੁੰਦਾ। ਅਜਿਹੇ ਕਾਲੇ ਪਹਿਰਾਂ ਵਿਚ ਅਕਸਰ ਹੀ ਵਰਤਦਾ ਜਦ ਜ਼ੁਲਮ ਦਾ ਕਹਿਰ, ਹਰ ਬਸਤੀ ਵਿਚ ਨਾਜ਼ਲ ਹੋ, ਅਣਹੋਣੀਆਂ ਦਾ ਨਾਮਕਰਨ ਬਣ ਜਾਂਦਾ।

ਦਿਨ, ਦਿਨ ਹੀ ਰਹੇ ਤਾਂ ਇਸ ਦੇ ਰੰਗ ਵਿਚ ਰੰਗੀਆਂ ਜਾਂਦੀਆਂ ਬਚਪਨੀ ਸ਼ਰਾਰਤਾਂ, ਤੋਤਲੇ ਬੋਲਾਂ ਵਿਚ ਗੁਦਗਦਾਉਂਦੀਆਂ ਅਣਭੋਲ ਬਾਤਾਂ ਅਤੇ ਮਿਲ ਬੈਠ ਕੇ ਮਾਣੇ ਜਾਂਦੇ ਸੁਹਾਵਣੇ ਪਲ। ਇਨ੍ਹਾਂ ਪਲਾਂ ਦੀ ਸੱਤਰੰਗੀ ਚੁੱਪ ਵਿਚ ਘੁਲੀ ਹੁੰਦੀ ਬੋਲਾਂ ਦੀ ਨਾਦ-ਬਾਣੀ ਜੋ ਜ਼ਿੰਦਗੀ ਜਿਉਣ ਦਾ ਸਬੱਬ ਅਤੇ ਸਾਰਥਕਤਾ ਬਖ਼ਸ਼ਦੀ।

ਦਿਨ ਦੀ ਬੀਹੀ ਵਿਚ ਚਾਨਣ ਹੋਕਰਾ ਦਿੰਦਾ, ਕੁੰਗੜੇ ਪਲ ਨਿੰਘ ਵਿਚ ਫੜਫੜਾਉਂਦੇ ਅਤੇ ਸੰਦਲੀ ਪਲਾਂ ਵਿਚ ਰੰਗਿਆ ਜੀਵਨ-ਸੋਚ ਦਾ ਸੂਰਜ ਲਿਸ਼ਕੋਰਦਾ।

ਦਿਨ ਹੁੰਦਾ ਤਾਂ ਜ਼ਿੰਦਗੀ ਵਿਚ ਮੌਲਣ ਦਾ ਚਾਅ ਮਿਉਂਦਾ, ਨਵੇਂ ਸਰੋਕਾਰਾਂ ਤੇ ਸਫਰਾਂ ਵੰਨੀਂ ਕਦਮ ਅਹੁਲਦੇ ਅਤੇ ਨਵੀਆਂ ਪ੍ਰਾਪਤੀਆਂ ਦੇ ਸ਼ਿਲਾਲੇਖ ਜੀਵਨ-ਇਬਾਰਤ ਬਣਦੇ।

ਦਿਨ ਦੀ ਬੀਹੀ ਵਿਚ ਰਾਤ ਬੀਜਣ ਵਾਲੇ ਤਾਂ



ਬਹੁਤ ਪਰ ਕੁਝ ਕੁ ਵਿਰਲੇ ਜੋ ਰਾਤ ਦੀ ਕੁੱਖ ਵਿਚ ਦਿਨ ਦਾ ਜਾਗ ਲਾ ਸੂਰਜਾਂ ਦੀ ਭਰਵੀਂ ਫਸਲ ਉਗਾਉਂਦੇ। ਇਸ ਦੇ ਚਾਨਣ ਵਿਚ ਕੁਕਰਮ ਭਰੀਆਂ ਰਾਤਾਂ ਤ੍ਰਹਿੰਦੀਆਂ ਅਤੇ ਰਾਤ-ਬੀਹੀ ਵਿਚ ਵੀ ਸੂਹੇ ਪਲਾਂ ਦਾ ਨਾਦ ਗੂੰਜਦਾ।

ਦਿਨ ਨੂੰ ਦਿਨ ਦੇ ਬਾਣੇ ਵਿਚ ਦੇਖਣ ਦੇ ਚਾਹਵਾਨ ਇਸ ਦੀ ਤਰਕ-ਸੰਗਤਾ ਤੇ ਸਦੀਵਤਾ ਦਾ ਰਾਗ ਆਪਣੀ ਕਰਮਸ਼ੈਲੀ ਵਿਚ ਉਪਜਾਉਂਦੇ। ਹਰ ਦਿਨ ਦੀ ਤਲੀ 'ਤੇ ਨਿੱਤ ਉਗਮਣ ਦੀ ਮਹਿੰਦੀ ਲਾਉਂਦੇ। ਦਿਨ, ਨਵੇਂ ਹੁਲਾਸ, ਚਾਅ ਅਤੇ ਦਿਲਦਾਰੀ ਨਾਲ ਨਵੀਆਂ ਰਹਿਤਲਾਂ 'ਤੇ ਚਾਨਣ ਵੰਡਦਾ ਚਾਨਣ-ਰੁੱਤ ਦਾ ਸੰਧਾਰਾ ਹਰ ਝੋਲੀ ਵਿਚ ਪਾਉਂਦਾ।

ਦਿਨ ਵਰਗੀ ਦਰਿਆ ਦਿਲੀ, ਦੀਵਾਨਗੀ ਅਤੇ ਦਰਵੇਸ਼ੀ ਜਦ ਮਨੁੱਖੀ ਸੋਚ ਵਿਚ ਪੁੰਗਰਨ ਲੱਗ ਪਵੇ ਤਾਂ ਮਨੁੱਖੀ ਫਿਤਰਤ ਵਿਚ ਕਰਮਯੋਗਤਾ ਦਾ ਵਾਸਾ ਹੁੰਦਾ ਜੋ ਬੰਦਿਆਈ, ਭਲਿਆਈ ਅਤੇ ਚੰਗਿਆਈ ਦਾ ਸੁਗਮ ਸੁਨੇਹਾ ਚੌਗਿਰਦੇ ਵਿਚ ਫੈਲਾਉਂਦੀ।

ਦਿਨ ਹੈ ਤਾਂ ਜੀਵਨ-ਧੜਕਣ ਹੈ, ਸਾਹਾਂ ਦੀ ਸੱਤਵਰਗੀ ਹੈ, ਸੋਚਾਂ ਦੀ ਸਤਰੰਗੀ ਹੈ, ਸੰਵੇਦਨਾ ਦਾ ਸੂਰਜ-ਕੁੰਡ ਹੈ ਅਤੇ ਸੁਹਜ ਤੇ ਸਹਿਜ ਦਾ ਸੰਗੀਤ ਹੈ।

ਦਿਨ, ਜੀਵਨ-ਸਫਰ ਦਾ ਬਿੰਬ; ਚੜ੍ਹਦੇ ਦਿਨ ਵਿਚ ਹੋਸ਼ ਨਾਲੋਂ ਜੋਸ਼ ਹਾਵੀ, ਸਿਖਰ ਦੁਪਹਿਰ ਨੂੰ ਜਵਾਨੀ, ਹੁਸਨ ਅਤੇ ਹੰਕਾਰ ਵਿਚ ਡੁੱਬਾ ਮਨੁੱਖ ਮੌਢਿਆਂ ਤੋਂ ਥੁੱਕਦਾ। ਪਰ ਢਲਦੇ ਪ੍ਰਛਾਵੇਂ ਮਨੁੱਖ ਨੂੰ ਅਤੀਤ ਦੇ ਰੂਬਰੂ ਕਰ, ਉਸ ਦੀ ਸੰਵੇਦਨਾ ਝੰਜੋੜਦੇ, ਉਸ ਦੀ ਔਕਾਤ ਤੇ ਢਲਦੀ ਅਉਧ ਦੇ ਸਨਮੁੱਖ ਕਰਦੇ ਅਤੇ ਆਖਰ ਨੂੰ ਪੱਛਮ ਵੰਨੀਂ ਚੁੱਭੀ ਗਹਿਰ, ਦਿਨ ਦੇ ਖਤਮ ਹੋ ਰਹੇ ਸਫਰ ਦੀ ਭੁੱਗਰੀ ਪਾ ਬੀਤੇ ਦਿਨ ਦਾ ਜਸ਼ਨ ਮਨਾਉਂਦੀ।

ਦਿਨ ਤੇ ਰਾਤ ਦਾ ਚੜ੍ਹਨਾ ਤੇ ਲਹਿਣਾ, ਇਕ ਨਿਰੰਤਰ ਵਰਤਾਰਾ। ਨਾ ਦਿਨ ਸਦੀਵ ਰਹਿੰਦਾ ਅਤੇ ਨਾ ਹੀ ਰਾਤ ਨੇ ਸਦੀਵ ਰਹਿਣਾ। ਪਲ ਪਲ ਬਦਲੇ ਹਾਲਾਤ ਅਤੇ ਮੌਸਮ ਵੀ ਦਿਨ-ਰਾਤ ਦਾ ਪ੍ਰਤੀਬਿੰਬ। ਜਦ ਕਿਸੇ ਨੇ ਵੀ ਸਦੀਵ ਨਹੀਂ ਰਹਿਣਾ ਤਾਂ ਜੀਵਨ-ਰਾਹਾਂ 'ਤੇ ਤੁਰਦਿਆਂ ਪੀੜਾਂ, ਦੁੱਖਾਂ ਅਤੇ ਤੰਗੀਆਂ-ਤੁਰਸ਼ੀਆਂ ਤੋਂ ਕੀ ਘਬਰਾਉਣਾ! ਇਨ੍ਹਾਂ ਨੇ ਵੀ ਖੁਸ਼ੀਆਂ ਦਾ ਬਾਣਾ ਪਾਉਣਾ ਅਤੇ ਖੇੜਿਆਂ ਦੀ ਦਸਤਕ ਦਾ ਰੂਪ ਵਟਾਉਣਾ। ਇਕ ਨਿਰੰਤਰ ਵਰਤਾਰੇ ਨੂੰ ਸਮਝ ਅਤੇ ਇਸ ਅਨੁਸਾਰ ਜ਼ਿੰਦਗੀ ਜਿਉਣ ਵਾਲੇ ਜੀਵਨ ਦਾ ਸੁੱਚਾ ਨਾਮਕਰਨ।

ਦਿਨ ਦੀਆਂ ਦੇਣਦਾਰੀਆਂ ਅਤੇ ਨਿਆਮਤਾਂ ਸਿਰਫ ਨੈਣਾਂ ਵਾਲੇ ਸਮਝ ਸਕਦੇ। ਨੈਣ-ਵਿਹੂਣੇ ਲੋਕਾਂ ਨੂੰ ਇਕ ਸੂਰਜ ਆਪਣੇ ਅੰਦਰ ਬਾਲਣਾ ਪੈਂਦਾ ਹੈ ਤਾਂ ਕਿ ਅੰਤਰੀਵੀ ਦਿਨ ਦੇ ਚਾਨਣ ਵਿਚ ਉਹ ਚਾਨਣ-ਰੱਤੇ ਰਾਹਾਂ ਦਾ ਮਾਰਗ-ਦਰਸ਼ਨ ਮਾਣ ਸਕਣ। ਜੇ ਨੈਣਾਂ ਵਾਲੇ ਵੀ ਆਪਣੇ ਅੰਦਰਲੇ ਤੇ ਬਾਹਰਲੇ ਸੂਰਜਾਂ ਵਿਚ ਇਕ ਸੰਤੁਲਨ ਬਣਾ, ਜੀਵਨ ਤੋਰ ਨੂੰ ਵਿਉਂਤਣ ਤਾਂ ਜ਼ਿੰਦ-ਬੀਹੀ 'ਚ ਸੂਰਜਾਂ ਦੀ ਸੱਦ ਸੁਣੇਗੀ।

ਦਿਨ ਚੜ੍ਹਦਾ ਤਾਂ ਇਕ ਨਵੀਂ ਉਮੰਗ/ਰੀਝ ਜਿੰਦ ਬਨੇਰੇ 'ਤੇ ਆਸ ਦਾ ਦੀਵਾ ਧਰਦੀ। ਪਰ ਪੈਰੋ-ਪੈਰ ਪੱਛਮ ਵੱਲ ਨੂੰ ਜਾ ਰਿਹਾ ਸੂਰਜ, ਦਿਨ ਦੀ ਅਲਵਿਦਾਇਗੀ ਦਾ ਸੂਚਕ। ਦਿਨ ਦੇ ਸਫਰ ਵਿਚ ਤੁਸੀਂ ਕਿੰਨਿਆਂ ਲਈ ਡੰਗੋਰੀ ਬਣੇ, ਕਿੰਨਿਆਂ ਦੇ ਨੈਣਾਂ ਵਿਚ ਅੱਖਰ-ਜੋਤ ਧਰੀ, ਕਿਸ ਦੀ ਸੋਚ-ਜੂਹੇ ਜੀਵਨ ਤਰੰਗ ਭਰੀ ਜਾਂ ਕਿੰਨੇ ਖਾਲੀ ਨੈਣਾਂ ਨੂੰ ਸੁਪਨ-ਸੂਹਾ ਕੀਤਾ, ਇਸ ਦਾ ਹਿਸਾਬ ਜ਼ਰੂਰ ਲਾਉਣਾ ਕਿਉਂਕਿ ਤੁਹਾਡੀ ਪ੍ਰਾਪਤੀ ਦਾ ਲੇਖਾ-ਜੋਖਾ ਤੁਹਾਡੀ ਕਰਮਯੋਗਤਾ ਨੇ ਹੀ ਨਿਸ਼ਚਿਤ ਕਰਨਾ।

ਦਿਨ, ਦਰਿਆਵਾਂ ਵਰਗੀ ਤੋਰ ਅਤੇ ਵਿਸ਼ਾਲਤਾ ਵਿਚ ਬੱਝੇ, ਖੈਰਾਤਾਂ ਵੰਡਦੇ, ਜੀਵਨ-ਦਾਨ ਦਾ ਹੋਕਰਾ ਦਿੰਦੇ, ਇਕ ਮਸਤ ਫਕੀਰ ਵਾਂਗ ਇਕ ਦਰ ਤੋਂ ਦੂਸਰੇ ਦਰ ਦੀ ਦਸਤਕ ਬਣਦੇ।

*ਇਕ ਦਿਨ ਬਾਗ-ਬਗੀਚੀ ਬਹਿ, ਬਣੇ ਮਹਿਕ ਦਾ ਵਾਸਾ।*
*ਇਕ ਦਿਨ ਘਰ-ਦਹਿਲੀਜ਼ 'ਤੇ ਆ ਕੇ, ਡੋਲ੍ਹੇ ਧੁੱਪ ਦਾ ਕਾਸਾ।*
*ਇਕ ਦਿਨ ਚੌਂਕੇ ਦੇ ਵਿਚ ਚੜ੍ਹਦਾ, ਵੰਡਦਾ ਨਿਰਮਲ ਹਾਸਾ।*
*ਇਕ ਦਿਨ ਸਾਡੇ ਬੋਲੀਂ ਸਿੰਮਦਾ, ਡਿਗਿਆਂ ਤਾਈਂ ਦਿਲਾਸਾ।*
*ਇਕ ਦਿਨ ਵਰਕੇ-ਪਿੰਡੇ ਉਗਮੇ, ਹਰਫੀਂ ਲੋਅ-ਮੜਾਸਾ।*
*ਇਕ ਦਿਨ ਸਾਡਾ ਕਰਮ-ਧਰਮ, ਬਣ ਜੇ ਬਚਨ-ਬਿਲਾਸਾ।*
*ਇਕ ਦਿਨ ਠੰਢੜੀ ਪੌਣ ਦਾ ਹਾਣੀ, ਕਰਦਾ ਦੂਰ ਚੌਮਾਸਾ।*
*ਇਕ ਦਿਨ ਉਗੇ ਵਿਚ ਕਿਤਾਬਾਂ, ਬਣੇ ਗਿਆਨ-ਅਭਿਲਾਸ਼ਾ।*
*ਇਕ ਦਿਨ ਵਾਂਗ ਖਲੇਪੜ ਲੱਭਦਾ, ਰੋਵੇ ਸਾਹ ਦਾ ਕਾਸਾ।*
*ਇਕ ਦਿਨ ਖੇਤੀਂ ਚੜ੍ਹ ਕੇ ਪਲਟੇ ਸਿੱਧਾ ਪਾਸਾ।*
*ਇਕ ਦਿਨ ਜਿੰਦ ਦੇ ਨਿਰਮਲ ਪਾਣੀ ਘੋਲੇ ਖੰਡ-ਪਤਾਸਾ।*
*ਆ ਸੱਜਣਾ! ਹਰ ਦਿਨ ਦੀ ਜੂਹੇ, ਸੁੱਚੀ ਯੋਗ ਕਮਾਈਏ।*
*ਇਸ ਦੇ ਹਰ ਲਮਹੇ ਦੇ ਪਲੇ, ਸਾਹ-ਸੁਗੰਧਤਾ ਪਾਈਏ।*

ਦਿਨ ਕਦੇ ਮਰਦਾ ਜਾਂ ਡੁੱਬਦਾ ਨਹੀਂ, ਇਹ ਸਿਰਫ ਸਮਾਂ ਤੇ ਸਥਾਨ ਬਦਲਦਾ। ਮਸਤ ਚਾਲ ਤੁਰਦਾ ਰਮਤਾ ਜੋਗੀ, ਜਿਸ ਦੀ ਜੋਗ ਵਿਚ ਜੀਵਨ-ਜੁਗਤਾਂ ਦਾ ਵਾਸਾ, ਪੈੜਚਾਲ ਵਿਚ ਯੁੱਗ ਜਿਉਂਦਾ-ਹਾਸਾ ਅਤੇ ਰਾਹਾਂ ਲਈ ਚਾਨਣ-ਦਿਲਾਸਾ।

ਇਕ ਦਿਨ ਬਾਗ-ਬਗੀਚੀ ਬਹਿ, ਬਣੇ ਮਹਿਕ ਦਾ ਵਾਸਾ। ਇਕ ਦਿਨ ਘਰ-ਦਹਿਲੀਜ਼ 'ਤੇ ਆ ਕੇ, ਡੋਲ੍ਹੇ ਧੁੱਪ ਦਾ ਕਾਸਾ। ਇਕ ਦਿਨ ਚੌਂਕੇ ਦੇ ਵਿਚ ਚੜ੍ਹਦਾ, ਵੰਡਦਾ ਨਿਰਮਲ ਹਾਸਾ। ਇਕ ਦਿਨ ਸਾਡੇ ਬੋਲੀਂ ਸਿੰਮਦਾ, ਡਿਗਿਆਂ ਤਾਈਂ ਦਿਲਾਸਾ। ਇਕ ਦਿਨ ਵਰਕੇ-ਪਿੰਡੇ ਉਗਮੇ, ਹਰਫੀਂ ਲੋਅ-ਮੜਾਸਾ। ਇਕ ਦਿਨ ਸਾਡਾ ਕਰਮ-ਧਰਮ, ਬਣ ਜੇ ਬਚਨ-ਬਿਲਾਸਾ। ਇਕ ਦਿਨ ਠੰਢੜੀ ਪੌਣ ਦਾ ਹਾਣੀ, ਕਰਦਾ ਦੂਰ ਚੌਮਾਸਾ। ਇਕ ਦਿਨ ਉਗੇ ਵਿਚ ਕਿਤਾਬਾਂ, ਬਣੇ ਗਿਆਨ-ਅਭਿਲਾਸ਼ਾ। ਇਕ ਦਿਨ ਵਾਂਗ ਖਲੇਪੜ ਲੱਭਦਾ, ਰੋਵੇ ਸਾਹ ਦਾ ਕਾਸਾ। ਇਕ ਦਿਨ ਖੇਤੀਂ ਚੜ੍ਹ ਕੇ ਪਲਟੇ ਸਿੱਧਾ ਪਾਸਾ। ਇਕ ਦਿਨ ਜਿੰਦ ਦੇ ਨਿਰਮਲ ਪਾਣੀ ਘੋਲੇ ਖੰਡ-ਪਤਾਸਾ। ਆ ਸੱਜਣਾ! ਹਰ ਦਿਨ ਦੀ ਜੂਹੇ, ਸੁੱਚੀ ਯੋਗ ਕਮਾਈਏ। ਇਸ ਦੇ ਹਰ ਲਮਹੇ ਦੇ ਪਲੇ, ਸਾਹ-ਸੁਗੰਧਤਾ ਪਾਈਏ।

ਚੜ੍ਹਦਾ ਦਿਨ, ਨਵੀਆਂ ਸ਼ੁਰੂਆਤਾਂ, ਨਵੇਂ ਦਿਸਹੱਦਿਆਂ ਅਤੇ ਨਵੀਆਂ ਉਡਾਣਾਂ ਦਾ ਅਰੰਭ। ਡੁੱਬਦਾ ਦਿਨ, ਕੀਤੇ ਯਤਨਾਂ, ਮਾਰੀਆਂ ਮੱਲ੍ਹਾਂ, ਹੋਈਆਂ ਪ੍ਰਾਪਤੀਆਂ, ਮਿਲੀਆਂ ਅਸਫਲਤਾਵਾਂ ਦਾ ਕੱਚਾ-ਚਿੱਠਾ। ਮਿੱਤਰਾਂ ਦੀ ਸਾਥ-ਸੰਜੀਵਨੀ ਜਾਂ ਮਿੱਤਰ-ਮਾਰ ਦਾ ਹਿਸਾਬ-ਕਿਤਾਬ। ਬੀਤੇ ਦਿਨ ਦੇ ਲੇਖੇ ਜੋਖੇ ਨਾਲ ਆਪਣੇ ਆਪ ਨੂੰ ਨਵੇਂ ਸਿਰਿਉਂ ਵਿਉਂਤਣ, ਭੁੱਲਾਂ ਸੁਧਾਰਨ, ਗਲਤੀਆਂ ਨੂੰ ਠੀਕ ਕਰਨ, ਚਿੰਤਾ ਤੋਂ ਚੇਤਨਾ ਤੀਕ ਦਾ ਸਫਰ ਕਰਨ ਵਾਲੇ ਹੀ, ਅਗਲੇ ਦਿਨ ਦੇ ਨਾਂਵੇਂ ਨਵੀਆਂ ਉਪਲਬਧੀਆਂ ਦਾ ਉਲੇਖ ਸਿਰਜਦੇ।

ਬੀਤਦਾ ਦਿਨ, ਘੱਟ ਰਹੀ ਉਮਰ ਦਾ ਦਾਸਤਾਵੇਜ਼, ਪਲ ਪਲ ਕਰਕੇ ਵਿਹਾਜ ਰਹੀ ਅਉਧ ਦਾ ਪ੍ਰਮਾਣ, ਉਮਰ ਵਿਚੋਂ ਇਕ ਦਿਨ ਦਾ ਖੁਰ ਜਾਣਾ ਅਤੇ ਨਵੇਂ ਕੀਰਤੀਮਾਨਾਂ ਦੀ ਸਿਰਜਣਾ ਦੇ ਮੌਕਿਆਂ 'ਚ ਇਕ ਦਿਨ ਦੀ ਕਮੀ।

ਦਿਨ ਦਾ ਹਰ ਪਲ ਬੇਸ਼ਕੀਮਤੀ, ਪਲ ਨੂੰ ਵਿਉਂਤਣ ਅਤੇ ਸਾਜ਼ਗਾਰ ਵਰਤੋਂ ਹੀ ਜੀਵਨ-ਸਫਲਤਾ ਦਾ ਰਾਜ਼। ਹਰ ਪਲ ਵਿਚੋਂ ਕੁਝ ਨਵਾਂ ਕਰਨ ਤੇ ਪਾਉਣ ਦੀ ਚਾਹਤ ਅਤੇ ਇਸ ਦੀ ਸਾਰਥਕਤਾ ਨੂੰ ਸਹੀ ਸੰਦਰਭ ਵਿਚ ਵਰਤਣਾ ਹੀ ਗਾਡੀਰਾਹ।

ਹਰ ਜ਼ਿੰਦਗੀ ਵਿਚ ਦੋ ਦਿਨ ਅਹਿਮ ਹੁੰਦੇ। ਸੰਸਾਰ 'ਤੇ ਆਮਦ ਦਾ ਦਿਨ ਜੋ ਜਿਉਂਦੇ-ਜੀਅ ਹਰ ਬੰਦੇ ਨੂੰ ਯਾਦ ਰਹਿੰਦਾ ਪਰ ਸੰਸਾਰ ਤੋਂ ਰੁਖਸਤ ਦਾ ਦਿਨ ਜੋ ਮਰਨ ਵਾਲੇ ਦੀ ਕਰਮ-ਅਮਾਨਤ ਕਾਰਨ ਲੋਕ-ਦਿਲਾਂ ਵਿਚ ਵੱਸਦਾ।

ਹਰ ਨਵਾਂ ਦਿਨ, ਨਵੀਂ ਸਵੇਰ, ਨਵੀਆਂ ਕਿਰਨਾਂ, ਨਵੇਂ ਤ੍ਰੇਲ-ਤੁਪਕੇ, ਨਵੀਂ ਸਰਘੀ ਤੇ ਨਵੀਂ ਲੋਅ ਨਾਲ ਪ੍ਰਗਟ ਹੁੰਦਾ। ਨਵਾਂ ਨਿੰਘ ਲੈ ਕੇ ਤੁਹਾਡੇ ਦਰਾਂ 'ਤੇ ਦਸਤਕ ਦਿੰਦਾ, ਤੁਹਾਨੂੰ ਕੁਝ ਨਰੋਇਆ ਤੇ ਨਿਵੇਕਲਾ ਕਰਨ ਲਈ ਪ੍ਰੇਰਦਾ। ਇਸ ਦੀ ਪ੍ਰੇਰਨਾ ਦਾ ਹੁੰਗਾਰਾ ਜ਼ਰੂਰ ਭਰਨਾ।

ਦਿਨ ਹਮੇਸ਼ਾ ਧੁੱਪ ਲੈ ਕੇ ਤੁਹਾਡਾ ਦਰ ਖੜਕਾਉਂਦਾ। ਧੁੱਪ ਤੋਂ ਬਗੈਰ ਦਿਨ ਦੇ ਕੀ ਅਰਥ? ਫਿਰ ਤਾਂ ਦਿਨੇ ਹੀ ਰਾਤ।

ਕਈ ਵਾਰ ਸੰਘਣੀ ਧੁੰਦ, ਕਾਲੇ ਬੱਦਲ ਜਾਂ ਬਦਲੋਟੀਆਂ, ਸੂਰਜ ਦੀ ਮੂੰਹ-ਦਿਖਾਲੀ ਨੂੰ ਰੋਕਣ ਅਤੇ ਧਰਤੀ ਦਾ ਪਿੰਡਾ ਰੁਸ਼ਨਾਉਣ ਤੋਂ ਹੋੜਨ ਦੀ ਕੋਸ਼ਿਸ਼ ਕਰਦੇ। ਪਰ ਸੂਰਜ ਤਾਂ ਹਨੇਰਿਆਂ ਦੀ ਜੂਹ ਨੂੰ ਤਾਰ-ਤਾਰ ਕਰ ਚਾਨਣ ਦਾ ਭਰ ਵਗਦਾ ਦਰਿਆ ਬਣ ਹੀ ਜਾਂਦਾ।

ਦਿਨ ਚੜ੍ਹਦਾ ਤਾਂ ਜੀਵ-ਜੰਤੂ ਆਪਣੇ ਘੁਰਨਿਆਂ/ਆਲਣਿਆਂ 'ਚੋਂ ਚੋਗ ਲਈ ਨਿਕਲਦੇ। ਬਨਸਪਤੀ ਪਿੰਡਾ ਛੰਡਦੀ ਅਤੇ ਸੇਵਾ-ਧਰਮ ਵਿਚ ਆਪਣੇ ਆਪ ਨੂੰ ਲੀਨ ਕਰਦੀ। ਪਾਣੀਆਂ ਵਿਚ ਲਿਸ਼ਕੋਰਦਾ ਸੂਰਜ ਧਰਮ-ਕਰਮ ਦਾ ਮੂਲ-ਮੰਤਰ ਅਲਾਪਦਾ। ਫਿਜ਼ਾ ਵਿਚ ਵਾਹਿਗੁਰੂ, ਰਾਮ-ਨਾਮ ਅਤੇ ਅੱਲਾ-ਹੂ ਦੀਆਂ ਪਾਕਿ ਆਵਾਜ਼ਾਂ ਚੌਗਿਰਦੇ ਨੂੰ ਪਵਿੱਤਰ ਕਰਦੀਆਂ।

ਦਿਨ ਦੀ ਆਮਦ, ਕੁੱਕੜ ਦੀ ਬਾਂਗ, ਘੜਿਆਲ, ਸੰਖ, ਅਜ਼ਾਨ, ਰੱਬੀ ਬਾਣੀ ਦੇ ਬੋਲ ਜਾਂ ਫਕੀਰ ਦੀ ਗਲੀਆਂ ਵਿਚਲੀ ਬਾਹੂ-ਹੂਕ ਨਾਲ ਹੁੰਦੀ ਤਾਂ ਜੀਵਨ ਉਸਲਵੱਟੇ ਭਰ ਨਵੇਂ ਹੰਭਲੇ ਨਾਲ ਦਿਨ ਨੂੰ ਜੀ ਆਇਆਂ ਕਹਿੰਦਾ।

ਉਹ ਦਿਨ ਤੁਹਾਨੂੰ ਜ਼ਿੰਦਗੀ ਭਰ ਨਹੀਂ ਭੁੱਲਦਾ ਜਿਸ ਦੀ ਜੂਹ ਵਿਚ ਤੁਸੀਂ ਸੁਪਨਿਆਂ ਵਿਚ ਵਿਚਰੇ ਸੀ, ਜਿਸ ਦੀਆਂ ਬਰੂਹਾਂ ਵਿਚ ਪੈਰ ਧਰਨ ਲਈ ਤੁਸੀਂ ਤਰਸੇ ਸੀ ਅਤੇ ਜਿਸ ਦੀ ਰੌਸ਼ਨੀ ਵਿਚ ਤੁਹਾਡੀਆਂ ਸੰਦਲੀ ਪੈੜਾਂ ਨੂੰ ਨਵਾਂ ਵਰਦਾਨ ਮਿਲਿਆ ਸੀ। ਇਹ ਤੁਹਾਡੀ ਪ੍ਰਤੀਬੱਧਤਾ, ਇਕਾਗਰਤਾ ਅਤੇ ਮਿਹਨਤ ਦਾ ਹਾਸਲ ਸੀ।

ਹਰ ਦਿਨ ਦੇ ਸ਼ੁਕਰਗੁਜ਼ਾਰ ਹੋਵੋ ਕਿ ਇਕ ਹੋਰ ਦਿਨ ਤੁਹਾਡੀ ਜ਼ਿੰਦਗੀ ਵਿਚ ਆਇਆ, ਇਕ ਹੋਰ ਮੌਕਾ ਮਿਲਿਆ ਕੁਝ ਚੰਗੇਰਾ ਕਰਨ ਦਾ, ਹੋਰ ਸਮਾਂ ਮਿਲਿਆ ਮਿੱਠੜੇ ਬੋਲਾਂ ਨਾਲ ਰੂਹਾਂ ਨੂੰ ਸਰਸ਼ਾਰ ਕਰਨ ਦਾ ਅਤੇ ਭਵਿੱਖੀ ਪਲਾਂ ਵਿਚ ਮੋਹਵੰਤੇ ਦੀਵੇ ਜਗਾਉਣ ਦਾ। ਸ਼ੁਕਰਗੁਜ਼ਾਰੀ ਵਿਚ ਹਰ ਦਿਨ ਬਿਤਾਉਣ ਵਾਲੇ ਜੀਵਨ-ਰੁੱਤ ਦਾ ਰਾਮ-ਰਾਗ ਹੁੰਦੇ।

ਦਿਨ ਦੀਆਂ ਰਹਿਮਤਾਂ ਨਾਲ ਹੀ ਖੁਦ ਨੂੰ ਨਾ ਵਰਚਾਓ, ਸਗੋਂ ਦੇਖੋ ਕਿ ਤੁਸੀਂ ਦਿਨ ਦੀਵੀਂ ਚੰਗਿਆਈ ਦੀਆਂ ਕਿੰਨੀਆਂ ਕੁ ਕਲਮਾਂ ਲਾਈਆਂ, ਕਿੰਨੇ ਕੁ ਬੰਦਿਆਈ ਦੇ ਦੀਵੇ ਮਨੁੱਖੀ-ਮਨ ਦੇ ਆਲਿਆਂ ਵਿਚ ਜਗਾਏ ਅਤੇ ਕਿੰਨੀਆਂ ਸੋਚਾਂ 'ਚ ਦਾਨਾਈ ਦਾ ਬੂਟਾ ਲਾਇਆ?

ਪਹਿਲੇ ਦਿਨ ਬੇਤਹਾਸ਼ਾ ਬਾਰਸ਼ ਹੁੰਦੀ ਹੈ, ਦੂਜੇ ਦਿਨ ਤੂਫਾਨ ਆਉਂਦਾ ਅਤੇ ਤੀਜੇ ਦਿਨ ਬਰਫਬਾਰੀ ਹੁੰਦੀ। ਪਰ ਆਖਰ ਨੂੰ ਚੌਥੇ ਦਿਨ ਤਾਂ ਸੂਰਜ ਜ਼ਰੂਰ ਨਿਕਲੇਗਾ ਅਤੇ ਇਕ ਨਵਾਂ ਸਵੇਰਾ ਤੁਹਾਡੇ ਦਰ ਦੀ ਬਖਸ਼ਿਸ਼ ਬਣੇਗਾ। ਇਸੇ ਤਰ੍ਹਾਂ ਜੀਵਨ ਦੀਆਂ ਦੁਸ਼ਵਾਰੀਆਂ ਤੁਹਾਨੂੰ ਪਰਖਦੀਆਂ ਅਤੇ ਇਸ ਵਿਚੋਂ ਖਰੇ ਨਿਕਲਣ ਵਾਲਿਆਂ ਦੇ ਮਸਤਕ ਵਿਚ ਹੀ ਸੂਰਜ-ਰੂਪੀ ਫੁੱਲ ਟਹਿਕਦੇ।

ਹਰ ਦਿਨ ਦੀ ਸ਼ੁਰੂਆਤ ਬੀਤੇ ਦੀਆਂ ਕੁਸੈਲੀਆਂ ਯਾਦਾਂ ਨੂੰ ਭੁੱਲ ਕੇ ਕਰੋ। ਤੁਹਾਡੀ ਮਨ-ਬੀਹੀ ਵਿਚ ਸੂਹੀਆਂ ਸੋਚਾਂ ਦੇ ਸਦਾ-ਬਹਾਰ ਫੁੱਲ ਖਿੜਨਗੇ ਜੋ ਤੁਹਾਡੇ ਜੀਵਨ-ਮੁਹਾਂਦਰੇ ਨੂੰ ਸੁਗੰਧੀਆਂ ਨਾਲ ਲਬਰੇਜ਼ ਕਰਨਗੇ।

ਦਿਨ ਨੂੰ ਦਿਨ ਵਾਂਗ ਜੀਓ। ਜ਼ਿਆਦਾ ਲੋਕ ਦਿਨ ਨੂੰ ਵੀ ਰਾਤ ਵਾਂਗ ਬਤੀਤ ਕਰਦੇ, ਆਪਣੇ ਜੀਵਨ ਵਿਚ ਇਕ ਹੋਰ ਰਾਤ ਦਾ ਵਾਧਾ ਕਰਦੇ। ਜੇ ਤੁਸੀਂ ਦਿਨ ਦਾ ਵਾਧਾ ਕਰੋਗੇ ਤਾਂ ਤੁਹਾਨੂੰ ਜ਼ਿੰਦਗੀ ਚੰਗੀ ਚੰਗੀ ਲੱਗਣ ਲੱਗ ਪਵੇਗੀ।

ਦਿਨ ਦੀ ਮੁਹਾਠ 'ਤੇ ਸੁੱਚੇ, ਸੂਹੇ ਅਤੇ ਸਤਵਰਗੀ ਪਲ ਛਿੜਕਣ ਵਾਲੇ ਹੀ ਦਿਨ-ਰਾਗ ਬਣ, ਹਰ ਹੋਠ ਦੀ ਮੁਸਕਣੀ ਬਣਦੇ। ਤੁਸੀਂ ਅਜਿਹੀ ਹੀ ਮੁਸਕਣੀ ਦੇ ਹੱਕਦਾਰ ਹੋਣਾ ਏ। ਅਜਿਹਾ ਕਲਮ ਦਾ ਕਰਮ ਏ!

# ਟੈਲੀਫੋਨ ਵਾਲਾ

***ਮਸ਼ਹੂਰ ਅਦਾਕਾਰ ਬਲਰਾਜ ਸਾਹਨੀ (ਪਹਿਲੀ ਮਈ 1913-13 ਅਪਰੈਲ 1973) ਵੱਲੋਂ ਆਪਣੀ ਕਲਮ ਨਾਲ ਸਿਰਜਿਆ 'ਟੈਲੀਫੋਨ ਵਾਲਾ' ਇਕੋ ਵੇਲੇ ਕਈ ਰੰਗਾਂ ਦੇ ਦਰਸ਼ਨ ਕਰਵਾਉਂਦਾ ਹੈ। ਇਨ੍ਹਾਂ ਸਾਰੇ ਰੰਗਾਂ ਵਿਚੋਂ ਕਿਰਤ ਦਾ ਰੰਗ ਸਭ ਤੋਂ ਗੂੜ੍ਹਾ ਹੈ। ਲੇਖਕ ਨਿੱਕੀ ਜਿਹੀ ਘਟਨਾ ਦੁਆਲੇ ਵਿਰਾਟ ਬਿਰਤਾਂਤ ਬੰਨ੍ਹ ਦਿੰਦਾ ਹੈ। ਇਸ ਬਿਰਤਾਂਤ ਵਿਚ ਕਹਾਣੀ ਵਾਲਾ ਰਸ ਘੁਲਿਆ ਪ੍ਰਤੀਤ ਹੁੰਦਾ ਹੈ ਅਤੇ ਇਸ ਅੰਦਰ ਭਰੀ ਸਾਦਗੀ ਧਿਆਨ ਖਿੱਚਦੀ ਹੈ। -ਸੰਪਾਦਕ***

**ਬਲਰਾਜ ਸਾਹਨੀ**

ਹੋਟਲ ਵਿਚ ਆਪਣੀ ਨਿਵੇਕਲੀ ਕਾਟਿਜ ਵਿਖੇ ਪਰਵੇਸ਼ ਕਰਦੇ ਸਾਰ ਮੈਂ ਸਮਾਨ ਖੋਲ੍ਹ ਕੇ ਬੜੀ ਵਿਉਂਤ ਨਾਲ ਟਿਕਾਣੇ ਲਾਉਣਾ ਸ਼ੁਰੂ ਕੀਤਾ। ਹਾਲੇ ਸਾਢੇ ਬਾਰਾਂ ਵੱਜੇ ਸਨ। ਡੇਢ ਵਜੇ ਲੰਚ ਖਾਣ ਸਾਥੀ ਆਉਣਗੇ। ਪੂਰਾ ਇਕ ਘੰਟਾ ਪਿਆ ਹੈ। ਦੋ ਚਾਰ ਸਫੇ ਤਾਂ ਕਾਲੇ ਕਰ ਹੀ ਸਕਦਾ ਹਾਂ। ਛੋਟੀ ਕਹਾਣੀ ਅੱਧ ਵਿਚਾਲੇ ਛੱਡਿਆਂ ਕਾਫੀ ਦਿਨ ਹੋ ਗਏ ਸਨ। ਹੋ ਸਕਦੈ, ਸ਼ੂਟਿੰਗ ਦੁਪਹਿਰ ਨੂੰ ਵੀ ਚਿਰੋਕੀ ਸ਼ੁਰੂ ਹੋਵੇ। ਉਦੋਂ ਤੀਕ ਜੇ ਲਿਖਣ ਦਾ ਮੂਡ ਬਣ ਗਿਆ, ਫਿਰ ਕੋਈ ਫਿਕਰ ਨਹੀਂ। ਬੰਬਈ ਪਰਤਣ ਤੋਂ ਪਹਿਲਾਂ ਕਹਾਣੀ ਮੁਕੰਮਲ ਕਰ ਈ ਲਵਾਂਗਾ।

ਕਮਰੇ ਦੀ ਵੱਡੀ ਬਾਰੀ ਵਿਚੋਂ ਲੋਨਾਵਲਾ ਵੱਲ ਦੀਆਂ ਪਹਾੜੀਆਂ ਦਾ ਬੜਾ ਸੁਹਣਾ ਮੰਜ਼ਰ ਵਿਖਾਈ ਦਿੰਦਾ ਸੀ। ਪਲੰਘ ਪਰਾਂ ਧੱਕ ਕੇ ਮੈਂ ਇਸ ਬਾਰੀ ਕੋਲ ਲੈ ਆਂਦਾ। ਕਾਗਜ਼ ਪੱਤਰ, ਮੇਜ਼ ਅਤੇ ਡ੍ਰੈਸਿੰਗ ਟੇਬਲ ਦੀਆਂ ਦਰਾਜ਼ਾਂ ਵਿਚ ਅਤੇ ਕਿਤਾਬਾਂ ਰੈਕ ਉਪਰ ਚਿਣ ਦਿੱਤੀਆਂ। ਫਰਨੀਚਰ ਪੁਰਾਣਾ ਤੇ ਸਸਤਾ ਮੇਲ ਸੀ ਪਰ ਸੀ ਚੱਜ ਦਾ, ਲੋੜ-ਪੂਰਵਾਂ। ਫੁਰਨਾ ਫੁਰਿਆ, ਜੀਨੀਅਸ ਦੀ ਜਨਮ-ਦਾਤਾ ਲੇਖਕਾਂ ਦੀ ਉਹ ਸ਼੍ਰੇਣੀ ਹੁੰਦੀ ਹੋਵੇਗੀ ਜੋ ਆਪਣੇ ਦੁਆਲੇ ਬੇਤਰਤੀਬੀ ਦੀ ਇੰਤਹਾ ਪੈਦਾ ਕਰ ਕੇ ਮੂਡ ਵਿਚ ਆਂਦੇ ਹਨ। ਦੂਜਿਆਂ ਨੂੰ ਬੇਤਰਤੀਬੀ, ਭੁਚਲਾ ਤੇ ਲਿਖਣ ਤੋਂ ਉਪਰਾਮ ਕਰ ਛੱਡਦੀ ਹੈ, ਕਿਉਂ ਜੋ ਲਿਖਣਾ ਉਨ੍ਹਾਂ ਦੀ ਜਿੰਦ-ਜਾਨ ਦਾ ਇਤਨਾ ਭਾਗ ਨਹੀਂ ਹੁੰਦਾ ਕਿ ਉਸ ਦੀ ਖਾਤਰ ਉਹ ਆਪਣਾ ਸੁਖ ਚੈਨ, ਸਿਹਤ ਅਤੇ ਜ਼ਿਹਨੀ ਤਵਾਜ਼ਨ ਬਰਬਾਦ ਕਰ ਦੇਣ। ਆਪਣੇ ਆਪ ਨੂੰ ਇਸ ਦੂਜੀ ਸ਼੍ਰੇਣੀ ਵਿਚ ਗਿਣਦਿਆਂ ਤਕਲੀਫ ਤਾਂ ਹੋਈ, ਫੇਰ ਵੀ ਕਾਗਜ਼ ਕਲਮ ਫੜ੍ਹ ਕੇ ਮੇਜ਼ ਅੱਗੇ ਡਟ ਗਿਆ।

ਬਾਰੀ ਦੇ ਬਾਹਰਵਾਰ ਬਾਂਦਰਾਂ ਤੋਂ ਬਚਾਅ ਕਰਨ ਲਈ ਮੋਕਲੀ ਜਾਲੀ ਲੱਗੀ ਹੋਈ ਸੀ। ਹੇਠਲੇ ਹਿੱਸੇ ਮਲਮਲ ਦਾ ਅੱਧਾ ਪਰਦਾ ਨਜ਼ਾਰੇ ਨੂੰ ਢਕਦਾ ਸੀ। ਉਹਨੂੰ ਇਕ ਪਾਸੇ ਖਿੱਚ ਕੇ ਤਸੱਲੀ ਕੀਤੀ ਕਿ ਕੁਰਸੀ 'ਤੇ ਬੈਠਿਆਂ ਵੀ ਲਗਪਗ ਉਤਨਾ ਹੀ ਦ੍ਰਿਸ਼ ਵੇਖਣ ਨੂੰ ਮਿਲ ਜਾਂਦਾ ਹੈ ਜਿਤਨਾ ਖਲੋਤਿਆਂ। ਬਾਰੀ ਤੋਂ ਵੀਹ ਕੁ ਫੁਟ ਦੀ ਵਿਥ 'ਤੇ ਇਕ ਰੁੱਖ ਸੀ ਜਿਸ ਦਾ ਤਣਾ ਕੂਲੀਆਂ ਕੂਲੀਆਂ ਗੁਲੇਲਾਂ ਵਿਚ ਵਟਦਾ, ਪੌਣ ਰੁਮਕਦੇ, ਲਿਸ਼ਕਦੇ ਪੱਤਰਾਂ ਅਤੇ ਹਰੀਆਂ ਟਹਿਣੀਆਂ ਦੀ ਅਸੰਖਤਾ ਵਿਚ, ਜਿਸ 'ਤੇ ਬਾਰੀ ਦੀ ਚੁਗਾਠ ਨੇ ਜਿਵੇਂ ਫੁੱਟਾ ਧਰ ਕੇ ਲੀਕ ਖਿੱਚ ਛੱਡੀ ਸੀ, ਗੁਆਚਦਾ ਪਿਆ ਸੀ।

ਇਹ ਰੁੱਖ ਪਹਾੜੀ ਖੱਡ ਦੇ ਐਨ ਕੰਢੇ 'ਤੇ ਸੀ, ਜੋ ਇਥੋਂ ਦਿਖਾਈ ਨਹੀਂ ਸੀ ਦਿੰਦੀ। ਕੇਵਲ ਜਮੀਨ ਵਿਚ ਦੱਬੀ ਸੀਮਿੰਟ ਦੀ ਟੈਂਕੀ ਦਾ ਮੂਹਰਲਾ ਹਿੱਸਾ ਖਲਾਅ ਵਿਚ ਟੰਗਿਆ ਹੋਇਆ ਦਿਸਦਾ ਅਤੇ ਚੰਗਾ ਵੀ ਲਗਦਾ ਸੀ, ਕਿਉਂ ਜੋ ਦੋ ਕੁ ਮਹੀਨੇ ਪਹਿਲਾਂ ਇਥੇ ਪਿਕਚਰ ਦੀ ਸ਼ੂਟਿੰਗ 'ਤੇ ਆਇਆ ਸਾਂ ਅਤੇ ਇਕ ਸ਼ਾਮ ਇਸ ਟੈਂਕੀ ਉਪਰ ਕੁਰਸੀ-ਮੇਜ ਡਾਹ ਕੇ ਲਿਖਣ ਪੜ੍ਹਨ ਦਾ ਸੁਆਦ ਮਾਣਿਆ ਸੀ। ਹੋਰ ਦੂਰ, ਵਾਦੀ ਵਿਚੋਂ ਹੁਮ-ਹੁਮਾ ਕੇ ਉਠਦੀਆਂ ਰੁੱਖ-ਵਹੀਰਾਂ, ਪਰਬਤਾਂ ਵਿਚ ਵਲੇ ਮਾਰ ਕੇ ਲੰਘਦੀਆਂ ਰੇਲਵੇ ਲਾਈਨਾਂ, ਬਿਜਲੀ ਦੇ ਖੰਭੇ, ਬੰਗਲੇ, ਬਾਜ਼ਾਰ। ਇਸ ਦ੍ਰਿਸ਼ ਦਾ ਸ਼ਿਮਲੇ, ਕਸ਼ਮੀਰ ਨਾਲ ਜੋੜ ਨਹੀਂ ਸੀ; ਪਰ ਬੰਬਈ ਤੋਂ ਮਸਾਂ ਸੱਠ ਮੀਲ ਦੇ ਫਾਸਲੇ 'ਤੇ ਅਜਿਹੇ ਕੋਹਸਾਰਾਂ ਦੀ ਹੋਂਦ ਬਜ਼ਾਤੇ-ਖੁਦ ਨਿਆਮਤ ਹੈ। ਲਿਖਣ ਵੇਲੇ ਸੋਚ-ਭਰਮਾਈਆਂ ਅੱਖਾਂ ਇਨ੍ਹਾਂ ਉਪਰ ਗਾਹੇ-ਬਗਾਹੇ ਟਿਕ ਕੇ ਥਕੇਵਾਂ ਲਾਹ ਲੈਂਦੀਆਂ ਹਨ। ਜੀਅ ਲੱਗਾ ਰਹਿੰਦਾ ਹੈ।

ਕਲਮ ਹੱਥ ਵਿਚ ਫੜ੍ਹ ਕੇ ਕਾਫੀ ਚਿਰ ਮੈਂ ਇਸ ਦ੍ਰਿਸ਼ ਨਾਲ ਬਿਰਤੀ ਨੂੰ ਵਿਸ਼ਰਾਮ ਦਿੰਦਾ ਰਿਹਾ। ਫੇਰ ਮਨ ਇਕਾਗਰ ਹੋਇਆ ਤੇ ਮੈਂ ਲਿਖਣ ਲੱਗ ਪਿਆ। ਇਕ ਅੱਧਾ ਸਫਾ ਲਿਖ ਕੇ ਧਿਆਨ ਟੁੱਟਿਆ। ਟੈਂਕੀ ਉਪਰ ਬੈਠਾ ਨਿੱਕਾ ਜਿਹਾ ਸੁਵੰਨਾ ਪੰਛੀ ਅਨੋਖੀ ਤੇ ਸੁਰੀਲੀ ਬੋਲੀ ਬੋਲ ਰਿਹਾ ਸੀ। ਕਿਤੇ ਖੜਕਾਰ ਸੁਣ ਕੇ ਉਡਿਆ ਤੇ ਮੈਂ ਵੇਖਿਆ, ਦਰਖਤ ਤੋਂ ਸੱਜੇ ਹੱਥ ਥੋੜ੍ਹੀ ਵਿਥ 'ਤੇ ਲੱਗੇ ਟੈਲੀਫੋਨ ਦੇ ਖੰਭੇ ਉਪਰ ਖਾਕੀ ਵਰਦੀ ਵਾਲਾ ਕਰਮਚਾਰੀ ਹੱਥਾਂ ਪੈਰਾਂ ਭਾਰ ਚੜ੍ਹ ਰਿਹਾ ਹੈ। ਹੋਟਲ-ਹਾਤੇ ਦੇ ਅੰਦਰਵਾਰ ਸੀ ਇਹ ਖੰਭਾ। ਸੜਕ ਦੇ ਖੰਭਿਆਂ ਤੋਂ ਛੁਟੇਰਾ, ਪਰ ਮਜ਼ਬੂਤ ਗੱਡਿਆ ਹੋਇਆ ਨਹੀਂ ਸੀ। ਜਿਉਂ ਜਿਉਂ ਇਹ ਆਦਮੀ ਉਪਰ ਸਰਕਦਾ ਖੰਭੇ ਨੂੰ ਕੰਬਣੀ ਜਿਹੀ ਛਿੜ ਪੈਂਦੀ ਅਤੇ ਰੁੱਖ ਵਾਂਗ ਇਹ ਖੰਭਾ ਵੀ ਖੱਡ ਦੇ ਐਨ ਸਿਰੇ 'ਤੇ ਸੀ।

ਇਸ ਆਦਮੀ ਨੂੰ ਪਹਿਲਾਂ ਵੀ ਵੇਖਿਆ ਸੀ, ਸੀਮਿੰਟ ਟੈਂਕੀ ਉਪਰ ਖੜ੍ਹਾ ਸੀ, ਉਸ ਵੇਲੇ। ਹੱਥ ਵਿਚ ਟੈਲੀਫੋਨ ਦੀ ਤਾਰ ਸੀ, ਜਿਹਨੂੰ ਉਹ ਹੇਠਾਂ ਖੱਡ ਵਿਚੋਂ ਉਪਰ ਲਿਆਇਆ ਸੀ। ਵੇਖ ਕੇ ਖੁਸ਼ੀ ਹੋਈ ਸੀ ਮੈਨੂੰ। ਹੋਟਲ ਦੇ ਦਫਤਰ ਕਿਸੇ ਦੱਸਿਆ ਸੀ ਕਿ ਟੈਲੀਫੋਨ ਵਿਗੜਿਆ ਹੋਇਆ ਹੈ ਅਤੇ ਰਾਤੀਂ ਦਸ ਵਜੇ ਜਿਸ ਟਰੰਕ ਕਾਲ ਦੀ ਮੈਨੂੰ ਉਡੀਕ ਹੈ, ਕਿਤੇ ਹੋਰ ਦੇ ਜਾ ਕੇ ਰਿਸੀਵ ਕਰਨੀ ਪਏਗੀ। ਇਸ ਆਦਮੀ ਦਾ ਪਰਗਟ ਹੋਣਾ ਟੈਲੀਫੋਨ ਦੇ ਛੇਤੀ ਠੀਕ ਹੋ ਜਾਣ ਦੀ ਆਸ ਬੰਨ੍ਹਦਾ ਸੀ।

ਖੰਭੇ ਦੇ ਉਪਰਲੇ ਸਿਰੇ ਪੁੱਜ ਕੇ ਉਹ ਲਾਟੂਆਂ ਵਾਲੇ ਡੰਡੇ 'ਤੇ ਬਹਿ ਗਿਆ, ਜਿਨ੍ਹਾਂ ਵਿਚੋਂ ਇਕ ਦੀ ਤਾਰ ਸਲਾਮਤ ਸੀ। ਇਸ ਆਦਮੀ ਦਾ ਸਿਰ ਨੰਗਾ ਸੀ, ਘਣੇ ਕਾਲੇ ਵਾਲ ਮਸ਼ੀਨ ਨਾਲ ਸਿੱਧੇ ਕਟਵਾਏ ਹੋਏ। ਸ਼ਾਇਦ ਸਿਰ ਦੀ ਵਡਿੱਤਣ ਕਾਰਨ ਉਹ ਆਪਣੀ ਖਾਕੀ ਵਰਦੀ ਦੇ ਬਾਵਜੂਦ, ਸਰਕਾਰੀ ਕਰਮਚਾਰੀ ਦੀ ਥਾਂ ਸਕੂਲ ਤੋਂ ਨੱਠਿਆ ਹੋਇਆ ਮੁੰਡਾ ਜਾਂ ਸਰਕਸ ਦਾ ਕਲਾਬਾਜ਼ ਮਲੂਮ ਹੁੰਦਾ ਸੀ। ਡੰਡੇ 'ਤੇ ਸਾਵਧਾਨੀ ਨਾਲ ਟਿਕ ਕੇ ਉਹਨੇ ਹੱਥ ਫੜ੍ਹੀ ਚਿੱਟੀ ਜਿਹੀ ਰੱਸੀ, ਜਿਹਦੇ ਦੂਜੇ ਸਿਰੇ ਟੈਲੀਫੋਨ ਦੀ ਤਾਰ ਬੱਝੀ ਹੋਈ ਸੀ, ਉਪਰ ਖਿੱਚਣੀ ਸ਼ੁਰੂ ਕੀਤੀ ਪਰ ਉਪਰ ਆਉਂਦੀ ਆਉਂਦੀ ਤਾਰ ਹੇਠਾਂ ਕਿਤੇ ਝਾੜੀਆਂ ਵਿਚ ਫਸ ਗਈ। ਜਦੋਂ ਉਹ ਝਟਕੇ ਦੇ ਕੇ ਉਹਨੂੰ ਛੁਡਾਉਣ ਦੀ ਕੋਸ਼ਿਸ਼ ਕਰਦਾ, ਖੰਭਾ ਇਤਨੇ ਜ਼ੋਰ ਦਾ ਹਿੱਲਦਾ ਕਿ ਉਹਨੂੰ ਮਜ਼ਬੂਤ ਰੱਖਣ ਵਾਲੀ, ਤੰਬੂ ਦੇ ਵਾਂਗਰ ਮੋਟੀ ਜਮੀਨ 'ਚ ਗੱਡੀ ਪਰ ਵਿੰਗੀ ਤੇ ਜੰਗਾਲ-ਖਾਧੀ ਤਾਰ ਦੇ ਕਿਸੇ ਥਾਂ ਟੁੱਟੇ ਹੋਣ ਦਾ ਸ਼ੱਕ ਪੈਂਦਾ।

ਮੈਨੂੰ ਉਸ ਦੀ ਦਲੇਰੀ, ਜਾਂ ਕਹਿ ਲਉ ਲਾਪਰਵਾਹੀ ਉਪਰ ਅਚੰਭਾ ਹੋਣ ਲੱਗ ਪਿਆ। ਇਤਨਾ ਕੀ ਕਰਤੱਵ-ਪਰੈਣਤਾ ਦਾ ਸ਼ੌਕ ਚੜ੍ਹਿਆ ਸੀ ਉਹਨੂੰ? ਬਾਂਦਰਾਂ ਵਾਂਗਰ ਖੰਭਿਆਂ ਉਪਰ ਚੜ੍ਹਨਾ-ਲਹਿਣਾ ਕਿਵੇਂ ਉਸ ਦੇ ਫਰਜ਼ਾਂ ਵਿਚ ਸ਼ਾਮਲ ਹੋ ਸਕਦਾ ਹੈ? ਅਜਿਹੇ ਔਖੇ ਕੰਮ ਲਈ ਕੀ ਮਹਿਕਮੇ ਨੂੰ ਪੜਸਾਂਗ ਅਤੇ ਇਕ ਅੱਧਾ ਮਦਦਗਾਰ ਨਹੀਂ ਦੇਣਾ ਚਾਹੀਦਾ? ਜੇ ਖੁਦਾ-ਨ-ਖਾਸਤਾ ਖੱਡ ਵਿਚ ਜਾ ਡਿੱਗੇ ਤਾਂ ਲੱਤ-ਬਾਂਹ ਤਾਂ ਅਵੱਸ਼ ਭੰਨ ਲਏਗਾ, ਇਸ ਤੋਂ ਵੱਡੀ ਦੁਰਘਟਨਾ ਵੀ ਹੋ ਸਕਦੀ ਹੈ।

ਫੇਰ ਸੋਚਿਆ, ਹਰ ਆਦਮੀ ਆਪਣੇ ਕੰਮ ਨੂੰ ਬਿਹਤਰ ਜਾਣਦਾ ਹੈ। ਇੰਜ ਨਿਧੜਕ ਹੋ ਕੇ ਰੱਸੀ ਨੂੰ ਝੂਣੇ ਦੇ ਰਿਹਾ ਹੈ, ਖੰਭੇ ਦੀ ਮਜ਼ਬੂਤੀ ਦਾ ਵਿਸ਼ਵਾਸ ਹੋਵੇਗਾ ਈ ਸੂ ਨਾ?

ਤਾਰ, ਹੇਠਲੀਆਂ ਝਾੜੀਆਂ ਵਿਚੋਂ ਤਾਂ ਨਿਕਲ ਆਈ, ਪਰ ਉਪਰ ਆ ਕੇ ਫੇਰ ਝਾੜੀਆਂ, ਰੁੱਖਾਂ, ਵੇਲਾਂ ਆਦਿ ਦੇ ਘੱਚੜ ਜਿਹੇ ਵਿਚ ਫਸ ਗਈ। ਉਹਨੇ ਫੇਰ ਤਾਰ ਨੂੰ ਤੁਣਕੇ ਦੇਣੇ ਸ਼ੁਰੂ ਕੀਤੇ, ਪਰ ਮੈਨੂੰ ਦੂਰ ਬੈਠੇ ਸਾਫ ਦਿਸ ਰਿਹਾ ਸੀ ਕਿ ਇਸ ਵਾਰੀ ਉਸ ਦੀ ਕੋਈ ਪੇਸ਼ ਨਹੀਂ ਜਾਣੀ। ਥੋੜ੍ਹੇ ਚਿਰ ਬਾਅਦ ਉਹ ਹਾਰ ਕੇ ਹੇਠਾਂ ਲਹਿਣ ਲੱਗਾ। ਆਪ-ਮੁਹਾਰੇ ਮੈਂ ਕੁਰਸੀ ਤੋਂ ਉਠ ਖਲੋਤਾ ਤੇ ਉਹਨੂੰ 'ਵਾਜ ਮਾਰੀ, "ਠਹਿਰੋ ਮੈਂ ਆਤਾ ਹੂੰ!"


ਉਸ ਦੇ ਘੜੀ ਮੁੜੀ ਖੰਭੇ 'ਤੇ ਚੜ੍ਹਨ-ਲਹਿਣ ਦੇ ਖਿਆਲ ਤੋਂ ਮੈਨੂੰ ਕੋਫਤ ਹੋਣ ਲੱਗ ਪਈ ਸੀ। ਉਹ 'ਵਾਜ ਸੁਣ ਕੇ ਹੈਰਾਨ ਤਾਂ ਹੋਇਆ, ਪਰ ਮੈਨੂੰ ਵੇਖ ਕੇ ਰੁਕ ਗਿਆ, ਜਿਵੇਂ ਇਤਨੀ ਹਮਦਰਦੀ ਨਾਲ ਕੀਤੀ ਪੇਸ਼ਕਸ਼ ਨੂੰ ਠੁਕਰਾ ਨਾ ਸਕਦਾ ਹੋਵੇ।

ਮੇਰਾ ਖਿਆਲ ਸੀ ਕਿ ਕੋਈ ਲੱਕੜੀ ਢੀਂਗਰ ਚੁਕ ਕੇ ਤਾਰ ਦਾ ਅੜਾਂਗੜਾ ਖੋਲ੍ਹ ਦਿਆਂਗਾ, ਪਰ ਬਾਹਰ ਆ ਕੇ ਵੇਖਿਆ, ਕੰਮ ਇਤਨਾ ਆਸਾਨ ਨਹੀਂ ਸੀ। ਉਹ ਥਾਂ ਮੇਰੇ ਲਈ ਖੱਡ ਦੇ ਕੰਢੇ ਤੋਂ ਅਪਹੁੰਚ ਸੀ, ਤੇ ਹੇਠਾਂ ਲਹਿ ਕੇ ਹੋਰ ਵੀ। ਮੋਟੀ ਜਿਹੀ ਲੱਕੜੀ ਮੈਂ ਲੱਭ ਲਈ ਅਤੇ ਟੰਕੀ ਉਪਰ ਖਲੋ ਕੇ, ਜਿਥੋਂ ਹੇਠਾਂ ਵੇਖਿਆਂ ਡਰ ਲਗਦਾ ਸੀ, ਸ਼ਾਖਾ ਦਾ ਨਿਸ਼ਾਨਾ ਬੰਨ੍ਹ ਕੇ ਜ਼ੋਰ ਦੀ ਸੁੱਟੀ ਪਰ ਨਿਸ਼ਾਨਾ ਠੀਕ ਨਾ ਬੈਠਾ। ਲੱਕੜਾਂ ਜਮੀਨ 'ਤੇ ਹੋਰ ਵੀ ਪਈਆਂ ਸਨ, ਪਰ ਇਹ ਢੰਗ ਮੈਨੂੰ ਗਲਤ ਜਾਪਿਆ। ਉਸ ਆਦਮੀ ਨੇ ਹੇਠਾਂ ਲੱਤ ਲਮਕਾ ਕੇ ਫੇਰ ਕਿਹਾ, "ਹਮ ਆਤਾ ਹੈ।"

ਮੈਂ ਕਿਹਾ, "ਜ਼ਰਾ ਠਹਿਰ ਜਾਓ, ਮੈਂ ਪੱਥਰ ਮਾਰ ਕਰ ਦੇਖਤਾ ਹੂੰ।"

ਉਹ ਫੇਰ ਰੁਕ ਗਿਆ ਅਤੇ ਮੈਂ ਚਾਰ ਪੰਜ ਵੱਡੇ ਵੱਟੇ ਚੁਕ ਕੇ ਮਾਰੇ। ਇਕ ਦੋ ਨਿਸ਼ਾਨੇ ਸਿਰ ਵੱਜੇ ਵੀ, ਪਰ ਬਣਿਆ ਕੁਝ ਨਾ। ਹੁਣ ਉਹ ਹੇਠ ਉਤਰ ਈ ਆਇਆ। ਇਕ ਬੰਨੇ ਮੈਨੂੰ ਇੰਜ ਮਹਿਸੂਸ ਹੋਇਆ, ਜਿਵੇਂ ਕਿਸੇ ਇਮਤਿਹਾਨ ਵਿਚ ਫੇਲ੍ਹ ਹੋ ਗਿਆ ਹੋਵਾਂ, ਪਰ ਨਾਲ ਸੁਆਦ ਵੀ ਆਉਣ ਲੱਗ ਪਿਆ, ਜਿਵੇਂ ਬਚਪਨ ਪਰਤ ਆਇਆ ਹੋਵੇ ਅਤੇ ਮੈਨੂੰ ਖੇਡਣ ਲਈ ਚੰਗਾ ਸਾਥੀ ਲੱਭ ਪਿਆ ਹੋਵੇ।

ਹੇਠ ਆ ਕੇ ਉਹਨੇ ਵੀ ਇਕ ਲੱਕੜੀ ਚੁਣੀ। ਜੇਬੋਂ ਚਿੱਟੇ ਰੰਗ ਦੀ ਰੱਸੀ ਦਾ ਇਕ ਹੋਰ ਟੁਕੜਾ ਕੱਢਿਆ ਜੋ ਵਾਸਤਵ ਵਿਚ ਪਲਾਸਟਿਕ ਜਾਂ ਰਬੜ ਦੀ ਮੋਟੀ ਤਾਰ ਸੀ। ਇਕ ਸਿਰਾ ਉਹਨੇ ਲੱਕੜੀ ਦੇ ਅੱਧ-ਵਿਚਕਾਰ ਬੰਨ੍ਹਿਆ ਅਤੇ ਦੂਜਾ ਹੱਥ ਵਿਚ ਫੜ੍ਹ ਕੇ ਲੱਕੜੀ ਨੂੰ ਭੁਆ ਕੇ ਸ਼ਾਖਾ 'ਤੇ ਮਾਰਿਆ। ਮੈਨੂੰ ਉਸ ਦੀ ਅਕਾਬਰੀ ਉਪਰ ਰਸ਼ਕ ਆਇਆ ਜਿਵੇਂ ਹਰ ਬਾਬੂ ਟਾਈਪ ਆਦਮੀ ਨੂੰ ਹੱਥ ਦੀ ਕਿਰਤ ਵਾਲੇ ਉਪਰ ਆਉਂਦਾ ਹੈ ਪਰ ਮੈਂ ਵੇਖਿਆ, ਉਸ ਦੀ ਇਹ ਕੋਸ਼ਿਸ਼ ਵੀ ਐਵੇਂ ਹੀ ਗਈ। ਇਕ ਤਾਂ ਰੱਸੀ ਛੋਟੀ ਸੀ, ਦੂਜੇ ਉਹ ਪੂਰਾ ਹੁਲਾਰਾ ਦੇ ਕੇ ਨਹੀਂ ਸੀ ਸੁੱਟਦਾ।



*ਬਲਰਾਜ ਸਾਹਨੀ*

ਨਾਲ ਦੀ ਕਾਟਿਜ ਦੁਆਲੇ ਲੰਮੇ ਲੰਮੇ ਬਾਂਸਾਂ ਦੀ ਵਲਗਣ ਬਣੀ ਹੋਈ ਸੀ। ਮੈਂ ਰਾਏ ਦਿੱਤੀ ਕਿ ਜੇ ਇਕ ਬਾਂਸ ਖੁਲ੍ਹਵਾ ਲਿਆ ਜਾਏ ਤਾਂ ਮੁਸ਼ਕਿਲ ਫੌਰਨ ਹੱਲ ਹੋ ਸਕਦੀ ਹੈ, ਪਰ ਉਸ ਨੇ ਹੁੰਗਾਰਾ ਨਾ ਭਰਿਆ, ਜਿਸ ਤੋਂ ਮੈਂ ਅਨੁਮਾਨ ਲਾਇਆ ਕਿ ਹੋਟਲ ਵਾਲਿਆਂ ਅੱਗੇ ਅਜਿਹੀ ਦਰਖਾਸਤ ਕਰਨੋਂ ਉਹ ਯਰਕਦਾ ਹੈ।

"ਲਾਓ, ਅਬ ਮੈਂ ਕੋਸ਼ਿਸ਼ ਕਰਤਾ ਹੂੰ", ਕਹਿ ਕੇ ਮੈਂ ਉਸ ਦੇ ਹੱਥ 'ਚੋਂ ਰੱਸੀ ਲੈ ਲਈ। ਉਹਨੇ ਵੀ ਇੰਜ ਦੇ ਦਿੱਤੀ ਜਿਵੇਂ ਸਚਮੁੱਚ ਹੀ ਅਸੀਂ ਖੇਡ ਦੇ ਸਾਥੀ ਹੋਈਏ। ਹੋ ਸਕਦੈ, ਉਹਨੇ ਮੈਨੂੰ ਕਿਸੇ 'ਸਾਹਬ' ਦਾ ਮੁਲਾਜ਼ਮ ਸਮਝ ਲਿਆ ਹੋਵੇ। ਉਸ ਵੇਲੇ ਮੇਰੇ ਤਨ 'ਤੇ ਕੇਵਲ ਬਨੈਣ ਤੇ ਨਿੱਕਰ ਸੀ। ਉਸ ਦਾ ਆਪਣਾ ਹੁਲੀਆ ਮੈਥੋਂ ਚੰਗਾ ਸੀ, ਬੰਦ ਗਲੇ ਵਾਲਾ ਖੱਦਰ ਦਾ ਕੋਟ ਅਤੇ ਸੂਤੀ ਕਾਰਡੁਰਾਏ ਦੀ ਪਤਲੂਨ, ਜਿਸ ਦਾ ਰੰਗ ਕੁਝ ਉਡਿਆ ਹੋਇਆ ਸੀ।

ਸਾਡੀ 'ਖੇਡ' ਲਈ ਹੁਣ ਦਰਸ਼ਕ ਵੀ ਜਮ੍ਹਾਂ ਹੋ ਗਏ ਸਨ, ਜਿਨ੍ਹਾਂ ਵਿਚ ਬਹੁਗਿਣਤੀ, ਸੁਭਾਵਕ ਤੌਰ 'ਤੇ ਬੱਚਿਆਂ ਦੀ ਸੀ। ਅੱਠ ਕੁ ਵਰ੍ਹਿਆਂ ਦੀ ਇਕ ਬਾਲੜੀ ਸੀ। ਕੱਪੜੇ ਇਸ ਦੇ ਤਨ 'ਤੇ ਵੀ ਹੋਰਨਾਂ ਵਾਂਗਰ ਕੁਚੀਲ ਜਿਹੇ ਈ ਸਨ, ਪਰ ਸ਼ਕਲ-ਸੂਰਤ ਵਿਰਲੀ ਤੇ ਮਨਮੋਹਣੀ ਸੀ। ਹੋਟਲ ਦੇ ਗੋਰਖੇ ਚੌਕੀਦਾਰ ਦੀ ਲੜਕੀ ਸੀ ਸ਼ਾਇਦ। ਕੱਕੇ ਕੱਕੇ ਵਾਲ ਮੋਢਿਆਂ 'ਤੇ ਖਿਲਰੇ ਹੋਏ, ਭਖਦੀ ਕਣਕਵੰਨੀ ਰੰਗਤ, ਅੱਖਾਂ ਤਿਰਛੀਆਂ, ਚੀਨੀ, ਜਿਵੇਂ ਭਵਾਂ ਹੇਠ ਸਲਾਈ ਭਰ ਕੇ ਸੂਰਮੇ ਦੀ ਲੀਕ ਖਿੱਚ ਛੱਡੀ ਹੋਵੇ। ਟੈਂਕੀ ਉਤੇ ਜੋ ਪੰਛੀ ਆ ਕੇ ਬੈਠਾ ਸੀ, ਉਸ ਦੇ ਨਾਰੰਗੀ ਮੱਥੇ 'ਤੇ ਵੀ ਇਸੇ ਤਰ੍ਹਾਂ ਦੀ ਸ਼ਾਹ-ਕਾਲੀ ਲੀਕ ਖਿੱਚੀ ਹੋਈ ਸੀ, ਮੈਂ ਸੋਚਣੋਂ ਨਾ ਰਹਿ ਸਕਿਆ।

ਇਕ ਹੋਰ ਆਗੰਤੁਕ ਸੀ, ਇਕ ਬੁੱਢੜਾ। ਪਿਛਲੀ ਵਾਰੀ ਜਦੋਂ ਇਸ ਹੋਟਲ ਵਿਚ ਠਹਿਰਿਆ ਸਾਂ, ਉਹ ਹਰ ਰੋਜ਼ ਜੰਗਲ ਵਿਚੋਂ ਲਿਆ ਕੇ, ਪਲਾਸ਼ ਦੇ ਲਾਲ ਲਾਲ ਫੁੱਲਾਂ ਦੀ ਸੱਜਰੀ ਟਹਿਣੀ ਸਜਾਵਟ ਲਈ ਦੇ ਜਾਂਦਾ ਸੀ ਅਤੇ ਮੈਂ ਉਸ ਦੀਆਂ ਧੋਤੀ ਹੇਠੋਂ ਨਿਕਲੀਆਂ ਸੁੱਕੀਆਂ ਅਤੇ ਝੁਰੜੀਆਂ ਲੱਤਾਂ ਉਪਰ ਤਰਸ ਖਾ ਕੇ ਦੁਆਨੀ ਅਠਿਆਨੀ ਦੇ ਛੱਡਦਾ ਸਾਂ। ਮੇਰੇ ਆਗਮਨ ਨੂੰ ਇਤਨੀ ਛੇਤੀ ਖੌਰੇ ਉਸ ਨੇ ਕਿਵੇਂ ਭਾਂਪ ਲਿਆ ਸੀ? ਪਲਾਸ਼ ਦੇ ਫੁੱਲਾਂ ਦਾ ਮੌਸਮ ਜਾ ਚੁਕਾ ਸੀ। ਅੱਜ ਉਸ ਦੇ ਹੱਥ ਵਿਚ ਸਾਧਾਰਨ ਜਿਹੇ ਜੰਗਲੀ ਫੁੱਲਾਂ ਦਾ ਗੁੱਛਾ ਸੀ ਜਿਸ ਦੀ ਹਾਸੋਹੀਣਤਾ ਵਿਚ ਮਜ਼ੂਰਨਾ ਦੇ ਲਿਬਾਸ ਵਾਂਗਰ, ਫੇਰ ਵੀ ਨਿਰੋਈ ਸੁੰਦਰਤਾ ਸੀ। ਮੈਨੂੰ ਰੁਝਿਆ ਵੇਖ ਕੇ ਉਹ ਵੀ ਬੱਚਿਆਂ ਦੀ ਪਲਾਂਟ ਵਿਚ ਖਲੋ ਗਿਆ ਸੀ। ਚਿੱਟੀ ਤੇ ਆਕੜੀ ਹੋਈ ਵਰਦੀ ਵਾਲਾ ਹੋਟਲ ਦਾ ਵੇਟਰ ਵੀ ਕਿਤੋਂ ਪਰਗਟ ਹੋ ਗਿਆ ਅਤੇ ਮੇਰਾ ਸਾਥੀ ਝਟ ਖਿਸਕ ਕੇ ਉਸ ਦੇ ਨਾਲ ਜਾ ਰਲਿਆ, ਜਿਵੇਂ ਮੈਥੋਂ ਪਿੱਛਾ ਛੁਡਾਣ ਦਾ ਕੋਈ ਬਹਾਨਾ ਲਭ ਪਿਆ ਹੋਵੇ। ਝਟ ਕੁ ਬਾਅਦ ਜਿਸ ਰਾਹ ਬੈਰਾ ਆਇਆ ਸੀ, ਉਸੇ ਰਾਹ ਪੈਰ ਪੁੱਟਦੇ ਦੋਵੇਂ ਅਦਿਸ ਹੋ ਗਏ।

ਮੇਰੀ ਪਰਬਲ ਇੱਛਾ ਹੋਈ ਕਿ ਉਨ੍ਹਾਂ ਦੇ ਪਰਤਣ ਤੀਕ ਤਾਰ ਨੂੰ ਛੁਡਾ ਕੇ ਵਿਖਾ ਦਿਆਂ। ਦੋ ਤਿੰਨ ਵਾਰੀ ਮੈਂ ਸੀਮਿੰਟ-ਥੜ੍ਹੇ 'ਤੇ ਖਲੋ ਕੇ ਰੱਸੀ ਵਾਲੀ ਲੱਕੜ ਸੁੱਟੀ, ਫੇਰ ਥੋੜ੍ਹਾ ਜਿਹਾ ਖੱਡ ਵਿਚ ਹੇਠਾਂ ਉਤਰ ਕੇ। ਇਥੋਂ ਰੱਸੀ ਇਤਨੀ ਛੋਟੀ ਨਹੀਂ ਸੀ ਪੈਂਦੀ, ਪਰ ਪੱਕੇ ਪੈਰੀਂ ਖਲੋਣਾ ਮੁਸ਼ਕਿਲ ਸੀ ਅਤੇ ਝਾੜੀਆਂ ਵਿਚੋਂ ਸੱਪ-ਠੂਂਏਂ ਦਾ ਵੀ ਡਰ ਲਗਦਾ ਸੀ। ਬੱਚੇ ਮੇਰੀ ਇਕ ਇਕ ਹਰਕਤ ਨੂੰ ਅਲੌਕਿਕ ਨਿਗਾਹਾਂ ਨਾਲ ਵੇਖ ਰਹੇ ਸਨ।

ਇਤਨੇ ਵਿਚ ਟੈਲੀਫੋਨ ਕਰਮਚਾਰੀ ਪੁਰਾਣਾ ਜਿਹਾ ਸਾਬਤ ਬਾਂਸ ਹੱਥ ਵਿਚ ਫੜ੍ਹੀ ਵਾਪਸ ਆ ਗਿਆ, ਪਿਛੇ ਪਿਛੇ ਬੈਰਾ। ਬਾਂਸ ਦੀਆਂ ਅਗਲੇ ਸਿਰੇ ਚੁੰਝਾਂ ਨਿਕਲੀਆਂ ਹੋਈਆਂ ਸਨ, ਜਿਨ੍ਹਾਂ ਵਿਚ ਅੜਾ ਕੇ ਉਹ ਸਹਿਜੇ ਈ ਤਾਰ ਨੂੰ ਛੁਡਾਣ ਵਿਚ ਸਫਲ ਹੋ ਗਿਆ।

ਬਾਕੀ ਕੰਮ ਸਰਲ ਸੀ, ਜਿਹਨੂੰ ਛੇਤੀ, ਨਿਰਵਿਘਨ ਅਤੇ ਸਵੈਤਨ ਭੁਗਤਾਣ ਲਈ ਉਹ ਮੈਨੂੰ ਤਾਂਘਦਾ ਦਿਸਿਆ, ਜਿਵੇਂ ਕਿਸੇ ਕਾਰਨ ਸਮੂਹ ਦਰਸ਼ਕਾਂ ਦੇ ਸਾਹਮਣੇ ਆਪਣੇ ਮਹਿਕਮੇ ਦੀ ਸ਼ਾਨ ਬਰਕਰਾਰ ਕਰਨ ਦਾ ਸਵਾਲ ਉਠ ਪਿਆ ਹੋਵੇ। ਉਹ ਫੇਰ ਉਸੇ ਤਰ੍ਹਾਂ ਖੰਭੇ 'ਤੇ ਜਾ ਚੜ੍ਹਿਆ। ਖੰਭਾ ਫੇਰ ਹਿੱਲਿਆ, ਪਰ ਉਹਨੂੰ ਇਸ ਗੱਲ ਦੀ ਉਕਾ ਈ ਪਰਵਾਹ ਨਹੀਂ ਸੀ, ਜਿਸ ਕਾਰਨ ਮੈਂ ਵੀ ਧਿਆਨ ਦੇਣਾ ਛੱਡ ਦਿੱਤਾ। ਲਾਟੂਆਂ ਵਾਲੇ ਡੰਡੇ 'ਤੇ ਬੈਠਣ ਵੇਲੇ ਉਸ ਨੇ ਆਪਣੇ ਸਰੀਰ ਦਾ ਇੰਜ ਤਵਾਜ਼ਨ ਕੀਤਾ ਜਿਵੇਂ ਘੋੜ-ਦੌੜ ਤੋਂ ਪਹਿਲਾਂ 'ਜਾਕੀ' ਕਰਦੇ ਹਨ। ਫੇਰ ਆਪਣੇ ਸੱਜੇ ਪੈਰ ਦਾ ਅੰਗੂਠਾ ਲਾਟੂ ਵਿਚ ਫਸਾਇਆ, ਜਿਸ ਉਪਰ ਤਾਰ ਗੱਡਣੀ ਸੀ ਅਤੇ ਉਕੜੂੰ ਹੋ ਕੇ ਪੈਰ ਦੀ ਤਲੀ ਵਿਚ ਪੁੜੇ ਕਿਸੇ ਕੰਡੇ ਜਾਂ ਕਿੱਲ ਨੂੰ ਟਟੋਲਿਆ। ਥਾਂ ਥਾਂ ਪਾਟੀ ਤੇ ਝਰੀਟੀ ਚਮੜੀ ਸੀ, ਉਸ ਦੇ ਸੁਆਹ-ਰੰਗੇ ਪੈਰ ਦੀ, ਜਿਵੇਂ ਸੋਕੇ ਪੈਣ 'ਤੇ ਧਰਤ ਪਾਟ ਜਾਂਦੀ ਹੈ। ਥੋੜ੍ਹਾ ਜਿਹਾ ਲਹੂ ਨਿਕਲਿਆ ਅੱਡੀ 'ਚੋਂ।

ਪਿਛਲੀ ਸ਼ੂਟਿੰਗ ਵੇਲੇ ਨੰਗੇ ਪੈਰੀਂ ਨੱਠਦਿਆਂ ਮੈਨੂੰ ਵੀ ਕਿੱਲ ਪੁੜਿਆ ਸੀ ਅਤੇ ਟੈਟਨਸ ਦੇ ਡਰ ਮਾਰਿਆ ਬੰਬਈ ਪੁੱਜ ਕੇ ਪਹਿਲਾ ਕੰਮ ਡਾਕਟਰ ਤੋਂ ਸੂਈ ਲਗਵਾਣ ਦਾ ਕੀਤਾ ਸੀ। ਡਾਕਟਰ ਨੇ ਤਿੰਨ ਮਹੀਨੇ ਬਾਅਦ ਇਕ ਹੋਰ ਸੂਈ ਲਗਵਾ ਲੈਣ ਦਾ ਮਸ਼ਵਰਾ ਦਿੱਤਾ ਸੀ ਤਾਂ ਜੋ ਛੇ-ਸੱਤ ਸਾਲ ਲਈ ਅਜਿਹੇ ਹਾਦਸਿਆਂ ਤੋਂ ਬੇਫਿਕਰੀ ਹੋ ਜਾਏ ਪਰ ਇਸ ਭਲੇ ਆਦਮੀ ਦੇ ਪੂੰਝਣ ਮਸਲਣ ਤੋਂ ਸਾਫ ਜਾਹਰ ਹੁੰਦਾ ਸੀ ਕਿ ਇਹਨੇ ਮਾਮਲਾ ਇਥੇ ਹੀ ਨਿਬੇੜ ਛੱਡਿਆ ਹੈ।

ਉਪਰ ਉਹਦੇ ਹੱਥ ਵਿਚ ਆਉਣ ਪਿਛੋਂ ਤਾਰ ਦਾ ਪੂਰਾ ਪਸਾਰ ਨਜ਼ਰ ਆਇਆ। ਖੱਡ ਵਾਲੇ ਖੰਭੇ ਤੋਂ ਲੈ ਕੇ ਉਹ ਦੂਜੇ ਪਾਸੇ ਦੂਰ ਮੈਨੇਜਰ ਦੇ ਦਫਤਰ ਤਕ ਚਲੀ ਗਈ ਸੀ। ਇਹਦਾ ਉਹ ਚਿੱਟੇ ਲਾਟੂ ਨਾਲ ਕਿਸ ਤਰ੍ਹਾਂ ਕੁਨੈਕਸ਼ਨ ਕਰੇਗਾ, ਉਡੀਕ ਕੇ ਵੇਖਣ ਦੀ ਉਤਸੁਕਤਾ ਹੋਈ। ਕੀ ਤਾਰ ਨੂੰ ਕੇਵਲ ਲਾਟੂ ਦੀ ਗਿੱਚੀ ਦੁਆਲੇ ਵਲ੍ਹੇਟ ਦੇਵੇਗਾ? ਕੀ ਇੰਜ ਕੀਤਿਆਂ 'ਵਾਜ ਦੀ ਬਰਕੀ ਲਹਿਰ ਵਿਚ ਖਲਲ ਪੈਣ ਦਾ ਅਮਕਾਨ ਨਹੀਂ ਸੀ? ਨਿੱਕੀ ਉਮਰੇ ਟੈਲੀਫੋਨ ਟੈਲੀਫੋਨ ਖੇਡਣ ਦਾ ਬਹੁਤ ਚਾਅ ਸੀ, ਸ਼ੈਦ ਉਸੇ ਦੇ ਕਿਸੇ ਬਚੇ-ਖੁਚੇ ਅੰਸ਼ ਨੇ ਹੋਰ ਬੱਚਿਆਂ ਵਾਂਗਰ, ਮੈਨੂੰ ਵੀ ਉਥੇ ਖਲ੍ਹਾਰੀ ਰੱਖਿਆ।

ਹੁਣ ਉਹਨੇ ਜੇਬ ਵਿਚੋਂ ਪਲਾਸ ਕੱਢਿਆ ਅਤੇ ਚੁਸਤ ਅੰਦਾਜ਼ੇ ਨਾਲ ਤਾਰ ਨੂੰ ਵਿਚਕਾਰੋਂ ਕੱਟ ਦਿੱਤਾ। ਇਕ ਸਿਰੇ ਨੂੰ ਸਣੇ ਚਿੱਟੀ ਮੋਟੀ ਤਾਰ, ਸਰੀਰ ਗਿਰਦ ਲਪੇਟ ਲਿਆ ਅਤੇ ਦੂਜੇ ਨੂੰ ਦੋਹਾਂ ਹੱਥਾਂ ਨਾਲ ਜ਼ੋਰ ਦਾ ਖਿੱਚ ਕੇ ਲਾਟੂ ਦੁਆਲੇ ਕੱਸਵੇਂ ਵੱਟ ਚਾੜ੍ਹ ਦਿੱਤੇ। ਇੰਜ ਕਰਦਿਆਂ ਇਕ ਵਾਰੀ ਲਾਟੂ ਕੁੰਡੇ ਸਮੇਤ ਮੋਰੀ ਵਿਚੋਂ ਨਿਕਲ ਆਇਆ ਅਤੇ ਝਟਕਾ ਖਾਧੇ ਖੰਭੇ ਦੀ ਲਰਜ਼ਸ਼ ਨੇ ਮੇਰੇ ਅੰਦਰ ਜਿਵੇਂ ਬਿਜਲੀ ਦੀ ਕਰੰਟ ਦੁੜਾ ਦਿੱਤੀ ਪਰ ਟੈਲੀਫੋਨ ਵਾਲਾ ਆਪਣੇ ਕੰਮ ਵਿਚ ਮਗਨ, ਦੁਨੀਆਂ ਜਹਾਨ ਤੋਂ ਬੇਖਬਰ ਸੀ। ਉਸ ਦੇ ਚਿਹਰੇ ਉਪਰ ਮੂਡ ਵਿਚ ਆਏ ਲੇਖਕ ਜਾਂ ਰਣ ਵਿਚ ਜੂਝਦੇ ਜੋਧੇ ਵਾਲਾ ਜਾਹੋ-ਜਲਾਲ ਸੀ। ਟਿੱਲ ਲਾ ਕੇ ਉਹਨੇ ਲਾਟੂ ਨੂੰ ਮੁੜ ਮੋਰੀ ਵਿਚ ਬਿਠਾ ਦਿੱਤਾ ਅਤੇ ਤਾਰ ਦੇ ਵਾਧੂ ਸਿਰੇ ਨੂੰ ਤਾਰ ਦੁਆਲੇ ਹੀ ਮਰੋੜੇ ਦੇ ਦਿੱਤੇ। ਮੈਂ ਵੇਖਿਆ ਕਿ ਜਿਨ੍ਹਾਂ ਸ਼ਾਖਾਂ ਨਾਲ ਤਾਰ ਉਲਝੀ ਸੀ, ਉਹ ਹਾਲੇ ਵੀ ਨੇੜੇ-ਤੇੜੇ ਈ ਹਨ। ਮੈਂ ਕੋਲ ਖੜ੍ਹੇ ਬੈਰੇ ਨੂੰ ਕਿਹਾ, "ਯਿਹ ਸ਼ਾਖੇਂ ਤੋ ਫੈਲ ਕਰ ਏਕ ਦਿਨ ਫਿਰ ਤਾਰ ਮੇਂ ਉਲਝ ਜਾਏਂਗੀ, ਪੱਕਾ ਇਲਾਜ ਤੋਂ ਨਹੀਂ ਹੂਆ।"

"ਹਾਂ, ਯਿਹ ਝਾੜ ਬਹੁਤ ਖਰਾਬ ਹੈ।" ਉਹਨੇ ਜਵਾਬ ਦਿੱਤਾ।

"ਤੁਮ ਮੈਨੇਜਰ ਸਾਹਬ ਕੋ ਦਿਖਾ ਦੋ ਨਾ। ਯਿਹ ਸਭ ਕੁਝ ਕਟਵਾ ਦੇਨਾ ਚਾਹੀਏ ਯਹਾਂ ਸੇ।"

"ਵੋਹ ਤੋ ਟੈਲੀਫੋਨ ਕੰਪਨੀ ਕਾ ਕਾਮ ਹੈ। ਕਟਵਾ ਦੇਗਾ ਤੋਂ ਮੈਨੇਜਰ ਕਿਆ ਬੋਲਨੇ ਵਾਲਾ ਹੈ।"

"ਮਗਰ ਝਾੜ ਤੋ ਹੋਟਲ ਕੇ ਕੰਪਾਊਂਡ ਮੇਂ ਹੈ ਨਾ, ਤੁਮ ਲੋਕ ਖੁਦ ਭੀ ਕਟਵਾ ਸਕਤੇ ਹੋ?"

"ਐਸਾ ਕੈਸਾ ਹੋਏਂਗਾ।" ਕਹਿ ਕੇ ਉਸ ਨੇ ਬਹਿਸ ਖਤਮ ਕਰ ਦਿੱਤੀ, ਜਿਵੇਂ ਮੈਂ ਕੋਈ ਬੜੀ ਹੀ ਬੇਸਮਝੀ ਦੀ ਗੱਲ ਕੀਤੀ ਹੋਵੇ ਅਤੇ ਸਚਮੁਚ, ਉਸ ਤੋਂ ਮੈਨੇਜਰ ਅੱਗੇ ਜ਼ਬਾਨ ਖੋਲ੍ਹਣ ਦੀ ਆਸ ਕਰਨਾ ਬੇਸਮਝੀ ਨਹੀਂ ਤਾਂ ਹੋਰ ਕੀ ਸੀ? ਫੇਰ ਵੀ ਮੈਂ ਕੁਝ ਤਲਖੀ ਨਾਲ, ਸ਼ਾਇਦ ਆਪਣੇ ਸਵੈਮਾਣ ਦੀ ਰੱਖਿਆ ਲਈ ਕਿਹਾ, "ਦੇਖੋ ਤੋ ਸਹੀ, ਕਿਤਨੇ ਖਤਰਨਾਕ ਢੰਗ ਸੇ ਬੇਚਾਰਾ ਕਾਮ ਕਰ ਰਹਾ ਹੈ। ਮਹੀਨੇ ਭਰ ਮੇਂ ਬਰਸਾਤ ਆਨੇ ਵਾਲੀ ਹੈ। ਯਿਹ ਝਾੜ ਫਿਰ ਤਾਰੋਂ ਮੇਂ ਲਗੇਗਾ।"

"ਠੀਕ ਹੈ, ਐਸਾ ਬਹੁਤ ਹੋਤਾ ਹੈ। ਆਵਾਜ਼ ਭੀ ਸੁਨਾਈ ਨਹੀਂ ਪੜਤਾ ਹੈ।"

ਟੈਲੀਫੋਨ ਵਾਲੇ ਨੇ ਗੰਢ ਖੋਲ੍ਹ ਕੇ ਸਰੀਰ ਨਾਲ ਲਪੇਟੀ ਮੋਟੀ ਚਿੱਟੀ ਤਾਰ ਨੂੰ ਟੈਲੀਫੋਨ ਤਾਰ ਦੇ ਬਾਕੀ ਹਿੱਸੇ ਤੋਂ ਅੱਡ ਕੀਤਾ ਅਤੇ ਖੰਭੇ ਉਪਰ ਫੇਰ ਇਕ ਕਾਮਲ ਘੁੜਸਵਾਰ ਵਾਂਗਰ ਆਪਣੇ ਆਪ ਨੂੰ 'ਬੈਲੇਂਸ' ਕਰਦਿਆਂ, ਮੂੰਹ ਮੈਨੇਜਰ ਦੇ ਦਫਤਰ ਵੱਲ ਮੋੜਿਆ। ਉਹਨੂੰ ਭਾਵੇਂ ਮਨ ਦੀ ਕਿਸੇ ਹੇਠਲੀ ਤਹਿ ਖੰਭੇ ਦੇ ਲਰਜਣ ਦਾ ਖਿਆਲ ਹੈ ਸੀ ਕਿ ਨਹੀਂ, ਪਰ ਮੇਰਾ ਧਿਆਨ ਫੇਰ ਉਸ ਪਾਸੇ ਜਾਣੋਂ ਨਾ ਰਹਿ ਸਕਿਆ। ਜਦੋਂ ਉਸ ਨੇ ਦੋਹਾਂ ਹੱਥਾਂ ਨਾਲ ਤਾਰ ਨੂੰ ਖਿੱਚਣਾ ਅਰੰਭ ਕੀਤਾ, ਮੇਰੀਆਂ ਬੇਯਕੀਨ ਅੱਖਾਂ ਨੇ ਵੇਖਿਆ, ਖੰਭਾ ਪਿਛਾਂਹ ਵੱਲ ਲਿਫ ਰਿਹਾ ਸੀ। ਬੈਰਾ ਤੇ ਮੈਂ ਦੌੜ ਕੇ ਉਸ ਵਲ ਲਪਕੇ, ਪਰ ਸਾਡੇ ਪੁੱਜਣ ਤੋਂ ਪਹਿਲਾਂ ਈ ਉਹ ਝਾੜੀਆਂ, ਰੁੱਖਾਂ, ਵੇਲਾਂ ਦੇ ਘੱਚੜ ਵਿਚ ਸਮਾਵੇਸ਼ ਕਰ ਕੇ ਸਥਿਰ ਹੋ ਚੁਕਾ ਸੀ, ਜਿਸ 'ਚੋਂ ਮਾਮੂਲੀ ਜਿਹੀਆਂ ਝਰੀਟਾਂ ਖਾ ਕੇ ਟੈਲੀਫੋਨ ਵਾਲਾ ਵੀ ਸਹੀ-ਸਲਾਮਤ ਬਾਹਰ ਨਿਕਲ ਆਇਆ।


ਪ੍ਰਸਥਿਤੀ ਫੇਰ ਪਹਿਲਾਂ ਵਰਗੀ ਹੋ ਗਈ, ਸਗੋਂ ਉਸ ਤੋਂ ਕਿਤੇ ਜ਼ਿਆਦਾ ਸੋਚਨੀਯ। ਹੁਣ ਤਾਂ ਰਾਤ ਨੂੰ ਅਵੱਸ਼ ਕਿਤੇ ਹੋਰਥੇ ਜਾ ਕੇ ਟਰੰਕ ਕਾਲ ਰਿਸੀਵ ਕਰਨੀ ਪਏਗੀ, ਮੈਂ ਸੋਚਿਆ। ਪਰ ਕਾਰਿੰਦੇ ਨੂੰ ਹੌਸਲਾ ਦੇਣ ਲਈ, ਮੈਂ ਉਹਦੇ ਮਹਿਕਮੇ ਨੂੰ ਦੋਸ਼ ਦੇਣਾ ਸ਼ੁਰੂ ਕੀਤਾ, "ਭਲਾ ਯਿਹ ਭੀ ਕੋਈ ਕਾਇਦਾ ਹੈ? ਇਤਨੇ ਜੋਖਮ ਕੇ ਕਾਮ ਕੇ ਲੀਏ ਅਕੇਲੇ ਆਦਮੀ ਕੋ ਬੇ-ਸਰੋ-ਸਾਮਾਨ ਭੇਜ ਦੇਨਾ? ਇਸ ਕੀ ਕਿਸਮਤ ਅੱਛੀ ਥੀ ਜੋ ਬਚ ਗਿਆ, ਵਰਨਾ ਦੋ ਮਹੀਨੇ ਹਸਪਤਾਲ ਜਾ ਪੜਤਾ ਤੋ ਕਿਆ ਹੋਤਾ?"

*(ਬਾਕੀ ਅਗਲੇ ਸਫੇ 'ਤੇ)*

# ਭਾਈ ਵੀਰ ਸਿੰਘ ਜੀ

***ਪੰਜਾਬੀ ਦੇ ਫੱਕਰ ਲਿਖਾਰੀ ਦਵਿੰਦਰ ਸਤਿਆਰਥੀ (28 ਮਈ 1908-12 ਫਰਵਰੀ 2003) ਦੀ ਲਿਖਤ 'ਭਾਈ ਵੀਰ ਸਿੰਘ ਜੀ' ਉਸ ਵਕਤ ਦੀ ਰਚਨਾ ਹੈ ਜਦੋਂ ਭਾਈ ਵੀਰ ਸਿੰਘ (5 ਦਸੰਬਰ 1872-10 ਜੂਨ 1957) ਅਜੇ ਜੀਵਤ ਸਨ। ਉਦੋਂ ਉਹ ਆਪਣੀ ਜਨਮ ਭੂਮੀ ਅੰਮ੍ਰਿਤਸਰ ਛੱਡ ਕੇ ਦੇਹਰਾਦੂਨ ਜਾ ਬਿਰਾਜੇ ਸਨ। ਉਥੇ ਹੀ ਦੋਹਾਂ ਵਿਚਕਾਰ ਪਹਿਲੀ ਮੁਲਾਕਾਤ ਹੋਈ। ਦਵਿੰਦਰ ਸਤਿਆਰਥੀ ਨੇ ਇਸ ਮੁਲਾਕਾਤ ਤੋਂ ਅਰੰਭ ਕਰ ਕੇ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਅਤੇ ਜੀਵਨ ਦੇ ਕੁਝ ਅਛੋਹ ਪੱਖਾਂ ਬਾਰੇ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ। -ਸੰਪਾਦਕ***

ਬਜ਼ੁਰਗ ਤਾਂ ਉਹ ਉਨ੍ਹੀਂ ਦਿਨੀਂ ਵੀ ਸਨ, ਜਦੋਂ ਸੰਨ 1933 ਵਿਚ ਦੇਹਰਾਦੂਨ ਅਚਾਨਕ ਉਨ੍ਹਾਂ ਨਾਲ ਮੁਲਾਕਾਤ ਹੋਈ। ਮੇਰੇ ਮਨ 'ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਜੋ ਪ੍ਰਭਾਵ ਪਿਆ, ਉਸ ਨੂੰ ਮੈਂ ਆਪਣਾ ਪ੍ਰਿਅ ਸੰਸਮਰਣ ਸਮਝਦਾ ਰਿਹਾ ਹਾਂ। ਇਹ ਮੁਲਾਕਾਤ ਡਾ. ਬਲਬੀਰ ਸਿੰਘ ਕਰ ਕੇ ਸੰਭਵ ਹੋ ਸਕੀ ਸੀ। ਮੈਂ ਉਨ੍ਹਾਂ ਨੂੰ ਦੇਖਿਆ, ਉਨ੍ਹਾਂ ਦੇ ਨਜ਼ਦੀਕ ਬੈਠਣ ਦਾ ਸੁਭਾਗ ਪ੍ਰਾਪਤ ਹੋਇਆ। ਉਹ ਮੇਰੇ ਲਈ ਪਰੰਪਰਾ ਦੇ ਪ੍ਰਤੀਕ ਸਨ। ਉਹ ਕਵੀ ਸਨ, ਇਹ ਸੂਚਨਾ ਮੇਰੇ ਲਈ ਹੈਰਾਨੀ ਦਾ ਕਾਰਨ ਨਾ ਬਣੀ। ਸੰਤ-ਪਰੰਪਰਾ ਤਾਂ ਅਨੇਕ ਕਵੀਆਂ ਨੂੰ ਜਨਮ ਦਿੰਦੀ ਆਈ ਸੀ। ਸ਼ਾਇਦ ਇਸ ਦਾ ਇਕ ਕਾਰਨ ਸੀ ਸ਼ਰਧਾ ਅਤੇ ਵਿਸ਼ਵਾਸ ਦੀ



ਨਵੀਨਤਾ ਕਿ ਮੈਂ ਉਨ੍ਹਾਂ ਦੇ ਮੂੰਹੋਂ ਅਨੁਭਵ ਅਤੇ ਸਮਰਪਿਤ ਜੀਵ ਸ਼ਾਂਤ ਬਾਣੀ ਸੁਣਨ ਦੀ ਬਜਾਇ ਆਪਣੀ ਹੀ ਗੱਲ ਸ਼ੁਰੂ ਕਰ ਦਿੱਤੀ।

**ਦਵਿੰਦਰ ਸਤਿਆਰਥੀ**

ਉਹ ਸੁਣਦੇ ਰਹੇ। ਗੁਰੂਦੇਵ ਰਵਿੰਦਰਨਾਥ ਠਾਕੁਰ ਨਾਲ ਆਪਣੇ ਨਿਕਟ ਸੰਪਰਕ ਦੀ ਗੱਲ ਦੋ-ਤਿੰਨ ਵਾਕਾਂ ਵਿਚ ਖ਼ਤਮ ਕਰਦਿਆਂ ਹੀ ਮੈਂ ਆਪਣੀ ਲੋਕ-ਗੀਤ ਯਾਤਰਾ ਦੀ ਚਰਚਾ ਲੈ ਬੈਠਾ। ਉਹ ਸੁਣਦੇ ਰਹੇ। ਬਿਲਕੁਲ ਖ਼ਾਮੋਸ਼ ਭਾਵ ਨਾਲ। ਉਨ੍ਹਾਂ ਦੀ ਇਹ ਖ਼ਾਮੋਸ਼ੀ ਹੌਲੀ-ਹੌਲੀ ਭਾਰੀ ਹੁੰਦੀ ਗਈ ਪਰ ਮੈਂ ਵੀ ਆਪਣੀ ਗੱਲ ਵਿਚਾਲਿਓਂ ਨਹੀਂ ਸੀ ਛੱਡ ਸਕਦਾ।

ਆਪਣੀ ਗੱਲ ਦੇ ਬਾਅਦ ਮੈਂ ਉਨ੍ਹਾਂ ਵੱਲ ਜਗਿਆਸਾ ਭਰੀ ਨਜ਼ਰ ਨਾਲ ਦੇਖਣ ਲੱਗਿਆ। ਉਹ ਅਜੇ ਵੀ ਖ਼ਾਮੋਸ਼ ਬੈਠੇ ਸਨ। ਬੋਲ ਕੇ ਕੁਝ ਆਖਾਂ, ਇਹ ਮੇਰੇ ਲਈ ਸੰਭਵ ਨਹੀਂ ਸੀ। ਸਫ਼ੈਦ ਪਗੜੀ ਦੇ ਹੇਠਾਂ ਉਨ੍ਹਾਂ ਦੀ ਉਹ ਸਫ਼ੈਦ ਲੰਮੀ ਦਾੜ੍ਹੀ, ਅੱਖਾਂ 'ਤੇ ਗੋਲ ਸ਼ੀਸ਼ਿਆਂ ਵਾਲੀ ਐਨਕ ਅਤੇ ਚਿਹਰੇ 'ਤੇ ਸਭ ਕਾਸੇ ਤੋਂ ਨਿਰਲੇਪ ਰੇਖਾਵਾਂ, ਅੱਖਾਂ ਵਿਚ ਨਿਮਰਤਾ ਦਾ ਭਾਵ।

ਮੈਂ ਕਿਹਾ, "ਆਸ਼ੀਰਵਾਦ ਦਿਓ।"

ਉਹ ਬੋਲੇ, "ਹੱਥ ਵਿਚ ਲਿਆ ਇਹ ਕੰਮ ਕਦੋਂ ਖ਼ਤਮ ਹੋਵੇਗਾ।"

"ਕਹਿ ਨਹੀਂ ਸਕਦਾ...।" ਮੈਂ ਨਿਮਰਤਾ ਨਾਲ ਕਿਹਾ। "ਇਹ ਕੰਮ ਤਾਂ ਹੁਣ ਜ਼ਿੰਦਗੀ ਦੇ ਨਾਲ ਹੀ ਜਾਵੇਗਾ।"

"ਮੇਰੀ ਖ਼ਾਹਿਸ਼ ਹੈ ਕਿ ਆਪ ਦਾ ਕੰਮ ਜਲਦੀ ਖ਼ਤਮ ਹੋ ਜਾਵੇ ਅਤੇ ਫਿਰ ਆਪ ਇਸ ਤੋਂ ਅੱਗੇ ਕੰਮ ਕਰ ਸਕੋ।"

ਅੱਗੇ ਦੇ ਕੰਮ ਤੋਂ ਉਨ੍ਹਾਂ ਦਾ ਕੀ ਭਾਵ ਸੀ? ਇਹ ਪੁੱਛਣ ਦਾ ਹੌਸਲਾ ਮੇਰੇ ਵਿਚ ਨਹੀਂ ਸੀ। ਉਹ ਉਸੇ ਰਾਹ ਵੱਲ ਸੰਕੇਤ ਕਰ ਰਹੇ ਸਨ, ਜਿਸ ਦੇ ਉਹ ਰਾਹੀ ਸਨ।

ਮੈਂ ਅਜੇ ਤੱਕ ਉਨ੍ਹਾਂ ਦੇ ਰਾਹ 'ਤੇ ਨਹੀਂ ਚੱਲ ਸਕਿਆ, ਕਿਉਂਕਿ ਮੇਰਾ ਹਥਲਾ ਕੰਮ ਵਧਦਾ ਗਿਆ ਅਤੇ ਕੰਮ ਵਧਦਾ ਦੇਖ ਕੇ ਮੈਂ ਘਬਰਾਇਆ ਨਹੀਂ। ਕਦੇ-ਕਦੇ ਬੜੀ ਖ਼ੁਸ਼ੀ ਹੋਈ, ਸੋਚਿਆ ਕਿ ਹੁਣ ਹੱਥ ਦਾ ਕੰਮ ਤਾਂ ਜੀਵਨ ਦਾ ਕੰਮ ਠਹਿਰਿਆ।

ਇਹ ਅਠਾਰਾਂ ਸਾਲ ਪਹਿਲਾਂ ਦੀ ਗੱਲ ਹੈ। ਪੰਜਾਬੀ ਦੇ ਬਜ਼ੁਰਗ ਕਵੀ ਭਾਈ ਵੀਰ ਸਿੰਘ ਜੀ ਉਨ੍ਹੀਂ ਦਿਨੀਂ ਇਕਾਹਠ ਸਾਲ ਦੇ ਸਨ।

ਸੰਨ 1933 ਭਾਈ ਵੀਰ ਸਿੰਘ ਜੀ ਦੇ ਜੀਵਨ ਦਾ ਇਕ ਚਿਰ-ਪ੍ਰਿਅ ਸਾਲ ਹੈ ਕਿਉਂਕਿ ਇਸੇ ਸਾਲ ਉਨ੍ਹਾਂ ਦਾ ਕਵਿਤਾ ਸੰਗ੍ਰਹਿ 'ਕੰਬਦੀ ਕਲਾਈ' ਪ੍ਰਕਾਸ਼ਿਤ ਹੋਇਆ। ਇਸ ਤੋਂ ਪਹਿਲਾਂ ਉਨ੍ਹਾਂ ਦੇ ਕਾਵਿ ਗ੍ਰੰਥ 'ਸੂਰਤ ਸਿੰਘ' (1905), 'ਲਹਿਰਾਂ ਦੇ ਹਾਰ', 'ਮਟਕ ਹੁਲਾਰੇ', 'ਬਿਜਲੀਆਂ ਦੇ ਹਾਰ', 'ਪ੍ਰੀਤ ਵੀਣਾ' ਅਤੇ 'ਜੀਵਨ ਕੀ ਹੈ?' ਪ੍ਰਕਾਸ਼ਿਤ ਹੋ ਚੁੱਕੇ ਸਨ। 'ਕੰਬਦੀ ਕਲਾਈ' ਦੀ ਸੰਗੀਤਮਈ ਕਵਿਤਾ ਨਾਲ ਪੰਜਾਬੀ ਕਵਿਤਾ ਵਿਚ ਇਕ ਨਵਾਂ ਮੋੜ ਆਇਆ। ਇਸ ਵਿਚ ਸਹਿਜ ਅਤੇ ਸਰਲ ਭਾਸ਼ਾ ਵਿਚ ਸੰਤ-ਪਰੰਪਰਾ ਦੇ ਸੰਗੀਤ ਤੱਤ ਵਿਚ ਹੋਰ ਵੀ ਨਿਖਾਰ ਆਇਆ।

ਮੈਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਸੰਨ 1933 ਵਿਚ 'ਕੰਬਦੀ ਕਲਾਈ' ਦੇ ਕਵੀ ਨਾਲ ਮੇਰਾ ਸੰਪਰਕ ਮੇਰੇ ਲਈ ਵਰਦਾਨ ਸਾਬਿਤ ਹੋਇਆ। ਪੰਜਾਬੀ ਸਾਹਿਤ ਵੱਲ ਮੇਰੀ ਰੁਚੀ ਬੜੀ ਤੇਜ਼ੀ ਨਾਲ ਹੋ ਗਈ।

ਸੰਨ 1934 ਵਿਚ ਮੈਂ ਸਭ ਤੋਂ ਪਹਿਲਾਂ ਪੰਜਾਬੀ ਗੱਦ ਵੱਲ ਆਇਆ। ਇਸ ਦੀ ਪ੍ਰੇਰਨਾ ਗੁਰੂਦੇਵ ਰਾਬਿੰਦਰਨਾਥ ਦੇ ਮੂੰਹੋਂ ਨਿਕਲੇ ਇਨ੍ਹਾਂ ਸ਼ਬਦਾਂ ਤੋਂ ਮਿਲੀ ਸੀ, "ਲੇਖਕ ਸਭ ਤੋਂ ਵਧੇਰੇ ਆਪਣੀ ਮਾਂ-ਬੋਲੀ ਦਾ ਰਿਣੀ ਹੁੰਦਾ ਹੈ, ਇਸ ਲਈ ਮੈਂ ਬੰਗਲਾ ਵਿਚ ਲਿਖਦਾ ਹਾਂ।" ਇਸ ਤੋਂ ਮੈਂ ਆਪਣੀ ਮਾਂ-ਬੋਲੀ ਦਾ ਮਹੱਤਵ ਸਮਝਣ ਦੇ ਯੋਗ ਹੋਇਆ ਸੀ। ਫਿਰ ਵੀ ਜੇ ਭਾਈ ਵੀਰ ਸਿੰਘ ਵਰਗੇ ਪੰਜਾਬੀ ਸਾਹਿਤਕਾਰ ਨਾਲ ਸੰਪਰਕ ਨਾ ਹੋਇਆ ਹੁੰਦਾ ਤਾਂ ਪੰਜਾਬੀ ਦਾ ਮੁੱਲ ਮੇਰੀ ਨਜ਼ਰ ਤੋਂ ਓਝਲ ਰਹਿ ਗਿਆ ਹੁੰਦਾ।

ਜਿਉਂ-ਜਿਉਂ ਮੈਂ ਪੰਜਾਬੀ ਸਾਹਿਤ ਰਚਨਾ ਵਿਚ ਸਰਗਰਮ ਰਹਿਣ ਲੱਗਿਆ, ਭਾਈ ਵੀਰ ਸਿੰਘ ਜੀ ਦੀ ਕ੍ਰਿਪਾ-ਦ੍ਰਿਸ਼ਟੀ ਹਮੇਸ਼ਾ ਮੇਰੇ 'ਤੇ ਬਣੀ ਰਹੀ। ਮੇਰੀ ਪਹਿਲੀ ਪੰਜਾਬੀ ਪੁਸਤਕ 'ਗਿੱਧਾ' ਦਾ ਪੰਜਾਬੀ ਸਾਹਿਤ ਦੀ ਨਵੀਂ ਕਲਾ ਕ੍ਰਿਤੀ ਦੇ ਰੂਪ ਵਿਚ ਅਭਿਨੰਦਨ ਕਰਦਿਆਂ ਉਨ੍ਹਾਂ ਨੇ 'ਖ਼ਾਲਸਾ ਸਮਾਚਾਰ' ਵਿਚ ਮੇਰੀ ਪਛਾਣ ਪਾਠਕਾਂ ਨਾਲ ਕਰਵਾਈ ਸੀ।

ਵਿਅਕਤੀਗਤ ਸੰਪਰਕ ਦੁਆਰਾ ਅਨੇਕ ਵਾਰ ਪ੍ਰਤੀਭਾਵ ਭੜਕਦੇ ਹਨ, ਉਲਟੇ ਵੀ ਤੇ ਸਿੱਧੇ ਵੀ। ਇਸ ਲਈ ਖ਼ਾਹਿਸ਼ ਇਹੋ ਹੈ ਕਿ ਜੀਵਨ ਦੀ ਹਰੇਕ ਚੀਜ਼ ਨੂੰ ਨਿਰਪੱਖ ਰਹਿ ਕੇ ਦੇਖਣ ਦਾ ਜਤਨ ਕੀਤਾ ਜਾਏ। ਮੈਂ ਅਜਿਹਾ ਨਹੀਂ ਕਰ ਸਕਿਆ। ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾ ਦੇ ਨਾਤੇ ਭਾਈ ਵੀਰ ਸਿੰਘ ਜੀ ਦੀ ਸ਼ਖ਼ਸੀਅਤ ਬਹੁਤ ਵੱਡਾ ਇਤਿਹਾਸਕ ਮਹੱਤਵ ਰੱਖਦੀ ਹੈ, ਇਹ ਮੈਂ ਮੰਨਦਾ ਹਾਂ ਪਰ ਇਕ ਪੀੜ੍ਹੀ ਦਾ ਸਾਹਿਤਕਾਰ ਦੂਜੀ ਪੀੜ੍ਹੀ ਦੇ ਸਾਹਿਤਕਾਰ ਪ੍ਰਤੀ ਜੋ ਸਨੇਹ ਪ੍ਰਗਟ ਕਰਦਾ ਹੈ, ਉਸ ਨੂੰ ਵੀ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਸੰਨ 1930 ਤੋਂ ਉਨ੍ਹਾਂ ਨੇ ਅੰਮ੍ਰਿਤਸਰ ਵਿਚ ਲਾਰੰਸ ਰੋਡ ਵਾਲੇ ਨਿਵਾਸ ਸਥਾਨ ਵਿਚ ਰਹਿਣਾ ਸ਼ੁਰੂ ਕੀਤਾ, ਜਿਥੇ ਉਹ ਦੇਸ਼-ਬਦੇਸ ਤੋਂ ਫੁੱਲਾਂ ਤੇ ਫਲਾਂ ਦੇ ਪੌਦੇ ਮੰਗਵਾ ਕੇ ਆਪਣੇ ਹੱਥੀਂ ਲਾਉਂਦੇ ਰਹੇ। ਗੁਲਦਾਉਦੀ ਤੇ ਨਰਗਿਸ ਪ੍ਰਤੀ ਉਨ੍ਹਾਂ ਦਾ ਵਿਸ਼ੇਸ਼ ਆਕ੍ਰਸ਼ਣ ਰਿਹਾ। ਫੁੱਲਾਂ ਅਤੇ ਫਲਾਂ ਸਬੰਧੀ ਉਨ੍ਹਾਂ ਨੂੰ ਵਿਸ਼ਾਲ ਅਨੁਭਵ ਹੈ, ਜਿਸ ਦੀ ਪ੍ਰਿਸ਼ਠ-ਭੂਮੀ ਵਿਚ ਕਵੀ ਦਾ ਪ੍ਰਕਿਰਤੀ ਪ੍ਰੇਮ ਸਹਿਜੇ ਹੀ ਝਲਕਦਾ ਹੈ।




*ਭਾਈ ਵੀਰ ਸਿੰਘ: ਜਵਾਨੀ ਵੇਲੇ ਤੇ ਬੁਢਾਪੇ ਸਮੇਂ*

ਫੁੱਲਾਂ ਅਤੇ ਰੁੱਖਾਂ ਪ੍ਰਤੀ ਉਨ੍ਹਾਂ ਦੇ ਆਕ੍ਰਸ਼ਣ ਦਾ ਸਜੀਵ ਪ੍ਰਗਟਾਵਾ ਉਨ੍ਹਾਂ ਦੀ ਕਵਿਤਾ ਵਿਚ ਝਲਕਦਾ ਹੈ, ਭਾਵੇਂ ਉਸ ਵਿਚ ਦਾਰਸ਼ਨਿਕ ਛਾਪ ਵਧੇਰੇ ਹੈ। ਜਦੋਂ ਕਵੀ ਫੁੱਲਾਂ ਵਿਚ ਟਹਿਲਦਾ ਹੈ, ਉਸ ਦੀ ਪ੍ਰਤਿਭਾ ਪੈਰ-ਪੈਰ 'ਤੇ ਨਵੀਂ ਤਾਜ਼ਗੀ ਪਾ ਲੈਂਦੀ ਹੈ। ਪ੍ਰਕਿਰਤੀ ਦਾ ਸਪਰਸ਼ ਉਸ ਨੂੰ ਸ਼ਕਤੀ ਦਿੰਦਾ ਹੈ ਅਤੇ ਉਸ ਨੂੰ ਆਪਣੇ ਮਨ ਨਾਲ ਗੱਲਾਂ ਕਰਨ ਦਾ ਮੌਕਾ ਵੀ ਮਿਲਦਾ ਹੈ।

ਸਿੱਖ ਧਰਮ ਦੇ ਭਗਤੀ ਤੱਤ ਵਿਚ ਉਨ੍ਹਾਂ ਦਾ ਅਟੁੱਟ ਵਿਸ਼ਵਾਸ ਉਨ੍ਹਾਂ ਦੀ ਕਵਿਤਾ ਦਾ ਸਾਥ ਨਹੀਂ ਛੱਡਦਾ। ਗੱਦ ਲਿਖਦਿਆਂ ਵੀ ਉਨ੍ਹਾਂ ਦੀ ਇਹੋ ਰੁਚੀ ਪ੍ਰਤੀਬਿੰਬਤ ਹੁੰਦੀ ਹੈ। ਸਾਹਿਤ ਉਨ੍ਹਾਂ ਲਈ ਸਾਧਨਾ ਦਾ ਮਾਧਿਅਮ ਹੈ। ਰਚਨਾ ਕੌਸ਼ਲ ਅਤੇ ਸ਼ਬਦ ਚਮਤਕਾਰ ਦੀ ਟੋਹ ਉਨ੍ਹਾਂ ਨੂੰ ਪਸੰਦ ਨਹੀਂ। ਆਮ ਕਰ ਕੇ ਸਹਿਜ ਪ੍ਰਗਟਾਵਾ ਹੀ ਸਭ ਜਗ੍ਹਾ ਉਨ੍ਹਾਂ ਦੀ ਲੇਖਣੀ ਨੂੰ ਢੂੰਹਦਾ ਰਿਹਾ ਹੈ। ਪੰਜਾਬੀ ਭਾਸ਼ਾ ਦੇ ਪਰੰਪਰਾਗਤ ਤੇਜ਼ ਅਤੇ ਠੇਠ ਸੌਂਦਰਯ ਨੂੰ ਸੰਤ ਬਾਣੀ ਦੇ ਸੰਪਰਕ ਰਾਹੀਂ ਵੱਧ ਤੋਂ ਵੱਧ ਸਜੀਵ ਬਣਾਉਣ ਦਾ ਸਿਹਰਾ ਇਸ ਬਜ਼ੁਰਗ ਸਾਹਿਤਕਾਰ ਨੂੰ ਪ੍ਰਾਪਤ ਹੈ।

ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ ਜੀ ਸੰਤ-ਪਰੰਪਰਾ ਦੇ ਅੰਤਮ ਪ੍ਰਤੀਕ ਹਨ, ਕਿਉਂਕਿ ਉਹ ਆਪਣੇ ਸਥਾਨ 'ਤੇ ਅਲੱਗ ਬਿਰਾਜਮਾਨ ਹਨ। ਪੰਜਾਬੀ ਭਾਸ਼ਾ ਦੇ ਆਧੁਨਿਕ ਸਾਹਿਤਕਾਰ ਜਿਥੇ ਕੌਮਾਂਤਰੀ ਸਾਹਿਤ ਦੀਆਂ ਆਧੁਨਿਕ ਪ੍ਰਵਿਰਤੀਆਂ ਤੋਂ ਅਛੂਤੇ ਨਹੀਂ ਰਹੇ ਅਤੇ ਅੱਜ ਰਚਨਾ ਕੌਸ਼ਲ ਅਤੇ ਸ਼ਬਦ ਚਮਤਕਾਰ ਆਧੁਨਿਕ ਪੰਜਾਬੀ ਕਵਿਤਾ ਵਿਚ ਦੂਜੀਆਂ ਭਾਸ਼ਾਵਾਂ ਦੀ ਕਵਿਤਾ ਦੇ ਸਮਾਨ ਹੀ ਨਜ਼ਰ ਆਉਂਦਾ ਹੈ, ਉਥੇ ਭਾਈ ਵੀਰ ਸਿੰਘ ਅਲੱਗ ਖਲੋਤੇ ਦਿਖਾਈ ਦਿੰਦੇ ਹਨ।

ਵਿਸ਼ੇ ਤੇ ਸ਼ੈਲੀ ਦੀ ਦ੍ਰਿਸ਼ਟੀ ਤੋਂ ਅੱਜ ਦੀ ਪੰਜਾਬੀ ਕਵਿਤਾ ਕਿਸੇ ਵੀ ਦੇਸ਼ ਦੀ ਪ੍ਰਗਤੀਸ਼ੀਲ ਕਵਿਤਾ ਨਾਲ ਟੱਕਰ ਲੈ ਸਕਦੀ ਹੈ ਅਤੇ ਅਜੇ ਤਾਂ ਇਸ ਕਵਿਤਾ ਦੇ ਅੱਗੇ ਵਧਣ ਦੀਆਂ ਬਹੁਤ ਸੰਭਾਵਨਾਵਾਂ ਹਨ। ਪੰਜਾਬੀ ਦੇ ਗੱਦ ਵਿਚ ਵੀ ਨਵੀਆਂ ਪ੍ਰਵਿਰਤੀਆਂ ਦਾ ਸਪਰਸ਼ ਹੋਇਆ ਹੈ। ਨਾਲ ਹੀ ਇਹ ਵੀ ਸੱਚਾਈ ਹੈ ਕਿ ਇਕ ਵੀ ਪੰਜਾਬੀ ਸਾਹਿਤਕਾਰ ਨੂੰ ਅਸੀਂ ਭਾਈ ਵੀਰ ਸਿੰਘ ਜੀ ਦੀ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਨਹੀਂ ਦੇਖਦੇ।

ਭਾਈ ਵੀਰ ਸਿੰਘ ਜੀ ਨਾਲ ਉਨ੍ਹਾਂ ਦੀ ਪਰੰਪਰਾ ਬਾਕੀ ਰਹਿ ਜਾਵੇਗੀ। ਇਸ ਨਾਲ ਭਾਈ ਵੀਰ ਸਿੰਘ ਜੀ ਦੀ ਕਵਿਤਾ ਦਾ ਮਹੱਤਵ ਨਹੀਂ ਘਟੇਗਾ ਸਗੋਂ ਇਸ ਦਾ ਇਤਿਹਾਸਕ ਮਹੱਤਵ ਪੰਜਾਬੀ ਸਾਹਿਤਕਾਰਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਤੇ ਵਧੇਰੇ ਹੋ ਜਾਵੇਗਾ।

ਉਨ੍ਹਾਂ ਦੀ ਕਵਿਤਾ ਦੀ ਇਹ ਆਵਾਜ਼ ਜੁਗ-ਜੁਗ ਤਕ ਗੂੰਜਦੀ ਰਹੇਗੀ:

ਮਿੱਠੇ ਤਾਂ ਲਗਦੇ ਮੈਨੂੰ ਫੁੱਲਾਂ ਦੇ ਹੁਲਾਰੇ
ਫੁੱਲਾਂ ਦੇ ਹੁਲਾਰੇ
ਜਾਨ ਮੇਰੀ ਕੁੱਸਦੀ।

ਇਹ ਕੂੰਜ ਦੀ ਆਵਾਜ਼ ਹੈ ਜੋ ਆਪਣੀ ਡਾਰ ਨਾਲੋਂ ਵਿਛੜ ਗਈ ਹੈ। ਕੂੰਜ ਸਾਰਸ ਜਾਤੀ ਦਾ ਪੰਛੀ ਹੈ ਜੋ ਸਰਦੀਆਂ ਦੇ ਸ਼ੁਰੂ ਵਿਚ ਦੂਰ ਸਾਇਬੇਰੀਆ ਆਦਿ ਪਰਦੇਸਾਂ ਤੋਂ ਉਡ ਕੇ ਸਾਡੇ ਏਥੇ ਚਲਿਆ ਆਉਂਦਾ ਹੈ ਅਤੇ ਵਿਸਾਖ ਤੋਂ ਥੋੜ੍ਹਾ ਪਹਿਲਾਂ ਆਪਣੇ ਦੇਸ਼ ਨੂੰ ਵਾਪਸ ਚਲਿਆ ਜਾਂਦਾ ਹੈ। ਪੰਜਾਬ ਦਾ ਇਕ ਅਖਾਣ ਹੈ-ਕਣਕੀਂ ਕੂੰਜਾਂ ਮਿਹਣਾ, ਜੇ ਰਹਿਣ ਵਿਸਾਖੀ! ਜੇ ਕੂੰਜਾਂ ਵਿਸਾਖ 'ਚ ਇਧਰ ਹੀ ਰਹਿ ਜਾਣ ਅਤੇ ਕਣਕਾਂ ਓਦੋਂ ਤਕ ਪੱਕਣ ਨਾ ਤਾਂ ਇਹ ਦੋਹਾਂ ਲਈ ਤਾਅਨੇ ਦੀ ਗੱਲ ਹੈ। ਪੰਜਾਬੀ ਦੇ ਗਿੱਧਾ ਨਾਚ 'ਚ ਵੀ ਇਕ ਜਗ੍ਹਾ ਕੂੰਜ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ ਗਿਆ ਹੈ:

ਕੂੰਜੇ ਨੀ ਪਹਾੜ ਦੀਏ
ਕਦੀ ਪਾ ਵਤਨਾ ਵੱਲ ਫੇਰਾ।

ਸਹੁਰੇ ਘਰ ਗਈ ਕਿਸੇ ਲੜਕੀ ਨੂੰ ਕੁਝ ਦਿਨਾਂ ਲਈ ਪੇਕੇ ਆਉਣ ਦਾ ਸੱਦਾ ਪੰਜਾਬੀ ਲੋਕ-ਸਾਹਿਤ ਨੂੰ ਪ੍ਰਿਅ ਰਿਹਾ ਹੈ।

ਭਾਈ ਵੀਰ ਸਿੰਘ ਨੇ ਆਪਣੀ ਕਵਿਤਾ ਵਿਚ ਕੂੰਜ ਦੀ ਆਵਾਜ਼ ਵਿਚ ਮਨੁੱਖੀ ਆਤਮਾ ਦਾ ਰੂਪਕ ਢੂੰਡ ਕੱਢਿਆ ਜਿਸ ਨੂੰ ਇਸ ਦੁਨੀਆਂ ਵਿਚ ਖਿੜੇ ਹੋਏ ਫੁੱਲ ਪਿਆਰੇ ਲੱਗਦੇ ਹਨ ਪਰ ਜੋ ਅਸਲ ਵਿਚ ਆਪਣੇ ਆਦਿ-ਸਰੋਤ ਵੱਲ ਜਾਣ ਲਈ ਸਦਾ ਕਸਕ ਜਿਹੀ ਮਹਿਸੂਸ ਕਰਦੀ ਹੈ।

ਭਾਈ ਵੀਰ ਸਿੰਘ ਜੀ ਦੀ 'ਗੰਗਾ ਰਾਮ' ਨਾਮ ਦੀ ਕਵਿਤਾ ਆਧੁਨਿਕ ਪੰਜਾਬੀ ਕਵਿਤਾ ਵਿਚ ਵੱਖਰੀ ਤਰ੍ਹਾਂ ਦਾ ਸਥਾਨ ਰੱਖਦੀ ਹੈ। ਪੰਜਾਬੀ ਕਵਿਤਾ ਦਾ ਕੋਈ ਵੀ ਸੰਗ੍ਰਹਿ ਇਸ ਦੇ ਬਗ਼ੈਰ ਅਧੂਰਾ ਹੀ ਰਹੇਗਾ। ਇਸ ਵਿਚ ਬੰਦੀ ਜੀਵਨ ਅਤੇ ਸੁਤੰਤਰ ਜੀਵਨ ਦੀ ਕੜਵਾਹਟ ਸੁੰਦਰ ਸ਼ੈਲੀ ਵਿਚ ਪੇਸ਼ ਕੀਤੀ ਗਈ ਹੈ। ਗੰਗਾਰਾਮ ਪਿੰਜਰੇ ਤੋਂ ਛੁੱਟ ਕੇ ਆਇਆ ਤੋਤਾ ਹੈ ਜੋ ਆਪਣੇ ਬੰਦੀ ਜੀਵਨ ਨੂੰ ਇਸ ਤਰ੍ਹਾਂ ਯਾਦ ਕਰਦਾ ਹੈ ਜਿਵੇਂ ਉਹ ਦੇਵਲੋਕ ਦਾ ਜੀਵ ਰਿਹਾ ਹੋਵੇ। ਇਕ ਬੁੱਢਾ ਤੋਤਾ ਜੋ ਸਦਾ ਆਜ਼ਾਦ ਰਿਹਾ ਹੈ, ਆਪਣੇ ਜਤਨਾਂ ਦੁਆਰਾ ਦੇਵ ਲੋਕ ਦੇ ਜੀਵਨ ਦੀ ਹੀਣਤਾ ਜ਼ਾਹਿਰ ਕਰਨ ਤੋਂ ਨਹੀਂ ਚੁਕਦਾ। ਤੇ ਆਜ਼ਾਦੀ ਦੇ ਨਵੇਂ ਅਨੁਭਵ ਵਿਚ ਮਸਤ ਹੋ ਕੇ ਗੰਗਾ ਰਾਮ ਪ੍ਰਾਰਥਨਾ ਕਰਦਾ ਹੈ ਕਿ ਉਸ ਨੂੰ ਕਦੇ ਬੰਦੀ ਹੋ ਕੇ ਨਾ ਰਹਿਣਾ ਪਵੇ:

ਖੁੱਲ੍ਹ ਹਰਣ ਦੀ ਜਾਚ ਅਸਾਨੂੰ
ਸਾਈਆਂ ਕਦੇ ਸਿਖਾਈਂ ਨਾ।
ਪਸ਼ੂ ਅਸਾਨੂੰ ਚਾਹੇ ਰੱਖੀਂ
ਮਾਨੁੱਖ ਕਦੇ ਬਣਾਈਂ ਨਾ।
ਚਾਹੇ ਜੰਗਲੀ ਚਾਹੇ ਪਸ਼ੂ ਰੱਖ
ਦਾਨੇ ਚਾਹੇ ਬਣਾਈਂ ਨਾ।
ਖੁੱਲ੍ਹ ਵੇਚਣ ਦੀ ਅਕਲ ਨਾ ਦੇਵੀਂ
ਖੁੱਲ੍ਹ ਖੋਹਣ ਜਾਚ ਸਿਖਾਈਂ ਨਾ।

ਭਾਈ ਵੀਰ ਸਿੰਘ ਜੀ ਦੀਆਂ ਨਵੀਆਂ ਕਵਿਤਾਵਾਂ ਵਿਚ 'ਗਾਂਧੀ ਜੀ' ਕਵਿਤਾ ਖ਼ਾਸ ਕਰ ਕੇ ਵਰਣਨਯੋਗ ਹੈ। ਗਾਂਧੀ ਜੀ ਦੀ ਹੱਤਿਆ ਦੇ ਸੋਗ ਵਿਚ ਦੇਸ-ਬਦੇਸ ਦੇ ਅਨੇਕ ਕਵੀਆਂ ਦੁਆਰਾ ਲਿਖੀਆਂ ਗਈਆਂ ਕਵਿਤਾਵਾਂ ਦਾ ਜੇ ਪ੍ਰਤੀਨਿਧ ਸੰਗ੍ਰਹਿ ਪੇਸ਼ ਕਰਨ ਦੀ ਯੋਜਨਾ ਬਣਾਈ ਜਾਏ ਤਾਂ ਪੰਜਾਬੀ ਭਾਸ਼ਾ ਦੇ ਇਸ ਬਜ਼ੁਰਗ ਕਵੀ ਦੁਆਰਾ ਖੁਲ੍ਹੇ ਛੰਦ ਵਿਚ ਲਿਖੀ ਗਈ ਇਹ ਕਵਿਤਾ ਸੰਵਦੇਨਸ਼ੀਲਤਾ ਅਤੇ ਨਿਰਾਸ਼ਾ ਦੇ ਧਰਾਤਲ 'ਤੇ ਅਨੇਕ ਕਵਿਤਾਵਾਂ ਤੋਂ ਉਚੀ ਨਜ਼ਰ ਆਏਗੀ। ਇਸ ਕਵਿਤਾ ਦੀਆਂ ਕੁਝ ਪੰਕਤੀਆਂ ਲਓ:

ਆਵਾਜ਼ ਆਈ: ਠਾਹ!
ਧੁਨ ਉਠੀ:
ਰਾਮ ਰਾ...ਆ...ਮ, ਰਾ...ਆ...ਮ!
ਗ਼ੈਬ ਵਿਚੋਂ ਸੱਦ ਆਈ ਸੁਕਰਾਤ ਦੀ
ਆ ਜਾ ਮੇਰੇ ਭਾਈ ਗਾਂਧੀ, ਆ ਜਾ
ਇਸ ਦੁਨੀਆਂ ਵਿਚ ਇਹੋ ਕੁਛ ਹੈ
ਇਨ੍ਹਾਂ ਇਨਸਾਨਾਂ ਪਾਸ
ਇਹੋ ਕੁਛ ਹੈ
ਹਾਂ, ਇਹ ਨਹੀਂ ਜਾਣਦੇ
ਇਹ ਕੀ ਕਰ ਰਹੇ ਹਨ
ਪਰ ਉਹ ਜਾਣਦਾ ਹੈ
ਜੀਵਨ ਭਲਾ ਹੈ ਕਿ ਮਰਨ!
ਹਾਂ, ਕਿਸ ਵੇਲੇ ਕੀ ਭਲਾ ਹੈ
ਉਹ ਜਾਣਦਾ ਹੈ!
ਸਰੀਰ ਤੋਂ ਵਿਛੜੀ ਗਾਂਧੀ-ਰੂਹ
ਤਥਾ-ਅਸਤੂ!
ਮੇਰੇ ਭਾਈ, ਤਥਾ-ਅਸਤੂ!
ਗਗਨ ਗੂੰਜੇ!
'ਆਮੀਨ,
ਭਾਈ ਆਮੀਨ!'
ਮਨਸੂਰ (ਤਾੜੀ ਮਾਰ ਕੇ)
ਆਪਾ ਨੁਛਵਾਰੀਏ
ਇਸੇ ਪੁਰਸਲਾਤ ਤੋਂ ਲੰਘ ਕੇ
ਆਉਂਦੇ ਹਨ।

'ਗਾਂਧੀ ਜੀ' ਨਾਮ ਦੀ ਕਵਿਤਾ 'ਤੇ ਇਕ ਸੰਤ ਦੇ ਦ੍ਰਿਸ਼ਟੀਕੋਣ ਦੀ ਸਾਫ਼ ਛਾਪ ਹੈ-ਈਮਾਨਦਾਰੀ ਦੀ ਛਾਪ, ਡੂੰਘੇ ਅਹਿਸਾਸ ਦੀ ਛਾਪ।

ਇਥੇ ਇਹ ਯਾਦ ਹੋ ਆਉਂਦਾ ਹੈ ਕਿ ਰਾਬਿੰਦਰਨਾਥ ਠਾਕੁਰ ਨੇ ਆਪਣੇ ਜੀਵਨ ਦੇ ਅੰਤਮ ਸਮੇਂ ਕਵਿਤਾ ਵਿਚ ਨਵੇਂ ਪ੍ਰਯੋਗ ਕੀਤੇ ਸਨ ਅਤੇ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਹ ਨਵੇਂ ਜੁੱਗ ਦੀ ਦਹਿਲੀਜ਼ 'ਤੇ ਖੜ੍ਹੇ ਹੋ ਕੇ ਨਵੇਂ ਜੁਗ ਦਾ ਸੁਆਗਤ ਕਰ ਰਹੇ ਹੋਣ।

ਇਸੇ ਤਰ੍ਹਾਂ ਭਾਈ ਵੀਰ ਸਿੰਘ ਜੀ ਦੀ ਕਵਿਤਾ ਬਾਰੇ ਕਿਹਾ ਜਾ ਸਕਦਾ ਹੈ ਕਿ ਕਵੀ ਵਿਚ ਨਵੇਂ ਜੁਗ ਦੇ ਅਨੁਸਾਰ ਆਪਣੀ ਪ੍ਰਤਿਭਾ ਦਾ ਚਮਤਕਾਰ ਦਿਖਾਉਣ ਦੀ ਸਮਰੱਥਾ ਹੈ। ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਵੀ ਇਹ ਕਵਿਤਾ ਉਨ੍ਹਾਂ ਦੀਆਂ ਪਹਿਲੀਆਂ ਕਵਿਤਾਵਾਂ ਤੋਂ ਹਟ ਕੇ ਲਿਖੀ ਗਈ ਹੈ।

ਪਿਛਲੇ ਦਿਨੀਂ ਪੰਜਾਬ ਯੂਨੀਵਰਸਿਟੀ ਵੱਲੋਂ ਅੰਮ੍ਰਿਤਸਰ ਵਿਚ ਭਾਈ ਵੀਰ ਸਿੰਘ ਜੀ ਦੇ ਨਿਵਾਸ ਸਥਾਨ 'ਤੇ ਸਮਾਰੋਹ ਹੋਇਆ, ਜਿਸ ਵਿਚ ਉਨ੍ਹਾਂ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਉਪਾਧੀ ਦਿੱਤੀ ਗਈ। ਉਨ੍ਹਾਂ ਨੂੰ ਇਹ ਉਪਾਧੀ ਲੈਣ ਲਈ ਬੜੀ ਮੁਸ਼ਕਿਲ ਨਾਲ ਤਿਆਰ ਕੀਤਾ ਜਾ ਸਕਿਆ।

5 ਸਤੰਬਰ 1872 ਨੂੰ ਅੰਮ੍ਰਿਤਸਰ ਵਿਚ ਪੰਜਾਬੀ ਭਾਸ਼ਾ ਦੇ ਇਸ ਮਹਾਨ ਕਵੀ ਦਾ ਜਨਮ ਹੋਇਆ ਸੀ। ਇਥੇ ਹੀ ਉਨ੍ਹਾਂ ਦੀ ਉਮਰ ਦਾ ਜ਼ਿਆਦਾ ਸਮਾਂ ਬਤੀਤ ਹੋਇਆ। ਦੇਸ਼ ਵੰਡ ਤੋਂ ਬਾਅਦ ਭਾਈ ਵੀਰ ਸਿੰਘ ਦੇਹਰਾਦੂਨ ਚਲੇ ਗਏ। ਹੁਣ ਉਹ ਉਥੇ ਹੀ ਰਹਿੰਦੇ ਹਨ। ਇਕਾਸੀ ਸਾਲ ਦੇ ਇਸ ਸੰਤ ਕਵੀ ਦੇ ਹੱਥ ਵਿਚ ਲੇਖਨੀ ਅਜੇ ਵੀ ਆਪਣਾ ਕੰਮ ਕਰੀ ਜਾ ਰਹੀ ਹੈ।

# ਟੈਲੀਫੋਨ ਵਾਲਾ

***(ਪਿਛਲੇ ਸਫੇ ਦੀ ਬਾਕੀ)***

ਮੈਨੂੰ ਇੰਜ ਜਾਪਿਆ ਜਿਵੇਂ ਮੇਰੀਆਂ ਗੱਲਾਂ ਸੁਣ ਕੇ ਕਰਮਚਾਰੀ ਬੇਜ਼ਾਰ ਹੋ ਰਿਹਾ ਹੈ। ਸ਼ਾਇਦ ਉਹਨੂੰ ਰੰਜ ਕੇਵਲ ਇਸ ਗੱਲ ਦਾ ਸੀ ਕਿ ਅਬੂਝ, ਨਿਗੂਣੇ ਲੋਕਾਂ ਦੇ ਸਾਹਮਣੇ ਉਸ ਦੀ ਸਾਰੀ ਚਤੁਰਾਈ ਖੂਹ-ਖਾਤੇ ਪੈ ਗਈ ਅਤੇ ਉਹ ਟੈਲੀਫੋਨ ਮਹਿਕਮੇ ਦਾ ਇਕਤਦਾਰ ਕਾਇਮ ਨਹੀਂ ਰੱਖ ਸਕਿਆ। ਜਾਂ ਸ਼ਾਇਦ, ਮੈਂ ਉਸ ਦੀ ਖਾਮੋਸ਼ੀ ਦਾ ਗਲਤ ਅਰਥ ਕੱਢ ਰਿਹਾ ਸਾਂ? ਸ਼ਾਇਦ ਉਹਨੂੰ ਅੰਦਰੋਂ ਖੋਹ ਪੈ ਰਹੀ ਸੀ ਕਿ ਵਾਪਸ ਦਫਤਰ ਜਾ ਕੇ ਉਸ ਨਾਲ ਕੀ ਕੀ ਜਵਾਬ-ਤਲਬੀਆਂ ਕੀਤੀਆਂ ਜਾਣਗੀਆਂ। ਹੱਥਾਂ ਪੈਰਾਂ ਭਾਰ, ਖੰਭਿਆਂ 'ਤੇ ਲਹਿਣ ਚੜ੍ਹਨ ਦੀ ਵਰਜਸ਼ ਬਦਲੇ ਅਫਸਰਾਂ ਨੇ ਉਹਨੂੰ ਦੁੱਧ-ਜਲੇਬੀਆਂ ਤਾਂ ਖੁਆਣੀਆਂ ਨਹੀਂ। ਉਹ ਤਾਂ ਇਹੋ ਕਿੱਸਾ ਲੈ ਬਹਿਣਗੇ ਕਿ ਜਿਸ ਕੰਮ ਲਈ ਉਸ ਨੂੰ ਭੇਜਿਆ ਗਿਆ ਸੀ, ਕਰ ਕੇ ਨਹੀਂ ਆਇਆ। ਜੇ ਮੈਨੇਜਰ ਨਾਲ ਉਨ੍ਹਾਂ ਦਾ ਚੰਗਾ ਉਠਣਾ ਬੈਠਣਾ ਹੈ ਤਾਂ ਡਾਂਟ-ਡਪਟ ਵਿਚ ਹੋਰ ਵੀ ਇਜ਼ਾਫਾ ਹੋ ਜਾਏਗਾ।

ਮੈਂ ਆਪਣੀ ਜੇਬ 'ਚੋਂ ਦੋ ਰੁਪਏ ਕੱਢ ਕੇ ਉਸ ਨੂੰ ਪੇਸ਼ ਕੀਤੇ ਤੇ ਕਿਹਾ, "ਮੇਰਾ ਤੁਮ੍ਹਾਰੇ ਕਾਮ ਸੇ ਕੋਈ ਮਤਲਬ ਤੋ ਨਹੀਂ ਹੈ, ਫਿਰ ਭੀ...ਜਾਓ, ਚਾਏ ਵਾਏ ਪੀ ਕਰ ਥੋੜ੍ਹਾ ਆਰਾਮ ਕਰੋ।"

ਉਹਨੇ ਕਿਰਤੱਗਤਾ ਨਾਲ ਨਹੀਂ, ਸਗੋਂ ਇੰਜ ਮੇਰੇ ਵਲ ਵੇਖਿਆ ਜਿਵੇਂ ਮੇਰੀ ਵਡਿਆਈ ਅਤੇ ਆਪਣੀ ਨਿਕਿਆਈ ਦਾ ਉਸ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਹੋਵੇ ਪਰ ਦੋ ਰੁਪਿਆਂ ਦੇ ਲਾਲਚ ਨੂੰ ਉਹ ਨਾ ਵਰਜ ਸਕਿਆ। ਰੁਪਏ ਫੜ੍ਹ ਕੇ ਉਸ ਨੇ ਚੱਪਲ ਪੈਰੀਂ ਅੜਾਈ ਅਤੇ ਖੱਡ ਦੇ ਰਸਤੇ ਹੇਠਾਂ ਲਹਿ ਗਿਆ।

ਬੈਰੇ ਨੇ ਮੇਰੀ ਉਦਾਰਤਾ ਤੋਂ ਪ੍ਰਭਾਵਿਤ ਹੋਈਆਂ ਨਜ਼ਰਾਂ ਨਾਲ ਮੇਰੇ ਵੱਲ ਵੇਖਿਆ ਅਤੇ ਫੇਰ ਬਾਂਸ ਨੂੰ ਟਿਕਾਣੇ ਲਾਣ ਟੁਰ ਪਿਆ। ਗੁਲਦਸਤਾ ਫੜੀ ਖਲੋਤੇ ਬੁੱਢੇ ਉਪਰ ਤਾਂ ਹੋਰ ਵੀ ਡੂੰਘਾ ਅਸਰ ਪਿਆ ਜਾਪਦਾ ਸੀ। ਮੈਂ ਰੁੱਖਾ ਜਿਹਾ ਬੋਲ ਕੇ ਗੁਲਦਸਤਾ ਉਸ ਦੇ ਹੱਥਾਂ ਵਿਚੋਂ ਲੈ ਲਿਆ, "ਬਾਬਾ ਇਸ ਵਕਤ ਫੂਟਾ ਪੈਸਾ ਨਹੀਂ ਹੈ, ਕਲ ਆ ਕਰ ਦੋ ਦਿਨ ਦਾ ਇਕੱਠਾ ਪੈਸਾ ਲੇ ਲੇਨਾ।"

ਉਸ ਦੀਆਂ ਅੱਖਾਂ ਵਿਚ ਨਿਰਾਸ਼ਾ ਦੀ ਧੁੰਦ ਜਿਹੀ ਫੈਲ ਗਈ, ਪਰ ਮੂੰਹੋਂ ਕੇਵਲ 'ਅੱਛਾ ਸਾਬ' ਕਹਿ ਕੇ ਟੁਰਦਾ ਬਣਿਆ। ਕੇਵਲ ਬੱਚੇ ਖੰਭੇ ਦੇ ਡਿੰਗਣ ਨਾਲ ਬਣੇ ਟੋਏ ਜਿਹੇ ਵਿਚ ਝਾਕਦੇ ਖੜ੍ਹੇ ਰਹੇ, ਜਿਵੇਂ ਉਸ ਵਿਚੋਂ ਕਿਸੇ ਹੋਰ ਅਨੋਖੀ ਤੇ ਅਦਭੁੱਤ ਸ਼ੈ ਦੇ ਨਿਕਲਣ ਦੀ ਉਨ੍ਹਾਂ ਨੂੰ ਆਸ ਸੀ।

# ਬਹੁ-ਹੁਨਰੀ ਸ਼ਾਇਰ: ਸੰਤ ਰਾਮ ਉਦਾਸੀ

## ਅਜ਼ੀਮ ਸ਼ਖਸੀਅਤਾਂ

*ਸੰਤ ਰਾਮ ਉਦਾਸੀ (20 ਅਪਰੈਲ 1939-6 ਨਵੰਬਰ 1986) ਦੀ ਚਰਚਾ ਭਾਵੇਂ ਨਕਸਲਬਾੜੀ ਲਹਿਰ ਦੌਰਾਨ ਰਚੀ ਗਈ ਜੁਝਾਰੂ ਕਵਿਤਾ ਨਾਲ ਜੋੜ ਕੇ ਕੀਤੀ ਜਾਂਦੀ ਹੈ ਪਰ ਉਹ ਕਾਵਿਤਾ ਇਸ ਲਹਿਰ ਤੋਂ ਪਹਿਲਾਂ ਹੀ ਲਿਖਣ ਲੱਗ ਪਿਆ ਸੀ। ਉਂਜ ਉਸ ਨੇ ਇਸ ਲਹਿਰ ਦੌਰਾਨ ਹੀ ਬੁਲੰਦੀਆਂ ਛੋਹੀਆਂ। ਉਸ ਦੀ ਕਵਿਤਾ ਅੰਦਰ ਲੋਹੜੇ ਦੀ ਲੈਅ ਅਤੇ ਕਿਰਤੀਆਂ ਦੇ ਵਿਹੜੇ ਦੀ ਲੋਅ ਹੈ। ਉਹਦੇ ਲਿਖੇ ਗੀਤ ਅਤੇ ਕਵਿਤਾਵਾਂ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹਨ। -ਸੰਪਾਦਕ*

ਸ਼ਾਇਰੀ ਬੁਨਿਆਦੀ ਤੌਰ 'ਤੇ ਸ਼ਬਦਾਂ ਰਾਹੀਂ ਅਜਿਹੇ ਵਾਕ, ਵਾਕ-ਅੰਸ਼, ਮੁਹਾਵਰੇ ਅਤੇ ਚਿੱਤਰ ਰਚਣ ਦਾ ਨਾਂ ਹੈ ਜੋ ਪਾਠਕ ਨੂੰ ਅਚੰਭਿਤ ਕਰਦੇ ਹਨ, ਝੰਜੋੜਦੇ ਹਨ ਅਤੇ ਉਸ ਦੇ ਤਸੱਵਰ ਵਿਚ ਅਜੀਬ ਕਿਸਮ ਦੀ ਉਥਲ-ਪੁਥਲ, ਧੁੱਪ-ਛਾਂ, ਗਰਮੀ-ਸਰਦੀ, ਤਰਸ-ਕਰੁਣਾ ਵਰਗੇ ਅਨੇਕ ਕਿਸਮ ਦੇ ਅਨੁਭਵ ਉਸਾਰਦੇ ਹਨ। ਕਿਸੇ ਗੱਲ ਨੂੰ ਠਾਹ ਸੋਟਾ ਖੜਕਾਉਣ ਵਾਂਗ ਕਹਿਣ ਦੀ ਥਾਂ, ਸ਼ਾਇਰ ਲੋਕ ਉਸ ਨੂੰ ਸ਼ਬਦਾਂ ਦੀ ਕਿਸੇ ਖਾਸ ਤਰਤੀਬ 'ਚ ਲਪੇਟ ਕੇ ਅਸਿੱਧੇ ਢੰਗ ਨਾਲ ਬਿਆਨਦੇ ਹਨ। ਸ਼ਾਇਰੀ ਬੇਸ਼ਕ ਪਿਆਰ ਦੀ ਬਾਤ ਪਾਉਂਦੀ ਹੋਵੇ, ਵਿਛੋੜੇ ਜਾਂ ਬਿਰਹਾ ਦੀ ਤੇ ਜਾਂ ਕਿਸੇ ਹੋਰ ਅਨੁਭਵ ਦੀ, ਉਸ ਵਿਚ ਕੁਝ ਨਾ ਕੁਝ ਅਜਿਹਾ ਜ਼ਰੂਰ ਹੁੰਦਾ ਹੈ ਜੋ ਪਾਠਕ ਨੂੰ ਸ਼ਬਦਾਂ ਦੇ ਵੱਖਰੇ ਸੰਸਾਰ ਵਿਚ ਲੈ ਜਾਂਦਾ ਹੈ। ਸ਼ਬਦਾਂ ਰਾਹੀਂ

ਇਕਬਾਲ ਰਾਮੂਵਾਲੀਆ

ਇੰਜ 'ਵੱਖਰੇ ਸੰਸਾਰ ਵਿਚ ਲੈ ਜਾਣਾ' ਹੀ ਮੇਰੀ ਨਜ਼ਰ 'ਚ ਉਹ ਤੱਤ ਹੁੰਦਾ ਹੈ ਜੋ ਸ਼ਾਇਰੀ ਨੂੰ ਸਾਹਿਤ ਦੀਆਂ ਹੋਰ ਵੰਨਗੀਆਂ ਤੋਂ ਨਿਖੇੜਦਾ ਹੈ।

ਹਰ ਬੋਲੀ ਦਾ ਪੁਰਾਣੇ ਤੋਂ ਪੁਰਾਣਾ ਸਾਹਿਤ ਇਸ ਤੱਥ ਦੀ ਗਵਾਹੀ ਭਰਦਾ ਹੈ ਕਿ ਸ਼ਾਇਰੀ ਹਰ ਯੁਗ 'ਚ ਹੀ ਗਾਈ ਜਾਣ ਵਾਲੀ ਸਾਹਿਤਕ ਕ੍ਰਿਤੀ ਰਹੀ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਗਾਇਕੀ ਤੇ ਸੰਗੀਤ ਮਨੁੱਖ ਦੇ ਜਾਨਵਰਾਂ ਤੋਂ ਮਨੁੱਖ ਬਣਨ ਦੇ ਪਹਿਲੇ ਪੜਾਵਾਂ ਵਿਚ ਹੀ ਸ਼ੁਰੂ ਹੋ ਗਏ ਹੋਣਗੇ। ਰੋਂਦੇ ਨਿਆਣੇ ਨੂੰ ਵਰਾਉਣ ਲਈ ਮਾਂ ਨੇ ਉਘੜ ਦੁਘੜੀ ਲੋਰੀ, ਲੈਅ 'ਚ ਹੀ ਦਿੱਤੀ ਹੋਵੇਗੀ, ਤੇ ਅੱਜ ਦੇ ਛੁਣਕਣੇ ਵਾਂਗ ਖੜਕਾ ਕਰਨ ਲਈ ਦਰਖਤ ਦੀ ਇੱਕ ਡੰਡੀ ਨੂੰ ਦੂਸਰੀ ਡੰਡੀ 'ਤੇ ਮਾਂ ਨੇ ਤਾਲ ਵਿਚ ਹੀ ਮਾਰਿਆ ਹੋਵੇਗਾ। ਇਸ ਲਈ ਇਹ ਕਹਿਣਾ ਗੈਰਵਾਜਬ ਨਹੀਂ ਕਿ ਦੁਨੀਆਂ ਦੀ ਪਹਿਲੀ ਕਵਿਤਾ ਲੈਅਦਾਰ ਸ਼ਬਦਾਂ ਵਿਚ ਹੀ ਲਿਖੀ ਗਈ ਹੋਵੇਗੀ। ਖੈਰ, ਗਾਏ ਜਾਣ ਵਾਲੀ ਲੇਖਣੀ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਕਿਸੇ ਖਾਸ ਅਤੇ ਬਾਕਾਇਦਾ ਲੈਅ ਵਿਚ ਤੁਰਦੀ ਹੋਵੇ। ਗਾਈ ਜਾਣ ਵਾਲੀ ਸ਼ਾਇਰੀ ਜੇ ਲੈਅ ਨਾਲ ਕਲੰਘੜੀ ਪਾ ਕੇ ਨਹੀਂ ਤੁਰਦੀ ਤਾਂ ਲੈਅ ਵੀ ਲੜਖੜਾ ਜਾਂਦੀ ਹੈ ਤੇ ਕਾਵਿ-ਕ੍ਰਿਤੀ ਵੀ। ਇਸੇ ਤਰ੍ਹਾਂ ਰਿਦਮ ਦੇ ਨਾਲ ਨਾਲ, ਕਾਫੀਆ-ਰਦੀਫ (ਹਰ ਸਤਰ ਦੇ ਅੰਤਲੇ ਸ਼ਬਦਾਂ ਦੇ ਉਚਾਰਨ ਦਾ ਇੱਕ-ਦੂਜੇ ਨਾਲ ਮੇਲ ਖਾਣਾ ਜਿਵੇਂ ਚੰਦ, ਮੰਦ, ਪਸੰਦ) ਦੀ ਪਾਬੰਦੀ ਵੀ ਉਨ੍ਹਾਂ ਸਤਰਾਂ ਨੂੰ ਸੰਗੀਤਮਈ ਬਣਾ ਕੇ ਉਨ੍ਹਾਂ ਦੀ ਕਾਵਿਕਤਾ ਨੂੰ ਉਭਾਰਦੀ ਹੈ।

ਲੈਅ-ਬੱਧ ਕਵਿਤਾ ਦੀ ਗੱਲ ਕਰਦਿਆਂ ਇਹ ਤੌਖਲਾ ਅਕਸਰ ਹੀ ਪ੍ਰਗਟ ਕੀਤਾ ਜਾਂਦਾ ਹੈ ਕਿ ਬੀਤੇ ਕਈ ਦਹਾਕਿਆਂ ਦੌਰਾਨ ਪੰਜਾਬੀ ਵਿਚ ਲੈਅ-ਬੱਧ ਕਵਿਤਾ ਦੀ ਥਾਂ 'ਖੁੱਲ੍ਹੀ' ਕਵਿਤਾ ਦੂਰ ਦੂਰ ਤੀਕ ਖਿੱਲਰ ਗਈ ਹੈ। ਫੇਸਬੁੱਕ, ਰਸਾਲਿਆਂ ਅਤੇ ਅਖਬਾਰਾਂ ਵਿਚ ਢੇਰਾਂ ਦੇ ਢੇਰ 'ਖੁੱਲ੍ਹੀ' ਕਵਿਤਾ ਦੇਖ ਕੇ ਇਹੀ ਮਹਿਸੂਸ ਹੁੰਦਾ ਹੈ ਕਿ ਖੁੱਲ੍ਹੀ ਕਵਿਤਾ ਨੂੰ ਲੋਕਾਂ ਨੇ ਬੱਸ ਖੋਲ੍ਹ ਹੀ ਦਿੱਤਾ ਹੈ, ਜਿਵੇਂ ਕੋਈ ਬਹੁਤ ਵੱਡੇ ਮੁਰਗੀਖਾਨੇ ਦੇ ਸਾਰੇ ਦਰਵਾਜੇ ਅਤੇ ਕੰਧਾਂ ਉਖਾੜ ਦੇਵੇ ਤੇ ਸਾਰਾ ਆਲਾ-ਦੁਆਲਾ ਕੁੜਕ ਕੁੜਕ ਨਾਲ ਭਰ ਜਾਵੇ। ਇਸੇ ਲਈ ਬਹੁਤੀ 'ਖੁੱਲ੍ਹੀ' ਕਵਿਤਾ ਹੁਣ ਸਿਰਫ 'ਕੁੜ-ਕੁੜ' ਬਣ ਕੇ ਹੀ ਰਹਿ ਗਈ ਹੈ।

ਇਥੇ ਇਹ ਯਾਦ ਕਰਾਉਣਾ ਜ਼ਰੂਰੀ ਹੈ ਕਿ ਸਾਰੀ ਦੀ ਸਾਰੀ ਖੁੱਲ੍ਹੀ ਕਵਿਤਾ ਨੂੰ 'ਕੁੜ-ਕੁੜ' ਗਰਦਾਨਣਾ ਵੀ ਸਾਹਿਤ ਦੀ ਇਸ ਵਿਲੱਖਣ ਵੰਨਗੀ ਨਾਲ ਜ਼ਿਆਦਤੀ ਹੋਵੇਗੀ। ਦੁਨੀਆਂ ਭਰ ਦੇ ਸਾਹਿਤ ਦੇ ਨਾਲ ਨਾਲ ਪੰਜਾਬੀ ਵਿਚ ਵੀ ਖੂਬਸੂਰਤ ਛੰਦ-ਰਹਿਤ ਕਵਿਤਾ ਰਚੀ ਗਈ ਹੈ, ਪਰ ਕਵਿਤਾ ਦੇ ਇਸ ਰੰਗ ਨੂੰ 'ਸੌਖਾ' ਸਮਝਣ ਦੇ ਭੁਲੇਖੇ ਤਹਿਤ ਅਕਾਵਿਕ ਲੋਕਾਂ ਨੇ ਬੇਮੁਹਾਰ, ਰਸਹੀਣ ਤੇ ਵਾਰਤਕੀ ਲਿਬਾਸ ਵਾਲੀ 'ਖੁੱਲ੍ਹੀ' ਕਵਿਤਾ ਨੂੰ ਥੋਕ ਦੇ ਭਾਅ ਲਿਖ ਲਿਖ ਕੇ ਇਸ ਨੂੰ ਬਦਨਾਮ ਬਹੁਤ ਕਰ ਸੁੱਟਿਆ ਹੈ। ਸਿੱਟੇ ਵਜੋਂ ਬਹੁਤੇ ਲੋਕ ਕਵਿਤਾ ਨਾਲੋਂ ਟੁੱਟ ਰਹੇ ਹਨ। ਹਕੀਕਤ ਇਹ ਹੈ ਕਿ ਜਿਥੇ ਲੈਅ-ਬੱਧ ਕਵਿਤਾ ਆਪਣੀ ਲੈਅ ਅਤੇ ਕਾਫੀਆ-ਰਦੀਫ ਦੇ ਸਹਾਰੇ ਆਪਣੀ ਕਾਵਿ-ਸਮਰੱਥਾ ਨੂੰ ਅਮੀਰ ਕਰ ਲੈਂਦੀ ਹੈ, ਉਥੇ 'ਖੁੱਲ੍ਹੀ' ਕਵਿਤਾ ਵਿਚ ਇਸ ਤਰ੍ਹਾਂ ਦੀ ਅਮੀਰੀ ਦੀ ਅਣਹੋਂਦ ਨੂੰ ਭਰਨ ਲਈ ਖੁੱਲ੍ਹੀ ਕਵਿਤਾ ਦੇ ਸਿਰਜਕ ਨੂੰ ਵਧੇਰੇ ਮਿਹਨਤ ਕਰਨੀ ਪੈਂਦੀ ਹੈ, ਵਧੇਰੇ ਜੁਗਤਾਂ ਜੁਟਾਉਣੀਆਂ ਪੈਂਦੀਆਂ ਹਨ।

ਇਸੇ ਪ੍ਰਸੰਗ ਵਿਚ ਇਹ ਕਹਿਣਾ ਵੀ ਬਣਦਾ ਹੈ ਕਿ ਕਾਗਜ਼ਾਂ 'ਤੇ ਲਿਖੀ ਕਵਿਤਾ ਪੜ੍ਹਨ ਵੇਲੇ ਅਸੀਂ ਇਹ ਤਸੱਵਰ ਨਹੀਂ ਕਰ ਸਕਦੇ ਕਿ ਇਸ ਕਵਿਤਾ ਦਾ ਰਚਣਹਾਰਾ ਇਸ ਕਵਿਤਾ ਨੂੰ ਆਪਣੀ ਜ਼ੁਬਾਨੀ ਪੇਸ਼ ਕਿਵੇਂ ਕਰਦਾ ਹੋਵੇਗਾ, ਪਰ ਜਿਸ ਕਵੀ ਕੋਲ ਲੈਅਦਾਰ ਕਵਿਤਾ ਲਿਖਣ ਦੇ ਹੁਨਰ ਅਤੇ ਲੈਅਦਾਰ ਕਵਿਤਾ ਵਿਚ ਸ਼ਬਦਾਂ ਨੂੰ ਬਾ-ਤਰਤੀਬ ਬੰਨ੍ਹਣ ਦੀ ਜਾਚ ਦੇ ਨਾਲ ਨਾਲ ਆਪਣੀ ਰਚਨਾ ਨੂੰ ਗੁਣਗੁਣਾ ਕੇ ਪੇਸ਼ ਕਰਨ ਦਾ ਹੁਨਰ ਵੀ ਹੋਵੇ ਤਾਂ ਉਸ ਦਾ ਇਹ ਹੁਨਰ ਉਸ ਦੀ ਕਾਵਿਕ ਸਮਰੱਥਾ ਦਾ ਹਾਸਿਲ ਬਣ ਜਾਂਦਾ ਹੈ।

ਸੰਤ ਰਾਮ ਉਦਾਸੀ ਦੀ ਕਵਿਤਾ ਨਾਲ ਵਾਬਸਤਾ ਹੁੰਦਿਆਂ ਇੰਜ ਮਹਿਸੂਸ ਹੁੰਦਾ ਹੈ ਕਿ ਉਸ ਦੀਆਂ ਜੇਬਾਂ ਤੇ ਝੋਲੀ ਨੂੰ ਕੁਦਰਤ ਨੇ ਕਵਿਤਾ ਦੇ ਇਨ੍ਹਾਂ ਸਾਰੇ ਬੁਨਿਆਦੀ ਅੰਗਾਂ ਨਾਲ ਭਰਪੂਰ ਕੀਤਾ ਹੋਇਆ ਸੀ। ਪਹਿਲੀ ਗੱਲ ਤਾਂ ਇਹ ਕਿ ਉਹ ਲੋਕ ਪੱਖੀ ਵਿਚਾਰਧਾਰਾ ਨਾਲ ਜੁੜ ਕੇ ਸਾਰੀ ਉਮਰ ਲੋਕ ਚੇਤਨਾ ਪ੍ਰਚੰਡ ਕਰਨ ਵਾਲੀ ਸ਼ਾਇਰੀ ਲਿਖਦਾ ਰਿਹਾ। ਤੰਗੀਆਂ ਤੁਰਸ਼ੀਆਂ ਵਾਲੇ ਪਿਛੋਕੜ ਵਿਚੋਂ ਆਇਆ ਹੋਣ ਦੇ ਬਾਵਜੂਦ ਸਸਤੀ ਅਤੇ ਛਿਣ-ਭੰਗਰੀ ਸ਼ੋਹਰਤ ਮਗਰ ਦੌੜਨ ਦੀ ਥਾਂ ਉਹ ਉਸ ਜੁਝਾਰੂ ਵਿਚਾਰਧਾਰਾ ਨਾਲ ਜੁੜਿਆ ਜੋ ਲੋਕ ਮੁਕਤੀ ਲਈ ਜੁਝਾਰੂ ਸੰਘਰਸ਼ ਦੇ ਰਸਤੇ ਨੂੰ ਹੀ ਸਹੀ ਮੰਨਦੀ ਸੀ। ਅਨੇਕਾਂ ਕਾਰਨਾਂ ਵੱਸ ਇਹ ਵਿਚਾਰਧਾਰਾ ਭਾਵੇਂ ਲੋਕਾਂ ਵਿਚ ਆਪਣਾ ਵਿਸ਼ਾਲ ਆਧਾਰ ਕਾਇਮ ਨਾ ਕਰ ਸਕੀ ਪਰ ਅੱਜ ਜਿਸ ਗਿਰਾਵਟ 'ਤੇ ਭਾਰਤ ਦਾ ਅਖੌਤੀ ਲੋਕ ਰਾਜ ਉਤਰ ਆਇਆ ਹੈ, ਉਸ ਨੂੰ ਦੇਖਦਿਆਂ ਰਾਜਸੀ ਤੌਰ 'ਤੇ ਸੁਚੇਤ ਲੋਕ ਇਹ ਮਹਿਸੂਸ ਜ਼ਰੂਰ ਕਰਨ ਲੱਗ ਪਏ ਹਨ ਕਿ ਮੌਜੂਦਾ ਦੌਰ ਵਾਲੇ ਅਖੌਤੀ 'ਲੋਕਰਾਜੀ' ਢੰਗਾਂ ਨਾਲ ਲੋਟੂ, ਬੇਈਮਾਨ, ਖੁਦਗਰਜ਼ ਤੇ ਭ੍ਰਿਸ਼ਟ ਨਿਜ਼ਾਮ ਨੂੰ ਬਦਲਣਾ ਬਹੁਤ ਜ਼ਰੂਰੀ ਹੈ। ਪੈਸੇ ਦੇ ਜ਼ੋਰ, ਧੌਂਸ ਅਤੇ ਹੋਰ ਗੈਰ-ਇਖਲਾਕੀ ਢੰਗਾਂ ਨਾਲ ਗਰੀਬਾਂ ਦੀਆਂ ਜ਼ਮੀਰਾਂ ਖਰੀਦਣ ਦੀ ਰਣਨੀਤੀ ਨਾ ਤਾਂ ਲੋਕ ਪੱਖੀ ਤਾਕਤਾਂ ਕਦੇ ਅਪਨਾਉਣਗੀਆਂ ਤੇ ਨਾ ਹੀ ਅਜਿਹੀ ਵਿਕਾਊ-ਖਰੀਦੂ ਸਿਆਸਤ ਕਰਨ ਦੀ ਸਮਰੱਥਾ ਲੋਕ ਹਿਤੂ ਧਿਰਾਂ ਕੋਲ ਕਦੇ ਆ ਹੀ ਸਕਦੀ ਹੈ। ਇਸ ਲਈ ਜਾਪਣ ਲੱਗ ਪਿਆ ਹੈ ਕਿ ਅੱਜ ਦੇ ਅੰਨ੍ਹੇ ਦੌਰ ਵਿਚ ਪ੍ਰਚੰਡ ਲੋਕ ਚੇਤਨਾ ਜੁਝਾਰੂ ਢੰਗਾਂ ਨਾਲ ਹੀ ਲੋਕ ਪੱਖੀ ਨਿਜ਼ਾਮ ਉਸਾਰ ਸਕਦੀ ਹੈ।



ਸੰਤ ਰਾਮ ਉਦਾਸੀ ਨੇ ਇਸ ਵਿਚਾਰਧਾਰਾ ਨੂੰ ਅਪਨਾ ਕੇ ਆਪਣੇ ਲੋਕ ਹਿਤੂ ਹੋਣ ਦਾ ਸਬੂਤ ਦਿੱਤਾ। ਇਥੇ ਇਹ ਕਹਿਣਾ ਵੀ ਵਾਜਿਬ ਹੋਵੇਗਾ ਕਿ ਉਦਾਸੀ ਦੀ ਆਵਾਜ਼ ਵਿਚ ਏਨਾ ਦਮ ਸੀ ਅਤੇ ਉਸ ਨੂੰ ਸੰਗੀਤਕ ਬਾਰੀਕੀਆਂ ਦੀ ਕੁਦਰਤ ਵੱਲੋਂ ਹੀ ਏਨੀ ਜਾਚ ਸੀ ਕਿ ਜੇ ਉਹ ਕਿੱਤਾਵਾਨ (ਪ੍ਰੋਫੈਸ਼ਨਲ) ਗਾਇਕਾਂ ਵਾਂਗ ਸਟੇਜੀ ਗਾਇਕੀ ਨੂੰ ਆਪਣਾ ਧੰਦਾ ਬਣਾ ਲੈਂਦਾ ਤਾਂ ਉਸ ਦੀ ਮਹਿਮਾ ਉਸ ਦੇ ਸਮਕਾਲੀ ਗਾਇਕਾਂ ਵਾਂਗ ਬੁਲੰਦੀ 'ਤੇ ਹੋਣੀ ਸੀ ਅਤੇ ਮਾਇਕ ਪੱਖੋਂ ਵੀ ਉਸ ਦੇ ਬੈਂਕ ਖਾਤਿਆਂ ਵਿਚ ਭਰਪੂਰ ਚਾਨਣ ਹੋਣਾ ਸੀ, ਪਰ ਉਸ ਵੱਲੋਂ ਲੋਕ ਪੱਖੀ ਸ਼ਾਇਰੀ ਨੂੰ ਅਪਨਾ ਲੈਣਾ ਵੀ ਉਸ ਦੇ ਇਖਲਾਕੀ ਕੱਦ ਨੂੰ ਵਧਾਉਂਦਾ ਹੈ। ਖੈਰ, ਕਿਉਂਕਿ ਉਸ ਨੂੰ ਲੈਅ ਅਤੇ ਸੁਰ ਦਾ ਗਹਿਰਾ ਗਿਆਨ ਸੀ, ਇਸ ਲਈ ਉਸ ਨੇ ਆਪਣੀ ਸਾਰੀ ਰਚਨਾ ਲੈਅ-ਬੱਧ ਅੰਦਾਜ਼ ਵਿਚ ਕੀਤੀ ਜਿਸ ਕਾਰਨ ਉਹ ਪਾਠਕਾਂ ਦੇ ਮਨਾਂ ਵਿਚ ਵਸਦਾ ਗਿਆ। ਉਸ ਨੇ ਗੀਤ, ਗਜ਼ਲਾਂ ਅਤੇ ਕਵਿਤਾਵਾਂ ਰਾਹੀਂ ਆਪਣਾ ਕਾਵਿਕ ਸੰਸਾਰ ਸਿਰਜਿਆ।

ਇਹ ਠੀਕ ਹੈ ਕਿ ਇਕੱਲੀ ਲੈਅ-ਬੱਧਤਾ ਅਤੇ ਕਾਫੀਏ ਦੀ ਜੁਗਤ ਪਾਠਕ ਨੂੰ ਹੁਲਾਰਾ ਤਾਂ ਦੇ ਸਕਦੀ ਹੈ, ਪਰ ਜੇ ਉਸ ਦੇ ਸ਼ਬਦਾਂ, ਅਲੰਕਾਰਾਂ ਤੇ ਸ਼ਬਦ ਚਿੱਤਰਾਂ ਵਿਚ ਗਹਿਰਾਈ, ਵੰਨ-ਸੁਵੰਨਤਾ ਅਤੇ ਸਰੋਦੀਅਤ ਦੀ ਘਾਟ ਹੋਵੇ ਤਾਂ ਉਹ ਬਸ ਸਾਧਾਰਨ ਤੁਕਬੰਦੀ ਤੀਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਉਦਾਸੀ ਵਿਚ ਸ਼ਬਦਾਂ ਦਾ ਉਹ ਅਚੰਭਿਤ ਸੰਸਾਰ ਸਿਰਜਣ ਦੀ ਵੱਡੀ ਸਮਰੱਥਾ ਸੀ ਜੋ ਪਾਠਕ ਦੇ ਜ਼ਿਹਨ ਵਿਚ ਤਰੰਗਾਂ ਜ਼ਰੂਰ ਛੇੜਦਾ ਹੈ। ਉਸ ਦੀ ਕਵਿਤਾ ਸਾਧਾਰਨ ਜ਼ਿੰਦਗੀਆਂ ਜਿਉਂਦੇ ਉਸ ਦੇ ਸਰੋਤਿਆਂ ਵੱਲ ਸੇਧਿਤ ਸੀ ਅਤੇ ਉਨ੍ਹਾਂ ਨੂੰ ਸੌਖੀ ਤਰ੍ਹਾਂ ਸਮਝ ਆ ਜਾਣ ਦੇ ਪੱਧਰ 'ਤੇ ਵਿਚਰਨ ਦੇ ਨਾਲ ਨਾਲ ਸਾਹਿਤਕ ਬੁਲੰਦੀਆਂ ਵੀ ਛੋਂਹਦੀ ਹੈ। ਆਪਣੀ ਇੱਕ ਕਾਵਿ-ਰਚਨਾ ਵਿਚ ਉਹ ਹਾੜੀਆਂ ਵੱਢਣ ਦੇ ਦ੍ਰਿਸ਼ ਨੂੰ ਦਿਲ ਚੀਰਵੇਂ ਸ਼ਬਦ ਚਿੱਤਰਾਂ ਰਾਹੀਂ ਬਿਆਨ ਕਰਦਿਆਂ ਕਾਵਿਕ ਉਡਾਰੀ ਕੁਝ ਇਸ ਤਰ੍ਹਾਂ ਭਰਦਾ ਹੈ:

ਕਚਰੇ ਦਰੜ ਦਰੜ ਕੇ ਲੰਘੇ,  
ਪੈਰ ਬਿਆਈਆਂ ਪਾਟੇ,  
ਆ ਕਣਕਾਂ ਦੇ ਮੱਥਿਆਂ ਤੋਂ ਮੈਂ  
ਸਿੰਮਦਾ ਖੂਨ ਦਿਖਾਵਾਂ।

ਇੰਜ ਹੀ ਇੱਕ ਹੋਰ ਰਚਨਾ ਵਿਚ ਉਹ ਥੁੜ੍ਹਾਂ ਮਾਰੇ ਘਰਾਂ ਦੀ ਤ੍ਰਾਸਦੀ ਬਿਆਨ ਕਰਨ ਵੇਲੇ ਗਹਿਰਾਈ ਵਿਚ ਉਤਰ ਜਾਂਦਾ ਹੈ:

ਏਥੇ ਜੰਮਦਾ ਬੰਦਾ ਸੀਰੀ ਹੈ  
ਏਥੇ ਕਰਜ਼ੇ ਹੇਠ ਪੰਜੀਰੀ ਹੈ।

ਬੁਲੰਦ ਕਾਵਿਕਤਾ ਦੀਆਂ ਅਨੇਕਾਂ ਮਿਸਾਲਾਂ ਉਸ ਦੀ ਰਚਨਾ ਵਿਚ ਥਾਂ ਥਾਂ ਲੱਭੀਆਂ ਜਾ ਸਕਦੀਆਂ ਹਨ। ਕਵਿਤਾ ਲਿਖ ਲੈਣਾ, ਸ਼ਬਦਾਂ ਦਾ ਜਾਦੂ ਉਸਾਰ ਲੈਣਾ, ਤਾਲ-ਰਦੀਫ ਵਿਚ ਪ੍ਰਬੀਨ ਹੋ ਜਾਣਾ-ਇਹ ਸਭ ਜੁਗਤਾਂ ਕਵਿਤਾ ਲਈ ਅਹਿਮ ਹਨ, ਲੇਕਿਨ ਕਵਿਤਾ ਨੂੰ ਲੋਕਾਂ ਸਾਹਮਣੇ ਪ੍ਰਭਾਵਸ਼ਾਲੀ ਅੰਦਾਜ਼ ਵਿਚ ਪੇਸ਼ ਕਰਨਾ ਵੀ ਸ਼ਾਇਰ ਦੀ ਸਮਰੱਥਾ ਦਾ ਅਹਿਮ ਹਿੱਸਾ ਹੋ ਨਿਬੜਦਾ ਹੈ। ਮੈਂ ਇਸ ਗੱਲ ਵਿਚ ਵਿਸ਼ਵਾਸ ਰੱਖਦਾ ਹਾਂ ਕਿ ਕਿਸੇ ਸ਼ਾਇਰ ਦਾ ਆਪਣੀ ਰਚਨਾ ਨੂੰ ਗੁਣਗੁਣਾ ਕੇ ਪੇਸ਼ ਕਰਨਾ ਵੀ ਉਸ ਦੇ ਸਮੁੱਚੇ ਕਾਵਿਕ ਕੱਦ ਨੂੰ ਉਚਾਈ ਵੱਲ ਲੈ ਜਾਂਦਾ ਹੈ। ਉਦਾਸੀ ਕੋਲ ਟੁਣਕਦੀ ਹੋਈ ਬੁਲੰਦ ਆਵਾਜ਼ ਸੀ ਜੋ ਉਸ ਦੇ ਸਰੋਤਿਆਂ ਨੂੰ ਕੀਲ ਲੈਂਦੀ ਸੀ। ਉਹ ਸੱਜੀ ਬਾਂਹ ਨੂੰ ਉਪਰ ਵੱਲ ਉਭਾਰ ਕੇ ਆਪਣੀ ਆਵਾਜ਼ ਨੂੰ ਛਣਕਾਉਂਦਾ ਤਾਂ ਸਰੋਤਿਆਂ ਦੇ ਸਿਰ ਸੱਜੇ-ਖੱਬੇ ਹਿੱਲਣ ਲੱਗ ਜਾਂਦੇ। ਇਹੀ ਕਾਰਨ ਸੀ ਕਿ ਉਹ ਹਰ ਕਵੀ ਦਰਬਾਰ ਨੂੰ ਲਪੇਟ ਕੇ ਆਪਣੀ ਜੇਬ ਵਿਚ ਪਾ ਲੈਂਦਾ ਸੀ।

ਉਸ ਦੀ ਕਵਿਤਾ ਦੀਆਂ ਖੂਬੀਆਂ ਦੇ ਨਾਲ ਨਾਲ ਤੜਕ-ਫੜਕ ਤੋਂ ਕੋਹਾਂ ਦੂਰ ਵਿਚਰਦੀ ਉਸ ਦੀ ਜ਼ਿੰਦਗੀ ਬਾਰੇ ਕੁਝ ਆਖਣਾ ਵੀ ਜ਼ਰੂਰੀ ਜਾਪਦਾ ਹੈ। ਉਦਾਸੀ ਦੀ ਸਾਦਗੀ ਅਸਲ ਵਿਚ ਸਾਦੇ ਸਾਦੇ ਸ਼ਬਦਾਂ ਵਿਚ ਰਚੀ ਉਸ ਦੀ ਸ਼ਾਇਰੀ ਵਰਗੀ ਹੀ ਸੀ। ਨਜ਼ਰ ਦੀ ਕਮਜ਼ੋਰੀ ਦੇ ਬਾਵਜੂਦ ਉਹ ਦੂਰ ਦੂਰ ਤੀਕ ਸਾਈਕਲ ਨਾਲ ਜੂਝਦਾ ਹੋਇਆ ਵੀ ਕਵਿਤਾਵਾਂ ਸਿਰਜਦਾ ਰਹਿੰਦਾ। ਟਾਈ, ਕੋਟ ਜਾਂ ਸੂਟਡ-ਬੂਟਡ ਹੋਣ ਦੀ ਤਮੰਨਾ ਉਹਦੇ ਵਿਚ ਕਦੇ ਜਾਗੀ ਹੀ ਨਹੀਂ ਸੀ। ਉਹ ਕੰਮੀਆਂ, ਕਿਸਾਨਾਂ, ਕਿਰਤੀਆਂ 'ਚ ਉਨ੍ਹਾਂ ਜਿਹਾ ਹੋ ਕੇ ਹੀ ਵਿਚਰਦਾ ਸੀ।

ਅੰਤ ਵਿਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਲੇਖਕ ਲਈ ਵੱਡੀ ਚੁਣੌਤੀ ਹੁੰਦੀ ਹੈ, ਆਪਣਾ ਵੱਖਰਾ ਅਕਸ ਸਿਰਜ ਲੈਣਾ, ਆਪਣਾ ਵੱਖਰਾ ਅੰਦਾਜ਼ੇ-ਬਿਆਂ ਸਿਰਜ ਲੈਣਾ। ਇਸ ਨਜ਼ਰੀਏ ਤੋਂ ਦੇਖੀਏ ਤਾਂ ਲੈਅ-ਬੱਧ ਕਵਿਤਾ, ਸ਼ਬਦਾਂ ਦੀ ਜਾਦੂਗਰੀ, ਲੋਕ ਚੇਤਨਾ ਨੂੰ ਪ੍ਰਣਾਈ ਸ਼ਾਇਰੀ ਅਤੇ ਬੁਲੰਦ ਸੁਰੀਲੀ ਆਵਾਜ਼ ਵਾਲਾ ਸ਼ਾਇਰ ਉਦਾਸੀ ਆਪਣੇ ਆਪ ਵਿਚ ਵੱਖਰੀ ਹੀ ਸ਼ਖਸੀਅਤ ਸੀ। ਹਰ ਸ਼ਾਇਰ ਵਾਂਗ ਭਾਵੇਂ ਉਹ ਵੀ ਖਾਸ ਹਾਲਾਤ ਦੀ ਪੈਦਾਵਾਰ ਸੀ, ਪਰ ਉਸ ਦੀ ਵੱਖਰੀ ਪਛਾਣ ਏਨੇ ਦਹਾਕੇ ਗੁਜ਼ਰ ਜਾਣ ਪਿਛੋਂ ਅੱਜ ਵੀ ਕਾਇਮ ਹੈ। ਇਸ ਬਹੁ-ਹੁਨਰੀ ਕਵੀ ਦੀ ਕਵਿਤਾ ਵਿਚ ਲੈਅ ਹੈ, ਸਰੋਦੀਅਤ ਹੈ, ਸੰਗੀਤ ਹੈ, ਕਾਵਿਕ ਮੁਹਾਵਰਾ ਹੈ, ਸੁਨੇਹਾ ਹੈ ਅਤੇ ਗਲਤ ਨਿਜ਼ਾਮ ਦਾ ਸ਼ਿਕਾਰ ਹੋਏ ਲੋਕਾਂ ਦਾ ਦਰਦ ਹੈ।

### ਗਜ਼ਲ

ਨਹੀਂ ਚਿਹਰੇ ਉਦਾਸ ਵੇਖਾਂਗੇ।  
ਤੇਰੀ ਜ਼ਿੰਦਗੀ ਹੁਲਾਸ ਵੇਖਾਂਗੇ।

ਸਾਡੇ ਮਰਨੇ ਦੀ ਖਬਰ ਦਾ ਕੀ ਬਣਿਆ,  
ਤੇਰੇ ਪਿੰਡ ਦਾ ਜਲਾਸ ਵੇਖਾਂਗੇ।

ਹਾਂ! ਜੜੋ ਕਲੀ ਦੇ ਸਿਰ ਕਸੀਰ ਜੜੋ,  
ਕਾਲੇ ਡੇਂਭੂ ਨਰਾਸ਼ ਵੇਖਾਂਗੇ।

ਤੇਰੀ ਚਿੰਤਾ ਦੀ ਜ਼ਹਿਰ ਨੂੰ ਪੀ ਕੇ ਵੀ,  
ਤੇਰੇ ਮਨ ਦੀ ਮਿਠਾਸ ਵੇਖਾਂਗੇ।

ਪਹਿਲਾਂ ਧਰਤੀ ਦੇ ਸਾਰੇ ਚਿੱਬ ਕੱਢ ਕੇ,  
ਤੇਰੀ ਝਾਂਜਰ ਦੀ ਰਾਸ ਵੇਖਾਂਗੇ।

ਅਸੀਂ ਆਪਣੇ ਲਹੂ ਦੀ ਚਰ੍ਹਗਲ 'ਤੇ,  
ਤੇਰੇ ਦਿਲ ਦੀ ਭੜਾਸ ਵੇਖਾਂਗੇ।

*-ਸੰਤ ਰਾਮ ਉਦਾਸੀ*

# ਮੈਂ ਕਵਿਤਾ ਕਿਉਂ ਲਿਖਦਾ ਹਾਂ

ਸੰਤ ਰਾਮ ਉਦਾਸੀ

ਜਿਸ ਤਬਕੇ ਦੇ ਲੋਕਾਂ ਦੇ ਜੀਵਨ ਪੱਧਰ ਵਿਚ ਮੈਂ ਜੰਮਿਆਂ, ਪਲਿਆ ਤੇ ਵੱਡਾ ਹੋਇਆ, ਉਹ ਮੇਰੇ ਲੋਕ 24 ਘੰਟੇ ਵਿਚੋਂ ਕਰੀਬ 16 ਘੰਟੇ ਕੰਮ ਕਰਦੇ ਹਨ ਫਿਰ ਵੀ ਜ਼ਿੰਦਗੀ ਦੀ ਚਿਣਗ ਤੋਂ ਹਜ਼ਾਰਾਂ ਕੋਹਾਂ ਦੂਰ ਹਨ। ਜੇ ਮੈਨੂੰ ਆਪਣੇ ਸਮਾਜ ਦੀ ਬਣਤਰ ਬਾਰੇ ਕੋਈ ਸਮਝ ਹੈ ਤੇ ਉਸ ਸਮਝ ਨੂੰ ਪ੍ਰਗਟਾਉਣ ਲਈ ਮੇਰੇ ਪਾਸ ਸ਼ਬਦ ਹਨ ਤਾਂ ਮੈਨੂੰ ਆਪਣੇ ਸਮਾਜ ਦਾ ਵਿਗਿਆਨਕ ਵਿਸ਼ਲੇਸ਼ਣ ਕਰ ਕੇ, ਆਪਣੇ ਸਮਾਜ ਵਿਚ ਨਪੀੜੇ ਜਾ ਰਹੇ ਲੋਕਾਂ ਨਾਲ ਸਬੰਧ ਜੋੜ ਕੇ ਉਨ੍ਹਾਂ ਬਾਰੇ ਲਿਖਣਾ ਚਾਹੀਦਾ ਹੈ।

ਹੁਣ ਸਵਾਲ ਇਹ ਹੈ ਕਿ ਮੈਂ ਕਵਿਤਾ ਕਿਉਂ ਲਿਖਦਾ ਹਾਂ। ਮੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਮਾਜ ਦੇ ਜਿਸ ਤਬਕੇ ਨਾਲ ਮੈਂ ਸਬੰਧਤ ਹਾਂ, ਉਹ ਹਿੰਦੁਸਤਾਨ ਦਾ 80 ਫੀਸਦ ਦੱਬਿਆ ਕੁਚਲਿਆ ਤੇ ਲੁੱਟਿਆ ਜਾਂਦਾ ਵਰਗ ਹੈ। ਭਾਰਤ ਦੇ ਮੁੱਠੀ ਭਰ ਲੁਟੇਰਿਆਂ ਨੇ ਜਾਤ ਪਾਤ, ਧਰਮ, ਇਲਾਕਾਪ੍ਰਸਤੀ, ਮੌਕਾਪ੍ਰਸਤੀ ਤੇ ਅੰਨ੍ਹੀ ਕੌਮਪ੍ਰਸਤੀ ਦਾ ਬੁਰਕਾ ਲੈ ਕੇ ਮੇਰੇ ਲੋਕਾਂ ਨੂੰ ਆਪਣੇ ਵਿਚ ਲਪੇਟਿਆ ਹੋਇਆ ਹੈ। ਇਹ ਜ਼ਰੂਰੀ ਨਹੀਂ ਕਿ ਮੇਰੇ ਬਹੁਤੇ ਲੋਕਾਂ ਨੂੰ ਇਹ ਪਤਾ ਹੋਵੇ ਕਿ ਉਹ ਕਿਸ ਦੀ ਲਪੇਟ ਵਿਚ ਹਨ ਪਰ ਮੈਨੂੰ ਹਾਲਾਤ ਅਤੇ ਬੁੱਧੀ ਨੇ ਮੌਕਾ ਦਿੱਤਾ ਹੈ ਕਿ ਕੌਣ ਮੇਰੇ ਲੋਕਾਂ ਨੂੰ ਗੁਲਾਮ ਕਰਨ ਦੇ ਰੁਝਾਨ ਵਿਚ ਹੈ। ਇਸ ਬਹੁ-ਪੱਖੀ ਲੁੱਟ ਦੀ ਮੈਨੂੰ ਇੱਕ ਦਿਨ ਵਿਚ ਹੀ ਸਮਝ ਨਹੀਂ ਆ ਗਈ ਸਗੋਂ ਲੁਟੇਰੇ ਵਰਗ ਦੇ ਅੱਡਿਆਂ ਨੇ ਮੈਨੂੰ ਵੀ ਆਪਣੀ ਲਪੇਟ ਵਿਚ ਲੈ ਕੇ ਆਪਣੇ ਹੋਰਾਂ ਲੋਕਾਂ ਵਰਗਾ ਬਣਾਉਣਾ ਚਾਹਿਆ ਪਰ ਮੈਂ ਆਪਣੇ ਮਾਪਿਆਂ, ਰਿਸ਼ਤੇਦਾਰਾਂ, ਭੈਣਾਂ ਭਰਾਵਾਂ ਤੇ ਹੋਰ ਸੰਗੀ ਸਾਥੀਆਂ ਨੂੰ ਗੁਲਾਮੀ ਦੇ ਜੂਲੇ ਹੇਠ ਕੁਰਬਲ ਕੁਰਬਲ ਕਰਦਿਆਂ ਦੇਖ ਕੇ ਜਰ ਨਾ ਸਕਿਆ।

ਮੈਂ ਪਹਿਲਾਂ ਰੱਬ ਨੂੰ ਇਨ੍ਹਾਂ ਦੀ ਮੁਕਤੀ ਦਾ ਦਾਤਾ ਸਮਝ ਕੇ ਧਾਰਮਿਕ ਕਵਿਤਾਵਾਂ ਲਿਖੀਆਂ। ਫਿਰ ਭਾਰਤ ਦੀ ਅਖੌਤੀ ਸਮਾਜਵਾਦੀ ਸਰਕਾਰ ਵੱਲ ਝਾਕ ਰੱਖ ਕੇ ਕੌਮਪ੍ਰਸਤੀ ਅਤੇ ਦੇਸ਼ ਭਗਤੀ ਦੇ ਗੀਤ ਲਿਖੇ ਪਰ ਜਿਉਂ ਜਿਉਂ ਮੈਂ ਇਸ ਪ੍ਰਕਾਰ ਦੇ ਗੀਤ ਜਾਂ ਕਵਿਤਾ ਲਿਖਦਾ ਤਾਂ ਲੁਟੇਰਿਆਂ ਦੇ ਬੁਰਕੇ ਲੀਰੋ ਲੀਰ ਹੋਣ ਦੀ ਥਾਂ ਹੋਰ ਵੀ ਸੁਭਰ ਹੋ ਜਾਂਦੇ। ਖੈਰ, ਲੁਟੇਰਿਆਂ ਦੇ ਇਸ ਰੁਝਾਨ ਨੇ ਮੇਰੇ ਅੰਦਰ ਤਰਕ ਜਗਾਈ। ਮੈਂ ਦੇਖਿਆ ਕਿ ਲੁਟੇਰੀਆਂ ਸਫਾਂ ਮੇਰੇ ਲੋਕਾਂ ਨੂੰ ਆਪਣੇ ਵਿਚ ਲਪੇਟ ਕੇ ਵੀ ਸਾਡਾ ਕੁਝ ਨਹੀਂ ਸੁਆਰਦੀਆਂ ਸਗੋਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭੇ ਦੇ ਨਾਂਵਾਂ ਨੂੰ ਵਰਤ ਕੇ ਸਾਨੂੰ ਜਿਵੇਂ ਕਿਵੇਂ ਰੱਖਣਾ ਚਾਹੁੰਦੀਆਂ ਹਨ। ਫਿਰ ਮੈਂ ਧਾਰਮਿਕ ਕਿਤਾਬਾਂ ਗੁਰੂ ਗ੍ਰੰਥ ਸਾਹਿਬ ਤੋਂ ਲੈ ਕੇ ਅਕਾਲੀ ਮੋਰਚਿਆਂ ਦੇ ਇਤਿਹਾਸ ਤੋਂ ਅਗਵਾਈ ਲਈ। ਆਰਥਕ ਤੇ ਸਮਾਜਕ ਤੌਰ 'ਤੇ ਆਜ਼ਾਦ ਕੌਮਾਂ ਦੇ ਇਤਿਹਾਸ ਨੂੰ ਪੜ੍ਹਿਆ ਤੇ ਨਾਲ ਹੀ ਮਜ਼ਦੂਰਾਂ ਦੇ ਸਰਵੋਤਮ ਫਲਸਫੇ ਮਾਰਕਸਵਾਦ-ਲੈਨਿਨਵਾਦ ਦਾ ਸਿਖਿਆਰਥੀ ਬਣਿਆ। ਇਉਂ ਮੈਨੂੰ ਆਪਣੀ ਤੇ ਆਪਣੇ ਪਰਿਵਾਰ, ਮਾਂਵਾਂ, ਭੈਣਾਂ ਅਥਵਾ ਰਿਸ਼ਤੇਦਾਰਾਂ ਨਾਲ ਹੋ ਰਹੀਆਂ ਵਧੀਕੀਆਂ ਦੁਨੀਆਂ ਭਰ ਦੇ ਲੁੱਟੇ ਜਾਂਦੇ ਵਰਗ ਵੱਲ ਲੈ ਗਈਆਂ। ਫਿਰ ਮੈਨੂੰ ਦੁਨੀਆਂ ਦਾ ਲੁਟੇਰਾ ਤੇ ਲੁੱਟਿਆ ਜਾਂਦਾ ਵਰਗ ਪ੍ਰਤੱਖ ਨਜ਼ਰ ਆਉਣ ਲੱਗ ਪਿਆ। ਹੁਣ ਤੁਸੀਂ ਆਪ ਹੀ ਦੱਸੋ ਕਿ ਮੈਂ ਕਵਿਤਾ ਕਿਉਂ ਲਿਖਦਾ ਹਾਂ ਤੇ ਕੀਹਦੇ ਲਈ ਲਿਖਦਾ ਹਾਂ।

ਮੈਨੂੰ ਸੋਨਾ ਗਾਚੀ (ਕਲਕੱਤਾ) ਜੀ. ਬੀ. ਰੋਡ (ਦਿੱਲੀ) ਦਿਆਂ ਬਾਜ਼ਾਰਾਂ ਵਿਚ ਗਾਹਕਾਂ ਨੂੰ ਉਡੀਕ ਰਹੀਆਂ ਕੁੜੀਆਂ ਮੇਰੀਆਂ ਭੈਣਾਂ ਤੇ ਮਾਂਵਾਂ ਲੱਗਦੀਆਂ ਹਨ। ਮੈਨੂੰ ਬਿਹਾਰ, ਮੱਧ ਪ੍ਰਦੇਸ਼, ਯੂ. ਪੀ. ਤੇ ਰਾਜਸਥਾਨ ਦੇ ਭਈਏ ਪੰਜਾਬ ਵਿਚ ਆਏ, ਵਲਾਇਤਾਂ ਵਿਚ ਗਏ ਮੇਰੇ ਸੰਗੀ ਸਾਥੀਆਂ ਤੇ ਪੰਜਾਬੀਆਂ ਵਰਗੇ ਲੱਗਦੇ ਹਨ। ਬਜ਼ਾਰਾਂ ਦਿਆਂ ਚੌਰਸਤਿਆਂ ਵਿਚ ਤੜਕਸਾਰ ਦਿਹਾੜੀ ਲੱਗਣ ਦੀ ਉਡੀਕ ਵਿਚ ਠਰੂ-ਠਰੂ ਕਰਦੇ ਮੇਰੇ ਲੋਕ ਮੇਰੇ ਆਪਣੇ ਭਰਾਵਾਂ, ਬਾਪ ਤੇ ਮਾਂਵਾਂ ਭੈਣਾਂ ਵਰਗੇ ਹੀ ਤਾਂ ਹਨ। ਗੱਲ ਕੀ? ਮੈਨੂੰ ਆਪਣਾ ਪਰਿਵਾਰ ਬਹੁਤ ਹੀ ਵੱਡਾ ਜਾਪਦਾ ਹੈ। ਇਸ ਦਾ ਘੇਰਾ ਧਰਤੀ ਦੇ ਸੱਤਾਂ ਦੀਪਾਂ ਤੱਕ ਖਿਲਰ ਗਿਆ ਹੈ।

ਮੇਰੇ ਲੋਕ ਰੋਟੀ ਦੀ ਭਾਲ ਵਿਚ ਰੁਝੇ ਹੋਏ ਹਨ। ਉਨ੍ਹਾਂ ਨੂੰ ਮਹਾਂ ਗ੍ਰੰਥ ਪੜ੍ਹਨ ਦੀ ਵਿਹਲ ਨਹੀਂ। ਮੈਂ ਲਾਲਚ ਕਰਦਾ ਹਾਂ ਕਿ ਲੋਕਾਂ ਨੂੰ ਕੁਝ ਗੁਣਗੁਣਾਉਣ ਜੋਗਾ ਯਾਦ ਰਹਿ ਜਾਏ ਤੇ ਜਦੋਂ ਵੀ ਉਹ ਚਾਹੁਣ, ਗੁਣਗੁਣਾ ਕੇ ਮਨ ਪਰਚਾ ਲੈਣ। ਬੱਸ ਇਹੀ ਮੇਰੀ ਕਵਿਤਾ ਦੀ ਅੰਤਮ ਇਛਿਆ ਹੈ ਤੇ ਮੇਰੀ ਇਛਿਆ ਹੈ ਕਿ ਮੇਰੇ ਲੋਕ ਮੇਰੀ ਕਵਿਤਾ ਨੂੰ ਗੁਣਗੁਣਾਉਂਦੇ ਹੋਏ ਆਪਣੀ ਸਦੀਆਂ ਬੱਧੀ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਤੋੜ ਸਕਣ ਤੇ ਉਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਬੰਦਾ ਬਹਾਦਰ, ਬੱਬਰਾਂ ਅਤੇ ਨਕਸਲਬਾੜੀ ਦੇ ਸੂਰਮਿਆਂ ਦੀਆਂ ਰਵਾਇਤਾਂ ਨੂੰ ਕਾਇਮ ਰੱਖਦੇ ਹੋਏ ਆਪਣੀ ਸੋਚ ਨੂੰ ਮਾਰਕਸ ਐਂਗਲਜ਼, ਲੈਨਿਨ, ਸਟਾਲਿਨ, ਮਾਓ ਜ਼ੇ-ਤੁੰਗ ਤੇ ਹੋ ਚੀ ਮਿਨ ਵਰਗੇ ਮੁਕਤੀ ਯੋਧਿਆਂ ਦੀ ਸਮਝ ਤੇ ਸੇਧ ਨਾਲ ਪ੍ਰਫੁਲਿਤ ਕਰ ਕੇ ਦੁਨੀਆਂ ਭਰ ਵਿਚ ਪ੍ਰੋਲਤਾਰੀਆਂ ਦੀ ਸਰਦਾਰੀ ਕਾਇਮ ਕਰਨ।

---

*(ਅਜਮੇਰ ਸਿੱਧੂ ਦੀ ਹਾਲ ਹੀ ਵਿਚ ਛਪੀ ਕਿਤਾਬ 'ਕ੍ਰਾਂਤੀ ਲਈ ਬਲਦਾ ਕਣ ਕਣ: ਸੰਤ ਰਾਮ ਉਦਾਸੀ' ਵਿਚੋਂ)*

# ਭਿਆਨਕ ਦੁਖਾਂਤ ਦੀ ਸੁਖਾਂਤਕ ਪੇਸ਼ਕਾਰੀ: ਪੀਪਲੀ ਲਾਈਵ

ਕੁਝ ਸਮੇਂ ਤੋਂ ਭਾਰਤੀ ਸਿਨੇਮਾ ਦੇ 'ਪ੍ਰਤਿਭਾਵਾਨ ਨਿਰਦੇਸ਼ਕ' ਕੁਝ ਨਵਾਂ ਕਰਨ ਦੇ ਨਾਂ 'ਤੇ ਤਰ੍ਹਾਂ ਤਰ੍ਹਾਂ ਦੇ ਮਸਾਲੇ ਪੇਸ਼ ਕਰ ਰਹੇ ਹਨ। ਇਸੇ ਲੜੀ ਵਿਚ ਫਿਲਮ 'ਪੀਪਲੀ ਲਾਈਵ' ਸ਼ੁਮਾਰ ਕੀਤੀ ਜਾ ਸਕਦੀ ਹੈ। ਅਨੁਸ਼ਕਾ ਰਿਜ਼ਵੀ ਦੁਆਰਾ ਨਿਰਦੇਸ਼ਤ ਇਹ ਫਿਲਮ ਮਸ਼ਹੂਰ ਅਦਾਕਾਰ ਆਮਿਰ ਖਾਨ ਵੱਲੋਂ ਬਤੌਰ ਨਿਰਮਾਤਾ ਬਣਵਾਈ ਸੀ।

ਸੰਖੇਪ ਵਿਚ ਫਿਲਮ ਦੀ ਕਹਾਣੀ ਕੁਝ ਇਸ ਤਰ੍ਹਾਂ ਹੈ: ਨੱਥਾ (ਓਂਕਾਰ ਦਾਸ ਮਾਣਿਕਪੁਰੀ) ਗਰੀਬ ਕਿਸਾਨ ਹੈ, ਆਪਣੀ ਮਾਂ (ਫਰੂਖ ਜ਼ਫਰ) ਦੇ ਇਲਾਜ ਲਈ ਲਿਆ ਬੈਂਕ ਦਾ ਕਰਜ਼ਾ ਨਾ ਮੋੜਨ ਸਦਕਾ ਉਸ ਦੀ ਜ਼ਮੀਨ ਨਿਲਾਮ ਹੋਣ ਦੀ ਨੌਬਤ ਆ ਜਾਂਦੀ ਹੈ। ਕੰਗਾਲ ਹੋਇਆ ਨੱਥਾ ਅਤੇ ਉਸ ਦਾ ਛੜਾ ਭਰਾ ਬੁਧੀਆ (ਰਘੁਵੀਰ ਯਾਦਵ) ਇਕ ਲੀਡਰ



*ਫਿਲਮਸਾਜ਼ ਅਨੁਸ਼ਕਾ*

ਕੋਲ ਫਰਿਆਦ ਲੈ ਕੇ ਜਾਂਦੇ ਹਨ ਜੋ ਉਨ੍ਹਾਂ ਦਾ ਮਜ਼ਾਕ ਉਡਾਉਂਦਾ ਹੋਇਆ ਉਨ੍ਹਾਂ ਨੂੰ ਖੁਦਕੁਸ਼ੀ ਕਰ ਕੇ ਸਰਕਾਰ ਤੋਂ ਲੱਖ ਰੁਪਏ ਲੈਣ ਦੀ ਸਲਾਹ ਦਿੰਦਾ ਹੈ। ਬੁਧੀਆ ਨੂੰ ਇਹ ਸਕੀਮ ਜਚ ਜਾਂਦੀ ਹੈ ਅਤੇ ਉਹ ਨੱਥੇ ਨੂੰ ਖੁਦਕੁਸ਼ੀ ਕਰਨ ਲਈ ਮਨਾ ਲੈਂਦਾ ਹੈ। ਨੱਥਾ ਖੁਦਕਸ਼ੀ ਕਰਨ ਦਾ ਐਲਾਨ ਕਰ ਦਿੰਦਾ ਹੈ। ਨੱਥੇ ਦਾ ਇਹ ਐਲਾਨ ਅਖ਼ਬਾਰ ਵਿਚ ਤਸਵੀਰ ਸਮੇਤ ਛਪ ਜਾਂਦਾ ਹੈ।

ਚੋਣਾਂ ਦਾ ਮੌਸਮ ਹੋਣ ਕਾਰਨ ਸਿਆਸੀ ਪਾਰਟੀਆਂ ਇਸ ਨੂੰ ਚੋਣ ਦਾ ਮੁੱਦਾ ਬਣਾ ਲੈਂਦੀਆਂ ਹਨ ਅਤੇ ਮੀਡੀਏ ਦੇ ਦਖਲ ਸਦਕਾ ਇਹ ਮਾਮਲਾ ਕੌਮੀ ਅਤੇ ਕੌਮਾਂਤਰੀ ਮੀਡੀਏ 'ਤੇ ਛਾ ਜਾਂਦਾ ਹੈ। ਇਕ ਦੂਜੇ ਨੂੰ ਠਿੱਬੀ ਲਾਉਣ ਦੇ ਯਤਨ ਵਿਚ ਮੀਡੀਆ ਨੱਥੇ ਦੇ ਮਗਰ ਹੱਥ ਧੋ ਕੇ ਪੈ ਜਾਂਦਾ ਹੈ। ਰੰਗ-ਬਰੰਗੇ ਸਿਆਸੀ ਲੀਡਰ ਨੱਥੇ ਨੂੰ ਤਰ੍ਹਾਂ ਤਰ੍ਹਾਂ ਦੀ ਸਹਾਇਤਾ ਦਿੰਦੇ ਹਨ, ਜੋ ਬਹੁਤ ਥੋੜ੍ਹੀ ਹੈ। ਸੱਤਾਧਾਰੀ ਪਾਰਟੀ ਉਸ ਨੂੰ ਕੋਈ ਠੋਸ ਸਹਾਇਤਾ ਦੇਣ ਤੋਂ ਅਸਮਰੱਥ ਹੈ ਕਿਉਂਕਿ ਸਰਕਾਰ ਦੁਆਰਾ ਐਲਾਨੀ ਯੋਜਨਾ ਅਨੁਸਾਰ ਸਹਾਇਤਾ ਸਿਰਫ ਖੁਦਕਸ਼ੀ ਕਰਨ ਮਗਰੋਂ ਹੀ ਦਿੱਤੀ ਜਾ ਸਕਦੀ ਹੈ। ਜਿਉਂਦੇ ਨੱਥੇ ਲਈ ਸਰਕਾਰ ਕੋਲ ਕੋਈ ਸਕੀਮ ਨਹੀਂ।

ਜੋੜ-ਤੋੜ ਦੀ ਇਸ ਰਾਜਨੀਤੀ ਵਿਚ ਇਕ ਸਥਾਨਕ ਲੀਡਰ ਇਕ ਦਿਨ ਨੱਥੇ ਨੂੰ ਅਗਵਾ ਕਰ ਕੇ ਗੁਦਾਮ ਵਿਚ ਲੁਕੋ ਲੈਂਦਾ ਹੈ। ਉਥੇ ਮੀਡੀਆ ਪਹੁੰਚ ਜਾਂਦਾ ਹੈ। ਇਸ ਭੱਜ-ਨੱਠ ਵਿਚ ਨੱਥਾ ਭੱਜ ਜਾਂਦਾ ਹੈ ਪਰ ਉਥੇ ਹੋਏ ਹਾਦਸੇ ਵਿਚ ਪੱਤਰਕਾਰ ਮਾਰਿਆ ਜਾਂਦਾ ਹੈ। ਉਸ ਦੀ ਲਾਸ਼ ਮਿਲਣ 'ਤੇ ਨੱਥੇ ਨੂੰ ਮਰ ਗਿਆ ਸਮਝ ਲਿਆ ਜਾਂਦਾ ਹੈ। ਨੱਥੇ ਦੀ ਮੌਤ ਹਾਦਸੇ ਵਿਚ ਹੋਣ ਕਾਰਨ ਉਸ ਦਾ ਪਰਿਵਾਰ ਸਰਕਾਰ ਦੁਆਰਾ ਐਲਾਨੇ ਇਕ ਲੱਖ ਰੁਪਏ ਹਾਸਲ ਕਰਨ ਤੋਂ ਅਸਮਰੱਥ ਹੈ। ਫਿਲਮ ਦਾ ਅੰਤ ਰਾਜਧਾਨੀ ਵਿਚ ਨੱਥੇ ਦੇ ਕਿਸਾਨ ਤੋਂ ਮਜ਼ਦੂਰ ਵਿਚ ਵਟ ਜਾਣ ਵਜੋਂ ਹੁੰਦਾ ਹੈ।

ਭਾਰਤ ਵਿਚ ਪਿਛਲੇ ਦੋ ਦਹਾਕਿਆਂ ਵਿਚ ਤੇਜ਼ੀ ਨਾਲ ਹੋਏ ਪੂੰਜੀਵਾਦ ਕਾਰਨ ਛੋਟੀ ਕਿਸਾਨੀ ਪਿੰਡਾਂ ਵਿਚੋਂ ਉਜੜ ਕੇ ਸ਼ਹਿਰਾਂ ਵਿਚ ਮਜ਼ਦੂਰੀ ਕਰਨ ਲੱਗੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫਿਲਮ ਵਿਚ ਭਖ਼ਦੇ ਮੁੱਦੇ ਨੂੰ ਛੋਹਿਆ ਗਿਆ ਹੈ ਪਰ ਇਸ ਮਾਮਲੇ ਵਿਚ ਸੰਜੀਦਗੀ ਉਕਾ ਨਹੀਂ ਵਰਤੀ ਗਈ। ਛੋਟੀ ਕਿਸਾਨੀ ਦੇ ਉਜਾੜੇ ਦੇ ਮੁੱਦੇ ਨੂੰ ਆਮ ਦਰਸ਼ਕਾਂ ਤੱਕ ਪੁਹੰਚਾਉਣ ਲਈ ਨੱਥਾ ਜਿਹੇ ਕਮਜ਼ੋਰ ਪਾਤਰ ਦੀ ਚੋਣ ਕੀਤੀ ਗਈ ਹੈ। ਨੱਥਾ ਨਾ ਤਾਂ ਸਿਆਣਾ ਹੈ ਅਤੇ ਨਾ ਹੀ ਕੋਈ ਕੰਮ ਕਰਦਾ ਹੈ। ਇਸੇ ਕਾਰਨ ਉਸ ਨੂੰ ਆਪਣੀ ਪਤਨੀ (ਸ਼ਾਲਿਨੀ ਵਸਤਾ) ਦੇ ਮਿਹਣੇ ਸੁਣਨੇ ਪੈਂਦੇ ਹਨ। ਨੱਥੇ ਦੁਆਰਾ ਕੀਤੇ ਗਏ ਮੌਤ ਦੇ ਐਲਾਨ 'ਤੇ ਵੀ ਉਸ ਦੇ ਸਾਥੀ ਕਿਸਾਨਾਂ ਨੂੰ ਨੱਥੇ ਦੀ ਬਜਾਏ 'ਆਂਡੇ ਖਾਣ, ਚਿਲਮ ਪੀਣ' ਦੀ ਜ਼ਿਆਦਾ ਫਿਕਰ ਹੈ। ਰਹਿੰਦੀ ਕਸਰ ਮੀਡੀਆ ਦੀ ਕਮੇਡੀ ਪੂਰੀ ਕਰ ਦਿੰਦੀ ਹੈ, ਜਿਸ ਵਿਚ ਦੁਹਰਾਓ ਵੀ ਹੈ ਅਤੇ ਜੋ ਫਿਲਮ ਦੀ ਕਹਾਣੀ ਦੀ ਪੇਸ਼ਕਦਮੀ ਵਿਚ ਰੁਕਾਵਟ ਬਣਦਾ ਹੈ। ਕਰਜ਼ਈ ਨੱਥੇ ਦੇ ਜੀਵਨ ਤੋਂ ਸ਼ੁਰੂ ਕੀਤੀ ਗਈ ਫਿਲਮ ਦੀ ਕਹਾਣੀ ਥੋੜ੍ਹੀ ਦੇਰ ਬਾਅਦ ਮੀਡੀਏ ਦੀ ਸਰਕਸ ਬਣ ਜਾਂਦੀ ਹੈ ਜਿਸ ਵਿਚ ਨੱਥਾ ਤੇ ਉਸ ਦਾ ਪਰਿਵਾਰ ਇਕ ਖੂੰਜੇ ਲੱਗ ਕੇ ਰਹਿ ਜਾਂਦੇ ਹਨ। ਫਿਲਮ ਵਿਚ ਦਿਖਾਇਆ ਗਿਆ ਨੱਥੇ ਦਾ ਪਰਿਵਾਰ ਇਕ ਪਰਿਵਾਰ ਨਾ ਹੋ ਕੇ ਵੱਖ ਵੱਖ ਖੇਮੇ ਹਨ ਜਿਨ੍ਹਾਂ ਵਿਚ ਆਪਸੀ ਪਿਆਰ ਬਿਲਕੁਲ ਨਹੀਂ।

ਇਸ ਤੋਂ ਵੀ ਅੱਗੇ, ਜ਼ਿੰਦਗੀ ਅਤੇ ਮੌਤ ਵਿਚ ਲਟਕਦੇ ਅਗਵਾ ਹੋਏ ਨੱਥੇ ਨੂੰ ਸੁਪਨੇ ਵਿਚ ਹਾਰ-ਸ਼ਿੰਗਾਰੇ ਹੋਏ ਘੋੜੇ 'ਤੇ ਚੜ੍ਹਿਆ ਹੋਇਆ ਦਿਖਾ ਕੇ ਨਿਰਦੇਸ਼ਿਕਾ ਨੇ ਆਪਣੇ ਮਾਨਸਿਕ ਦਿਵਾਲੀਏਪਨ ਦਾ ਇਜ਼ਹਾਰ ਕੀਤਾ ਹੈ। ਇਥੇ ਆ ਕੇ ਫਿਲਮ ਕਿਸਾਨੀ ਜੀਵਨ ਦੀ ਪੈਰੋਡੀ ਬਣ ਕੇ ਰਹਿ ਜਾਂਦੀ



*ਫਿਲਮ 'ਪੀਪਲੀ ਲਾਈਵ' ਦਾ ਇਕ ਦ੍ਰਿਸ਼।*

ਹੈ। ਕਿਸਾਨੀ ਜੀਵਨ ਦੀ ਇਹ ਪੇਸ਼ਕਾਰੀ ਕਿਸਾਨੀ ਦੇ ਜੀਵਨ ਦੀ ਹਕੀਕਤ ਤੋਂ ਕੋਹਾਂ ਦੂਰ ਹੈ। ਕਿਸਾਨੀ ਜ਼ਿੰਦਗੀ ਦੀਆਂ ਮੁਸ਼ਕਿਲਾਂ, ਤੰਗੀਆਂ ਤੁਰਸ਼ੀਆਂ ਦੀ ਫਿਲਮ ਵਿਚ ਪੂਰੀ ਤਰ੍ਹਾਂ ਗੈਰਹਾਜ਼ਰੀ ਹੋਣ ਕਾਰਨ ਦਰਸ਼ਕ ਨੱਥਾ ਦੇ ਦੁਖਾਂਤ ਨਾਲ ਨਹੀਂ ਜੁੜਦਾ।

ਨਤੀਜੇ ਵਜੋਂ ਨੱਥੇ ਦਾ ਪਾਤਰ ਪੀੜਤ ਕਿਸਾਨ ਦੀ ਬਜਾਏ ਮਸਖ਼ਰਾ ਬਣ ਕੇ ਰਹਿ ਜਾਂਦਾ ਹੈ। ਇਸ ਤਰ੍ਹਾਂ ਫਿਲਮ ਵਿਚ ਸਮਕਾਲੀ ਦੁਖਾਂਤ ਦਾ ਗੈਰ ਯਥਾਰਥਕ ਸੁਖਾਂਤਕ ਅੰਤ ਕਰ ਕੇ ਅਸਲੀ ਮੁੱਦੇ ਨੂੰ ਮਜ਼ਾਕ ਬਣਾ ਦਿਤਾ ਗਿਆ ਹੈ। ਕਿਸਾਨੀ ਜੀਵਨ ਦੀ ਇਸੇ ਗੈਰ-ਯਥਾਰਥਕ ਪੇਸ਼ਕਾਰੀ ਕਾਰਨ ਹੀ 'ਪੀਪਲੀ ਲਾਈਵ' ਦਾ ਕਿਸਾਨਾਂ ਨੇ ਵਿਰੋਧ ਕੀਤਾ ਸੀ। ਇਉਂ ਪੇਸ਼ਕਾਰੀ ਪੱਖੋਂ 'ਪੀਪਲੀ ਲਾਈਵ' ਕਿਸੇ ਨਾ ਕਿਸੇ ਰੂਪ ਵਿਚ ਡੈਨੀ ਬਾਇਲ ਦੀ ਫਿਲਮ 'ਸਲਮਡੌਗ ਮਿਲੀਨਿਅਰ' ਵਰਗੀ ਹੀ ਹੈ।

ਇਥੋਂ ਤੱਕ ਕਿ ਹਬੀਬ ਤਨਵੀਰ ਦੇ ਨਯਾ ਥਿਏਟਰ ਦੇ ਕਲਾਕਾਰਾਂ ਅਤੇ ਰਘੁਵੀਰ ਯਾਦਵ ਜਿਹੇ ਪ੍ਰਤਿਭਾਸ਼ਾਲੀ ਅਦਾਕਾਰਾਂ ਦੀ ਅਦਾਕਾਰੀ ਅਤੇ ਇੰਡੀਅਨ ਓਸ਼ਨ ਤੇ ਰਾਮ ਸੰਪਤ ਦੇ ਸੰਗੀਤਬੱਧ ਕੀਤੇ ਸਮਕਾਲੀ ਯਥਾਰਥ 'ਤੇ ਤਿੱਖੇ ਵਿਅੰਗ ਕਰਦੇ ਗੀਤ ਵੀ 'ਪੀਪਲੀ ਲਾਈਵ' ਦੀ ਉਗੜ-ਦੁਗੜ ਕਹਾਣੀ ਦੇ ਬੋਝ ਹੇਠ ਦਬ ਕੇ ਰਹਿ ਜਾਂਦੇ ਹਨ ਅਤੇ ਫਿਲਮ ਨੂੰ ਸ਼ਾਹਕਾਰ ਫਿਲਮ ਬਣਾਉਣ ਵਿਚ ਸਫਲ ਨਹੀਂ ਹੁੰਦੇ। ਇਸ ਲਈ ਨੱਥਾ ਨਾ ਤਾਂ 'ਦੋ ਬੀਘਾ ਜ਼ਮੀਨ' ਦਾ ਸ਼ੰਭੂ ਬਣਿਆ ਹੈ ਅਤੇ ਨਾ ਹੀ ਚਾਰਲੀ ਚੈਪਲਨ ਦਾ 'ਟ੍ਰੈਂਪ', ਜੋ ਸਾਰੀ ਫਿਲਮ ਵਿਚ ਜੀਵਨ ਦੇ ਸੰਘਰਸ਼ ਵਿਚ ਮਜ਼ਾਕ ਦਾ ਪਾਤਰ ਬਣਦਾ ਵੀ ਅੰਤ ਵਿਚ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨੂੰ ਪੇਸ਼ ਕਰਦਾ ਦਰਸ਼ਕਾਂ ਨੂੰ ਬਿਹਤਰ ਜੀਵਨ ਬਾਰੇ ਸੋਚਣ ਲਈ ਮਜਬੂਰ ਕਰਦਾ ਹੈ। 'ਪੀਪਲੀ ਲਾਈਵ' ਦਾ ਨੱਥਾ 'ਦੋ ਬੀਘਾ ਜ਼ਮੀਨ' ਦੇ ਕਿਸਾਨ ਸ਼ੰਭੂ ਵਾਂਗ ਦਰਸ਼ਕਾਂ ਦੀ ਸੰਵੇਦਨਾਂ ਨੂੰ ਟੁੰਬਣ ਤੋਂ ਅਸਮਰੱਥ ਰਹਿੰਦਾ ਹੈ।

ਭਾਰਤੀ ਸਿਨੇਮਾ ਵਿਚ ਇਸ ਤੋਂ ਪਹਿਲਾਂ ਵੀ ਛੋਟੀ ਕਿਸਾਨੀ ਦੇ ਉਜਾੜੇ ਅਤੇ ਮੀਡੀਏ ਦੀ ਭੂਮਿਕਾ ਨੂੰ ਵਿਸ਼ਾ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਵੀ ਭਾਰਤੀ ਸਿਨੇਮਾ ਨੇ ਕਿਸਾਨੀ ਦੇ ਉਜਾੜੇ ਤੇ ਬਿਮਲ ਰਾਏ ਦੀ 'ਦੋ ਬੀਘਾ ਜ਼ਮੀਨ' (1956) ਅਤੇ ਮੀਡੀਏ ਦਾ ਪਾਜ਼ ਖੋ੍ਹਲਦੀ ਕੁੰਦਨ ਸ਼ਾਹ ਦੀ 'ਜਾਨੇ ਭੀ ਦੋ ਯਾਰੋ' (1982) ਜਿਹੀਆਂ ਸ਼ਾਹਕਾਰ ਫਿਲਮਾਂ ਦਿੱਤੀਆਂ ਹਨ ਪਰ ਉਨ੍ਹਾਂ ਦੇ ਮੁਕਾਬਲੇ 'ਪੀਪਲੀ ਲਾਈਵ' ਬਹੁਤ ਬੌਣੀ ਫਿਲਮ ਹੈ।

# ਅਭੈ ਦਿਓਲ ਦੀ 'ਨਾਨੂ ਕੀ ਜਾਨੂ'

ਅਭੈ ਦਿਓਲ ਆਪਣੀ ਹੀ ਕਿਸਮ ਦਾ ਅਦਾਕਾਰ ਹੈ। ਉਸ ਦੀ ਹਰ ਫਿਲਮ ਵੱਖਰੀ ਹੁੰਦੀ ਹੈ। ਸਾਲ 2016 ਵਿਚ ਆਈ ਫਿਲਮ 'ਹੈਪੀ ਭਾਗ ਜਾਏਗੀ' ਵੀ ਇਸੇ ਰੰਗ ਦੀ ਸੀ। ਹੁਣ ਉਸ ਨੇ ਆਪਣੀ ਅਦਾਕਾਰੀ ਦਾ ਜਲਵਾ ਫਿਲਮ 'ਨਾਨੂ ਕੀ ਜਾਨੂ' ਵਿਚ ਦਿਖਾਇਆ ਹੈ। ਇਸ ਫਿਲਮ ਵਿਚ ਉਸ ਦੀ ਨਾਇਕਾ ਹੈ ਫਿਲਮ 'ਸਿਟੀਲਾਈਟਸ' ਵਾਲੀ ਅਦਾਕਾਰਾ ਪੱਤਰਲੇਖਾ।



'ਨਾਨੂ ਕੀ ਜਾਨੂ' ਵਿਚ ਅਭੈ ਦਿਓਲ ਵਲੋਂ ਨਾਨੂ ਦਾ ਕਿਰਦਾਰ ਨਿਭਾਇਆ ਗਿਆ ਹੈ। ਉਹ ਦਿੱਲੀ ਦਾ ਵਾਸੀ ਹੈ ਅਤੇ ਦੂਜਿਆਂ ਦੇ ਘਰਾਂ 'ਤੇ ਗ਼ੈਰ ਕਾਨੂੰਨੀ ਕਬਜ਼ਾ ਕਰਨਾ ਉਸ ਦਾ ਪੇਸ਼ਾ ਹੈ। ਗੱਲ-ਗੱਲ 'ਤੇ ਹੱਥ-ਪੈਰ ਜਾਂ ਹਥਿਆਰ ਚਲਾਉਣਾ ਉਸ ਦੀ ਆਦਤ ਵਿਚ ਸ਼ਾਮਿਲ ਹੈ। ਇਕ ਦਿਨ ਨਾਨੂ ਦੇਖਦਾ ਹੈ ਕਿ ਉਸ ਦੇ ਘਰ ਵਿਚ ਅਜੀਬ ਫੇਰਬਦਲ ਹੋਏ ਹਨ। ਪਹਿਲਾਂ ਤਾਂ ਉਹ ਇਸ ਬਦਲਾਓ ਵੱਲ ਧਿਆਨ ਨਹੀਂ ਦਿੰਦਾ ਪਰ ਜਦੋਂ ਰੋਜ਼-ਰੋਜ਼ ਘਰ ਵਿਚ ਨਵੀਆਂ ਘਟਨਾਵਾਂ ਵਾਪਰਨ ਲਗਦੀਆਂ ਤਾਂ ਉਸ ਨੂੰ ਲਗਦਾ ਹੈ ਕਿ ਘਰ ਵਿਚ ਕਿਸੇ ਭੂਤ ਨੇ ਡੇਰਾ ਲਾਇਆ ਹੋਇਆ ਹੈ। ਨਾਨੂ ਦੀ ਪਰੇਸ਼ਾਨੀ ਉਦੋਂ ਹੋਰ ਵਧ ਜਾਂਦੀ ਹੈ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਉਸ ਦੇ ਘਰ ਵਿਚ ਭੂਤ ਨਹੀਂ, ਭੂਤਨੀ ਹੈ। ਇਸ ਭੂਤਨੀ ਨੂੰ ਨਾਨੂ ਨਾਲ ਮੁਹੱਬਤ ਹੋ ਜਾਂਦੀ ਹੈ। ਆਪਣੀ ਜ਼ਿੰਦਗੀ ਵਿਚ ਆਈ ਇਸ ਭੂਤਨੀ ਦੀ ਵਜ੍ਹਾ ਕਰ ਕੇ ਨਾਨੂ ਦੇ ਸੁਭਾਅ ਵਿਚ ਵੀ ਬਦਲਾਓ ਆ ਜਾਂਦਾ ਹੈ। ਗਰਮ ਸੁਭਾਅ ਵਾਲੇ ਨਾਨੂ ਦਾ ਖ਼ੂਨ ਹੁਣ ਠੰਢਾ ਪੈ ਜਾਂਦਾ ਹੈ। ਇਸ ਭੂਤਨੀ ਦੀ ਵਜ੍ਹਾ ਨਾਲ ਨਾਨੂ ਦੀ ਜ਼ਿੰਦਗੀ ਵਿਚ ਕੀ ਕੁਝ ਵਾਪਰ ਜਾਂਦਾ ਹੈ, ਇਹ ਇਸ ਫਿਲਮ ਦੀ ਕਹਾਣੀ ਹੈ।

'ਵਾਰ ਛੋੜ ਨਾ ਯਾਰ' ਫਿਲਮ ਬਣਾਉਣ ਵਾਲੇ ਫਿਲਮਸਾਜ਼ ਫਰਾਜ਼ ਹੈਦਰ ਨੇ ਹੁਣ ਇਹ ਫਿਲਮ ਬਣਾਈ ਹੈ। ਫਰਾਜ਼ 'ਓਏ ਲੱਕੀ ਲੱਕੀ ਓਏ' ਵਿਚ ਸਹਾਇਕ ਨਿਰਦੇਸ਼ਕ ਵਜੋਂ ਕੰਮ ਕਰ ਚਿੱਕਾ ਹੈ। ਉਦੋਂ ਅਭੈ ਦਿਓਲ ਨਾਲ ਉਸ ਦੇ ਚੰਗੇ ਸਬੰਧ ਬਣ ਗਏ ਸਨ। ਇਸੇ ਕਰ ਕੇ ਜਦੋਂ ਫਰਾਜ਼ ਨੇ ਅਭੈ ਦਿਓਲ ਨੂੰ ਇਸ ਫਿਲਮ ਦੀ ਪੇਸ਼ਕਸ਼ ਕੀਤੀ ਤਾਂ ਅਭੈ ਨੇ ਦੇਖਿਆ ਕਿ ਇਸ ਤਰ੍ਹਾਂ ਦੇ ਵਿਸ਼ੇ ਵਾਲੀ ਫਿਲਮ ਉਸ ਨੇ ਪਹਿਲਾਂ ਕਦੀ ਨਹੀਂ ਕੀਤੀ ਹੈ। ਨਾਨੂ ਵਰਗਾ ਕਿਰਦਾਰ ਵੀ ਪਹਿਲਾਂ ਕਦੀ ਨਹੀਂ ਨਿਭਾਇਆ।

ਸੋ, ਕੁਝ ਵੱਖਰਾ ਕਰਨ ਦੇ ਇਰਾਦੇ ਨਾਲ ਉਨ੍ਹਾਂ ਨੇ 'ਹਾਂ' ਕਹਿ ਦਿੱਤੀ। ਅਭੈ ਦਿਓਲ ਅਨੁਸਾਰ, ਉਸ ਦੀ ਦਿੱਖ ਗੰਭੀਰ ਕਲਾਕਾਰ ਦੀ ਹੈ, ਇਸ ਦਿੱਖ ਵਿਚ ਬਦਲਾਓ ਲਿਆਉਣ ਦੇ ਇਰਾਦੇ ਨਾਲ ਵੀ ਉਨ੍ਹਾਂ ਨੇ ਇਸ ਫਿਲਮ ਲਈ 'ਹਾਂ' ਕੀਤੀ। ਅਭੈ ਦਿਓਲ ਅਤੇ ਪੱਤਰਲੇਖਾ ਤੋਂ ਇਲਾਵਾ ਇਸ ਫਿਲਮ ਵਿਚ ਮਨੂ ਰਿਸ਼ੀ ਚੱਢਾ, ਰੇਸ਼ਮਾ ਖਾਨ, ਮਨੋਜ ਪਾਹਵਾ, ਰਾਜੇਸ਼ ਸ਼ਰਮਾ, ਹਿਮਾਨੀ ਸ਼ਿਵਪੁਰੀ ਤੇ ਸਪਨਾ ਚੌਧਰੀ ਨੇ ਵੀ ਅਦਾਕਾਰੀ ਕੀਤੀ ਹੈ।

# ਕਾਜੋਲ ਬਣੇਗੀ 'ਈਲਾ'

ਵਿਆਹ ਤੋਂ ਬਾਅਦ ਕਾਜੋਲ ਪੂਰੀ ਕਬੀਲਦਾਰਨੀ ਬਣ ਗਈ ਸੀ। ਉਂਜ, ਧਨੁਸ਼ ਨਾਲ ਉਸ ਦੀ ਫਿਲਮ 'ਵੀ.ਆਈ.ਪੀ.-2' ਆਈ। ਆਪਣੇ ਪਤੀ ਅਜੈ ਦੇਵਗਨ ਨਾਲ ਸਲਾਹਾਂ ਕਰ ਕੇ ਕਾਜੋਲ ਹੁਣ ਉਹ ਇਕ ਵਾਰ ਫਿਰ ਪਰਦੇ 'ਤੇ ਉਤਰਨ ਦੀ ਤਿਆਰੀ ਕਰ ਰਹੀ ਹੈ। ਇਸ ਫਿਲਮ ਦਾ ਨਾਂ 'ਈਲਾ' ਰੱਖਿਆ ਗਿਆ ਹੈ। ਅਜੈ ਨੇ ਕਾਜੋਲ ਖਾਤਰ ਗੁਜਰਾਤੀ ਨਾਟਕ 'ਕਾਗੜੋ' ਦੇ ਅਧਿਕਾਰ ਆਨੰਦ ਗਾਂਧੀ ਤੋਂ ਖਰੀਦ ਕੇ 'ਈਲਾ' ਬਣਾਉਣ ਦਾ ਇਰਾਦਾ ਧਾਰਿਆ ਹੈ। 'ਈਲਾ' ਮਾਂ-ਪੁੱਤਰ ਦੀ ਕਹਾਣੀ ਹੋਵੇਗੀ।



ਫਿਲਮ ਦੇ ਨਿਰਦੇਸ਼ਕ ਪ੍ਰਦੀਪ ਸਰਕਾਰ ਹੋਣਗੇ ਅਤੇ ਉਹੀ ਫਿਲਮ ਦੇ ਡਾਇਲਾਗ ਲਿਖ ਰਹੇ ਹਨ। ਹਾਲ ਹੀ ਵਿਚ ਕੌਮੀ ਫਿਲਮ ਪੁਰਸਕਾਰ ਜਿੱਤਣ ਵਾਲਾ ਬੰਗਲਾ ਅਦਾਕਾਰ ਰਿਧੀ ਸੇਨ ਇਸ ਫਿਲਮ ਦਾ ਨਾਇਕ ਹੋਵੇਗਾ। ਉਹ ਫਿਲਮ ਵਿਚ ਕਾਜੋਲ ਦੇ ਪੁੱਤਰ ਦੀ ਭੂਮਿਕਾ ਨਿਭਾ ਰਿਹਾ ਹੈ। ਅਜੇ ਦੇਵਗਨ ਨੇ ਹੀ ਉਸ ਨੇ 'ਪਾਰਚਡ' ਫਿਲਮ ਵਿਚ ਕੰਮ ਦਿਵਾਇਆ ਸੀ। ਇਸ ਤੋਂ ਇਲਾਵਾ ਉਹ 'ਕਹਾਨੀ', 'ਭੂਮੀ' ਅਤੇ 'ਚੌਰੰਗਾ' ਫਿਲਮਾਂ ਵਿਚ ਵੀ ਆਪਣੀ ਕਲਾ ਦੇ ਜੌਹਰ ਦਿਖਾ ਚੁੱਕਾ ਹੈ।

ਕਾਜੋਲ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1992 ਵਿਚ ਫਿਲਮ 'ਬੇਖੁਦੀ' ਤੋਂ ਕੀਤੀ ਸੀ। ਅਗਲੇ ਹੀ ਸਾਲ 1993 ਵਿਚ, ਉਸ ਦੀ ਫਿਲਮ 'ਬਾਜ਼ੀਗਰ' ਹਿੱਟ ਹੋ ਗਈ ਅਤੇ ਫਿਰ ਉਸ ਨੇ ਕਦੀ ਪਿਛੇ ਮੁੜ ਕੇ ਨਹੀਂ ਦੇਖਿਆ। ਹੁਣ 'ਈਲਾ' ਰਾਹੀਂ ਉਹ ਆਪਣੀ ਭਰਪੂਰ ਹਾਜ਼ਰੀ ਲੁਆਉਣ ਲਈ ਯਤਨ ਕਰ ਰਹੀ ਹੈ।


ਨਿਰਵਿਘਨ ਪ੍ਰਕਾਸ਼ਨ ਦੇ 19ਵੇਂ ਸਾਲ 'ਚ (ਪਹਿਲੀ ਜਨਵਰੀ 2000-2018)
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦੇ ਮੁੱਦਈ ਪੰਜਾਬ ਟਾਈਮਜ਼ ਦੀ
18ਵੀਂ ਵਰ੍ਹੇਗੰਢ ਮੌਕੇ ਗੀਤ-ਸੰਗੀਤ ਭਰੀ ਇਕ ਸ਼ਾਮ
'ਪੰਜਾਬ ਟਾਈਮਜ਼ ਨਾਈਟ'
5 ਮਈ 2018 ਸਨਿਚਰਵਾਰ ਸ਼ਾਮੀ 6:30 ਵਜੇ
Atlantis Banquets
1273 N. Rand Road,
Arlington Heights, IL 60004
ਮੁੱਖ ਮਹਿਮਾਨ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਪਹੁੰਚ ਰਹੇ ਵਿਸ਼ੇਸ਼ ਬੁਲਾਰੇ
ਵਰਿਆਮ ਸਿੰਘ ਸੰਧੂ
ਪ੍ਰਿੰ. ਸਰਵਣ ਸਿੰਘ
ਡਾ. ਗੁਰਬਖਸ਼ ਸਿੰਘ ਭੰਡਾਲ
ਗਾਇਕ ਤਾਰਾ ਮੁਲਤਾਨੀ ਅਤੇ ਹਰਪਾਲ ਲਾਡੀ ਗੀਤਾਂ ਦੀ ਛਹਿਬਰ ਲਾਉਣਗੇ
ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਡਾ. ਨਵਦੀਪ ਕੌਰ ਸੰਧੂ
ਬਲਵਿੰਦਰ ਕੌਰ (ਨਿੱਕੀ) ਸੇਖੋਂ
ਡਾ. ਗੁਰਦਿਆਲ ਸਿੰਘ ਬਸਰਾਨ
ਹਰਦਿਆਲ ਸਿੰਘ ਦਿਓਲ
ਡਾ. ਹਰਗੁਰਮੁਖਪਾਲ ਸਿੰਘ
ਹਰਜੀਤ ਸਿੰਘ ਸਾਹੀ
ਰਘਬੀਰ ਸਿੰਘ ਘੁੰਨ
ਜੈਦੇਵ ਸਿੰਘ ਭੱਠਲ
ਜਗਦੀਸ਼ਰ ਸਿੰਘ ਕਲੇਰ
ਡਾ. ਤੇਜਿੰਦਰ ਸਿੰਘ ਮੰਡੇਰ
ਦਰਸ਼ਨ ਸਿੰਘ ਦਰੜ
ਦਰਸ਼ਨ ਸਿੰਘ ਗਰੇਵਾਲ
ਬਲਵਿੰਦਰ ਸਿੰਘ ਸੰਧੂ
ਜੱਸੀ ਗਿੱਲ
ਸਰਵਣ ਸਿੰਘ ਟਿਵਾਣਾ
ਮਨਦੀਪ ਸਿੰਘ ਭੂਰਾ
ਅਯੁਧਿਆ ਸਲਵਾਨ
ਰਾਜਿੰਦਰ ਸਿੰਘ
ਪੰਜਾਬ ਟਾਈਮਜ਼
Published simultaneously from Chicago, California & New York.
Ph: 847-359-0746
e-mail: punjabtimes1@gmail.com
website: www.punjabtimesusa.com